**Reo-Bankowned Properties**
From Sanjose to Sacramento
Call Master of Winners in Multiple Offers
510-304-9292
JASSI GILL
Broker/Owner
GOLDEN STATE REALTY


**Hardeep S.Rai** Attorney-at-Law
ਇੰਮੀਗਰੇਸ਼ਨ ਵਕੀਲ
➡ਨੌਵੀਂ ਸਰਕਟ ਕੋਰਟ ➡ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ ➡ਇਮੀਗ੍ਰੇਸ਼ਨ ਕੋਰਟ ਦੇ ਕੇਸ
➡ਡਿਪੋਰਟੇਸ਼ਨ ਦੇ ਕੇਸ ➡ਫੈਮਿਲੀ ਪਟੀਸ਼ਨਾਂ ➡ਲੇਬਰ ਦੇ ਕੇਸ ➡ਅਮੈਰਿਕਨ ਅੰਬੈਸੀ ਦੇ ਕੇਸ
SAN FRANCISCO
TEL: 415.693.9131
FAX: 415.693.9135
rai@hsrai.com
www.hsrai.com
SAN JOSE
TEL: 408.280.1111
FAX: 408.280.1212

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ

Kuldip Singh Dhariwal
Attorney At Law
Tel: (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Tenth Year in Publication
ਕੈਲੇਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 10, Issue 44, October 31, 2009 20451 N Plum Grove Rd. Palatine, IL 60074 Ph:847-359-0746, Fax:847-705-9388


## ਤਿੰਨ ਰਾਜਾਂ ਦੇ ਚੋਣ ਨਤੀਜਿਆਂ ਨੇ ਭਾਜਪਾ ਹੋਰ ਝੰਬੀ

**ਬਿੰਦਰ ਬਸਰਾ**

**ਜਲੰਧਰ:** ਦੇਸ਼ ਦੇ ਤਿੰਨ ਰਾਜਾਂ ਹਰਿਆਣਾ, ਮਹਾਰਾਸ਼ਟਰ ਅਤੇ ਅਰੁਣਾਚਲ ਪ੍ਰਦੇਸ਼ ਵਿਚ ਹੋਈਆਂ ਚੋਣਾਂ ਦੇ ਨਤੀਜਿਆਂ ਨਾਲ ਕਾਂਗਰਸ ਦੀ ਸਥਿਤੀ ਮਜ਼ਬੂਤ ਹੋਈ ਹੈ ਅਤੇ ਕੌਮੀ ਪਾਰਟੀ ਭਾਰਤੀ ਜਨਤਾ ਪਾਰਟੀ ਦੇ ਪੈਰਾਂ ਹੇਠੋਂ ਜ਼ਮੀਨ ਖਿਸਕੀ ਹੈ। ਮਹਾਰਾਸ਼ਟਰ 'ਚ ਅਹਿਮ ਰਾਜਸੀ ਥਾਂ ਮੱਲਣ ਵਾਲੀ ਸ਼ਿਵ ਸੈਨਾ ਬਾਲ ਠਾਕਰੇ ਨੂੰ ਜਿਥੇ ਕਰਾਰਾ ਝਟਕਾ ਲੱਗਾ ਹੈ ਉਥੇ ਹਰਿਆਣਾ ਵਿਚ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਨੇ ਕਾਂਗਰਸ ਨੂੰ ਤਕੜੀ ਟੱਕਰ ਦੇ ਕੇ ਉਸ ਦੇ ਲੋੜੋਂ ਵਧ ਆਤਮ ਵਿਸ਼ਵਾਸ ਨੂੰ ਹਲੂਣਾ ਦਿੱਤਾ ਹੈ। ਬਸਪਾ ਦੇ ਸੋਸ਼ਲ ਇੰਜੀਨੀਅਰਿੰਗ ਦੇ ਫਾਰਮੂਲੇ ਦਾ ਤਲਿੱਸਮ ਮੱਧਮ ਪੈ ਗਿਆ ਹੈ। ਬਾਲ ਠਾਕਰੇ ਤੋਂ ਵੱਖ ਹੋਏ ਰਾਜ ਠਾਕਰੇ ਦੇ 'ਮਰਾਠੀ ਸਿੱਕੇ' ਨੇ ਦਰਜਨ ਤੋਂ ਵਧ ਸੀਟਾਂ ਜਿੱਤ ਕੇ ਆਪਣੀ ਹੋਂਦ ਬਣਾਈ ਰੱਖਣ 'ਚ ਸਫ਼ਲਤਾ ਹਾਸਲ ਕੀਤੀ ਹੈ। ਉਧਰ ਹਰਿਆਣਾ ਵਿਧਾਨ ਸਭਾ 'ਚ ਅਕਾਲੀ ਦਲ ਨੇ ਪਹਿਲੀ ਵਾਰ ਆਪਣਾ ਖਾਤਾ ਖੋਲ੍ਹ ਕੇ ਪੰਜਾਬ ਤੋਂ ਬਾਹਰ ਆਪਣਾ ਆਧਾਰ ਵਧਾਉਣ ਵਲ ਪੈਰ ਪੁੱਟਿਆ ਹੈ।

ਤਿੰਨ ਰਾਜਾਂ 'ਚ ਚੋਣ ਨਤੀਜਿਆਂ ਪਿਛੋਂ ਕਾਂਗਰਸ ਖੁਦ ਨੂੰ ਰਾਸ਼ਟਰੀ ਪੱਧਰ 'ਤੇ ਹੋਰ ਵਧ ਪ੍ਰਭਾਵਸ਼ਾਲੀ ਪਾਰਟੀ ਦੇ ਤੌਰ 'ਤੇ ਪੇਸ਼ ਕਰ ਸਕਦੀ ਹੈ ਜਦਕਿ ਭਾਜਪਾ ਨੂੰ ਆਪਣੀ ਹਾਰ ਦੇ ਅਤੇ ਦਿਨੋ ਦਿਨ ਸੁੰਗੜ ਰਹੇ ਜਨਤਕ ਆਧਾਰ ਦੇ ਕਾਰਨਾਂ ਦੀ ਤਲਾਸ਼ ਕਰਨੀ ਚਾਹੀਦੀ ਹੈ। ਪਰ ਭਾਜਪਾ ਨਾਕਾਮੀ ਦੇ ਮੂਲ ਕਾਰਨਾਂ 'ਤੇ ਵਿਚਾਰ ਕਰਨ ਦੀ ਥਾਂ ਇਸ ਦੇ ਦੋਸ਼ ਸ਼ਿਵ ਸੈਨਾ ਦੀ ਆਪਸੀ ਫੁਟ ਅਤੇ ਕਾਂਗਰਸ ਸਿਰ ਮੜ੍ਹ ਕੇ ਆਪਣੇ ਆਪ ਨੂੰ ਸਰਖਰੂ ਮਹਿਸੂਸ ਕਰ ਰਹੀ ਹੈ।

ਭਾਜਪਾ ਦੇ ਸੀਨੀਅਰ ਨੇਤਾ ਅਤੇ ਪੰਜਾਬ ਮਸਲਿਆਂ ਦੇ ਇੰਚਾਰਜ ਬਲਬੀਰ ਪੁੰਜ ਨੇ ਮਹਾਰਾਸ਼ਟਰ 'ਚ ਪਾਰਟੀ ਦੀ ਹਾਰ ਦਾ ਭਾਂਡਾ ਕਾਂਗਰਸ ਸਿਰ ਭੰਨਦਿਆਂ ਕਿਹਾ ਕਿ ਜਿਸ ਤਰ੍ਹਾਂ ਪੰਜਾਬ ਵਿਚ ਕਾਂਗਰਸ ਨੇ ਸੰਤ ਭਿੰਡਰਾਂਵਾਲਾ ਪੈਦਾ ਕੀਤਾ ਸੀ, ਉਸੇ ਤਰ੍ਹਾਂ ਮਹਾਰਾਸ਼ਟਰ ਵਿਚ ਰਾਜ ਠਾਕਰੇ ਨੂੰ ਜਨਮ ਦਿੱਤਾ ਹੈ। ਸ਼ਿਵ ਸੈਨਾ ਦੇ ਆਗੂ ਬਾਲ ਠਾਕਰੇ ਨੇ ਆਪਣੀ ਕਰਾਰੀ ਹਾਰ ਦਾ ਗੁੱਸਾ ਝਾੜਦਿਆਂ ਕਿਹਾ ਕਿ ਲੋਕਾਂ ਨੇ ਸੂਬੇ ਨੂੰ ਖੂਹ 'ਚ ਧੱਕ ਦਿੱਤਾ ਹੈ। ਉਨ੍ਹਾਂ ਤੀਜੀ ਵਾਰ ਹੋਈ ਹਾਰ ਲਈ ਲੋਕਾਂ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਉਸ ਨੇ 'ਮਰਾਠੀ ਮਾਨਸ' ਦੀ ਸੇਵਾ ਕਰਕੇ ਗਲਤੀ ਕੀਤੀ ਕਿਉਂਕਿ ਇਹ 'ਮਰਾਠੀ ਮਾਨਸ' ਤਾਂ ਬੜੇ ਅਹਿਸਾਨ ਫਰਾਮੋਸ਼ ਨਿਕਲੇ ਹਨ। ਇਸ ਹਾਰ ਨੇ ਬਾਲ ਠਾਕਰੇ ਦਾ, ਮਰਾਠਿਆਂ ਵਿਚ ਹੀ ਵਿਸ਼ਵਾਸ ਖਤਮ ਨਹੀਂ ਕੀਤਾ ਸਗੋਂ ਉਨ੍ਹਾਂ ਨੂੰ ਹੁਣ ਰੱਬ ਵਿਚ ਵੀ ਵਿਸ਼ਵਾਸ ਨਹੀਂ ਰਿਹਾ। ਉਨ੍ਹਾਂ ਦਾ ਕਹਿਣਾ ਹੈ ਕਿ ਮਰਾਠਿਆਂ ਦੀ ਏਨੀ ਦਿਲ-ਓ-ਜਾਨ ਨਾਲ ਕੀਤੀ ਸੇਵਾ ਦਾ ਜੇ ਇਹੋ ਫਲ ਮਿਲਣਾ ਕੁਦਰਤ ਵਲੋਂ ਨਿਸ਼ਚਿਤ ਸੀ ਤਾਂ ਕੀ ਲੋੜ ਸੀ ਇਨ੍ਹਾਂ ਉਤੇ ਵਿਸ਼ਵਾਸ ਕਰਨ ਦੀ?

ਉਸੇ ਮਹਾਰਾਸ਼ਟਰ 'ਚ ਜਿਥੇ ਬਾਲ ਠਾਕਰੇ ਨੂੰ ਕਰਾਰੀ ਹਾਰ ਦਾ ਮੂੰਹ ਦੇਖਣਾ ਪਿਆ, ਉਥੇ ਉਨ੍ਹਾਂ ਦੇ ਭਤੀਜੇ ਰਾਜ ਠਾਕਰੇ ਨੇ 7 ਸੀਟਾਂ ਜਿੱਤ ਕੇ ਆਪਣੀ ਹੋਂਦ ਬਚਾਏ ਰੱਖਣ 'ਚ ਸਫਲਤਾ ਹਾਸਲ ਕੀਤੀ ਹੈ। ਇਸ ਨੂੰ ਦੇਖਦਿਆਂ ਨਹੀਂ ਲੱਗਦਾ ਕਿ ਵੋਟਰਾਂ ਦਾ ਕਸੂਰ ਹੈ। ਸ਼ਿਵ ਸੈਨਾ ਦੀ ਹਾਰ ਦੇ ਕਾਰਨ ਕਿਤੇ ਹੋਰ ਪਏ ਹਨ ਜਿਨ੍ਹਾਂ ਦਾ ਮੁਲਾਂਕਣ ਕਰਨ ਦਾ ਹੌਂਸਲਾ ਨਾ ਤਾਂ ਬਾਲ ਠਾਕਰੇ ਕਰਨ ਲਈ ਤਿਆਰ ਹਨ ਅਤੇ ਨਾ ਹੀ ਭਾਜਪਾ। ਇਨ੍ਹਾਂ ਦੋਹਾਂ ਪਾਰਟੀਆਂ ਤੋਂ ਆਮ ਜਨਤਾ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਦਿਆਂ ਨੂੰ ਸਹੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਉਠਾਉਣ 'ਚ ਉਕਾਈ ਹੋਈ ਹੈ। ਜਿਸ ਦਾ ਖਮਿਆਜਾ ਇਨ੍ਹਾਂ ਨੂੰ ਭੁਗਤਣਾ ਪਿਆ ਹੈ। ਮਹਾਰਾਸ਼ਟਰ 'ਚ ਕਾਂਗਰਸ ਅਤੇ ਰਾਸ਼ਟਰ ਦੀ ਕਾਂਗਰਸ ਪਾਰਟੀ ਗਠਜੋੜ 'ਚ ਵੀ ਕਾਂਗਰਸ ਨੇ ਲਾਹਾ ਖੱਟਿਆ ਹੈ ਉਸ ਦੀਆਂ ਸੀਟਾਂ 'ਚ ਜ਼ਿਕਰਯੋਗ ਵਾਧਾ ਹੋਇਆ ਹੈ ਜਦਕਿ ਰਾਸ਼ਟਰੀ ਕਾਂਗਰਸ ਪਾਰਟੀ ਦੀਆਂ ਸੀਟਾਂ ਘਟੀਆਂ ਹਨ।

ਹਰਿਆਣਾ 'ਚ ਕਾਂਗਰਸ ਦੀ ਕਾਰਗੁਜਾਰੀ ਉਸ ਦੀ ਆਸ ਤੋਂ ਕਾਫੀ ਹੇਠਾਂ ਰਹੀ ਹੈ। ਇਥੇ 90 ਸੀਟਾਂ 'ਚੋਂ ਕਾਂਗਰਸ ਨੂੰ 40 ਤੇ ਇੰਡੀਅਨ ਨੈਸ਼ਨਲ ਲੋਕ ਦਲ ਨੂੰ 31 ਸੀਟਾਂ ਮਿਲੀਆਂ ਹਨ। ਕਾਂਗਰਸੀ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ 4 ਮਹੀਨੇ ਪਹਿਲਾਂ ਹੋਈਆਂ ਸੰਸਦੀ ਚੋਣਾਂ ਦੌਰਾਨ ਕਾਂਗਰਸ ਵਲੋਂ ਸੂਬੇ ਦੀਆਂ 10 ਸੀਟਾਂ ਵਿਚੋਂ 9 ਸੀਟਾਂ ਤੇ ਜਿੱਤ ਤੋਂ ਪ੍ਰਭਾਵਿਤ ਹੋ ਕੇ ਇਸ ਆਤਮਵਿਸ਼ਵਾਸ ਨਾਲ ਸਮੇਂ ਤੋਂ ਪਹਿਲਾਂ ਚੋਣਾਂ ਕਰਾਕੇ ਲਾਹਾ ਖੱਟਣ ਨੂੰ ਪਹਿਲ ਦਿੱਤੀ ਸੀ ਪਰ ਆਏ ਨਤੀਜਿਆਂ ਨੇ ਕਾਂਗਰਸ ਨੂੰ ਝਟਕਾ ਦਿੱਤਾ

*(ਬਾਕੀ ਸਫਾ 4 ਉਤੇ)*

## ਕੈਪਟਨ ਦੀਆਂ ਬੇੜੀਆਂ 'ਚ ਜਗਮੀਤ ਨੇ ਪਾਏ ਵੱਟੇ

**ਅਮਰਜੀਤ ਸਿੰਘ**

ਪੰਜਾਬ ਕਾਂਗਰਸ ਵਿਚ ਪਿਛਲੇ ਕਾਫੀ ਸਮੇਂ ਤੋਂ ਚਲ ਰਿਹਾ ਆਪਸੀ ਕਲੇਸ਼ ਹਾਲੇ ਵੀ ਰੁਕਣ ਦਾ ਨਾਂ ਨਹੀਂ ਲੈ ਰਿਹਾ। ਇਹ ਆਪਸੀ ਕਲੇਸ਼ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਧੜੇ ਅਤੇ ਭੱਠਲ-ਕੇ ਪੀ ਧੜੇ ਵਿਚਕਾਰ ਤਾਂ ਪਹਿਲਾਂ ਹੀ ਚਲ ਰਿਹਾ ਸੀ, ਹੁਣ ਜਗਮੀਤ ਸਿੰਘ ਬਰਾੜ ਵੀ ਕੈਪਟਨ ਵਿਰੁਧ ਜ਼ੋਰ ਨਾਲ ਸਰਗਰਮ ਹੋ ਗਏ ਹਨ।


ਇਥੇ ਜ਼ਿਕਰਯੋਗ ਹੈ ਕਿ ਹਾਲੇ ਕੁਝ ਦਿਨ ਪਹਿਲਾਂ ਹੀ ਇਹ ਕਿਆਸਅਰਾਈਆਂ ਲਗ ਰਹੀਆਂ ਸਨ ਕਿ ਕਾਂਗਰਸ ਹਾਈਕਮਾਨ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਵਿਚ ਕਾਂਗਰਸ ਦੀ ਅਗਵਾਈ ਸੰਭਾਲਣ ਦੀ ਤਾਕ ਵਿਚ ਹੈ। ਪੰਜਾਬੀ ਮੀਡੀਏ ਵਿਚ ਵੀ ਅਜਿਹੀਆਂ ਕਣਸੋਆਂ ਆਉਣ ਲੱਗੀਆਂ ਸਨ। ਪਰ ਫਿਰ ਪੰਜਾਬ ਕਾਂਗਰਸ ਦੇ ਇਕ ਹੋਰ ਸੀਨੀਅਰ ਆਗੂ, ਜਗਮੀਤ ਬਰਾੜ ਨੇ ਦਿੱਲੀ ਪਹੁੰਚ ਕੇ ਕਾਂਗਰਸ ਹਾਈਕਮਾਨ ਤੋਂ ਮੰਗ ਕਰ ਲਈ ਕਿ ਪੰਜਾਬ ਕਾਂਗਰਸ ਦੇ ਲੀਡਰ ਦੀ ਚੋਣ ਯੂਥ ਕਾਂਗਰਸ ਵਾਂਗ ਹੀ ਜਮਹੂਰੀ ਢੰਗ ਨਾਲ ਕਰਵਾਈ ਜਾਵੇ। ਕਾਂਗਰਸ ਵਿਚ ਉਠੇ ਇਸ ਵਿਰੋਧ ਦੇ ਮੱਦੇਨਜ਼ਰ ਕਾਂਗਰਸ ਹਾਈ ਕਮਾਨ ਨੇ ਪੰਜਾਬ ਕਾਂਗਰਸ ਦਾ ਲੀਡਰ ਥਾਪਣ ਦਾ ਫੈਸਲਾ ਹਾਲ ਦੀ ਘੜੀ ਰੋਕ ਲਿਆ ਹੈ।

ਕੈਪਟਨ ਅਮਰਿੰਦਰ ਸਿੰਘ ਦਾ ਵਿਰੋਧ

*(ਬਾਕੀ ਸਫਾ 6 ਉਤੇ)*



*ਬੇਕਰਜ਼ਫੀਲਡ ਵਿਚ ਕਰਵਾਏ ਗਏ ਨਗਰ ਕੀਰਤਨ ਵਿਚ ਸ਼ਾਮਲ ਸੰਗਤਾਂ (ਰਿਪੋਰਟ ਸਫਾ 30 ਉਤੇ)*


Why Pay More For Insurance?
Save Now-Call Us For Free Quotes


Auto, Home, Life, Business, Health, Workers Comp, Liquor/Gas Station
Get all the discounts.
Gill Financial & Insurance Services
2937 Veneman Ave # B-150 Modesto, CA 95356
CA Lic-OB23990
Call Now
209-524-4008
510-415-2368
Toll Free-1-888-890-1748
VISIT: WWW.GILLFINANCIAL.COM

ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & INDIAN CUISINE
LUNCH BUFFET - DINNER - TAKE OUT - CATERING - BANQUETS
TOLL FREE 1-866-FOR RAJA
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।
ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।
Wholesale and Retail
Raja Indian Cuisine & Bar
Ph: 510-264-9300
1275 W Winton Ave
Hayward, CA 94545
Ph: 510-489-9100
Fax:510-489-9111
31853 Alvrado Blvd
Union City, CA 94587
ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।
Call Makhan Bains or Ravinder Singh for your next party
Or visit us: www.rajasweets.com

Law Offices Of Manpreet S. Gahra

*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ
Manpreet S. Gahra
Attorney At Law
Berkeley Office
2161 Shattuck Ave. #304, Berkeley
Ph. 510-841-4582
Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

ੴ ਸਤਿਗੁਰ ਪ੍ਰਸਾਦਿ

# ਗੁਰਦੁਆਰਾ ਸਾਹਿਬ ਯੂਬਾ ਸਿਟੀ

## ਮਹਾਨ ਨਗਰ ਕੀਰਤਨ 1 ਨਵੰਬਰ, 2009 (ਐਤਵਾਰ)




ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਿਹ।।

ਆਪ ਸਮੂਹ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਘਰ ਯੂਬਾ ਸਿਟੀ (ਟਾਇਰਾ ਬਿਊਨਾ ਰੋਡ) ਵਿਖੇ ਜੁਗੋ ਜੁਗ ਅਟੱਲ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 301 ਸਾਲਾ ਗੁਰਗੱਦੀ ਦਿਵਸ ਦੇ ਸੰਬੰਧ ਵਿਚ ਹਰ ਸਾਲ ਦੀ ਤਰ੍ਹਾਂ ਮਹਾਨ ਨਗਰ ਕੀਰਤਨ 1 ਨਵੰਬਰ, 2009 (ਦਿਨ ਐਤਵਾਰ) ਨੂੰ ਧੂਮਧਾਮ ਅਤੇ ਬੜੀ ਸ਼ਰਧਾ ਸਹਿਤ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ। ਇਸ ਮਹਾਨ ਗੁਰਪੁਰਬ ਦਾ ਵੇਰਵਾ ਇਸ ਤਰ੍ਹਾਂ ਹੈ:

### ਕੀਰਤਨੀ ਜਥੇ

ਸਤੰਬਰ 2, 2009 ਤੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ ਪ੍ਰਾਰੰਭ ਹੈ, ਇਹ ਲੜੀ ਨਿਰੰਤਰ ਪਹਿਲੀ ਨਵੰਬਰ, 2009 ਤੱਕ ਜਾਰੀ ਰਹੇਗੀ। ਨਗਰ ਕੀਰਤਨ ਦੇ ਇਸ ਸਮਾਗਮ ਵਿਚ ਭਾਗ ਲੈਣ ਲਈ ਪੰਥ ਪ੍ਰਸਿੱਧ ਕੀਰਤਨੀ ਜਥੇ, ਕਥਾ ਵਾਚਕ ਅਤੇ ਢਾਡੀ ਜਥੇ ਪਹੁੰਚ ਰਹੇ ਹਨ। ਇਨ੍ਹਾਂ ਵਿਚ ਸ਼ਾਮਲ ਹੋਣਗੇ-ਭਾਈ ਸਰਬਜੀਤ ਸਿੰਘ ਹਜ਼ੂਰੀ ਰਾਗੀ, ਭਾਈ ਸੁਰਿੰਦਰ ਸਿੰਘ ਜੋਧਪੁਰੀ, ਭਾਈ ਹਰਪ੍ਰੀਤ ਸਿੰਘ, ਹਜ਼ੂਰੀ ਰਾਗੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਪ੍ਰੀਤਮ ਸਿੰਘ ਜੀ ਮਿੱਠੇ ਟਿਵਾਣੇ ਵਾਲੇ, ਭਾਈ ਮਨਜੀਤ ਸਿੰਘ ਪਠਾਨਕੋਟ ਵਾਲੇ, ਭਾਈ ਅਜੀਤ ਸਿੰਘ ਨਿਮਾਣਾ ਦਾ ਕੀਰਤਨੀ ਜਥਾ, ਕਥਾ ਵਾਚਕ ਭਾਈ ਬਲਜੀਤ ਸਿੰਘ ਦਮਦਮੀ ਟਕਸਾਲ ਵਾਲੇ, ਭਾਈ ਅਵਤਾਰ ਸਿੰਘ ਅਤੇ ਭਾਈ ਅਮਰਜੀਤ ਸਿੰਘ ਅਤੇ ਭਾਈ ਗੁਰਦੇਵ ਸਿੰਘ। ਇਹ ਜਥੇ 15 ਅਕਤੂਬਰ ਤੋਂ ਹਰ ਰੋਜ਼ ਸ਼ਾਮ ਦੇ ਦੀਵਾਨਾਂ ਵਿਚ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਿਆ ਕਰਨਗੇ।

### ਸ੍ਰੀ ਅਖੰਡ ਪਾਠ ਦੇ ਭੋਗ ਤੇ ਅਮ੍ਰਿਤ ਸੰਚਾਰ

30 ਅਕਤੂਬਰ, 2009 (ਸ਼ੁਕਰਵਾਰ) ਸਵੇਰੇ 10 ਵਜੇ ਅਖੰਡ ਪਾਠਾਂ ਦੀ ਲੜੀ ਦੇ ਅਖੀਰਲੇ ਪਾਠ ਸਮੂਹ ਸੰਗਤ ਵਲੋਂ ਪ੍ਰਾਰੰਭ ਹੋਣਗੇ। ਸ਼ੁਕਰਵਾਰ ਦੀ ਸ਼ਾਮ ਦੇ 7 ਵਜੇ ਸਮੂਹ ਸੰਗਤ ਵਲੋਂ ਗੁਰਦੁਆਰਾ ਸਾਹਿਬ ਦੀ ਸਪੋਰਟਸ ਗਰਾਊਂਡ ਵਿਚੋਂ ਆਤਿਸ਼ਬਾਜ਼ੀ ਚਲਾਈ ਜਾਵੇਗੀ। ਇਹ ਸਾਰੇ ਪ੍ਰੋਗਰਾਮ ਸੰਗਤ ਦੇ ਸਹਿਯੋਗ ਨਾਲ ਉਲੀਕੇ ਗਏ ਹਨ। 31 ਅਕਤੂਬਰ (ਸਨਿਚਰਵਾਰ) ਸਵੇਰੇ 6 ਵਜੇ ਖੰਡੇ ਬਾਟੇ ਦਾ ਅੰਮ੍ਰਿਤ ਸੰਚਾਰ ਹੋਵੇਗਾ। ਜਿਨ੍ਹਾਂ ਸੰਗਤਾਂ ਨੇ ਅੰਮ੍ਰਿਤ ਛਕਣਾ ਹੈ, ਉਹ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਭਾਈ ਪ੍ਰੀਤਮ ਸਿੰਘ ਜੀ ਕੋਲ ਆਪਣੇ ਨਾਮ ਲਿਖਾਉਣ ਦੀ ਕ੍ਰਿਪਾਲਤਾ ਕਰਨ। ਸਨਿਚਰਵਾਰ ਹੀ ਸਵੇਰੇ 10 ਵਜੇ ਨਿਸ਼ਾਨ ਸਾਹਿਬ ਦੀ ਸੇਵਾ ਸਮੂਹ ਸੰਗਤ ਵੱਲੋਂ ਕੀਤੀ ਜਾਵੇਗੀ। 31 ਅਕਤੂਬਰ ਦੀ ਸ਼ਾਮ ਨੂੰ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਮਹਾਨ ਰੈਣ ਸਵਾਈ ਕੀਰਤਨ ਦਰਬਾਰ ਹੋਵੇਗਾ, ਢਾਡੀ ਵਾਰਾਂ ਅਤੇ ਪੰਥਕ ਵਿਚਾਰਾਂ ਦੇ ਪ੍ਰੋਗਰਾਮ ਹੋਣਗੇ। ਪਹਿਲੀ ਨਵੰਬਰ (ਐਤਵਾਰ) ਸਵੇਰੇ 8ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣਗੇ, ਉਪਰੰਤ ਦੀਵਾਨ ਸਜਣਗੇ, ਜਿਸ ਵਿਚ ਕੀਰਤਨੀ ਜਥੇ ਰਸਮਈ ਕੀਰਤਨ ਕਰਨਗੇ। ਢਾਡੀ ਜਥੇ ਵਾਰਾਂ ਦੇ ਪ੍ਰੋਗਰਾਮ ਕਰਨਗੇ। ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸਵੇਰੇ ਠੀਕ 10 ਵਜੇ ਨਗਰ ਕੀਰਤਨ ਪ੍ਰਾਰੰਭ ਹੋਣਗੇ। ਇਹ ਮਹਾਨ ਨਗਰ ਕੀਰਤਨ ਯੂਬਾ ਸਿਟੀ ਦੇ ਨਗਰ ਵਿਚੋਂ ਵਿਚਰਦਿਆਂ ਹੋਇਆਂ ਸ਼ਾਮ ਦੇ 4 ਵਜੇ ਗੁਰੂ ਘਰ ਵਿਖੇ ਪਹੁੰਚਕੇ ਸਮਾਪਤ ਹੋਵੇਗਾ।

ਵਧੇਰੇ ਜਾਣਕਾਰੀ ਲਈ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਪ੍ਰੀਤਮ ਸਿੰਘ (530-673-9918), ਤੇਜਿੰਦਰ ਸਿੰਘ ਦੁਸਾਂਝ (530-751-6322), ਪਵਿੰਦਰ ਸਿੰਘ ਕਰੀਹਾ (530-510-7095), ਗੁਰਮੇਜ ਸਿੰਘ ਗਿੱਲ (530-681-3112), ਬਲਵਿੰਦਰ ਬਸਰਾ (530-682-6163) ਜਾਂ ਪਰਮਿੰਦਰ ਸਿੰਘ ਗਰੇਵਾਲ (530-682-5860) ਨਾਲ ਸੰਪਰਕ ਕਰੋ ਜੀ।

ਗੁਰੂ ਪੰਥ ਦੇ ਦਾਸ

| ਬਲਰਾਜ ਸਿੰਘ ਢਿੱਲੋਂ | ਹਰਭਜਨ ਸਿੰਘ ਜੌਹਲ | ਸੁਖਦੇਵ ਸਿੰਘ ਮੁੰਡੀ |
|---|---|---|
| ਪ੍ਰਧਾਨ | ਜਨਰਲ ਸਕੱਤਰ | ਖਜ਼ਾਨਚੀ |
| (530) 682-3979 | (530) 301-3652 | (530) 682-3925 |

## SIKH TEMPLE GURDWARA YUBA CITY

Tierra Buena Road, Yuba City, California 95993

Ph. (530) 673-9918 2468, PO Box 1353, Yuba City, CA 95992

ੴ ਵਾਹਿਗੁਰੂ ਜੀ ਕੀ ਫਤਿਹ॥

## ਯੂਬਾ ਸਿਟੀ ਵਿਚ

# ਸਾਲਾਨਾ ਮਹਾਨ ਨਗਰ ਕੀਰਤਨ

## ਹੁਮ ਹੁਮਾ ਕੇ ਪੁੱਜਣ ਲਈ ਬੇਨਤੀ



ਸਤਿਕਾਰ ਯੋਗ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ॥

ਆਪ ਜੀ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਘਰ ਟਾਇਰਾ ਬਿਊਨਾ (ਯੂਬਾ ਸਿਟੀ) ਵਿਖੇ 1 ਨਵੰਬਰ, 2009 ਨੂੰ ਜੁਗੋ ਜੁੱਗ ਅਟੱਲ, ਸ਼ਬਦ ਅਵਤਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਗੁਰ-ਗੱਦੀ ਦਿਵਸ ਅਤੇ ਮਹਾਨ ਨਗਰ ਕੀਰਤਨ ਮਨਾਇਆ ਜਾ ਰਿਹਾ ਹੈ ਜੀ। ਇਸ ਦੌਰਾਨ 30 ਅਕਤੂਬਰ ਤੋਂ 1 ਨਵੰਬਰ ਤੱਕ ਧਾਰਮਿਕ ਪ੍ਰੋਗਰਾਮ ਜਾਰੀ ਰਹਿਣਗੇ। ਆਪ ਸਭ ਨੂੰ ਪਹਿਲੀ ਨਵੰਬਰ ਨੂੰ ਵਿਸ਼ਾਲ ਨਗਰ ਕੀਰਤਨ ਵਿਚ ਸਿੱਖ ਸੰਗਤ ਨੂੰ ਪੁੱਜਣ ਲਈ ਸਨਿਮਰ ਬੇਨਤੀ ਕਰਦੇ ਹਾਂ।

ਗੁਰੂ ਪਿਆਰੀ ਸਾਧ ਸੰਗਤ ਆਪ ਜੀ ਦੇ ਧਿਆਨ ਗੋਚਰੇ ਇਹ ਵੀ ਲਿਆਉਣਾ ਚਾਹੁੰਦੇ ਹਾਂ ਕਿ ਗੁਰਦੁਆਰਾ ਪ੍ਰਬੰਧ ਉਤੇ ਮੌਜੂਦਾ ਕਾਬਜ਼ ਧੜੇ ਵਲੋਂ ਗੁਰੂ ਘਰ ਦੇ ਵਿਧਾਨ ਦੀਆਂ ਜਿਸ ਤਰ੍ਹਾਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ ਉਸ ਦੀ ਉਦਾਹਰਣ ਕਿਸੇ ਵੀ ਹੋਰ ਗੁਰੂ ਘਰ ਵਿਚੋਂ ਨਹੀਂ ਮਿਲਦੀ ਜੋ ਕਿ ਆਪ ਜੀ ਦੇ ਧਿਆਨ ਵਿਚ ਲਿਆਉਣਾ ਚਾਹੁੰਦੇ ਹਾਂ ਤਾਂ ਜੋ ਆਪ ਕਾਬਜ਼ ਧੜੇ ਨੂੰ ਹੇਠ ਲਿਖੇ ਇਹ ਸਵਾਲ ਕਰ ਸਕੋ:

1. ਮੌਜੂਦਾ ਕਾਬਜ਼ ਧੜਾ ਹਮੇਸ਼ਾ ਜ਼ੋਰ ਦਿੰਦਾ ਆਇਆ ਹੈ ਕਿ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੀ ਚੋਣ ਹਰ ਸਾਲ ਹੋਣੀ ਚਾਹੀਦੀ ਹੈ, ਪਰ ਹੁਣ ਕਾਬਜ਼ ਹੋਣ ਤੋਂ ਬਾਅਦ ਗੁਰੂ ਘਰ ਦੇ ਵਿਧਾਨ ਦੀਆਂ ਧੱਜੀਆਂ ਉਡਾਉਂਦਿਆਂ ਹੋਇਆਂ ਉਨ੍ਹਾਂ ਨੇ ਚੋਣਾਂ ਚਾਰ ਸਾਲਾਂ ਬਾਅਦ ਕਰਾਉਣ ਲਈ ਤਰਮੀਮ ਕਰ ਦਿੱਤੀ ਹੈ। ਯੂਬਾ ਸਿਟੀ ਦੀਆਂ ਸੰਗਤਾਂ ਵਿਚ ਇਸ ਗੱਲ 'ਤੇ ਭਾਰੀ ਇਤਰਾਜ਼ ਹੈ।

2. ਪਹਿਲਾਂ ਇਹ ਕਾਬਜ਼ ਧੜਾ ਗੁਰੂ ਘਰ ਦੇ ਲੰਗਰ ਹਾਲ ਵਿਚ ਰੱਖੀਆਂ ਹੋਈਆਂ ਕੁਰਸੀਆਂ ਦੇ ਡਟ ਕੇ ਖਿਲਾਫ ਸੀ ਅਤੇ ਹਮੇਸ਼ਾਂ ਹੀ ਗੁਰੂ ਘਰ ਵਿਚ ਕੁਰਸੀਆਂ ਨੂੰ ਲੈ ਕੇ ਲੜਾਈ ਵਾਲਾ ਮਾਹੌਲ ਬਣਾਈ ਰੱਖਿਆ। ਹੁਣ ਇਸੇ ਕਾਬਜ਼ ਧੜੇ ਨੇ ਗੁਰੂ ਘਰ ਦੇ ਉਸੇ ਲੰਗਰ ਹਾਲ ਵਿਚ ਨਵੀਆਂ ਕੁਰਸੀਆਂ ਰਖਵਾਈਆਂ ਹਨ। ਕਹਿਣੀ ਅਤੇ ਕਰਨੀ ਵਿਚ ਇਹ ਫਰਕ ਕਿਉਂ?

3. ਹਰ ਸਾਲ ਨਗਰ ਕੀਰਤਨ ਤੋਂ ਇਕ ਦਿਨ ਪਹਿਲਾਂ ਆਤਿਸ਼ਬਾਜ਼ੀ ਅਤੇ ਪਟਾਕਿਆਂ ਦੀ ਜੋ ਸੇਵਾ ਸੰਗਤ ਆਪ ਹੀ ਆਪਣੇ ਦਾਨ ਨਾਲ ਕਰਦੀ ਸੀ, ਉਸ ਨੂੰ ਮਨ੍ਹਾਂ ਕਰ ਦਿੱਤਾ ਗਿਆ ਅਤੇ ਕਿਹਾ ਗਿਆ ਕਿ ਗੁਰੂ ਘਰ ਵਲੋਂ ਹੀ ਉਹ ਸੇਵਾ ਕੀਤੀ ਜਾਵੇਗੀ। ਹੁਣ ਇਹਦੇ ਲਈ ਵੀਹ ਹਜ਼ਾਰ ਡਾਲਰ ਦੇ ਕਰੀਬ ਗੁਰੂ ਘਰ ਉਤੇ ਬੋਝ ਪਾ ਕੇ ਗੁਰੂ ਘਰ ਦੀ ਗੋਲਕ ਵਰਤੀ ਜਾਵੇਗੀ।

4. ਪਹਿਲਾਂ ਗੁਰੂ ਘਰ ਵਿਚ ਟਰੈਕਟਰ ਅਤੇ ਹੋਰ ਮਸ਼ੀਨਰੀ ਦੀ ਮੁਫਤ ਸੇਵਾ ਸੰਗਤਾਂ ਵਲੋਂ ਕੀਤੀ ਜਾਂਦੀ ਸੀ ਪ੍ਰੰਤੂ ਹੁਣ ਗੁਰੂ ਘਰ ਦੇ ਮੌਜੂਦਾ ਪ੍ਰਬੰਧਕਾਂ ਵਲੋਂ ਇਹ ਸਾਰੀ ਮਸ਼ੀਨਰੀ ਗੁਰੂ ਘਰ ਉਤੇ ਬੋਝ ਪਾ ਕੇ ਕਿਰਾਏ ਉਤੇ ਲਿਆਂਦੀ ਜਾ ਰਹੀ ਹੈ।

5. ਮੌਜੂਦਾ ਕਾਬਜ਼ ਧੜਾ ਸਾਬਕਾ ਕਮੇਟੀ ਨਾਲ ਹਰ ਵਕਤ ਇਸ ਕਰਕੇ ਝਗੜਾ ਕਰਦਾ ਰਿਹਾ ਹੈ ਕਿ ਕਿਸੇ ਵੀ ਵਿਅਕਤੀ ਵਲੋਂ ਅਖੰਡ ਪਾਠ ਕਰਾਉਣ ਸਮੇਂ ਸਿਰੋਪਾਓ ਦੀ ਬਖਸ਼ਿਸ਼ ਗੁਰੂ ਘਰ ਦੇ ਹੈਡ ਗ੍ਰੰਥੀ ਵਲੋਂ ਹੋਵੇ ਨਾ ਕਿ ਪ੍ਰਬੰਧਕਾਂ ਵਲੋਂ, ਪ੍ਰੰਤੂ ਹੁਣ ਮੌਜੂਦਾ ਕਾਬਜ਼ ਧੜੇ ਨੇ ਆਪਣੇ ਹੀ ਸਿਧਾਂਤਾਂ ਨੂੰ ਛਿੱਕੇ ਟੰਗ ਕੇ ਅਖੰਡ ਪਾਠ ਕਰਾਉਣ ਵਾਲੇ ਪਰਿਵਾਰ ਨੂੰ ਪ੍ਰਬੰਧਕਾਂ ਵਲੋਂ ਹੀ ਸਿਰੋਪਾਓ ਦੇਣ ਦੀ ਵਿਧੀ ਮੁੜ ਚਾਲੂ ਕਰ ਦਿੱਤੀ ਹੈ। ਕਿਸੇ ਵਿਸ਼ੇਸ਼ ਵਿਅਕਤੀ ਵਲੋਂ ਸਿਰੋਪਾਓ ਲੈਣ ਤੋਂ ਇਨਕਾਰ ਕਰਨ ਵਾਲੀਆਂ ਸੰਗਤਾਂ ਨੇ 15 ਅਖੰਡ ਪਾਠ ਰੋਸ ਵਜੋਂ ਕੈਂਸਲ ਕਰਵਾ ਦਿੱਤੇ ਹਨ ਜਿਸ ਦਾ ਸਿੱਧਾ ਘਾਟਾ ਗੁਰੂ ਘਰ ਨੂੰ ਹੋਇਆ ਹੈ।

6. ਯੂਬਾ ਸਿਟੀ ਅਤੇ ਆਲੇ ਦੁਆਲੇ ਦੇ ਇਲਾਕੇ ਦੀ ਸਿੱਖ ਸੰਗਤ ਇਸ ਮੌਜੂਦਾ ਕਾਬਜ਼ ਧੜੇ ਦੀਆਂ 'ਹਾਥੀ ਦੇ ਦੰਦ ਖਾਣ ਦੇ ਹੋਰ ਅਤੇ ਦਿਖਾਉਣ ਦੇ ਹੋਰ' ਵਾਲੀਆਂ ਕਾਰਵਾਈਆਂ ਅਤੇ ਤਾਨਾਸ਼ਾਹੀ ਵਾਲੀ ਨੀਤੀ ਤੋਂ ਸੁਚੇਤ ਰਹੇ। ਸੰਗਤਾਂ ਅੱਗੇ ਬੇਨਤੀ ਹੈ ਕਿ ਉਪਰੋਕਤ ਸਵਾਲ ਹਰ ਵੇਲੇ ਡਰਾਮਾ ਕਰਨ ਵਾਲੇ ਮੌਜੂਦਾ ਕਾਬਜ਼ ਧੜੇ ਨੂੰ ਜ਼ਰੂਰ ਪੁੱਛੇ ਜਾਣ।

**ਇਸ ਸਾਰੇ ਸਮਾਗਮ ਵਿਚ ਲੰਗਰ ਦੀ ਸੇਵਾ ਸਮੂਹ ਸਾਧ ਸੰਗਤ ਵਲੋਂ ਹੋਵੇਗੀ। ਸੇਵਾਦਾਰਾਂ ਵਲੋਂ ਸਰਬੱਤ ਸੰਗਤਾਂ ਨੂੰ ਸਨਿਮਰ ਬੇਨਤੀ ਹੈ ਕਿ ਆਪ ਜੀ ਨੇ ਗੁਰੂ ਘਰ ਵਿਖੇ ਭਾਰੀ ਗਿਣਤੀ ਵਿਚ ਹਾਜ਼ਰੀਆਂ ਭਰ ਕੇ, ਤਨ, ਮਨ ਅਤੇ ਧਨ ਨਾਲ ਸੇਵਾ ਕਰਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਜੀ ਅਤੇ ਧੰਨਵਾਦੀ ਬਣਾਉਣਾ ਜੀ।**

**ਬੇਨਤੀ ਕਰਤਾ: ਦੀਦਾਰ ਸਿੰਘ ਬੈਂਸ, ਜਸਵੰਤ ਸਿੰਘ ਬੈਂਸ, ਦਿਲਬਾਗ ਸਿੰਘ ਬੈਂਸ, ਮਹਿੰਦਰ ਸਿੰਘ ਨਿੱਝਰ, ਨਛੱਤਰ ਸਿੰਘ ਚੌਹਾਨ, ਚਰਨਜੀਤ ਸਿੰਘ ਚੌਹਾਨ, ਨਾਹਰ ਸਿੰਘ ਹੀਰ, ਨਿਰਮਲ ਸਿੰਘ ਜੰਡਾ, ਜਸਵੀਰ ਸਿੰਘ ਬੈਂਸ, ਅਜੈਬ ਸਿੰਘ, ਮੰਗਲ ਸਿੰਘ ਸੰਘੇੜਾ, ਜਸਵਿੰਦਰ ਸਿੰਘ ਹੀਰ, ਕਰਮਜੀਤ ਸਿੰਘ ਮਾਨ, ਤਾਰਾ ਸਿੰਘ ਬਿਹਾਲਾ, ਕਰਨੈਲ ਸਿੰਘ ਚੀਮਾ, ਪਿਆਰਾ ਸਿੰਘ ਗੋਸਲ, ਮਲਕੀਤ ਸਿੰਘ ਗੋਸਲ, ਬਲਜੀਤ ਸਿੰਘ ਢਿੱਲੋਂ, ਕਰਮਦੀਪ ਸਿੰਘ ਬੈਂਸ**

# 84 ਕਤਲੇਆਮ:ਵਾਸ਼ਿੰਗਟਨ ਸਮਾਗਮ ਲਈ ਭਰਵਾਂ ਹੁੰਗਾਰਾ

**ਫਰੀਮਾਂਟ:** ਮਨੁੱਖੀ ਅਧਿਕਾਰ ਸੰਸਥਾ 'ਸਿੱਖਸ ਫਾਰ ਜਸਟਿਸ' ਨੇ ਨਵੰਬਰ 84 ਸਿੱਖ ਕਤਲੇਆਮ ਨੂੰ 'ਸਿੱਖ ਨਸਲਕੁਸ਼ੀ' ਗਰਦਾਨਣ ਲਈ ਨਵੰਬਰ 1, 2009 ਨੂੰ ਵਾਸ਼ਿੰਗਟਨ ਡੀ.ਸੀ. ਵਿਖੇ ਅੰਤਰ-ਰਾਸ਼ਟਰੀ ਕਾਨਫਰੰਸ ਕਰਵਾਉਣ ਲਈ ਯੂਨੀਅਨ ਸਿਟੀ, ਕੈਲੀਫੋਰਨੀਆਂ ਇੱਕ ਭਰਵਾਂ ਸੰਮੇਲਨ ਕਰਵਾਇਆ ਗਿਆ। ਇਸ ਸੰਮੇਲਨ ਦਾ ਮੁੱਖ ਮਕਸਦ '84 ਸਿੱਖ ਨਸਲਕੁਸ਼ੀ' ਦੇ ਦੋਸ਼ੀਆਂ ਸਜ਼ਾਵਾਂ ਦਿਵਾਉਣੀਆਂ, ਪੂਰੇ ਭਾਰਤ ਵਿਚ ਜੂਡੀਸ਼ੀਅਲ ਜਾਂਚ ਕਰਾਉਣ ਅਤੇ ਨਵੰਬਰ 1, 2009 ਨੂੰ ਵਾਸ਼ਿੰਗਟਨ ਡੀ.ਸੀ. ਵਿਖੇ ਕਰਵਾਈ ਜਾਣ ਵਾਲੀ ਅੰਤਰ-ਰਾਸ਼ਟਰੀ ਪੱਧਰ ਦੀ 'ਇਨਸਾਫ ਲਹਿਰ' ਲਈ ਰਣਨੀਤੀ ਤਿਆਰ ਕਰਨਾ ਸੀ। ਇਹ ਸੰਮੇਲਨ ਬੇ-ਏਰੀਏ ਦੀਆਂ ਸਿੱਖ ਸੰਗਤਾਂ, ਸਮੂਹ ਧਾਰਮਿਕ, ਸਿਆਸੀ ਅਤੇ ਸਮਾਜਿਕ ਜਥੇਬੰਦੀਆਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਸਹਿਯੋਗ ਨਾਲ ਕਰਵਾਇਆ ਗਿਆ।

ਇਨਸਾਫ ਲਹਿਰ ਦੇ ਸੰਮੇਲਨ ਨੂੰ ਸੰਬੋਧਨ ਕਰਦਿਆਂ ਵਖ ਵਖ ਬੁਲਾਰਿਆਂ ਨੇ ਸਿੱਖ ਸੰਗਤ ਨੂੰ ਅਪੀਲ ਕੀਤੀ ਕਿ ਨਵੰਬਰ 84 ਦੇ ਸਿੱਖ ਕਤਲੇਆਮ ਨੂੰ ਸਿੱਖ ਵਿਰੋਧੀ ਦੰਗੇ ਨਹੀਂ ਸਗੋਂ "ਸਿੱਖ ਨਸਲਕੁਸ਼ੀ" ਗਰਦਾਨਿਆ ਜਾਵੇ। "ਸਿੱਖਸ ਫਾਰ ਜਸਟਿਸ" ਅਤੇ ਸਹਿਯੋਗੀ ਜਥੇਬੰਦੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵਲੋਂ "1984 ਸਰਕਾਰੀ ਸਿੱਖ ਨਸਲਕੁਸ਼ੀ" ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਵਿੱਢੀ ਮੁਹਿੰਮ ਦੀ ਸਮੂਹ ਬੁਲਾਰਿਆਂ ਨੇ ਪ੍ਰੋੜਤਾ ਕੀਤੀ ਅਤੇ ਸੰਗਤਾਂ ਨੂੰ ਅਪੀਲ ਕੀਤੀ ਕਿ ਇਸ ਨੂੰ ਨੇਪਰੇ ਚਾੜਨ ਲਈ ਸੰਗਤਾਂ ਅਤੇ ਗਵਾਹ ਆਪਣੇ ਬਿਆਨ ਰਿਕਾਰਡ ਕਰਾਉਣ ਲਈ "ਸਿਖਸ ਫਾਰ ਜਸਟਿਸ" ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨਾਲ ਸੰਪਰਕ ਕਰਨ ਤਾਂ ਕਿ ਇਨਸਾਫ ਜਲਦੀ ਹਾਸਿਲ ਕੀਤਾ ਜਾ ਸਕੇ।

ਇਸ ਸਮਾਗਮ "ਸਿੱਖਸ ਫਾਰ ਜਸਟਿਸ" ਦੇ ਕੋਆਰਡੀਨੇਟਰਾਂ ਸੁਖਵਿੰਦਰ ਸਿੰਘ ਸਿੱਧੂ, ਅਮਰਦੀਪ ਸਿੰਘ, ਜਸਪਾਲ ਸਿੰਘ, ਜਗਜੀਤ ਸਿੰਘ, ਪਰਮਜੀਤ ਸਿੰਘ ਅਤੇ ਜਸਬੀਰ ਸਿੰਘ ਨੇ ਕਰਵਾਇਆ।

ਨਵੰਬਰ 1984 ਵਿਚ ਕਤਲੇਆਮ ਦੌਰਾਨ ਜਲਾਏ ਗਏ ਗੁਰਦਵਾਰਿਆਂ ਬਾਰੇ ਸਿੱਖ ਕੌਮ ਦੇ ਰੌਂਗਟੇ ਖੜੇ ਕਰ ਦੇਣ ਵਾਲੀ ਇਕ "ਡਾਕੂਮੈਂਟਰੀ" ਵਿਖਾਈ ਗਈ ਜਿਸ ਵਿਚ ਦਿੱਲੀ ਵਿਖੇ 437 ਗੁਰਦੁਆਰਾ ਸਾਹਿਬਾਨ ਵਿਚੋਂ 370 ਗੁਰਦੁਆਰਿਆਂ ਦੀ ਭੰਨ ਤੋੜ ਅੱਗ ਲਗਾਉਣਾ ਅਤੇ ਸੈਂਕੜੇ ਗੁਰੂ ਗ੍ਰੰਥ ਸਾਹਿਬ ਨੂੰ ਅਗਨ ਭੇਟ ਕਰਨ ਦੇ ਭਿਆਨਕ ਅੰਕੜੇ ਵਿਖਾਏ ਗਏ।

"ਸਿੱਖਸ ਫਾਰ ਜਸਟਿਸ" ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂੰ ਦੇ ਅਨੁਸਾਰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ (ਪ੍ਰਧਾਨ ਕਰਨੈਲ ਸਿੰਘ ਪੀਰਮੁਹੰਮਦ) ਅਤੇ ਫੈਡਰੇਸ਼ਨ ਕਾਰਕੁੰਨ ਨਵੰਬਰ 1984 ਵਿਚ ਹੋਏ 15 ਰਾਜਾਂ ਅਤੇ 110 ਸ਼ਹਿਰਾਂ ਵਿਚ ਹੋਏ ਸਿੱਖ ਕਤਲੇਆਮ ਦੀ ਇਕ "ਡਾਕੂਮੈਂਟਰੀ" ਤਿਆਰ ਕਰ ਰਹੇ ਹਨ ਜਿਸ ਵਿਚ ਚਸਮਦੀਦ ਗਵਾਹ, ਪੀੜਤ ਅਤੇ 84 ਸਿੱਖ ਨਸਲਕੁਸ਼ੀ ਦੇ ਵਿਚੋਂ ਬਚੇ ਹੋਏ ਪਰਿਵਾਰਾਂ ਦਾ ਅੱਖੀਂ ਦੇਖਿਆ ਹਾਲ ਹੋਏਗਾ।

ਸੰਮੇਲਨ ਵਿਚ ਗੁਰਦੁਆਰਾ ਫਰੀਮਾਂਟ ਦੇ ਗਿਆਨੀ ਗੁਰਪ੍ਰੀਤ ਸਿੰਘ, ਦਰਸ਼ਨ ਸਿੰਘ ਸੰਧੂ, ਰਾਮ ਸਿੰਘ, ਅਵਤਾਰ ਸਿੰਘ ਧਾਮੀ, ਰੂਬਲ ਸਿੰਘ, ਸੁਖਵਿੰਦਰ ਸਿੰਘ, ਜੋਗਿੰਦਰ ਸਿੰਘ, ਕੰਵਲਜੀਤ ਸਿੰਘ, ਸਰਬਜੀਤ ਸਿੰਘ, ਜੀਤ ਸਿੰਘ ਆਲੋਆਰਖ (ਅਕਾਲੀ ਦਲ, ਅੰਮ੍ਰਿਤਸਰ), ਹਰਪ੍ਰੀਤ ਸਿੰਘ ਕੌਂਸਲਰ, ਝਿਰਮਲ ਸਿੰਘ, ਪਰਮਜੀਤ ਸਿੰਘ ਦਾਖਾ (ਦਲ ਖਾਲਸਾ), ਹੈਰੀ ਸਿੰਘ ਗਿੱਲ (ਅਕਾਲੀ ਦਲ), ਕਰਨੈਲ ਸਿੰਘ ਖਾਲਸਾ, ਸੁਖਦੇਵ ਸਿੰਘ ਬੈਣੀਵਾਲ, ਬਲਬੀਰ ਸਿੰਘ ਐਮ.ਏ., ਮੱਖਣ ਸਿੰਘ ਬੈਂਸ, ਰੇਸ਼ਮ ਸਿੰਘ ਮੁੱਖ ਗਵਾਹ 84 ਸਿੱਖ ਕਤਲੇਆਮ, ਬੀਬੀ ਜਸਪਾਲ ਕੌਰ ਨਾਭੇ ਵਾਲੀ ਬੀਬੀ, ਅਸ਼ੋਕ ਧੰਗਲ, ਅਰਵਿੰਦ ਸਿੰਘ ਦਿੱਲੀ, ਜਸਵੰਤ ਸਿੰਘ ਹੋਠੀ ਅਤੇ ਹੋਰ ਬਹੁਤ ਸਾਰੇ ਪਤਵੰਤੇ ਹਾਜਰ ਸਨ। ਗੁਰਦੁਆਰਾ ਫਰੀਮਾਂਟ, ਸੈਨ ਹੋਜ਼ੇ ਅਤੇ ਐਲ ਸਬਰਾਂਟੇ ਤੋਂ ਪਤਵੰਤੇ ਪਹੁੰਚੇ ਹੋਏ ਸਨ ਜਿਨ੍ਹਾਂ ਵਿਚ ਹਰਜਾਪ ਸਿੰਘ, ਰਵਿੰਦਰ ਸਿੰਘ ਰੰਧਾਵਾ, ਭੁਪਿੰਦਰ ਸਿੰਘ ਚੀਮਾ, ਹਰਮਿੰਦਰ ਸਿੰਘ, ਜਸਪਾਲ ਸਿੰਘ ਫਰਿਜਨੋ, ਜਸਪਾਲ ਸਿੰਘ ਫਰੀਮਾਂਟ ਸ਼ਾਮਲ ਹੋਏ।

ਇਸ ਸੰਮੇਲਨ ਵਿਚ ਸਿੱਖਸ ਫਾਰ ਜਸਟਿਸ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵਲੋਂ ਸਮੂਹ ਸਿੱਖ ਜਥੇਬੰਦੀਆਂ, ਗੁਰਦੁਆਰਾ ਕਮੇਟੀਆਂ ਅਤੇ ਸੰਸਥਾਵਾ ਦੇ ਸਹਿਯੋਗ ਨਾਲ ਵਾਸ਼ਿੰਗਟਨ ਡੀ ਸੀ ਵਿਖੇ 1 ਨਵੰਬਰ 2009 ਨੂੰ ਕਰਵਾਈ ਜਾਣ ਵਾਲੀ "ਅੰਤਰ-ਰਾਸ਼ਟਰੀ ਸਿੱਖ ਨਸਲਕੁਸ਼ੀ ਕਾਨਫਰੰਸ" ਵਿਚ ਪਹੁੰਚਣ ਲਈ ਸੰਗਤਾਂ ਨੂੰ ਪ੍ਰੇਰਿਆ ਗਿਆ ਅਤੇ ਇਸ ਨੂੰ ਇਤਿਹਾਸਿਕ ਕਾਨਫਰੰਸ ਬਣਾਉਣ ਲਈ ਸਹਿਯੋਗ ਦੀ ਅਪੀਲ ਕੀਤੀ ਗਈ।

# ਚੋਣ ਨਤੀਜਿਆਂ ਨੇ ਭਾਜਪਾ ਹੋਰ ਝੰਬੀ

ਹੈ। ਕਾਂਗਰਸ ਨੂੰ ਪ੍ਰਾਪਤ ਸੀਟਾਂ ਸਧਾਰਨ ਬਹੁਮਤ ਤੋਂ ਵੀ 6 ਘੱਟ ਹਨ। ਇਸ ਦੇ ਮੁਕਾਬਲੇ ਇਨੈਲੋ ਦੂਜੇ ਨੰਬਰ ਦੀ ਪਾਰਟੀ ਵਜੋਂ ਉਭਰ ਕੇ ਸਾਹਮਣੇ ਆਈ ਹੈ। ਇਥੇ ਜ਼ਿਕਰਯੋਗ ਹੈ ਕਿ ਪਿਛਲੀਆਂ ਚੋਣਾਂ ਦੌਰਾਨ ਕਾਂਗਰਸ ਨੇ 67 ਸੀਟਾਂ ਜਿੱਤੀਆਂ ਸਨ ਅਤੇ ਇਨੈਲੋ ਨੂੰ ਸਿਰਫ 9 ਸੀਟਾਂ ਹਾਸਲ ਹੋਈਆਂ ਸਨ। ਹਰਿਆਣਾ 'ਚ ਵਿਰੋਧੀ ਦਲਾਂ ਦੀ ਆਪਸੀ ਫੁੱਟ ਏਨੀ ਤਿੱਖੀ ਨਾ ਹੁੰਦੀ ਤਾਂ ਸੱਤਾ ਵਿਰੋਧੀ ਰੁਝਾਨ ਕਾਂਗਰਸ ਨੂੰ ਸੱਤਾ ਤੋਂ ਹੋਰ ਪਰੇ ਧੱਕ ਸਕਦਾ ਸੀ। ਕਾਂਗਰਸ ਨੂੰ ਜਿਸ ਅਸਾਨੀ ਨਾਲ ਹਰਿਆਣਾ 'ਚ ਮੁੜ ਸੱਤਾ 'ਚ ਆਉਣ ਦੀ ਉਮੀਦ ਸੀ ਨਤੀਜੇ ਉਸਦੀ ਆਸ ਤੋਂ ਹੇਠਾਂ ਰਹੇ ਹਨ।

ਅਰੁਣਾਚਲ ਪ੍ਰਦੇਸ਼ 'ਚ ਕਾਂਗਰਸ ਨੂੰ ਮਿਲਿਆ ਲੋਕ ਸਮਰਥਨ ਜ਼ਿਕਰਯੋਗ ਹੈ। ਚੀਨ ਨਾਲ ਸਰਹੱਦੀ ਵਿਵਾਦ ਦੇ ਬਾਵਜੂਦ ਜਿਸ ਉਤਸ਼ਾਹ ਨਾਲ ਲੋਕਾਂ ਨੇ ਵੋਟਾਂ ਪਾਈਆਂ ਉਸਤੋਂ ਜਾਪਦਾ ਹੈ ਕਿ ਰਾਜ ਦੇ ਲੋਕਾਂ ਨੇ ਕਾਂਗਰਸ 'ਚ ਆਪਣਾ ਡੂੰਘਾ ਵਿਸ਼ਵਾਸ ਪ੍ਰਗਟਾਇਆ ਹੈ ਅਤੇ ਪਾਰਟੀ ਅਤੇ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਇਸ ਸੰਵੇਦਨਸ਼ੀਲ ਰਾਜ ਦੇ ਲੋਕਾਂ ਦੇ ਭਰੋਸੇ ਨੂੰ ਕਾਇਮ ਰੱਖਣ ਵਲ ਹੋਰ ਉਚੇਚ ਨਾਲ ਧਿਆਨ ਦੇਣ।

ਤਾਜ਼ਾ ਚੋਣ ਨਤੀਜਿਆਂ ਨੂੰ ਦੇਖਦਿਆਂ ਲੱਗਦਾ ਹੈ ਕਿ ਕੌਮੀ ਪਾਰਟੀ ਵਜੋਂ ਕਾਂਗਰਸ ਮਜ਼ਬੂਤੀ ਨਾਲ ਅੱਗੇ ਵਧ ਰਹੀ ਹੈ ਜਦਕਿ ਭਾਜਪਾ ਲਗਾਤਾਰ ਕਮਜ਼ੋਰ ਹੁੰਦੀ ਜਾ ਰਹੀ ਹੈ। ਭਾਜਪਾ ਮਹਾਰਾਸ਼ਟਰ 'ਚ ਹੋਈ ਆਪਣੀ ਹਾਰ ਲਈ ਰਾਜ ਠਾਕਰੇ ਨੂੰ ਜ਼ਿੰਮੇਵਾਰ ਸਮਝਦੀ ਹੈ, ਪਰ ਹਕੀਕਤ ਇਹ ਨਹੀਂ ਜਾਪਦੀ। ਪਾਰਟੀ ਦੀ ਸੀਨੀਅਰ ਲੀਡਰਸ਼ਿਪ ਜਿਸ ਫੁਟ ਦਾ ਸ਼ਿਕਾਰ ਹੈ, ਉਸਨੂੰ ਦੇਖਦਿਆਂ ਲੱਗਦਾ ਹੈ ਕਿ ਲੋਕਾਂ ਦਾ ਵਿਸ਼ਵਾਸ ਉਨ੍ਹਾਂ ਪ੍ਰਤੀ ਘਟਦਾ ਜਾ ਰਿਹਾ ਹੈ। ਰਾਜਸੀ ਵਿਸ਼ਲੇਸ਼ਕ ਭਾਜਪਾ ਦੇ ਸੁੰਗੜ ਰਹੇ ਜਨਤਕ ਅਧਾਰ ਲਈ ਪਾਰਟੀ ਦੇ ਸਿਧਾਂਤਾਂ ਅਤੇ ਨੀਤੀਆਂ ਨੂੰ ਵੀ ਜ਼ਿੰਮੇਵਾਰ ਠਹਿਰਾ ਰਹੇ ਹਨ। ਭਾਜਪਾ ਨੂੰ ਇਸ ਰੁਝਾਨ ਨੂੰ ਰੋਕਣ ਲਈ ਜਿਥੇ ਆਪਸੀ ਫੁਟ 'ਤੇ ਕਾਬੂ ਪਾਉਣ ਦੀ ਲੋੜ ਹੈ ਉਥੇ ਪਾਰਟੀ ਦੀਆਂ ਨੀਤੀਆਂ ਅਤੇ ਪ੍ਰੋਗਰਾਮ 'ਤੇ ਵੀ ਨਜਰਸਾਨੀ ਕਰਨੀ ਬਣਦੀ ਹੈ ਤਾਂ ਹੀ ਉਹ ਭਵਿੱਖ 'ਚ ਆਪਣੀ ਕੌਮੀ ਪਾਰਟੀ ਵਲੋਂ ਹੋਂਦ ਮਜ਼ਬੂਤ ਰੱਖ ਸਕੇਗੀ।

ਮਹਾਰਾਸ਼ਟਰ ਨਵ ਨਿਰਮਾਣ ਸੈਨਾ ਦਾ ਉਭਾਰ ਵੀ ਭਾਜਪਾ ਅਤੇ ਸ਼ਿਵਸੈਨਾ ਲਈ ਇਕ ਵੱਡੀ ਚੁਣੌਤੀ ਵਜੋਂ ਉਭਰ ਕੇ ਸਾਹਮਣੇ ਆਇਆ ਹੈ, ਇਸ ਨਾਲ ਮੜਿਕੱਣ ਲਈ ਉਸ ਨੂੰ ਨਵੇਂ ਪੈਂਤੜੇ ਤੇ ਹੋਰ ਪ੍ਰੋਗਰਾਮਾਂ ਦੀ ਲੋੜ ਹੈ। ਚੋਣ ਨਤੀਜਿਆਂ ਤੋਂ ਇਹ ਆਸ ਬੱਝਦੀ ਹੈ ਕਿ ਕਾਂਗਰਸ ਭਵਿੱਖ 'ਚ ਗੈਰ ਗਠਜੋੜ ਵਾਲੀਆਂ ਸਰਕਾਰਾਂ ਬਣਾਉਣ ਵਲ ਇਕ ਕੌਮੀ ਪਾਰਟੀ ਵਜੋਂ ਤੇਜ਼ੀ ਨਾਲ ਅੱਗੇ ਵਧ ਰਹੀ ਹੈ।

# ਹੁੱਡਾ ਨੇ ਦੂਜੀ ਵਾਰ ਮੁੱਖ ਮੰਤਰੀ ਵਜ਼ੋਂ ਸਹੁੰ ਚੁੱਕੀ

**ਚੰਡੀਗੜ੍ਹ:** ਹਰਿਆਣਾ 'ਚ ਕਾਂਗਰਸੀ ਆਗੂ ਭੁਪਿੰਦਰ ਸਿੰਘ ਹੁੱਡਾ ਨੇ ਮੁੜ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਲਈ ਹੈ। 7 ਆਜ਼ਾਦ ਵਿਧਾਇਕਾਂ ਤੇ ਬਸਪਾ ਦੇ ਇੱਕੋ-ਇੱਕ ਵਿਧਾਇਕ ਵਲੋਂ ਹਮਾਇਤ ਦੇਣ ਦੇ ਨਾਲ ਬਹੁਮਤ ਤੋਂ ਘੱਟ ਸੀਟਾਂ ਹਾਸਲ ਕਰਨ ਵਾਲੀ ਕਾਂਗਰਸ ਪਾਰਟੀ ਆਖ਼ਰਕਾਰ ਸਰਕਾਰ ਬਣਾਉਣ ਵਿਚ ਕਾਮਯਾਬ ਹੋ ਹੀ ਗਈ। ਕਾਂਗਰਸ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਵਲੋਂ ਹਰੀ ਝੰਡੀ ਮਿਲਣ ਤੋਂ ਬਾਅਦ ਭੁਪਿੰਦਰ ਸਿੰਘ ਹੁੱਡਾ ਨੇ ਲੰਘੀ 25 ਅਕਤੂਬਰ ਦੂਜੀ ਵਾਰ ਸੂਬੇ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ।

ਹਰਿਆਣਾ ਰਾਜ ਭਵਨ ਵਿਚ ਕਰਵਾਏ ਇਕ ਸਾਦੇ ਸਮਾਰੋਹ ਦੌਰਾਨ ਸੂਬੇ ਦੇ ਰਾਜਪਾਲ ਜਗਨ ਨਾਥ ਪਹਾੜੀਆ ਨੇ ਸ੍ਰੀ ਹੁੱਡਾ ਨੂੰ ਅਹੁਦੇ ਦੇ ਭੇਦ ਗੁਪਤ ਰੱਖਣ ਲਈ ਸਹੁੰ ਚੁਕਾਈ। ਰਾਜਪਾਲ ਨੇ ਮੁੱਖ ਮੰਤਰੀ ਨੂੰ ਵਿਧਾਨ ਸਭਾ ਵਿਚ ਬਹੁਮਤ ਸਿੱਧ ਕਰਨ ਲਈ ਇੱਕ ਹਫ਼ਤੇ (31 ਅਕਤੂਬਰ ਤੱਕ) ਦਾ ਸਮਾਂ ਦਿੱਤਾ ਹੈ। ਸੂਤਰਾਂ ਮੁਤਾਬਕ ਬਹੁਮਤ ਸਿੱਧ ਕਰਨ ਤੋਂ ਬਾਅਦ ਹੀ ਸ੍ਰੀ ਹੁੱਡਾ ਨਵੇਂ ਮੰਤਰੀ ਮੰਡਲ ਦਾ ਗਠਨ ਕਰਨਗੇ। ਇਸ ਸਹੁੰ ਚੁੱਕ ਸਮਾਗਮ ਦੌਰਾਨ ਜਿੱਥੇ ਕਾਂਗਰਸ ਦੇ ਕੌਮੀ ਆਗੂ ਪ੍ਰਿਥਵੀ ਰਾਜ ਚੌਹਾਨ, ਹਰਿਆਣਾ ਦੇ ਸਾਰੇ ਕਾਂਗਰਸੀ ਵਿਧਾਇਕ ਅਤੇ ਹਜ਼ਾਰਾਂ ਹੁੱਡਾ ਸਮਰਥਕ ਹਾਜ਼ਰ ਸਨ, ਉਥੇ ਕੁਮਾਰੀ ਸ਼ੈਲਜਾ ਤੇ ਕਾਂਗਰਸੀ ਆਗੂ ਅਵਤਾਰ ਭੜਾਣਾ ਦੀ ਗੈਰ ਹਾਜ਼ਰੀ ਸਾਰਿਆਂ ਨੂੰ ਰੜਕਦੀ ਰਹੀ। ਇਹ ਆਗੂ ਹੁੱਡਾ ਦੇ ਦੁਬਾਰਾ ਮੁੱਖ ਮੰਤਰੀ ਬਣਨ ਦਾ ਵਿਰੋਧ ਕਰ ਰਹੇ ਸਨ।

ਜ਼ਿਕਰਯੋਗ ਹੈ ਕਿ ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਬਸਪਾ ਦੀ ਟਿਕਟ ਤੋਂ ਜਿੱਤੇ ਇੱਕੋ-ਇੱਕ ਵਿਧਾਇਕ ਅਕਰਮ ਖ਼ਾਨ ਨੇ ਕਾਂਗਰਸ ਨੂੰ ਹਮਾਇਤ ਦੇਣ ਸਬੰਧੀ ਇੱਕ ਪੱਤਰ ਸੂਬੇ ਦੇ ਰਾਜਪਾਲ ਨੂੰ ਸੌਂਪਿਆ। ਜਨਾਬ ਖ਼ਾਨ ਨੇ ਕਿਹਾ ਕਿ ਬਸਪਾ ਸੁਪਰੀਮੋ ਮਾਇਆਵਤੀ ਵਲੋਂ ਫਿਰਕੂ ਤਾਕਤਾਂ ਨੂੰ ਸੱਤਾ ਤੋਂ ਦੂਰ ਰੱਖਣ ਲਈ ਕਾਂਗਰਸ ਨੂੰ ਹਮਾਇਤ ਦੇਣ ਦਾ ਫੈਸਲਾ ਲਿਆ ਗਿਆ ਹੈ, ਜਿਸ ਦੀ ਪਾਲਣਾ ਕਰਦਿਆਂ ਉਨ੍ਹਾਂ ਰਾਜਪਾਲ ਨੂੰ ਇਹ ਪੱਤਰ ਸੌਂਪਿਆ। ਹਰਿਆਣਾ ਜਨਹਿੱਤ ਕਾਂਗਰਸ ਦੇ ਸੀਨੀਅਰ ਆਗੂ ਕੁਲਦੀਪ ਬਿਸ਼ਨੋਈ ਨੇ ਵੀ ਕਾਂਗਰਸ ਨੂੰ ਸਮਰਥਨ ਦੇਣ ਦਾ ਸੰਕੇਤ ਦਿੱਤਾ।


Lotto is NOT counted in sales! All prices with Property unless noted as 'Lease'

| | | |
|---|---|---|
| *Alabama DAYS INN Motel: | $500k revenue | - Asking $1.65M |
| *Arkansas Truck Stop: | $141k in store, 140k gallons, no beer | - Asking $1.7M |
| *Arkansas Hwy station: | $151k in store, 140k+ gallons, no beer | - Asking $1.9M |
| *Arkansas Gas station for Lease: | $38k inside @ 35% margin, 50k gallons | - Asking $45k |
| *Arkansas Truck Stop w/Taco Bell: | 196k gallons @ 16cent+ margin | - Asking $2.5M |
| *Arkansas Gas station: | $96k inside, 55k gallons, no beer | - Asking $900k |
| *Arkansas Truck Stop for Lease: | $75k in store, 160k gallons | - Asking $285k |
| *Illinois Gas Station: Storage, & Lube property: | $65k inside, 115k gallons | - Asking $1.325M |
| *Indiana Gas Station: | $80k inside, 30k gallons | - Asking $700k |
| *Indiana Gas station: | $70k in store, 15k gallons | - Asking $425k or Lease |

Alabama, Arkansas, Illinois, Indiana, Michigan, Missouri, and Ohio

We can help you buy or sell a business in any of these areas with the help of our network of local realtors!

Want to sell a good business? Call or email sunny@fineinvestments.org

FINE INVESTMENTS INC.
Extraordinary Business Brokers
Gas Stations - Truck Stops - Liquor - Motels - Grocery - & More
MANY MORE LISTINGS ON WEBSITE (with photos): FineInv.com




Check our website for full listings at FINEINV.COM for more!
And then contact
SUNNY SINGH
EMAIL: Sunny@FineInvestments.org
PHONE: 317-938-9907

Email is the preferred and easier way to get detailed information & photos.

| | | |
|---|---|---|
| *Indiana Gas station for Lease: | $120k inside, 30k galons | - Asking $195k |
| *Indiana Gas Station for Lease: | $70k in store, 50k gallons | - Asking $90k |
| *Indiana Truck Stop: | $110k inside, 155k gallons, no beer | - Asking $2.5M |
| *Michigan Gas station: | $85k inside, 70k gallons, no beer | - Asking $1.1M |
| *Michigan Gas station: | $85k inside, 185k gallons, no beer | - Asking $1.7M |
| *Michigan Gas Station: | $70k inside, 60k gallons, no beer | - Asking $800k |
| *Michigan Gas Station: | $70k inside, 90k gallons, no beer | - Asking $1M |
| *Michigan Gas Station: | $55k inside, 60k gallons, no beer | - Asking $550k |

See many more businesses For Sale at FineInv.com
OR CALL SUNNY SINGH @ (317)-938-9907

DETAILED INFORMATION WILL ONLY BE PROVIDED FOR SERIOUS INQUIRIERS WHO HAVE SIGNED CONFIDENTIALITY FORM (NDA) AVAILABLE FROM WEBSITE

# ਇਕ ਵਾਰ ਫਿਰ ਬਿਖਰੇਗਾ ਖਾਲਸਾਈ ਰੰਗ ਯੂਬਾ ਸਿਟੀ ਦੀ ਧਰਤੀ ‘ਤੇ

**ਪੰਜਾਬ ਟਾਈਮਜ਼ ਬਿਊਰੋ**

**ਯੂਬਾ ਸਿਟੀ, ਕੈਲੇਫੋਰਨੀਆ:** ਹਰ ਸਾਲ ਦੀ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਮੌਕੇ ਇਥੋਂ ਦੀ ਧਰਤੀ ‘ਤੇ ਸਜਾਇਆ ਜਾਂਦਾ ਨਗਰ ਕੀਰਤਨ ਇਸ ਸਾਲ 1 ਨਵੰਬਰ ਨੂੰ ਸਜਾਇਆ ਜਾਵੇਗਾ ਅਤੇ ਇੰਜ ਪੰਜਾਬੀ ਬਹੁ ਵਸੋਂ ਵਾਲੇ ਇਸ ਨਗਰ ਦੀ ਧਰਤੀ ਇਕ ਵਾਰ ਫਿਰ ਖਾਲਸਾਈ ਰੰਗ ਨਾਲ ਰੰਗੀ ਜਾਏਗੀ। ਇਹ ਲਗਾਤਾਰ 30ਵਾਂ ਨਗਰ ਕੀਰਤਨ ਹੋਵੇਗਾ। ਇਸ ਮੌਕੇ ਪੰਜਾਹ ਹਜ਼ਾਰ ਤੋਂ ਵੱਧ ਸਿੱਖਾਂ ਦੇ ਇਥੇ ਇਕੱਤਰ ਹੋਣ ਦੀ ਸੰਭਾਵਨਾ ਹੈ।

ਯੂਬਾ ਸਿਟੀ ਵਿਚ ਤਿੰਨ ਗੁਰੂ ਘਰ ਹਨ ਪਰ ਇਸ ਨਗਰ ਕੀਰਤਨ ਦਾ ਪ੍ਰਬੰਧ ਟਾਇਰਾ ਬਿਊਨਾ ਗੁਰੂ ਘਰ ਅਧੀਨ ਹੀ ਹੁੰਦਾ ਹੈ। ਨਗਰ ਕੀਰਤਨ ਦਾ ਪ੍ਰਬੰਧ ਇਕ ਜਾਂ ਦੋ ਵਾਰ ਨੂੰ ਛੱਡ ਕੇ ਇਥੋਂ ਦੇ ਸਿਰ ਕੱਢ ਸਿੱਖ ਆਗੂ ਸ. ਦੀਦਾਰ ਸਿੰਘ ਬੈਂਸ ਅਤੇ ਉਨ੍ਹਾਂ ਦੇ ਧੜੇ ਦੇ ਹੱਥ ‘ਚ ਹੀ ਹੁੰਦਾ ਰਿਹਾ ਹੈ। ਇਹ ਲੰਮੇ ਸਮੇਂ ਬਾਅਦ ਪਹਿਲੀ ਵਾਰ ਹੈ ਜਦੋਂ ਸ. ਦੀਦਾਰ ਸਿੰਘ ਬੈਂਸ ਦਾ ਧੜਾ ਗੁਰੂਘਰ ਦੇ ਪ੍ਰਬੰਧ ਉਤੇ ਕਾਬਜ਼ ਨਹੀਂ ਹੈ। ਪਿਛਲੇ ਸਾਲ ਹੋਈਆਂ ਚੋਣਾਂ ਵਿਚ ਉਨ੍ਹਾਂ ਦਾ ਧੜਾ ਸਿੱਖ ਯੂਥ ਆਫ ਅਮਰੀਕਾ ਦੇ ਇਕ ਧੜੇ ਅਤੇ ਕੁਝ ਹੋਰ ਧੜਿਆਂ ਦੇ ਗਠਜੋੜ ਹੱਥੋਂ ਹਾਰ ਗਿਆ ਸੀ। ਪਿਛਲੇ ਕੁਝ ਦਿਨਾਂ ਤੋਂ ਦੋਹਾਂ ਧੜਿਆਂ ਵਿਚਾਲੇ ਤਣੀ ਹੋਈ ਹੈ। ਪ੍ਰਬੰਧਕ ਧੜੇ ਨੇ ਕਿਸੇ ਵੀ ਤਰ੍ਹਾਂ ਦੇ ਤਣਾਓ ਨੂੰ ਮੁੱਖ ਰੱਖਦਿਆਂ ਸਰਵੇਲੈਂਸ ਕੈਮਰਿਆਂ ਅਤੇ ਸਕਿਊਰਿਟੀ ਦਾ ਜ਼ਬਰਦਸਤ ਬੰਦੋਬਸਤ ਕੀਤਾ ਹੈ।

ਨਗਰ ਕੀਰਤਨ ਸਮਾਗਮ ਇਥੇ ਗੁਰਦੁਆਰਾ ਟਾਇਰਾ ਬਿਊਨਾ ਵਿਖੇ ਸ਼ੁੱਕਰਵਾਰ 30 ਅਕਤੂਬਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਨਾਲ ਆਰੰਭ ਹੋਣਗੇ। ਇਸੇ ਸ਼ਾਮ ਸ਼ਾਨਦਾਰ ਆਤਿਸ਼ਬਾਜ਼ੀ ਹੋਏਗੀ। ਇਸ ਨੂੰ ਤੱਕਣ ਲਈ ਕੋਈ ਪੱਚੀ ਹਜ਼ਾਰ ਤੋਂ ਵੱਧ ਲੋਕਾਂ ਦੇ ਇਕੱਤਰ ਹੋਣ ਦੀ ਸੰਭਾਵਨਾ ਹੈ। ਕੋਈ ਅੱਧਾ ਘੰਟਾ ਚੱਲਣ ਵਾਲੀ ਇਹ ਆਤਿਸ਼ਬਾਜ਼ੀ ਆਪਣੇ ਆਪ ਵਿਚ ਇਕ ਵੱਖਰਾ ਹੀ ਨਜ਼ਾਰਾ ਪੇਸ਼ ਕਰੇਗੀ। ਇਸ ਤੋਂ ਇਲਾਵਾ ਸਨਿਚਰਵਾਰ ਨੂੰ ਇਕ ਸੈਮੀਨਾਰ ਵੀ ਹੋਵੇਗਾ, ਜਿਸ ਵਿਚ ਸਿੱਖਾਂ ਨੂੰ ਦਰਪੇਸ਼ ਵੱਖ ਵੱਖ ਮਸਲਿਆਂ ਉਤੇ ਵਿਚਾਰ-ਚਰਚਾ ਹੋਵੇਗੀ। ਸ਼ਾਮ ਸਮੇਂ ਕੀਰਤਨ ਦਰਬਾਰ ਸਜੇਗਾ, ਜਿਸ ਵਿਚ ਸਿੱਖ ਕੌਮ ਦੇ ਨਾਮੀ-ਗਰਾਮੀ ਕੀਰਤਨੀਏ ਸੰਗਤਾਂ ਨੂੰ ਸ਼ਬਦ ਕੀਰਤਨ ਨਾਲ ਨਿਹਾਲ ਕਰਨਗੇ।

ਐਤਵਾਰ ਸਵੇਰੇ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੇ ਭੋਗ ਉਪਰੰਤ ਪੰਥਕ ਬੁਲਾਰੇ ਸੰਗਤਾਂ ਨੂੰ ਸੰਬੋਧਨ ਕਰਨਗੇ। ਉਪਰੰਤ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਆਰੰਭ ਹੋਵੇਗਾ, ਜੋ ਬੂਟੇ ਹਾਊਸ ਰੋਡ ਤੋਂ ਹੁੰਦਾ ਹੋਇਆ ਕੋਈ ਸਾਢੇ ਚਾਰ ਮੀਲ ਦਾ ਸਫਰ ਤੈਅ ਕਰਕੇ ਵਾਪਸ ਗੁਰੂ ਘਰ ਪਹੁੰਚੇਗਾ। ਨਗਰ ਕੀਰਤਨ ਕੋਈ ਗਿਆਰਾਂ ਕੁ ਵਜੇ ਆਰੰਭ ਹੋਵੇਗਾ ਅਤੇ ਸ਼ਾਮੀ ਕੋਈ ਪੰਜ ਕੁ ਵਜੇ ਵਾਪਸ ਪਰਤੇਗਾ। ਇਕ ਸਜੀ ਹੋਈ ਫਲੋਟ ਵਿਚ ਅਸਥਾਪਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਹੇਠ ਚੱਲ ਰਹੇ ਨਗਰ ਕੀਰਤਨ ਉਤੇ ਹਵਾਈ ਜਹਾਜ਼ਾਂ ਰਾਹੀਂ ਫੁੱਲਾਂ ਦੀ ਬਰਖਾ ਹੋਵੇਗੀ ਅਤੇ ਫਿਜ਼ਾ ਨੂੰ ਇਲਾਹੀ ਬਾਣੀ ਦਾ ਸੰਗੀਤ ਇਲਾਹੀ ਨਾਦ ਨਾਲ ਸਰਸ਼ਾਰ ਕਰੇਗਾ। ਪਿਛਲੇ ਸਮਿਆਂ ਵਿਚ ਸ. ਦੀਦਾਰ ਸਿੰਘ ਬੈਂਸ ਦੇ ਪਰਿਵਾਰ ਵਿਚੋਂ ਵੀ ਕੋਈ ਸੱਜਣ ਗੁਰੂ ਮਹਾਰਾਜ ਵਾਲੀ ਪਾਲਕੀ ਉਤੇ ਬੈਠਿਆ ਕਰਦਾ ਸੀ, ਇਸ ਸਾਲ ਵੇਖੀਏ ਕੌਣ ਬੈਠਦਾ ਹੈ।

ਨਗਰ ਕੀਰਤਨ ਵਿਚ ਵੱਖੋ ਵੱਖ ਸੰਸਥਾਵਾਂ, ਗੁਰੂ ਘਰਾਂ ਅਤੇ ਪਾਰਟੀਆਂ ਦੇ ਫਲੋਟ ਸ਼ਾਮਲ ਹੋਣਗੇ। ਪ੍ਰਬੰਧਕਾਂ ਅਨੁਸਾਰ ਇਸ ਵਾਰ ਪੰਜਾਹ ਤੋਂ ਵੱਧ ਫਲੋਟ ਨਗਰ ਕੀਰਤਨ ਵਿਚ ਸ਼ਾਮਲ ਹੋਣਗੇ। ਸੰਗਤਾਂ ਦੀ ਭਾਂਤ-ਸੁਭਾਂਤੇ ਪਕਵਾਨਾਂ ਨਾਲ ਸੇਵਾ ਕਰਨ ਦਾ ਉਤਸ਼ਾਹ ਇਸ ਮੌਕੇ ਵੇਖਿਆਂ ਹੀ ਬਣਦਾ ਹੈ। ਜੇ ਕਿਧਰੇ ਚਾਹ-ਪਕੌੜਿਆਂ ਅਤੇ ਠੰਡੇ ਬੱਤੇ ਨਾਲ ਸੇਵਾ ਹੋ ਰਹੀ ਹੈ ਤਾਂ ਕਿਧਰੇ ਹੋਰ ਛੱਲੀਆਂ ਭੁੰਨ ਭੁੰਨ ਸੰਗਤਾਂ ਨੂੰ ਪੇਸ਼ ਕਰ ਰਿਹਾ ਹੈ। ਕਿਧਰੇ ਕੋਈ ਹੋਰ ਬਦਾਮਾਂ ਤੇ ਸੁੱਕੇ ਮੇਵਿਆਂ ਨਾਲ ਸੇਵਾ ਕਰ ਰਿਹਾ ਹੈ।



ਇਸ ਨਗਰ ਕੀਰਤਨ ਵਿਚ ਸੰਗਤਾਂ ਦੀ ਹਾਜ਼ਰੀ ਬਾਰੇ ਵੱਖ ਵੱਖ ਅੰਦਾਜ਼ੇ ਛਪਦੇ ਰਹੇ ਹਨ। ਜੇ ਅੰਗਰੇਜ਼ੀ ਮੀਡੀਆ ਹਾਜ਼ਰੀ ਪੰਜ ਤੋਂ ਪੰਦਰਾਂ ਹਜ਼ਾਰ ਦੱਸਦਾ ਆਇਆ ਹੈ ਤਾਂ ਪੰਜਾਬੀ ਮੀਡੀਏ ਵਿਚ ਇਹ ਗਿਣਤੀ ਤੀਹ ਤੋਂ ਸੱਠ ਹਜ਼ਾਰ ਤੱਕ ਹੁੰਦੀ ਰਹੀ ਹੈ। ਉਂਝ ਕਈ ਕੱਚਘਰੜ ਪੰਜਾਬੀ ਪੱਤਰਕਾਰ ਇਹ ਗਿਣਤੀ ਕੋਈ ਇਕ ਲੱਖ ਤੱਕ ਦੱਸਦੇ ਹਨ। ਪ੍ਰਬੰਧਕਾਂ ਅਨੁਸਾਰ ਕੋਈ ਅੱਸੀ ਹਜ਼ਾਰ ਲੋਕ ਇਸ ਨਗਰ ਕੀਰਤਨ ਵਿਚ ਗੁਰੂ ਅੱਗੇ ਨਤਮਸਤਕ ਹੋਣਗੇ।

ਇਸ ਨਗਰ ਕੀਰਤਨ ਵਿਚ ਨਾ ਸਿਰਫ ਕੈਲੇਫੋਰਨੀਆਂ ਦੇ ਦੂਰ ਨੇੜੇ ਦੇ ਇਲਾਕਿਆਂ ਦੇ ਸਿੱਖ ਸ਼ਾਮਲ ਹੁੰਦੇ ਹਨ ਸਗੋਂ ਅਮਰੀਕਾ ਦੇ ਦੂਰ ਦੁਰਾਡੇ ਸੂਬਿਆਂ ਦੇ ਲੋਕ ਵੀ। ਇਹ ਗੱਲ ਵੀ ਦਿਲਚਸਪ ਹੈ ਕਿ ਯੂਬਾ ਸਿਟੀ ਨਗਰ ਨੂੰ ਵਿਸ਼ਵ ਭਰ ਦੇ ਸਿੱਖ ਹਲਕਿਆਂ ਵਿਚ ਜਾਂ ਦੀਦਾਰ ਸਿੰਘ ਬੈਂਸ ਕਰਕੇ ਜਾਣਿਆਂ ਜਾਂਦਾ ਹੈ ਤੇ ਜਾਂ ਫਿਰ ਉਨ੍ਹਾਂ ਦੇ ਹੀ ਉਦਮ ਨਾਲ ਆਰੰਭ ਹੋਏ ਇਸ ਨਗਰ ਕੀਰਤਨ ਕਰਕੇ। ਇਕ ਅੱਧ ਵਾਰ ਨੂੰ ਛੱਡ ਕੇ ਹੁਣ ਤੱਕ ਦੀਦਾਰ ਸਿੰਘ ਬੈਂਸ ਹੋਰਾਂ ਦੀ ਇਸ ਨਗਰ ਕੀਰਤਨ ਦੇ ਪ੍ਰਬੰਧ ਉਤੇ ਪੀਡੀ ਪਕੜ ਰਹੀ ਹੈ। ਇਹ ਗੱਲ ਵੀ ਦਿਲਚਸਪੀ ਤੋਂ ਖਾਲੀ ਨਹੀਂ ਕਿ ਯੂਬਾ ਸਿਟੀ ਤੋਂ ਬਾਹਰ ਸ. ਬੈਂਸ ਨੂੰ ਸਿੱਖੀ ਲਈ ਉਨ੍ਹਾਂ ਵਲੋਂ ਕੀਤੇ ਕੰਮਾਂ ਕਰਕੇ ਅੱਛੀ ਖਾਸੀ ਮਾਨਤਾ ਹਾਸਲ ਹੈ। ਪਰ ਖੁਦ ਯੂਬਾ ਸਿਟੀ ਵਿਚ ਸ਼ਾਇਦ ਆਪਣੇ ਪਰਿਵਾਰਕ ਮੋਹ ਕਾਰਨ ਉਹ ਆਪਣੇ ਵਿਰੁੱਧ ਖੜੇ ਹੁੰਦੇ ਵਿਰੋਧ ਨੂੰ ਪਿਆਰ ਨਾਲ ਮਿਟਾ ਨਹੀਂ ਸਕੇ।

ਬਾਹਰੀ ਨਜ਼ਰੇ ਦੇਖਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਗੱਦੀ ਦਿਵਸ ਮੌਕੇ ਸਜਾਇਆ ਜਾਂਦਾ ਇਹ ਨਗਰ ਕੀਰਤਨ ਸਿੱਖ ਨਜ਼ਰੀਏ ਤੋਂ ਬਹੁਤ ਅਹਿਮੀਅਤ ਵਾਲਾ ਹੈ ਪਰ ਜੇ ਇਹ ਸੋਚਿਆ ਜਾਵੇ ਕਿ ਪਿਛਲੇ 29 ਸਾਲ ਤੋਂ ਲਗਾਤਾਰ ਕੱਢਿਆ ਜਾ ਰਿਹਾ ਇਹ ਨਗਰ ਕੀਰਤਨ ਸਿੱਖ ਕੌਮ ਨੂੰ ਕੋਈ ਸੇਧ ਦੇਣ ਜਾਂ ਸਿੱਖੀ ਨੂੰ ਪਰਪੱਕ ਕਰਨ ਵਿਚ ਕੋਈ ਰੋਲ ਨਿਭਾਅ ਸਕਿਆ ਹੈ ਤਾਂ ਇਹ ਆਸ ਨਿਰਮੂਲ ਹੀ ਸਾਬਤ ਹੋਏਗੀ। ਬੜੀ ਸ਼ਰਧਾ ਨਾਲ ਆਉਂਦੇ ਆਮ ਲੋਕਾਂ ਲਈ ਇਹ ਨਗਰ ਕੀਰਤਨ ਇਕ ਜ਼ਿਆਰਤ ਜਾਂ ਮੇਲੇ ਤੋਂ ਵੱਧ ਨਹੀਂ ਹੈ, ਜਦੋਂਕਿ ਪ੍ਰਬੰਧਕਾਂ ਲਈ ਆਪੋ ਆਪਣੀ ਹਉਮੈ ਨੂੰ ਪੱਠੇ ਪਾਉਣ ਦਾ ਵਸੀਲਾ ਹੈ।

ਵਿਰੋਧੀ ਧੜਾ ਜਿਸ ਵਿਚ ਮੋਟੇ ਤੌਰ ‘ਤੇ ਅਕਾਲੀ ਦਲ (ਬਾਦਲ) ਅਤੇ ਸਿੱਖ ਯੂਥ ਆਫ ਅਮਰੀਕਾ ਦਾ ਗੱਠਜੋੜ ਸ਼ਾਮਲ ਸੀ, ਸਤੰਬਰ ਮਹੀਨੇ ਹੋਈਆਂ ਚੋਣਾਂ ਵਿਚ 73 ਡਾਇਰੈਕਟਰਾਂ ਦੀ ਚੋਣ ਵਿਚ 65 ਤੋਂ ਵੱਧ ਸੀਟਾਂ ਜਿੱਤ ਗਿਆ ਸੀ। ਇਸ ਤਰ੍ਹਾਂ ਬੈਂਸ ਧੜੇ ਦਾ ਕਰੀਬ ਕਰੀਬ ਸਫਾਇਆ ਹੀ ਹੋ ਗਿਆ ਸੀ। ਨਵੀਂ ਕਮੇਟੀ ਨੇ ਪਹਿਲੀ ਜਨਵਰੀ ਨੂੰ ਪ੍ਰਬੰਧ ਸੰਭਾਲਿਆ ਸੀ।

ਨਗਰ ਕੀਰਤਨ ਦਾ ਇਕ ਬੜਾ ਦਿਲਚਸਪ ਪਹਿਲੂ ਇਸ ਵਿਚ ਸ਼ਾਮਲ ਹੁੰਦੇ ਵੱਖ ਵੱਖ ਫਲੋਟਾਂ ਦਾ ਹੈ। 1984 ਦੇ ਅਪਰੇਸ਼ਨ ਬਲੂ ਸਟਾਰ ਤੋਂ ਬਾਅਦ ਨਗਰ ਕੀਰਤਨ ਵਿਚ ਪ੍ਰਧਾਨ ਸੁਰ ਖਾੜਕੂ ਸਫਾਂ ਦੀ ਹੀ ਸੀ। ਫਿਰ ਜਿਉਂ ਜਿਉਂ ਪੰਜਾਬ ਵਿਚ ਖਾੜਕੂ ਲਹਿਰ ਖਤਮ ਹੁੰਦੀ ਗਈ ਤਿਉਂ ਤਿਉਂ ਇਸ ਨਗਰ ਕੀਰਤਨ ‘ਤੇ ਵੀ ਇਸ ਦੀ ਛਾਪ ਘਟਦੀ ਗਈ। ਕਿਸੇ ਵੇਲੇ ਸਿੱਖ ਯੂਥ ਆਫ ਅਮੈਰਿਕਾ ਦਾ ਬਹੁਤ ਦਬਦਬਾ ਹੋਇਆ ਕਰਦਾ ਸੀ, ਪਰ ਪਿਛਲੇ ਕੁਝ ਸਮੇਂ ਵਿਚ ਬਦਲੇ ਹਾਲਾਤ ਅਤੇ ਇਸ ਅੰਦਰ ਪਈਆਂ ਧੜੇਬੰਦਕ ਵੰਡੀਆਂ ਕਾਰਨ ਇਸ ਦਾ ਪਹਿਲਾਂ ਵਾਲਾ ਦਬਦਬਾ ਨਹੀਂ ਰਿਹਾ। ਇਹ ਨਗਰ ਕੀਰਤਨ ਵੱਖ ਵੱਖ ਸਿੱਖ ਸਿਆਸੀ ਗਰੁੱਪਾਂ ਵਲੋਂ ਆਪੋ ਆਪਣਾ ਸ਼ਕਤੀ ਪ੍ਰਦਰਸ਼ਨ ਕਰਨ ਦਾ ਅਖਾੜਾ ਵੀ ਬਣਦਾ ਹੈ।

ਐਤਵਾਰ ਨੂੰ ਨਗਰ ਕੀਰਤਨ ਆਰੰਭ ਹੋਣ ਤੋਂ ਪਹਿਲਾਂ ਭੋਗ ਉਪਰੰਤ ਜਿਹੜੇ ਬੁਲਾਰੇ ਸੰਗਤਾਂ ਨੂੰ ਸੰਬੋਧਨ ਕਰਦੇ ਹਨ, ਉਹ ਵੀ ਇਕ ਦਿਲਚਸਪ ਨਜ਼ਾਰਾ ਹੁੰਦਾ ਹੈ। ਅਜਿਹਾ ਵੀ ਵੇਖਣ ਵਿਚ ਆਇਆ ਹੈ ਕਿ ਕਈ ਵੱਡੇ ਵੱਡੇ ਖਾਲਿਸਤਾਨੀ ਅਤੇ ਅਕਾਲੀ ਆਗੂਆਂ ਨੂੰ ਦੋ ਦੋ ਮਿੰਟ ਦਾ ਸਮਾਂ ਵੀ ਨਹੀਂ ਮਿਲਦਾ ਤੇ ਕਈ ਵਾਰ ਜੋ ਬੋਲੇ ਸੋ ਨਿਹਾਲ ਦਾ ਜੈਕਾਰਾ ਛੱਡ ਕੇ ਮਾਈਕ ਕਰੀਬ ਕਰੀਬ ਹੱਥੋਂ ਹੀ ਖੋਹ ਲਿਆ ਜਾਂਦਾ ਹੈ, ਉਥੇ ਕਈਆਂ ਨੂੰ ਇਹ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਘੱਟੋ ਘੱਟ ਪੰਜ ਮਿੰਟ ਜ਼ਰੂਰ ਬੋਲਣ।


Real Estate and Loans Under One Roof

Call: Sam Chahal Tel: 916-612-5773

Multi-Million Dollars Producer-2007-08

Reo-Bankowned Properties

Serving from Bay Area to Sacramento

*For Buying and Selling Residential, Commercial property and for Loans in Sacramento area*



Sam (Sohanpreet)Chahal
CA Lic. 01504071
Realtor/Notary Public
e-mail:sam@jassigill.com

We Help You Buy/Sell
Business & Homes

Short Sale Specialist

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ ‘ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale ‘ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।

*Foreclosure ਦੇ ਮੁਕਾਬਲੇ Short Sale ‘ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।

*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale ‘ਤੇ ਲਾ ਕੇ ਘਰ ਵੇਚ ਸਕਦੇ ਹਾਂ।

Call Master of Winners in Multiple Offers

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਪੂਰੀ ਜਾਣਕਾਰੀ ਲਈ ਕਾਲ ਕਰੋ।

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਕੈਪਟਨ ਦੀਆਂ ਬੇੜੀਆਂ ’ਚ ਜਗਮੀਤ ਨੇ ਪਾਏ ਵੱਟੇ

ਕਰਨ ਵਾਲਿਆਂ ਵਿਚ ਬੀਬੀ ਰਜਿੰਦਰ ਕੌਰ ਭੱਠਲ ਤੋਂ ਇਲਾਵਾ ਕਾਂਗਰਸ ਪਾਰਟੀ ਦੇ ਮੌਜੂਦਾ ਪ੍ਰਧਾਨ ਸ੍ਰੀ ਮੋਹਿੰਦਰ ਸਿੰਘ ਕੇ.ਪੀ., ਸਾਬਕਾ ਪ੍ਰਧਾਨ ਸ਼ਮਸ਼ੇਰ ਸਿੰਘ ਦੂਲੋ, ਸਾਬਕਾ ਲੋਕ ਨਿਰਮਾਣ ਮੰਤਰੀ ਪ੍ਰਤਾਪ ਸਿੰਘ ਬਾਜਵਾ ਅਤੇ ਜਗਮੀਤ ਸਿੰਘ ਬਰਾੜ ਸ਼ਾਮਲ ਹਨ। ਇਸਦੇ ਉਲਟ ਕੈਪਟਨ ਅਮਰਿੰਦਰ ਸਿੰਘ ਦਾ ਤਕਰੀਬਨ ਦੋ ਦਰਜਨ ਮੌਜੂਦਾ ਅਸੈਂਬਲੀ ਮੈਂਬਰ ਅਤੇ ਹੋਰ ਆਗੂ ਸਾਥ ਦੇ ਰਹੇ ਹਨ। ਪੰਜਾਬ ਪ੍ਰਦੇਸ਼ ਕਾਂਗਰਸ ਦੀ ਪ੍ਰਧਾਨਗੀ ਨੂੰ ਲੈ ਕੇ ਚਲੇ ਆ ਰਹੇ ਇਸ ਸੰਘਰਸ਼ ਵਿਚ ਸਵਰਗੀ ਬੇਅੰਤ ਸਿੰਘ ਦਾ ਪਰਿਵਾਰ ਵੀ ਹੁਣ ਕੈਪਟਨ ਅਮਰਿੰਦਰ ਸਿੰਘ ਦਾ ਸਾਥ ਦੇ ਰਿਹਾ ਹੈ। ਪਿਛਲੀਆਂ ਲੋਕ ਸਭਾ ਚੋਣਾਂ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਆਨੰਦਪੁਰ ਸਾਹਿਬ ਤੋਂ ਪਾਰਟੀ ਉਮੀਦਵਾਰ ਰਵਨੀਤ ਸਿੰਘ ਬਿੱਟੂ ਦਾ ਨਿੱਠ ਕੇ ਸਾਥ ਦਿੱਤਾ ਸੀ। ਇਨ੍ਹਾਂ ਚੋਣਾਂ ਵਿਚ ਕਾਂਗਰਸ ਪਾਰਟੀ ਨੇ ਅੱਠ ਲੋਕ ਸਭਾ ਸੀਟਾਂ ਉਪਰ ਜਿੱਤ ਪ੍ਰਾਪਤ ਕੀਤੀ ਸੀ।

ਇਸ ਦੇ ਉਲਟ ਪਿਛਲੀਆਂ ਬਲਾਕ ਸਮਤੀ ਚੋਣਾਂ, ਜ਼ਿਲ੍ਹਾ ਪ੍ਰੀਸ਼ਦ ਚੋਣਾਂ ਅਤੇ ਨਗਰ ਕੌਂਸਲ ਚੋਣਾਂ ਬੀਬੀ ਰਜਿੰਦਰ ਕੌਰ ਭੱਠਲ ਦੀ ਅਗਵਾਈ ਵਿਚ ਲੜੀਆਂ ਗਈਆਂ ਸਨ ਜਿਨ੍ਹਾਂ ਵਿਚ ਕਾਂਗਰਸ ਪਾਰਟੀ ਨੂੰ ਜਿਆਦਾਤਰ ਹਾਰ ਹੀ ਨਸੀਬ ਹੋਈ ਸੀ। ਪਾਰਲੀਮੈਂਟ ਚੋਣਾਂ ਵਿਚ ਜਿੱਤ ਪ੍ਰਾਪਤ ਕਰਨ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਨੂੰ ਪ੍ਰਧਾਨ ਬਨਾਉਣ ਲਈ ਪੰਜਾਬ ਕਾਂਗਰਸ ਦੇ ਮਾਮਲਿਆਂ ਦੀ ਇੰਚਾਰਜ ਬੀਬੀ ਮੋਹਸਿਨਾ ਕਿਦਵਈ ਨੇ ਵੀ ਸਿਫਾਰਸ਼ ਕੀਤੀ ਸੀ। ਪਰ ਬੀਬੀ ਰਜਿੰਦਰ ਕੌਰ ਭੱਠਲ ਦੀ ਅਗਵਾਈ ਵਾਲਾ ਧੜਾ ਕੈਪਟਨ ਦੀ ਅਗਵਾਈ ਕਬੂਲ ਕਰਨ ਲਈ ਕਦੀ ਵੀ ਰਾਜ਼ੀ ਨਾ ਹੋਇਆ। ਪਿਛਲੇ ਦਿਨੀਂ ਪੰਜਾਬ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਅਤੇ ਮੌਜੂਦਾ ਮੈਂਬਰ ਪਾਰਲੀਮੈਂਟ ਸ੍ਰੀ ਮੋਹਿੰਦਰ ਸਿੰਘ ਕੇ.ਪੀ. ਵਲੋਂ ਕੈਪਟਨ ਦੇ ਕਾਂਗਰਸ ਵਲੋਂ ਆਯੋਜਤ ਕੀਤੇ ਗਏ ਧਰਨਿਆਂ ਵਿਚ ਸ਼ਾਮਿਲ ਨਾ ਹੋਣ ਦਾ ਮਾਮਲਾ ਵੀ ਉਠਾਇਆ ਗਿਆ ਸੀ। ਇਨ੍ਹਾਂ ਧਰਨਿਆਂ ਵਿਚ ਪੂਰਾ ਕੈਪਟਨ ਧੜਾ ਗੈਰਹਾਜ਼ਰ ਰਿਹਾ ਸੀ। ਇਸ ਦੇ ਸਿੱਟੇ ਵਜੋਂ ਕੇ.ਪੀ. ਨੇ ਇਹ ਇਲਜ਼ਾਮ ਲਗਾਉਣੇ ਸ਼ੁਰੂ ਕਰ ਦਿੱਤੇ ਸਨ ਕਿ ਕੈਪਟਨ ਅਮਰਿੰਦਰ ਸਿੰਘ ਇਸ ਕਰਕੇ ਇਨ੍ਹਾਂ ਧਰਨਿਆਂ ਵਿਚ ਸ਼ਾਮਿਲ ਨਹੀਂ ਹੋ ਰਹੇ ਕਿਉਂਕਿ ਉਹ ਸਾਨੂੰ ਦਲਿਤ ਸਮਝਦੇ ਹਨ। ਸਾਬਕਾ ਪ੍ਰਧਾਨ ਸ਼ਮਸ਼ੇਰ ਸਿੰਘ ਦੂਲੋ ਵਲੋਂ ਵੀ ਕੈਪਟਨ ਅਮਰਿੰਦਰ ਸਿੰਘ ਉਤੇ ਅਜਿਹੇ ਹੀ ਇਲਜ਼ਾਮ ਲਗਾਏ ਜਾਂਦੇ ਰਹੇ ਹਨ।

ਹੁਣ ਹਰਿਆਣਾ, ਮਹਾਰਾਸ਼ਟਰ ਅਤੇ ਅਰੁਣਾਚਲ ਪ੍ਰਦੇਸ਼ ਦੀਆਂ ਚੋਣਾਂ ਦੇ ਨਤੀਜੇ ਆ ਜਾਣ ਤੋਂ ਬਾਅਦ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਨੂੰ ਲੈ ਕੇ ਲੜਾਈ ਅੰਤਮ ਦੌਰ ਵਿਚ ਪਹੁੰਚ ਗਈ ਹੈ। ਕੈਪਟਨ ਪ੍ਰਧਾਨਗੀ ਦੇ ਮਜਬੂਤ ਦਾਅਵੇਦਾਰ ਮੰਨੇ ਜਾ ਰਹੇ ਹਨ। ਅਮਰਿੰਦਰ ਸਿੰਘ ਨੂੰ ਹਾਈਕਮਾਨ ਦੇ ਕਈ ਆਗੂਆਂ ਨੇ ਵੀ ਪੰਜਾਬ ਕਾਂਗਰਸ ਦਾ ਪ੍ਰਧਾਨ ਲਾਉਣ ਦੀ ਸਿਫਾਰਸ਼ ਕੀਤੀ ਹੈ। ਹਾਈਕਮਾਨ ਵਲੋਂ ਹੁਣ ਇਸ ਮਾਮਲੇ ਵਿਚ ਅਜਿਹਾ ਫਾਰਮੂਲਾ ਬਣਾਇਆ ਗਿਆ ਹੈ ਜਿਸ ਨਾਲ ਪੰਜਾਬ ਕਾਂਗਰਸ ਅੰਦਰਲੀ ਲੜਾਈ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਇਹ ਵੀ ਚਰਚਾ ਹੈ ਕਿ ਬੀਬੀ ਰਜਿੰਦਰ ਕੌਰ ਭੱਠਲ ਦੀ ਥਾਂ ਤੇ ਹਿੰਦੂ ਭਾਈਚਾਰੇ ਨਾਲ ਸੰਬੰਧਤ ਕਿਸੇ ਕਾਂਗਰਸੀ ਵਿਧਾਇਕ ਨੂੰ ਅਸੈਂਬਲੀ ਵਿਚ ਵਿਰੋਧੀ ਧਿਰ ਦਾ ਆਗੂ ਬਣਾਇਆ ਜਾ ਸਕਦਾ ਹੈ ਤੇ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਕੈਪਟਨ ਅਮਰਿੰਦਰ ਸਿੰਘ ਨੂੰ ਸੌਂਪੀ ਜਾ ਸਕਦੀ ਹੈ। ਉਨ੍ਹਾਂ ਨਾਲ ਇਕ ਦਲਿਤ ਕਾਂਗਰਸੀ ਨੇਤਾ ਨੂੰ ਕਾਰਜਕਾਰੀ ਪ੍ਰਧਾਨ ਬਣਾਉਣ ਦੀ ਸਕੀਮ ਹੈ। ਬੀਬੀ ਰਜਿੰਦਰ ਕੌਰ ਭੱਠਲ ਨੂੰ ਕੇਂਦਰੀ ਸਿਆਸਤ ਵਿਚ ਭੇਜਿਆ ਜਾਵੇਗਾ। ਕੈਪਟਨ ਅਮਰਿੰਦਰ ਸਿੰਘ ਅਗਲੀਆਂ ਵਿਧਾਨ ਸਭਾ ਚੋਣਾਂ ਤੱਕ ਪਾਰਟੀ ਸੰਗਠਨ ਨੂੰ ਪੂਰੀ ਤਰ੍ਹਾਂ ਤਿਆਰ ਕਰ ਸਕਣਗੇ। ਕਾਂਗਰਸ ਹਾਈਕਮਾਨ ਦਾ ਵੀ ਇਹ ਮੰਨਣਾ ਹੈ ਕਿ ਕੈਪਟਨ ਦੀ ਅਗਵਾਈ ਵਿਚ ਹੀ ਪੰਜਾਬ ਕਾਂਗਰਸ ਮਜਬੂਤ ਹੋ ਸਕਦੀ ਹੈ ਅਤੇ ਸੱਤਾਧਾਰੀ ਅਕਾਲੀ ਦਲ ਦਾ ਡੱਟ ਕੇ ਟਾਕਰਾ ਕਰ ਸਕਦੀ ਹੈ।

ਪਰ ਪਿਛਲੇ ਦਿਨੀਂ ਕਾਂਗਰਸ ਦੀ ਵਰਕਿੰਗ ਕਮੇਟੀ ਦੇ ਵਿਸ਼ੇਸ਼ ਸੱਦੇ ਉਤੇ ਜਦੋਂ ਜਗਮੀਤ ਬਰਾੜ ਨੇ ਦਿੱਲੀ ਵਿੱਚ ਸੋਨੀਆ ਗਾਂਧੀ ਨਾਲ ਮੁਲਾਕਾਤ ਕੀਤੀ ਤਾਂ ਉਨ੍ਹਾਂ ਪੰਜਾਬ ਕਾਂਗਰਸ ਕਮੇਟੀ ਦੇ ਪ੍ਰਧਾਨ ਦੀ ਚੋਣ ਲੋਕਰਾਜੀ ਢੰਗ ਨਾਲ ਕਰਵਾਉਣ ਉੱਪਰ ਜ਼ੋਰ ਦਿੱਤਾ। ਬਰਾੜ ਦੇ ਇਸ ਦਖ਼ਲ ਨਾਲ ਕਾਂਗਰਸ ਪ੍ਰਧਾਨ ਦੀ ਚੋਣ ਦਾ ਮਸਲਾ ਫਿਰ ਲਟਕ ਗਿਆ। ਉਧਰ ਕੈਪਟਨ ਅਮਰਿੰਦਰ ਸਿੰਘ ਅਤੇ ਉਸਦੇ ਹਿਮਾਇਤੀ ਪ੍ਰਧਾਨਗੀ ਲਈ ਚੋਣ ਲੜਨ ਵਾਸਤੇ ਵੀ ਤਿਆਰ ਹਨ। ਯਾਦ ਰਹੇ ਕਾਂਗਰਸ ਵਿਚ ਅੱਜ ਸਭ ਤੋਂ ਵੱਡਾ ਧੜਾ ਕੈਪਟਨ ਅਮਰਿੰਦਰ ਸਿੰਘ ਦਾ ਹੀ ਹੈ।

## ਡਾ. ਸਰਾਂ ਵਲੋਂ ਮੁਫਤ ਸਿਟੀਜਨਸ਼ਿਪ ਕਲਾਸ

**ਸੈਨ ਹੋਜ਼ੇ (ਚਰਨਜੀਤ ਸਿੰਘ ਪੰਨੂ):** ਪੰਜਾਬੀ ਭਾਈਚਾਰੇ ਦੇ ਸਿਟੀਜਨਸ਼ਿਪ ਟੈਸਟ ਦੇਣ ਵਾਲਿਆਂ ਦੀ ਸਹੂਲਤ ਲਈ ਉਘੇ ਸਮਾਜ ਸੇਵਕ ਡਾ. ਹਰਬੰਸ ਸਿੰਘ ਸਰਾਂ ਹਰ ਸਨਿਚਰਵਾਰ ਦੋ ਵਜੇ ਤੋਂ ਚਾਰ ਵਜੇ ਤੱਕ ਇਮਤਿਹਾਨ ਦੀ ਤਿਆਰੀ ਵਾਸਤੇ ਐਵਰਗਰੀਨ ਲਾਇਬਰੇਰੀ (ਅਬੋਰਨ ਰੋਡ) ਵਿਚ ਕਲਾਸ ਲਗਾਉਂਦੇ ਹਨ। ਇਸ ਕਲਾਸ ਦਾ ਹੁਣ ਤੱਕ ਸੈਂਕੜੇ ਲੋਕ ਫਾਇਦਾ ਉਠਾ ਕੇ ਸਿਟੀਜਨ ਬਣ ਚੁੱਕੇ ਹਨ।

ਡਾ. ਹਰਬੰਸ ਸਿੰਘ ਸਰਾਂ, ਜੋ ਪੰਜਾਬ ਵਿਚ 1965 ਦੇ ਹਰੇ ਇਨਕਲਾਬ ਵੇਲੇ ਕਲਿਆਣ ਕਣਕ ਦੀ ਈਜਾਦ ਕਰਨ ਵਾਲੀ ਟੀਮ ਦੇ ਮੈਂਬਰ ਸਨ, ਇਸ ਵੇਲੇ ਬੋਸਟਨ ਫਾਰਮੇ ਕਾਲਜ ਸੈਂਟਾ ਕਲਾਰਾ ਵਿਖੇ ਜੈਨੇਟਿਕਸ ਦੇ ਪ੍ਰੋਫੈਸਰ ਦੀ ਸੇਵਾ ਨਿਭਾ ਰਹੇ ਹਨ। ਡਾ. ਸਰਾਂ ਸੈਂਟਾ ਕਲਾਰਾ ਕਾਊਂਟੀ ਦੇ ਕਾਊਂਟੀ ਕਮਿਸ਼ਨਰ ਵੀ ਹਨ ਤੇ ਉਹ ਕੈਲੀਫੋਰਨੀਆ ਸਰਕਾਰ ਵਲੋਂ ਸਰਟੀਫਾਈਡ ਮੀਡੀਏਟਰ ਵੀ ਹਨ। ਏਨੇ ਰੁਝੇਵਿਆਂ ਦੇ ਬਾਵਜੂਦ ਪੂਰੀ ਲਗਨ ਨਾਲ ਆਪਣੇ ਵਾਧੂ ਸਮੇਂ ਇਹ ਸੇਵਾ ਕਰਦੇ ਹਨ। ਡਾ. ਸਰਾਂ ਨੇ ਦੱਸਿਆ ਕਿ ਇਸ ਤਰ੍ਹਾਂ ਆਪਣੇ ਭਾਈਚਾਰੇ ਦੇ ਲੋਕਾਂ ਦੀ ਜਰੂਰਤ/ਮੰਗ ਅਨੁਸਾਰ ਉਹ ਨਵੰਬਰ ਦੇ ਪਹਿਲੇ ਐਤਵਾਰ ਗੁਰਦੁਆਰਾ ਫਰੀਮਾਂਟ ਵਿਖੇ ਵੀ ਸਿਟੀਜਨਸ਼ਿਪ ਟੈਸਟ ਵਾਸਤੇ 2 ਵਜੇ ਮੁਫਤ ਕਲਾਸ ਲਾਉਣਗੇ।



ਡਾ. ਸਰਾਂ ਸਿਟੀਜਨਸ਼ਿਪ ਦੀ ਕਲਾਸ ਲਾਉਂਦੇ ਹੋਏ

## ਸੇਖਵਾਂ ਤੇ ਠੰਡਲ ਨੂੰ ਵਿਭਾਗ ਵੰਡੇ

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਨਵੇਂ ਬਣੇ ਕੈਬਨਿਟ ਮੰਤਰੀ ਸੇਵਾ ਸਿੰਘ ਸੇਖਵਾਂ ਤੇ ਮੁੱਖ ਪਾਰਲੀਮਾਨੀ ਸਕੱਤਰ ਸੋਹਣ ਸਿੰਘ ਠੰਡਲ ਨੂੰ ਵਿਭਾਗਾਂ ਦੀ ਵੰਡ ਕਰ ਦਿੱਤੀ ਹੈ।

ਸ. ਸੇਖਵਾਂ ਨੂੰ ਸੂਚਨਾ ਤੇ ਲੋਕ ਸੰਪਰਕ, ਰੱਖਿਆ ਸੇਵਾਵਾਂ ਦੀ ਭਲਾਈ (ਡੀਫੈਂਸ), ਸ਼ਿਕਾਇਤ ਨਿਵਾਰਨ ਅਤੇ ਪੈਨਸ਼ਨ ਤੇ ਪੈਨਸ਼ਰਾਂ ਦੀ ਭਲਾਈ ਬਾਰੇ ਵਿਭਾਗਾਂ ਦੀ ਕਮਾਂਡ ਸੌਂਪੀ ਗਈ ਹੈ, ਜਦੋਂ ਕਿ ਸੋਹਣ ਸਿੰਘ ਠੰਡਲ ਨੂੰ ਖੇਤੀਬਾੜੀ ਵਿਭਾਗ ਦਾ ਮੁੱਖ ਪਾਰਲੀਮਾਨੀ ਸਕੱਤਰ ਲਾਇਆ ਗਿਆ ਹੈ।

## ਤਿਰਛੀ ਨਜ਼ਰ

**ਜਸਵੰਤ ਸਿੰਘ ਸ਼ਾਦ, ਸਟਾਕਟਨ**

***ਨਾਨਕਸ਼ਾਹੀ ਕੈਲੰਡਰ ਨੂੰ ਰੱਦ ਕਰਨ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ-ਜਥੇਦਾਰ ਗੁਰਬਚਨ ਸਿੰਘ**

-ਪਰ ਆਪਣੇ ਮਾਲਕਾਂ ਦੀ ਖੁਸ਼ੀ ਲਈ ਰੱਦ ਕਰਵਾਉਣ ਦੀਆਂ ਕੋਸ਼ਿਸ਼ਾਂ ਕਰਦੇ ਰਹਾਂਗੇ।

***ਢੁਕਵੇਂ ਲਿਬਾਸ ਪਹਿਨਣੇ ਆਉਂਦੇ ਨੇ ਰਾਹੁਲ ਗਾਂਧੀ ਨੂੰ**

-ਇਸੇ ਨੂੰ ਤਾਂ ਕਹਿੰਦੇ ਨੇ ‘ਗੰਗਾ ਗਏ ਗੰਗਾ ਰਾਮ, ਜਮਨਾ ਗਏ ਜਮਨਾ ਦਾਸ’।

***ਅਮਰਿੰਦਰ ਸਿੰਘ ਨੇ ਆਪਣਾ 15 ਕਿਲੋ ਵਜ਼ਨ ਘਟਾਇਆ**

-ਅਲਟੀਮੇਟਮ ਆਇਆ ਹੋਊ, ਡਾਕਟਰ ਵਲੋਂ ਜਾਂ ਅਰੂਸਾ ਵਲੋਂ।

***ਅਕਾਲੀ ਦਲ (ਬਾਦਲ) ਅਮਰੀਕਾ ਵਿਚ ਇਕ ਲੱਖ ਮੈਂਬਰ ਭਰਤੀ ਕਰੇਗਾ**

-ਤੇ ਫਿਰ ਤੋਰੇਗਾ ਗੱਲ ਅਨੰਦਪੁਰ ਦੇ ਮਤੇ ਦੀ। ਕਿ ਨਹੀਂ?

***ਸਾਨੂੰ ਮਹਾਂਪੁਰਸ਼ਾਂ ਦੀ ਰੀਸ ਨਹੀਂ, ਸਗੋਂ ਉਨ੍ਹਾਂ ਦੀ ਸਿਖਿਆ ਗ੍ਰਹਿਣ ਕਰਨੀ ਚਾਹੀਦੀ ਐ-ਮੋਟੀਆਂ ਪਿੰਜਣੀਆਂ ਵਾਲੇ ਬਾਬਾ ਜੀ**

-ਜੀ ਨਹੀਂ, ਸਾਨੂੰ ਗੁਰੂ ਦੀ ਸਿਖਿਆ ਗ੍ਰਹਿਣ ਕਰਨੀ ਚਾਹੀਦੀ ਐ। ਨਾਲੇ ਥੋਡੇ ਮਹਾਂਪੁਰਸ਼ ਦੀ ਸਿੱਖਿਆ ਕੀ ਕਰਨੀ ਐ ਪਈ ਲੋਕਾਂ ਤੋਂ ਮੱਥੇ ਟਿਕਵਾਉ।

***ਮਹਾਂਰਾਸ਼ਟਰ ਦੇ ਲੋਕਾਂ ਨੇ ਸੂਬੇ ਨੂੰ ਖੂਹ ਵਿਚ ਧੱਕ ਦਿੱਤਾ-ਬਾਲ ਠਾਕਰੇ**

-ਤੇ ਤੁਹਾਨੂੰ ਪਤਾਲ ’ਚ।

***ਚੰਡੀਗੜ੍ਹ ’ਚ ਕਿਤਾਬ ਮੇਲਾ, ਕਿਤਾਬਾਂ ਨੇ ਪੰਜਾਬੀਆਂ ਦੇ ਬੂਹਿਆਂ ’ਤੇ ਦਿੱਤੀ ਦਸਤਕ।**

-ਪਰ ਅਖੌਤੀ ਸਭਿਆਚਾਰਕ ਮੇਲਿਆਂ ਦੇ ਝੰਬੇ, ਕਬੱਡੀ ਟੂਰਨਾਮੈਂਟਾਂ ਦੇ ਹੰਭੇ ਤੇ ਨਸ਼ਿਆਂ ਦੇ ਡੰਗੇ ਪੰਜਾਬੀ ਘੋੜੇ ਵੇਚ ਕੇ ਸੁੱਤੇ ਰਹੇ।


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ ਹੈ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ ਹੈ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Kashmir S. Thandi
Office: (866) 933-3038
Balhar S. Rana
Cell:916-502-7733

Call For Special Price

4585 Pell Dr. Secramento CA, 95838



For Honest and Reliable
Real Estate Services

ਸੈਕਰਾਮੈਂਟੋ ਅਤੇ ਕੈਲੇਫੋਰਨੀਆ ਦੇ ਹੋਰਨਾਂ ਸ਼ਹਿਰਾਂ ਵਿਚ ਮਕਾਨਾਂ ਅਤੇ ਜਾਇਦਾਦ ਦੀਆਂ ਕੀਮਤਾਂ ਬਹੁਤ ਹੇਠਾਂ ਆ ਗਈਆਂ ਹਨ। ਘਰ ਦਾ ਸੌਦਾ ਜਾਂ ਇਨਵੈਸਟਮੈਂਟ ਦਾ ਸੌਦਾ ਮਾਰਨ ਦਾ ਇਹ ਢੁਕਵਾਂ ਮੌਕਾ ਹੈ। ਸਹੀ ਸਲਾਹ ਲਈ ਅੱਜ ਹੀ ਕਾਲ ਕਰੋ।



Hiring New Realtors

Nand S. Brar
Broker/Owner
DRE Lic No: 01816328

(916) 501-3974
(916) 729-5453

East to West Realty
A Real Estate & Investment Group

Email : nandsbrar@gmail.com, www.etwrealty.com



WELLS FARGO HOME MORTGAGE

Your goals deserve our attention

Every year, millions of Americans enjoy the rewards of homeownership. And they trust their homeownership goals to Wells Fargo Home Mortgage. With our exclusive programs and dedication to personal service, you can feel confident that we will help you choose the home financing that is tailored to fit your current needs and future goals.

- Priority Buyer ® preapproval
- Low down payment options for qualified borrowers
- Purchases and refinances
- Wells Fargo Closing Guarantee SM1



Contact Jag Jiwan Bhangu to put your goals into action today.
3010 Lava Ridge Ct. Roseville, CA
Ph: 1-866-490-9758 (Ext. 127)
Fax: 1-866-972-2179
Cell: 408-598-9605, 916-759-1923
jagjiwan.bhangu@wellsfargo.com

EQUAL HOUSING LENDER

1. Available on qualified purchase transactions. Other terms and conditions apply. See a homemortgage consultant for details. Wells Fargo Home Mortgage is a division of Wells Fargo Bank, N.A.
© 2009 Wells Fargo Bank,N.A. All rights reserved. #6749110/09-1/10

# ਹਰਿਆਣਾ ਵਿਚ ਅਕਾਲੀ ਸਿਆਸਤ ਦੇ ਦਖਲ ਦੀ ਨਵੀਂ ਸ਼ੁਰੂਆਤ?

**–ਪੰਜਾਬ ਟਾਈਮਜ਼ ਬਿਊਰੋ**

**ਸਿਰਸਾ :** ਹਰਿਆਣਾ ਰਾਜ ਬਣਨ ਤੋਂ ਬਾਅਦ ਤੀਸਰੀ ਵਾਰ ਸਿਰਸਾ ਜ਼ਿਲ੍ਹੇ ਵਿਚ ਕਾਂਗਰਸ ਪਾਰਟੀ ਨੂੰ ਇਕ ਵੀ ਸੀਟ ਪ੍ਰਾਪਤ ਨਹੀਂ ਹੋਈ ਹੈ। 13 ਅਕਤੂਬਰ ਨੂੰ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਲਈ ਪਈਆਂ ਵੋਟਾਂ ਦੀ 22 ਅਕਤੂਬਰ ਨੂੰ ਹੋਈ ਗਿਣਤੀ ਤੋਂ ਬਾਅਦ ਇਕ ਵਾਰ ਫਿਰ ਸਾਬਿਤ ਹੋ ਗਿਆ ਹੈ ਕਿ ਜ਼ਿਲ੍ਹਾ ਸਿਰਸਾ ਇਨੈਲੋ ਦਾ ਗੜ੍ਹ ਹੈ। ਇਨੈਲੋ ਨੇ ਜਿੱਥੇ ਸਿਰਸਾ ਵਿਧਾਨ ਸਭਾ ਹਲਕੇ ਵਿਚ ਦੂਜਾ ਸਥਾਨ ਪ੍ਰਾਪਤ ਕੀਤਾ ਹੈ ਅਤੇ ਆਜ਼ਾਦ ਉਮੀਦਵਾਰ ਗੋਪਾਲ ਕਾਂਡਾ ਨੇ ਜਿੱਤ ਪ੍ਰਾਪਤ ਕੀਤੀ ਹੈ ਉਥੇ ਹੀ ਜ਼ਿਲ੍ਹੇ ਦੇ ਦੂਜੇ ਚਾਰੇ ਹਲਕਿਆਂ ਐਲਨਾਬਾਦ, ਡੱਬਵਾਲੀ ਅਤੇ ਰਾਣੀਆਂ ਤੋਂ ਇਨੈਲੋ ਉਮੀਦਵਾਰਾਂ ਨੇ ਆਪਣੀ ਜਿੱਤ ਪ੍ਰਾਪਤ ਕੀਤੀ ਹੈ ਜਦੋਂਕਿ ਨਵੇਂ ਬਣੇ ਕਾਲਾਂਵਾਲੀ ਰਾਖਵੇਂ ਤੋਂ ਪਹਿਲੀ ਵਾਰ ਸ਼੍ਰੋਮਣੀ ਅਕਾਲੀ ਦਲ ਤੇ ਇਨੈਲੋ ਦੇ ਸਾਂਝੇ ਉਮੀਦਵਾਰ ਨੇ ਆਪਣੀ ਜਿੱਤ ਪ੍ਰਾਪਤ ਕੀਤੀ ਹੈ।

ਹਰਿਆਣਾ ਬਣਨ ਤੋਂ ਬਾਅਦ ਹੁਣ ਤੱਕ 11ਵੀਂ ਵਾਰ ਹੋਈਆਂ ਵਿਧਾਨ ਸਭਾ ਦੀਆਂ ਚੋਣਾਂ ਵਿਚ ਜਿੱਥੇ ਐਮਰਜੈਂਸੀ ਤੋਂ ਬਾਅਦ ਜਨਤਾ ਪਾਰਟੀ ਦੀ ਲਹਿਰ ਦੌਰਾਨ ਸਿਰਸਾ ਜ਼ਿਲ੍ਹੇ ਦੇ ਪੰਜਾਂ ਹਲਕਿਆਂ ਤੋਂ ਜਨਤਾ ਪਾਰਟੀ ਦੇ ਉਮੀਦਵਾਰਾਂ ਨੇ ਜਿੱਤ ਪ੍ਰਾਪਤ ਕੀਤੀ ਸੀ, ਉਥੇ ਹੀ 1986 ਦੇ ਚੌਧਰੀ ਦੇਵੀ ਲਾਲ ਦੇ ਨਿਆਂ ਯੁੱਧ ਤੋਂ ਬਾਅਦ ਵੀ ਚੌਧਰੀ ਦੇਵੀ ਲਾਲ ਦੀ ਲਹਿਰ ਦੇ ਚਲਦਿਆਂ ਕਾਂਗਰਸ ਜ਼ਿਲ੍ਹੇ ਦੀਆਂ ਸਾਰੀਆਂ ਸੀਟਾਂ ਹਾਰੀ ਸੀ।

1977 ਤੇ 1987 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਪਾਰਟੀ ਨੂੰ ਜ਼ਿਲ੍ਹੇ ਦੇ ਪੰਜਾਂ ਹਲਕਿਆਂ 'ਚੋਂ ਇਕ ਵੀ ਸੀਟ ਪ੍ਰਾਪਤ ਨਹੀਂ ਹੋਈ ਸੀ, ਜਿੱਥੇ ਦੋਵਾਂ ਵਾਰ ਪੂਰੇ ਸੂਬੇ ਵਿਚ ਕਾਂਗਰਸ ਦਾ ਸਫਾਇਆ ਹੋਇਆ ਸੀ, ਉਥੇ ਹੀ ਇਸ ਵਾਰ ਭਾਵੇਂ ਕਾਂਗਰਸ ਦੇ ਉਲਟ ਹਾਲਾਤ ਨਹੀਂ ਸਨ ਪਰ ਫਿਰ ਵੀ ਜ਼ਿਲ੍ਹੇ ਦੇ ਪੰਜਾਂ ਹਲਕਿਆਂ ਤੋਂ ਕਾਂਗਰਸ ਨੂੰ ਨਮੋਸ਼ੀ ਭਰੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਜਿਥੇ ਅਕਾਲੀ ਦਲ ਨੇ ਜਿੱਤ ਲਈ ਆਪਣਾ ਜੋਰ ਲਾਇਆ ਉਥੇ ਹੀ ਇਲਾਕੇ ਦੀ ਕੰਬੋਜ ਬਰਾਦਰੀ ਦੀ ਵੀ ਇਨੈਲੋ ਨਾਲ ਸੁਲਾਹ ਹੋ ਜਾਣ ਕਾਰਨ ਇਹ ਸੀਟ ਸੌਖੀ ਹੀ ਸ਼੍ਰੋਮਣੀ ਅਕਾਲੀ ਦਲ ਦੇ ਖਾਤੇ ਵਿਚ ਚਲੀ ਗਈ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਤੋਂ ਬਾਹਰਲੇ ਸੂਬੇ ਵਿਚ ਆਪਣਾ ਖਾਤਾ ਖੋਲ੍ਹ ਲਿਆ। ਰਾਣੀਆਂ ਅਤੇ ਸਿਰਸਾ ਹਲਕਿਆਂ ਤੋਂ ਕਾਂਗਰਸ ਦੀ ਹਾਰ ਨੂੰ ਰਾਜਨੀਤਕ ਜਾਣਕਾਰ ਕਾਂਗਰਸ ਦੀ ਅੰਦਰਲੀ ਫੁੱਟ ਅਤੇ ਵਿਰੋਧੀ ਉਮੀਦਵਾਰਾਂ ਵਲੋਂ ਕੀਤੀ ਗਈ ਸਖ਼ਤ ਮਿਹਨਤ ਦੱਸ ਰਹੇ ਹਨ। 11ਵੀਂ ਵਿਧਾਨ ਸਭਾ ਚੋਣਾਂ ਵਿਚ ਤੀਜੀ ਵਾਰ ਕਾਂਗਰਸ ਨੂੰ ਜ਼ਿਲ੍ਹੇ 'ਚੋਂ ਇਕ ਵੀ ਸੀਟ ਪ੍ਰਾਪਤ ਨਹੀਂ ਹੋਈ ਹੈ।

ਉਂਝ ਅਕਾਲੀ ਆਗੂਆਂ ਦੇ ਹਵਾਲੇ ਨਾਲ ਮੀਡੀਆ ਵਿਚ ਪ੍ਰਕਾਸ਼ਤ ਹੋ ਰਹੀਆਂ ਇਹ ਰਿਪੋਰਟਾਂ ਭੁਲੇਖਾਪਾਊ ਹੀ ਨਹੀਂ, ਬਲਕਿ ਗੁੰਮਰਾਹਕੁਨ ਵੀ ਹਨ ਕਿ ਹਰਿਆਣਾ ਵਿਧਾਨ ਸਭਾ ਵਿਚ ਦਲ ਦਾ ਖਾਤਾ ਪਹਿਲੀ ਵਾਰ ਖੁੱਲਿਆ ਹੈ। ਅਸਲ ਵਿਚ ਖੁੱਲ੍ਹਦਾ ਅਤੀਤ ਵਿਚ ਵੀ ਰਿਹੈ, ਫ਼ਰਕ ਬੱਸ ਇਹੀ ਕਿ ਉਦੋਂ ਜਥੇਦਾਰ ਮੰਗਵੇਂ ਚੋਣ ਨਿਸ਼ਾਨ 'ਤੇ ਚੋਣਾਂ ਲੜਦੇ ਸਨ ਅਤੇ ਐਤਕੀਂ ਮੰਗਵੇਂ ਉਮੀਦਵਾਰਾਂ ਦੇ ਸਿਰ 'ਤੇ ਚੋਣ ਲੜੀ ਗਈ ਹੈ। ਹਰਿਆਣਾ ਦੇ ਹੋਂਦ ਵਿਚ ਆਉਣ ਤੋਂ ਬਾਅਦ ਜੋ ਵਿਧਾਨ ਸਭਾ ਦੀਆਂ ਪਹਿਲੀਆਂ ਆਮ ਚੋਣਾਂ 1967 ਵਿਚ ਹੋਈਆਂ ਸਨ,ਉਨ੍ਹਾਂ ਵਿਚ ਲੋਕ ਦਲ ਦੀ ਟਿਕਟ 'ਤੇ ਡੱਬਵਾਲੀ ਹਲਕੇ ਤੋਂ, ਉਦੋਂ ਦੀ ਅੰਤ੍ਰਿਮ ਸਰਕਾਰ ਦੇ ਬਿਜਲੀ ਤੇ ਸਿੰਚਾਈ ਮੰਤਰੀ ਚੌਧਰੀ ਚੇਤਨਾ ਰਾਮ ਨੂੰ 18 ਹਜ਼ਾਰ ਦੇ ਵੱਡੇ ਫ਼ਰਕ ਨਾਲ ਹਰਾ ਕੇ ਸ੍ਰ. ਤੇਜਾ ਸਿੰਘ ਦਰਦੀ ਵਿਧਾਇਕ ਚੁਣੇ ਗਏ ਸਨ। 1962

## ਹਰਿਆਣਾ ਵਿਧਾਨ ਸਭਾ 'ਚ ਪਹਿਲਾਂ ਵੀ ਰਹੇ ਨੇ ਅਕਾਲੀ

ਦੀਆਂ ਚੋਣਾਂ ਦੌਰਾਨ ਉਹ ਸਾਂਝੇ ਪੰਜਾਬ ਦੇ ਬੁਢਲਾਡਾ ਹਲਕੇ ਦੀ ਵਿਧਾਨ ਸਭਾ ਵਿਚ ਅਕਾਲੀ ਦਲ ਦੇ ਨੁਮਾਇੰਦੇ ਵਜੋਂ ਸਫ਼ਲ ਹੋਏ ਸਨ। ਬਾਅਦ ਵਿਚ ਜਥੇਦਾਰ ਦਰਦੀ 1977 ਵਿਚ ਨਥਾਣਾ ਹਲਕੇ ਦੀ ਵਿਧਾਨ ਸਭਾ ਵਿਚ ਅਤੇ 1985 ਵਿਚ ਲੋਕ ਸਭਾ ਹਲਕਾ ਬਠਿੰਡਾ ਦੀ, ਪਾਰਲੀਮੈਂਟ ਵਿਚ ਬਤੌਰ ਅਕਾਲੀ ਨੁਮਾਇੰਦਗੀ ਕਰ ਚੁੱਕੇ ਸਨ। ਇੱਥੇ ਹੀ ਬੱਸ ਨਹੀਂ ਬਾਅਦ ਵਿਚ ਉਹ ਕਾਂਗਰਸ ਦੀ ਹਮਾਇਤ ਨਾਲ ਬਣਨ ਵਾਲੀ ਤੀਜੇ ਮੋਰਚੇ ਦੀ ਸਰਕਾਰ ਸਮੇਂ ਕੇਂਦਰੀ ਸਫ਼ਾਈ ਕਮਿਸ਼ਨ ਦੇ ਉਪ ਚੇਅਰਮੈਨ ਵਜੋਂ ਕੇਂਦਰੀ ਰਾਜ ਮੰਤਰੀ ਦੇ ਅਹੁਦੇ ਦਾ ਅਨੰਦ ਮਾਨਣ ਵਿਚ ਵੀ ਸਫ਼ਲ ਹੋ ਗਏ ਸਨ। ਜ਼ਿਕਰਯੋਗ ਹੈ ਕਿ ਆਪਣੇ ਅੰਤਿਮ ਸਮੇਂ ਤੱਕ ਉਹ ਇੱਕ ਅਕਾਲੀ ਆਗੂ ਵਜੋਂ ਹੀ ਵਿਚਰੇ।

ਦੂਜੀ ਵਾਰ ਅਕਾਲੀ ਦਲ ਨੂੰ ਹਰਿਆਣਾ ਵਿਧਾਨ ਸਭਾ ਵਿਚ ਉਦੋਂ ਦਾਖਲਾ ਮਿਲਿਆ ਜਦੋਂ ਪੰਚਾਇਤ ਅਫ਼ਸਰ ਦੇ ਅਹੁਦੇ ਤੋਂ ਅਸਤੀਫਾ ਦਿਵਾ ਕੇ ਜੁੰਡਲਾ ਹਲਕੇ ਤੋਂ 1982 ਵਿਚ ਸ੍ਰੀ ਸੁਜਾਨ ਸਿੰਘ ਨੂੰ ਚੋਣ ਲੜਾਈ ਗਈ। ਯਾਦ ਰਹੇ ਇਹ ਉਹੀ ਸੁਜਾਨ ਸਿੰਘ ਹਨ, ਜੋ 1985 ਵਿਚ ਪੱਕਾ ਕਲਾਂ ਅਤੇ 1997 ਵਿਚ ਮਲੋਟ ਹਲਕੇ ਤੋਂ ਪੰਜਾਬ ਵਿਧਾਨ ਸਭਾ ਲਈ ਚੁਣੇ ਗਏ ਸਨ। ਇਹ ਵੀ ਦਿਲਚਸਪ ਹੈ ਕਿ ਅੱਜ ਮਲੋਟ ਵਿਧਾਨ ਸਭਾ ਹਲਕੇ ਦੀ ਨੁਮਾਇੰਦਗੀ ਉਹਨਾਂ ਦਾ ਲੜਕਾ ਹਰਪ੍ਰੀਤ ਸਿੰਘ ਕਰ ਰਿਹਾ ਹੈ। ਇਹ ਤੱਥ ਇਸ ਹਕੀਕਤ ਦੇ ਗਵਾਹ ਹਨ ਕਿ ਸ੍ਰੀ ਸੁਜਾਨ ਸਿੰਘ ਵੀ ਟਕਸਾਲੀ ਅਕਾਲੀ ਹੀ ਸਨ।

ਮੌਜੂਦਾ ਵਿਧਾਨ ਸਭਾ ਲਈ ਅਕਾਲੀ ਦਲ ਨੇ ਕਾਲਾਂਵਾਲੀ ਤੋਂ ਸ੍ਰੀ ਚਰਨਜੀਤ ਸਿੰਘ ਅਤੇ ਅੰਬਾਲਾ ਤੋਂ ਸ੍ਰੀਮਤੀ ਚਰਨਜੀਤ ਕੌਰ ਨੂੰ ਚੋਣ ਲੜਾਈ ਸੀ। ਸ੍ਰੀ ਸਿੰਘ ਦੀ ਸਫਲਤਾ ਉਪਰੰਤ ਅਕਾਲੀ ਆਗੂਆਂ ਵਲੋਂ ਕੀਤੇ ਜਾ ਰਹੇ ਦਾਅਵਿਆਂ ਨੂੰ ਹਕੀਕਤ ਮੰਨ ਕੇ ਮੀਡੀਆ ਨੇ ਇਹ ਰਿਪੋਰਟਾਂ ਪ੍ਰਕਾਸ਼ਤ ਕਰਨੀਆਂ ਸ਼ੁਰੂ ਕਰ ਦਿੱਤੀਆਂ ਕਿ ਇਹ ਦਲ ਲਈ ਇਸ ਵਾਸਤੇ ਵੱਡੀ ਸਫਲਤਾ ਹੈ ਕਿਉਕਿ ਉਹਨਾਂ ਦਾ ਉਮੀਦਵਾਰ ਪਹਿਲੀ ਵਾਰ ਹਰਿਆਣਾ ਵਿਧਾਨ ਸਭਾ ਦੀ ਦਹਿਲੀਜ਼ ਤੱਕ ਪੁੱਜਣ ਵਿਚ ਸਫਲ ਹੋ ਗਿਆ। ਇਹ ਦਾਅਵੇ ਭੁਲੇਖਾਪਾਊ ਹੀ ਨਹੀਂ ਬਲਕਿ ਗੁੰਮਰਾਹਕੁੰਨ ਵੀ ਹਨ, ਕਿਉਕਿ ਇਨ੍ਹਾਂ ਰਾਹੀਂ ਜਿੱਥੇ ਇਹ ਪ੍ਰਚਾਰਿਆ ਜਾ ਰਿਹਾ ਹੈ, ਕਿ ਇਕ ਧੜੇ ਵਲੋਂ ਹਰਿਆਣਾ ਲਈ ਮੰਗੀ ਜਾ ਰਹੀ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਉਥੋਂ ਦੇ ਸਿੱਖਾਂ ਨੇ ਰੱਦ ਕਰ ਦਿੱਤਾ ਹੈ।ਇਹ ਵੀ ਪ੍ਰਚਾਰਿਆ ਜਾ ਰਿਹਾ ਹੈਕਿ ਅਕਾਲੀ ਦਲ ਕੌਮੀ ਚਰਿੱਤਰ ਗ੍ਰਹਿਣ ਕਰਨ ਵਲ ਵਧ ਰਿਹਾ ਹੈ। ਪਰ ਅਸਲ ਵਿਚ ਦਰਦੀ ਤੇ ਸੁਜਾਨ ਸਿੰਘ ਦੇ ਰੂਪ ਵਿਚ ਅਕਾਲੀ ਦਲ ਪਹਿਲਾਂ ਵੀ ਹਰਿਆਣਾ ਵਿਧਾਨ ਸਭਾ ਵਿਚ ਦਾਖਲ ਹੋ ਚੁੱਕਾ ਹੈ। ਉਦੋਂ ਚੋਣ ਨਿਸ਼ਾਨ ਚੌਧਰੀ ਦੇਵੀ ਲਾਲ ਦੇ ਲੋਕ ਦਲ ਤੋਂ ਮੰਗਿਆ ਗਿਆ ਸੀ, ਐਂਤਕੀ ਚੋਣ ਬੇਸ਼ੱਕ ਆਪਣੇ ਅਧਿਕਾਰਤ ਨਿਸ਼ਾਨ ਤੱਕੜੀ 'ਤੇ ਲੜੀ ਗਈ ਹੈ, ਪਰ ਉਮੀਦਵਾਰ ਉਹ ਹਨ, ਜੋ ਚੌਟਾਲਿਆਂ ਤੋਂ ਮੰਗਵੇਂ ਲਏ ਹਨ। ਜ਼ਿਕਰਯੋਗ ਹੈ ਕਿ ਉਕਤ ਦੋਵਾਂ ਉਮੀਦਵਾਰਾਂ ਲਈ ਅਕਾਲੀ ਦਲ ਦੇ ਅਧਿਕਾਰਤ ਐਲਾਨ ਤੋਂ ਪਹਿਲਾਂ ਹੀ ਇਨੈਲੋ ਦੇ ਚੋਣ ਨਿਸ਼ਾਨ 'ਐਨਕ' ਨੂੰ ਲੈ ਕੇ ਪ੍ਰਚਾਰ ਸ਼ੁਰੂ ਕਰ ਦਿੱਤਾ ਗਿਆ ਸੀ, ਪਰ ਜਦ ਚੌਟਾਲਿਆਂ ਨਾਲ ਯਾਰੀ ਨਿਭਾਉਣ ਲਈ ਪੰਜਾਬੀਆਂ ਖ਼ਾਸਕਰ ਸਿੱਖਾਂ ਨੂੰ ਉਨ੍ਹਾਂ ਦੇ ਹੱਕ ਵਿਚ ਭੁਗਤਾਉਣ ਦਾ ਸਵਾਲ ਆਇਆ ਤਾਂ ਇਕ ਵਿਸੇਸ਼ ਰਣਨੀਤੀ ਦੇ ਤਹਿਤ ਬਾਦਲਪੁਰੇ ਵਾਲਿਆਂ ਨੇ ਤੱਕੜੀ ਦਾ ਚੋਣ ਨਿਸ਼ਾਨ ਉਕਤ ਦੋਵਾਂ ਉਮੀਦਵਾਰਾਂ ਨੂੰ ਅਲਾਟ ਕਰ ਦਿੱਤਾ।

## ਜਿੱਤ ਕੇ ਅਕਾਲੀ ਦਲ ਨੇ ਰਚਿਆ ਇਤਿਹਾਸ –ਅਜਨਾਲਾ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਪੰਜਾਬ ਦੇ ਗੁਆਂਢੀ ਸੂਬੇ ਹਰਿਆਣਾ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਕਾਲਿਆਂਵਾਲੀ ਤੋਂ ਵੱਡੇ ਫਰਕ ਨਾਲ ਚੋਣ ਜਿੱਤ ਕੇ ਨਵਾਂ ਇਤਿਹਾਸ ਸਿਰਜਿਆ ਹੈ। ਜਿਸ ਦਾ ਸਿਹਰਾ ਮੁੱਖ ਮੰਤਰੀ ਪੰਜਾਬ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਜਾਂਦਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮੈਂਬਰ ਪਾਰਲੀਮੈਂਟ ਰਤਨ ਸਿੰਘ ਅਜਨਾਲਾ ਨੇ ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਅਕਾਲੀ ਜਥਾ ਅੰਮ੍ਰਿਤਸਰ (ਦਿਹਾਤੀ ਦੇ ਨਵਨਿਯੁਕਤ) ਸਰਕਲ ਪ੍ਰਧਾਨਾਂ ਦੇ ਨਾਂ ਦੱਸਣ ਸਮੇਂ ਪੱਤਰਕਾਰਾਂ ਨਾਲ ਸਾਂਝੇ ਕੀਤੇ। ਸ. ਅਜਨਾਲਾ ਨੇ ਦੱਸਿਆ ਕਿ ਚੋਣ ਭਾਵੇਂ ਅਸੈਂਬਲੀ ਜਾਂ ਸ਼੍ਰੋਮਣੀ ਕਮੇਟੀ ਪਾਰਲੀਮੈਂਟ ਦੀ ਹੋਵੇ 1985 ਤੋਂ ਲੈ ਕੇ ਹੁਣ ਤੱਕ ਜਿੱਤ ਕੇ ਹੀ ਨਿਕਲੇ ਹਾਂ। ਉਨ੍ਹਾਂ 17 ਸਰਕਲਾਂ ਦੇ ਪ੍ਰਧਾਨਾਂ ਦੀ ਹਾਈ ਕਮਾਂਡ ਵਲੋਂ ਭੇਜੀ ਲਿਸਟ ਦੀ ਸੂਚੀ ਜਾਰੀ ਕਰਦਿਆਂ ਦੱਸਿਆ ਜਗੀਰ ਸਿੰਘ ਵਰਪਾਲ, ਸੌਕੀਨ ਸਿੰਘ, ਡਾ. ਰਤਨ ਸਿੰਘ ਜ਼ਿਲ੍ਹਾ ਪ੍ਰਧਾਨ ਦਿਹਾਤੀ, ਮੁਖਤਿਆਰ ਸਿੰਘ ਸੂਫੀਆ ਸੀਨੀਅਰ ਮੀਤ ਪ੍ਰਧਾਨ, ਸਰਦੂਲ ਸਿੰਘ, ਤਲਵਿੰਦਰ ਸਿੰਘ ਛੀਨਾ ਜਨਰਲ ਸਕੱਤਰ, ਮਨਿੰਦਰ ਸਿੰਘ ਔਲਖ ਖਜ਼ਾਨਚੀ ਸਮੇਤ 114 ਬੰਦਿਆਂ ਨੂੰ ਜ਼ਿੰਮੇਵਾਰੀਆਂ ਸੌਪੀਆਂ ਹਨ।



## Matrimonials

Uncle invites correspondence for nephew 22, 5'11" jatt sikh handsome boy diploma in culinary arts & B.sc in hotel mgt currently working in Chandigarh, looking for well educated, beautiful girl preferablly from USA citizen or green card holder contact:301-653-7029
e-mail: balbirgoraya@yahoo.com

---

Medico Jat Sikh match for, 27, 5'0'/smart girl doing DDS in USA. Respond with place and time of birth. contact:219-878-1008
e-mail:sur_malhi@yahoo.co.in

---

ਰਾਮਗੜ੍ਹੀਆ ਸਿੱਖ, 27 ਸਾਲ, 6' 2", ਕਲੀਨ ਸ਼ੇਵ, ਗਰੀਨ ਕਾਰਡ ਹੋਲਡਰ ਗਰੈਜੂਏਟ ਲੜਕੇ ਲਈ ਗਰੀਨ ਕਾਰਡ ਹੋਲਡਰ ਜਾਂ ਅਮਰੀਕਨ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦਾ ਆਪਣਾ ਕਾਰੋਬਾਰ। ਅੱਛੀ ਆਮਦਨ। ਸੰਪਰਕ ਕਰੋ:ਫੋਨ 708-649-9192, 708-699-3800

---

Gursikh parents seeking suitable match for 26 Year old, 5' 3" daughter. Girl has done B.A. B.Ed. and is working as teacher in a reputed english medium school. Girl and Parents visiting US on tourist visa. Brother settled and working in US. Contact:408-544-0538, jaswinder_kaur_in@yahoo.com






## ਹਰਿਆਣਾ 'ਚ ਦਰਜਨ ਪੰਜਾਬੀ ਉਮੀਦਵਾਰ ਜਿੱਤੇ

**ਚੰਡੀਗੜ੍ਹ :** ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਵਿਚ ਇਕ ਦਰਜਨ ਦੇ ਕਰੀਬ ਪੰਜਾਬੀ ਤੇ ਸਿੱਖ ਉਮੀਦਵਾਰ ਜੇਤੂ ਹਨ। ਇਨ੍ਹਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਕਾਲਾਂਵਾਲੀ ਤੋਂ ਉਮੀਦਵਾਰ ਚਰਨਜੀਤ ਸਿੰਘ, ਪਿਹੋਵਾ ਤੋਂ ਕਾਂਗਰਸ ਦੇ ਹਰਮੋਹਿੰਦਰ ਸਿੰਘ ਚੱਠਾ ਅਤੇ ਥਾਨੇਸਰ ਤੋਂ ਇਨੈਲੋ ਦੇ ਅਸ਼ੋਕ ਅਰੋੜਾ ਸ਼ਾਮਲ ਹਨ। ਅੰਬਾਲਾ ਛਾਉਣੀ ਤੋਂ ਭਾਜਪਾ ਦੇ ਅਨਿਲ ਵਿਜ, ਅੰਬਾਲਾ ਸ਼ਹਿਰ ਤੋਂ ਕਾਂਗਰਸ ਦੇ ਸੀਨੀਅਰ ਆਗੂ ਵਿਨੋਦ ਸ਼ਰਮਾ, ਕਰਨਾਲ ਤੋਂ ਕਾਂਗਰਸ ਦੀ ਸੁਮੀਤਾ ਸਿੰਘ ਪਾਣੀਪਤ ਸ਼ਹਿਰੀ ਤੋਂ ਬਲਬੀਰ ਪਾਲ ਸ਼ਾਹ, ਜੀਂਦ ਤੋਂ ਇਨੈਲੋ ਦੇ ਡਾ. ਹਰੀ ਚੰਦ ਮਿੱਢਾ, ਟੋਹਾਣਾ ਤੋਂ ਕਾਂਗਰਸ ਦੇ ਪਰਮਵੀਰ ਸਿੰਘ, ਰਾਣੀਆ ਤੋਂ ਇਨੈਲੋ ਦੇ ਕ੍ਰਿਸ਼ਨ ਕੰਬੋਜ, ਯਮੁਨਾਨਗਰ ਤੋਂ ਇਨੈਲੋ ਦੇ ਦਿਲਬਾਗ ਸਿੰਘ, ਹਾਂਸੀ ਤੋਂ ਹਜਕਾਂ ਦੇ ਵਿਨੋਦ ਤੇ ਰੋਹਤਕ ਤੋਂ ਕਾਂਗਰਸ ਦੇ ਭਾਰਤ ਭੂਸ਼ਨ ਸ਼ਾਮਲ ਹਨ।

## ਸਹੁਰਿਆਂ ਤੋਂ ਦੁਖੀ ਐਨ ਆਰ ਆਈ ਨੇ ਫਾਹਾ ਲਿਆ

**ਜਲੰਧਰ:** ਸਾਲੀ ਦੇ ਵਿਆਹ ਵਿੱਚ ਸ਼ਾਮਲ ਹੋਣ ਲਈ ਦੁਬਈ ਤੋਂ ਆਏ ਐਨ ਆਰ ਆਈ ਨੇ ਸਹੁਰਿਆਂ ਤੋਂ ਤੰਗ ਆ ਕੇ ਫਾਹਾ ਲੈ ਲਿਆ। ਮ੍ਰਿਤਕ ਦੀ ਪਹਿਚਾਣ ਵੇਦ ਪ੍ਰਕਾਸ਼ ਪੁੱਤਰ ਕਰਮਚੰਦ ਵਜੋਂ ਹੋਈ ਜੋ ਦੀਵਾਲੀ ਵਾਲੇ ਦਿਨ ਆਪਣੇ ਘਰ ਜਲੰਧਰ ਆਇਆ ਸੀ। ਮ੍ਰਿਤਕ ਦੇ ਚਾਚੇ ਗਿਆਨ ਚੰਦ ਨੇ ਦੱਸਿਆ ਕਿ ਵੇਦ ਪ੍ਰਕਾਸ਼ ਦੀ ਸਾਲੀ ਦਾ ਵਿਆਹ ਸੀ ਤੇ ਉਹ ਵਿਆਹ ਸਮਾਗਮ ਵਿੱਚ ਸ਼ਾਮਲ ਹੋਣ ਲਈ ਅੱਪਰਾ ਨੇੜਲੇ ਪਿੰਡ ਚੱਕੂ ਸਾਬੂ ਗਿਆ ਹੋਇਆ ਸੀ ਤੇ ਉੱਥੇ ਕਿਸੇ ਗੱਲ ਨੂੰ ਲੈ ਕੇ ਵੇਦ ਪ੍ਰਕਾਸ਼ ਦਾ ਸਹੁਰਿਆਂ ਨਾਲ ਝਗੜਾ ਹੋ ਗਿਆ ਸੀ।




**Punjab Times**

**Established in 2000**
**10th Year of Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu

**Astt. Editor:**
Jaspreet Kaur
Kuljeet Singh

**Graphics:**
Mandeep Singh

**California Bureau:**
Ashok Bhaura
(Bureau Chief)
925-752-8025
Tarlochan Singh Dupalpur
(408) 903-9952
Charanjit Singh Pannu
408-608-4961
Devinder Singh
(510) 750-5757
Shiara Dhindsa
661-703-6664
**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 75 ਡਾਲਰ,**
**ਪੰਜ ਸਾਲ ਲਈ: 350 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕੋਪਨਹੇਗਨ ਵਾਰਤਾ ਦੀ ਤਿਆਰੀ ਨੇ ਹਿੰਦ-ਚੀਨ ਠੰਡੇ ਕੀਤੇ

**ਜਸਵੀਰ ਸਿੰਘ ਸ਼ੀਰੀ**

ਪਿਛਲੀ ਇਕ ਸਦੀ ਵਿਚ ਵਾਤਾਵਰਣ ਦੀ ਤਬਾਹੀ ਦੁਨੀਆਂ ਪੱਧਰ 'ਤੇ ਹੋਈ ਹੈ। ਇਸ ਤੋਂ ਸਾਰੀ ਦੁਨੀਆਂ ਦੇ ਮੁਲਕ ਪ੍ਰਭਾਵਤ ਹੋਏ ਹਨ। ਵਾਤਾਵਰਣਿਕ ਤਬਾਹੀ ਲਈ ਵਿਕਸਤ ਅਤੇ ਵਿਕਾਸਸ਼ੀਲ ਮੁਲਕ ਤਕਰੀਬਨ ਬਰਾਬਰ ਦੇ ਜ਼ਿਮੇਵਾਰ ਹਨ। ਤਾਜ਼ਾ ਅੰਕੜਿਆਂ ਅਨੁਸਾਰ ਅਮਰੀਕਾ, ਰੂਸ, ਚੀਨ ਅਤੇ ਭਾਰਤ ਦੁਨੀਆਂ ਦੇ ਸਭ ਤੋਂ ਵਡੇ ਪ੍ਰਦੂਸ਼ਕ ਹਨ। ਚੀਨ ਪ੍ਰਦੂਸ਼ਣ ਕਰਨ ਵਾਲੇ ਮੁਲਕਾਂ ਵਿਚ ਹੁਣ ਸਿੱਖਰ ਤੇ ਹੈ ਅਤੇ ਭਾਰਤ ਰੂਸ ਅਤੇ ਚੀਨ ਤੋਂ ਬਾਅਦ ਚੌਥੇ ਨੰਬਰ 'ਤੇ ਹੈ।

ਇਸ ਮੁੱਦੇ 'ਤੇ ਡੈਨਮਾਰਕ ਦੇ ਸ਼ਹਿਰ ਕੋਪਨਹੇਗਨ ਵਿਚ 7 ਤੋਂ 18 ਦਸੰਬਰ ਤੱਕ ਕਾਨਫਰੰਸ ਹੋ ਰਹੀ ਹੈ। ਯੁਨਾਈਟਿਡ ਨੇਸ਼ਨਜ਼ ਕਲਾਈਮੇਟ ਚੇਂਜ ਨਾਂ ਦੀ ਇਸ ਕਾਨਫਰੰਸ ਲਈ ਸਾਰੇ ਮੁਲਕ ਤਿਆਰੀਆਂ ਕਰ ਰਹੇ ਹਨ। ਪਰ ਦਿਲਚਸਪ ਗੱਲ ਇਹ ਹੈ ਕਿ ਇਹ ਤਿਆਰੀਆਂ ਵਾਤਾਵਰਣ ਨੂੰ ਸੁਧਾਰਨ ਜਾਂ ਸਾਫ ਕਰਨ ਦੇ ਨੁਕਤੇ ਤੋਂ ਨਹੀਂ ਹਨ ਸਗੋਂ ਵਾਤਾਵਰਣ ਦੇ ਪ੍ਰਦੂਸ਼ਣ ਦੀ ਕੀਮਤ 'ਤੇ ਆਪੋ ਆਪਣੇ ਆਰਥਿਕ ਸਿਆਸੀ ਹਿੱਤਾਂ ਨੂੰ ਸੁਰਖਿਅਤ ਕਰਨ ਲਈ ਹਨ।

ਇਸ ਕਾਨਫਰੰਸ ਵਿਚ ਭਾਰਤ ਦੇ ਸਟੈਂਡ 'ਤੇ ਵਿਚਾਰ ਕਰਨ ਲਈ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਪ੍ਰਮੁੱਖ ਕੈਬਨਿਟ ਮੰਤਰੀਆਂ ਅਤੇ ਸਾਰੇ ਰਾਜਾਂ ਦੇ ਮੁੱਖ ਮੰਤਰੀਆਂ ਉਪਰ ਅਧਾਰਤ ਨੈਸ਼ਨਲ ਡਿਵੈਲਪਮੈਂਟ ਕੌਂਸਲ ਦੀ ਮੀਟਿੰਗ ਸੱਦ ਲਈ ਹੈ। ਇਸ ਮੀਟਿੰਗ ਵਿਚ ਵਾਤਾਵਰਣਿਕ ਤਬਦੀਲੀ ਦੇ ਮੁੱਦੇ ਉਪਰ ਭਾਰਤ ਦੀ ਪੁਜ਼ੀਸ਼ਨ ਵਿਚ ਤਬਦੀਲੀ ਲਈ ਆਮ ਰਾਇ ਬਨਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਭਾਵੇਂ ਕਿ ਵਿਰੋਧੀ ਧਿਰ ਇਸ ਮੁੱਦੇ ਉਪਰ ਵਿਕਸਿਤ ਮੁਲਕਾਂ ਦੇ ਮੁਕਾਬਲੇ ਕਿਸੇ ਵੀ ਕਿਸਮ ਦੀ ਤਬਦੀਲੀ ਦਾ ਵਿਰੋਧ ਕਰ ਰਹੀ ਹੈ। ਮਾਰਕਸਵਾਦੀ ਕਮਿਊਨਿਸਟ ਪਾਰਟੀ ਦੇ ਆਗੂ ਸ੍ਰੀ ਪ੍ਰਕਾਸ਼ ਕਾਰਤ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਅਮਰੀਕਾ ਦੇ ਦਬਾਅ ਅਧੀਨ ਵਾਤਾਵਰਣਿਕ ਮੁੱਦਿਆਂ ਉਪਰ ਆਪਣੇ ਸਟੈਂਡ ਵਿਚ ਨਰਮੀ ਲਿਆ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇ ਇਸ ਪੈਂਤੜੇ ਦਾ ਵਿਰੋਧ ਕੀਤਾ ਜਾਵੇਗਾ। ਯਾਦ ਰਹੇ ਕੇਂਦਰ ਸਰਕਾਰ ਨੇ ਇਸ਼ਾਰਾ ਦਿੱਤਾ ਹੈ ਕਿ ਵਿਕਸਿਤ ਮੁਲਕਾਂ ਦੀ ਮੰਗ ਦੇ ਮੱਦੇਨਜ਼ਰ ਇਸ ਮੁੱਦੇ ਉਪਰ ਭਾਰਤ ਦੇ ਸਟੈਂਡ ਵਿਚ ਕੁਝ ਨਰਮੀ ਲਿਆਂਦੀ ਜਾ ਸਕਦੀ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਭਾਰਤ ਦੀ ਮੌਜੂਦਾ ਪੁਜ਼ੀਸ਼ਨ ਇਹ ਹੈ ਕਿ ਉਹ ਖਤਰਨਾਕ ਗੈਸਾਂ ਦੇ ਪ੍ਰਤੀ ਵਿਅਕਤੀ ਨਿਕਾਸ ਨੂੰ ਵਿਕਸਿਤ ਮੁਲਕਾਂ ਤੋਂ ਵਧਣ ਨਹੀਂ ਦੇਵੇਗਾ। ਕੇਂਦਰੀ ਜੰਗਲਾਤ ਅਤੇ ਵਾਤਾਵਰਣ ਮੰਤਰੀ ਨੇ ਪ੍ਰਧਾਨ ਮੰਤਰੀ ਨੂੰ ਲਿਖੇ ਆਪਣੇ ਪੱਤਰ ਵਿਚ ਕਿਹਾ ਹੈ ਕਿ ਇਕੱਲੀ ਪ੍ਰਤੀ ਵਿਅਕਤੀ ਪਹੁੰਚ ਨਾਲ ਗੁਜ਼ਾਰਾ ਹੋਣ ਵਾਲਾ ਨਹੀਂ ਹੈ। ਇਸ ਲਈ ਇਸ ਮੁੱਦੇ ਉਤੇ ਪਰ ਕੈਪੀਟਲ ਪਲੱਸ ਪਹੁੰਚ ਅਪਨਾਉਣ ਦੀ ਲੋੜ ਹੈ। ਇਸ ਪਹੁੰਚ ਦੇ ਤਹਿਤ ਭਾਰਤ ਸਮੇਤ ਵਿਕਾਸਸ਼ੀਲ ਦੇਸ਼ਾਂ ਵਿਚ ਖਤਰਨਾਕ ਗੈਸਾਂ ਦੇ ਖਾਰਜੀਕਰਣ ਨੂੰ ਘਟਾਉਣ ਦੇ ਨਾਲ ਨਾਲ ਮੁੜ ਨਵਿਆਈ ਜਾ ਸਕਣ ਵਾਲੀ ਊਰਜਾ ਦੀ ਵਰਤੋਂ ਨੂੰ ਉਤਸ਼ਾਹਿਤ ਕੀਤੇ ਜਾਣਾ ਸ਼ਾਮਿਲ ਹੈ। ਇਸ ਪਹੁੰਚ ਨੂੰ ਅਪਨਾਉਣ ਦੇ ਸਿੱਟੇ ਵਜੋਂ ਵਿਕਸਿਤ ਮੁਲਕਾਂ ਵਲੋਂ ਵਿਕਾਸਸ਼ੀਲ ਦੇਸ਼ਾਂ ਨੂੰ 90 ਅਰਬ ਡਾਲਰ ਤੋਂ ਲੈ ਕੇ 140 ਅਰਬ ਡਾਲਰ ਤੱਕ ਦੀ ਸਹਾਇਤਾ ਦਿੱਤੀ ਜਾ ਸਕਦੀ ਹੈ।

ਪੱਛਮੀ ਮੁਲਕ ਭਾਰਤ ਅਤੇ ਚੀਨ ਜਿਹੇ ਮੁਲਕਾਂ ਤੋਂ ਮੰਗ ਕਰ ਰਹੇ ਹਨ ਕਿ ਉਹ ਆਪੋ ਆਪਣੇ ਮੁਲਕਾਂ ਵਿਚ ਕਾਰਬਨਡਾਈਆਕਸਾਈਡ ਅਤੇ ਹੋਰ ਗਲੋਬਲ ਵਾਰਮਿੰਗ ਪੈਦਾ ਕਰਨ ਵਾਲੀਆਂ ਗਰੀਨ ਹਾਊਸ ਗੈਸਾਂ ਦੀ ਮਾਤਰਾ ਘਟਾਉਣ। ਭਾਰਤ ਅਤੇ ਚੀਨ ਜਿਹੇ ਮੁਲਕ ਇਹ ਮੰਨਣ ਲਈ ਤਿਆਰ ਨਹੀਂ ਹਨ। ਉਨ੍ਹਾਂ ਦਾ ਆਖਣਾ ਹੈ ਕਿ ਇਸ ਨਾਲ ਇਨ੍ਹਾਂ ਮੁਲਕਾਂ ਦੇ ਆਰਥਿਕ ਵਿਕਾਸ ਦੀ ਗਤੀ ਉਪਰ ਅਸਰ ਪਵੇਗਾ। ਇਸ ਦੇ ਨਾਲ ਹੀ ਚੀਨ ਅਤੇ ਭਾਰਤ ਇਹ ਮੰਗ ਵੀ ਕਰ ਰਹੇ ਹਨ ਕਿ ਵਿਕਸਤ ਮੁਲਕ ਆਪਣੇ ਕਾਰਬਨ ਅਤੇ ਹੋਰ ਖਤਰਨਾਕ ਗੈਸਾਂ ਦੀ ਖਾਰਜ ਮਾਤਰਾ ਵਿਚ 5 ਫੀਸਦੀ ਦੀ ਕਮੀ ਕਰਨ। ਇਸ ਤੋਂ ਇਲਾਵਾ ਪ੍ਰਦੂਸ਼ਣ ਉਪਰ ਕਾਬੂ ਪਾਉਣ ਲਈ ਵਿਕਾਸਸ਼ੀਲ ਮੁਲਕਾਂ ਨੂੰ ਤਕਨੀਕ ਅਤੇ ਪੈਸਾ ਮੁਹਈਆ ਕਰਨ।

ਚੀਨ ਅਤੇ ਭਾਰਤ ਨੇ ਹਾਲ ਹੀ 'ਚ ਪ੍ਰਦੂਸ਼ਣ ਅਤੇ ਵਾਤਾਵਰਣਿਕ ਤਬਦੀਲੀ 'ਤੇ ਕਾਬੂ ਪਾਉਣ ਲਈ ਇਕ ਸਮਝੌਤਾ ਕੀਤਾ ਹੈ। ਇਸ ਸਮਝੌਤੇ ਦੇ ਤਹਿਤ ਭਾਰਤ ਅਤੇ ਚੀਨ ਇਕ ਸਾਂਝੇ ਵਰਕਿੰਗ ਗਰੁੱਪ ਦੀ ਸਥਾਪਨਾ ਕਰਨਗੇ, ਜਿਹੜਾ ਹਰ ਵਰ੍ਹੇ ਦੋਨਾਂ ਮੁਲਕਾਂ ਵਿਚ ਵਾਰੋ ਵਾਰੀ ਮਿਲਿਆ ਕਰੇਗਾ। ਇਹ ਗਰੁੱਪ ਦੋਨਾਂ ਮੁਲਕਾਂ ਦੀ ਵਾਤਾਵਰਣਿਕ ਤਬਦੀਲੀ ਪਾਲਿਸੀ ਅਤੇ ਸਾਂਝੇ ਪ੍ਰਾਜੈਕਟਾਂ ਬਾਰੇ ਵਿਚਾਰ ਵਟਾਂਦਰਾ ਵੀ ਕਰਿਆ ਕਰੇਗਾ। ਇਸਤੋਂ ਇਲਾਵਾ ਭਾਰਤ ਅਤੇ ਚੀਨ ਦੇ ਵਿਗਿਆਨੀ ਵਾਤਾਵਰਣਿਕ ਤਬਦੀਲੀ, ਸਾਫ ਸੁਥਰੀ ਤਕਨੀਕ ਅਤੇ ਆਪਸੀ ਸਹਿਯੋਗ ਦੇ ਦੂਜੇ ਖੇਤਰਾਂ ਬਾਰੇ ਵੀ ਵਿਚਾਰ ਵਟਾਂਦਰਾ ਕਰਨਗੇ। ਯਾਦ ਰਹੇ ਭਾਰਤ ਦੇ ਵਾਤਾਵਰਣ ਅਤੇ ਜੰਗਲਾਤ ਮੰਤਰੀ ਸ੍ਰੀ ਜੈ ਰਾਮ ਰਮੇਸ਼ ਨੇ ਲੰਘੇ ਮੰਗਲਵਾਰ ਭਾਰਤ ਦੀ ਵਾਤਾਵਰਣ ਤਬਦੀਲੀ ਬਾਰੇ ਨੀਤੀ ਦਾ ਖੁਲਾਸਾ ਕਰਦਿਆਂ ਕਿਹਾ ਸੀ ਕਿ ਹਾਨੀਕਾਰਕ ਗੈਸਾਂ ਦੇ ਖਾਰਜੀਕਰਣ ਉਪਰ ਸਮਝੌਤਾ ਕਰਨ ਅਤੇ ਕਿਊਟੋ ਸਮਝੌਤੇ ਦੀ ਉਲੰਘਣਾ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਮਿਲਣ ਤੋਂ ਬਾਅਦ ਉਨ੍ਹਾਂ ਹੋਰ ਕਿਹਾ ਸੀ, "ਖਤਰਨਾਕ ਗੈਸਾਂ ਦੇ ਖਾਰਜੀਕਰਣ ਨੂੰ ਘੱਟ ਕਰਨ ਦਾ ਨਿਸ਼ਾਨਾ ਅਸੀਂ ਸਿਰਫ ਵਿਕਸਤ ਮੁਲਕਾਂ ਲਈ ਚਾਹੁੰਦੇ ਹਾਂ ਨਾ ਕਿ ਵਿਕਾਸਸ਼ੀਲ ਮੁਲਕਾਂ ਲਈ।"

ਉਨ੍ਹਾਂ ਇਸ ਤੋਂ ਅੱਗੇ ਮੰਗਤਿਆਂ ਵਾਲੀ ਪਹੁੰਚ ਅਪਣਾਉਂਦਿਆਂ ਕਹਿ ਦਿੱਤਾ ਸੀ ਕਿ "ਅਸੀਂ ਗਰੀਨ ਹਾਊਸ ਗੈਸਾਂ ਦੇ ਖਾਰਜੀਕਰਣ ਨੂੰ ਘਟਾਉਣ ਲਈ ਤਿਆਰ ਹਾਂ ਬਸ਼ਰਤੇ ਕਿ ਵਿਕਸਤ ਮੁਲਕ ਸਾਨੂੰ ਇਸ ਨਿਸ਼ਾਨੇ ਨੂੰ ਹਾਸਲ ਕਰਨ ਲਈ ਫੰਡ ਅਤੇ ਤਕਨੀਕ ਮੁਹਈਆ ਕਰਨ।" ਅਸੀਂ ਵੇਖ ਸਕਦੇ ਹਾਂ ਕਿ ਵਾਤਾਵਰਣਿਕ ਮੁੱਦਿਆਂ ਨੂੰ ਲੈ ਕੇ ਸਾਡੇ ਮੁਲਕ ਕਿੰਨੇ ਕੁ ਜ਼ਿੰਮੇਵਾਰ ਹਨ। ਵਿਕਸਤ ਤੇ ਵਿਕਾਸਸ਼ੀਲ ਦੇਸ਼ ਵਾਤਾਵਰਣ ਦੀ ਸਿਆਸਤ ਕਰਦਿਆਂ ਆਪੋ ਆਪਣੇ ਆਰਥਕ ਹਿੱਤ ਹੀ ਅਗੇ ਵਧਾ ਰਹੇ ਹਨ। ਪਰ ਇਸ ਦਾ ਇਕ ਫਾਇਦਾ ਜ਼ਰੂਰ ਹੋ ਗਿਆ ਹੈ ਕਿ ਸਰਹੱਦੀ ਮਾਮਲੇ 'ਤੇ ਇਕ ਦੂਜੇ ਨੂੰ ਗਰਮੀ ਵਿਖਾ ਰਹੇ ਭਾਰਤ ਅਤੇ ਚੀਨ ਕੋਪਨਹੇਗਨ ਕਾਨਫਰੰਸ ਦੀ ਤਿਆਰੀ ਵਿਚ ਠੰਡੇ ਯੱਖ ਹੋ ਗਏ ਹਨ।

# 'ਰਾਈਜ਼ ਆਫ ਦੀ ਖਾਲਸਾ' ਨਗਰ ਕੀਰਤਨ ਵੇਲੇ ਰਿਲੀਜ਼ ਹੋਵੇਗੀ

**ਯੂਬਾ ਸਿਟੀ (ਪੰਜਾਬ ਟਾਈਮਜ਼ ਬਿਊਰੋ):** ਦਸਤਾਵੇਜ਼ੀ ਫਿਲਮ 'ਰਾਈਜ਼ ਆਫ ਦੀ ਖਾਲਸਾ' ਯੂਬਾ ਸਿਟੀ ਦੇ ਨਗਰ ਕੀਰਤਨ ਮੌਕੇ ਰਿਲੀਜ਼ ਕੀਤੀ ਜਾਏਗੀ। ਇਸ ਫਿਲਮ ਨੂੰ ਨਿਊ ਯਾਰਕ ਦੇ ਕੌਮਾਂਤਰੀ ਫਿਲਮ ਮੇਲੇ ਵਿਚ ਇਨਾਮ ਮਿਲ ਚੁੱਕਾ ਹੈ। ਇਹ ਫਿਲਮ ਖਾਲਸਾ ਰਵਾਇਤਾਂ ਦੇ ਇਤਿਹਾਸ ਅਤੇ ਅਜੋਕੇ ਸਮੇਂ ਤੱਕ ਦੇ ਵਿਕਾਸ ਉਪਰ ਆਧਾਰਤ ਹੈ। ਇਹ ਫਿਲਮ ਇਸ ਤੋਂ ਪਹਿਲਾਂ ਕੈਲੀਫੋਰਨੀਆ, ਸ਼ਿਕਾਗੋ, ਨਿਊ ਯਾਰਕ, ਟੋਰਾਂਟੋ ਅਤੇ ਇੰਗਲੈਂਡ ਦੇ ਕਈ ਸ਼ਹਿਰਾਂ ਵਿਚ ਵਿਖਾਈ ਜਾ ਚੁੱਕੀ ਹੈ।

ਇਥੇ ਜਾਰੀ ਕੀਤੀ ਜਾ ਰਹੀ ਡੀ.ਵੀ.ਡੀ. ਵਿਚ ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾ ਦੀ ਚੋਣ ਉਪਲਬਧ ਹੋਵੇਗੀ। ਇਸ ਤੋਂ ਇਲਾਵਾ ਸਪੈਨਿਸ਼ ਸਬਟਾਈਟਲ ਵੀ ਹੋਣਗੇ। ਫਿਲਮ ਦੇ ਡਾਇਰੈਕਟਰ ਤੇ ਪ੍ਰੋਡਿਊਸਰ ਜਗਮੀਤ ਸਮੁੰਦਰੀ ਅਨੁਸਾਰ ਸਪੈਨਿਸ਼ ਸਬਟਾਈਟਲ ਚਿੱਲੀ, ਅਰਜਨਟੀਨਾ ਅਤੇ ਕੁਝ ਹੋਰ ਮੁਲਕਾਂ ਵਿਚ ਸਪੈਨਿਸ਼ ਬੋਲਣ ਵਾਲਿਆਂ ਦੀ ਮੰਗ ਨੂੰ ਮੁੱਖ ਰੱਖ ਕੇ ਦਿੱਤੇ ਗਏ ਹਨ।

ਸ੍ਰੀ ਸਮੁੰਦਰੀ ਅਨੁਸਾਰ ਡੀ.ਵੀ.ਡੀ. ਵੇਚਣ ਤੋਂ ਮਿਲੀ ਰਕਮ ਉਨ੍ਹਾਂ ਦੀ ਅਗਲੀ ਫਿਲਮ 'ਸ਼ਹੀਦ' ਬਣਾਉਣ ਲਈ ਵਰਤੀ ਜਾਏਗੀ। ਇਹ ਡੀ.ਵੀ.ਡੀ. 8 ਅਤੇ 9 ਨਵੰਬਰ ਨੂੰ ਗੁਰਦੁਆਰਾ ਸਟਾਕਟਨ ਵਿਚ ਵੀ ਵੇਚੀ ਜਾਏਗੀ। ਇਸ ਮੌਕੇ ਆਉਣ ਵਾਲੀ ਫਿਲਮ 'ਸ਼ਹੀਦ' ਦੇ ਨਿਰਮਾਣ ਬਾਰੇ ਵੀ ਫਿਲਮ ਦਿਖਾਈ ਜਾਏਗੀ। ਫਿਲਮ 'ਰਾਈਜ਼ ਆਫ ਦੀ ਖਾਲਸਾ' ਪਹਿਲਾਂ ਬਣੀ ਐਨੀਮੇਸ਼ਨ ਫਿਲਮ 'ਦੀ ਰਾਈਜ਼ ਆਫ ਖਾਲਸਾ' ਤੋਂ ਬਿਲਕੁਲ ਅਲੱਗ ਹੈ।

*Visit us on the web:*
***punjabtimesusa.com***
***Ph:847-359-0746***

# ਆਰਥਿਕ ਸਮਾਜਕ ਨਾਬਰਾਬਰੀ ਵਾਤਾਵਰਣਿਕ ਵਿਗਾੜ ਲਈ ਜ਼ਿਮੇਵਾਰ

**-ਹੁਸ਼ਿਆਰ ਸਿੰਘ ਰਾਣੂ**

**ਮਾਲੇਰਕੋਟਲਾ :** "ਆਰਥਿਕ ਅਤੇ ਸਮਾਜਕ ਨਾ ਬਰਾਬਰੀ ਵਾਤਾਵਰਨ ਨੂੰ ਵਿਗਾੜਨ ਵਿਚ ਸਿੱਧੇ ਤੌਰ ਤੇ ਜ਼ਿੰਮੇਵਾਰ ਹੈ। ਸਾਮਰਾਜੀ ਮੁਲਕ ਮੁਨਾਫੇ ਲਈ ਲੋਕਾਂ ਨੂੰ ਜੰਗਾਂ ਵਿਚ ਵੀ ਝੋਕ ਰਹੇ ਹਨ। ਸਾਮਰਾਜੀ ਮੁਲਕਾਂ, ਬਹੁ ਕੌਮੀ ਕਾਰਪੋਰੇਸ਼ਨਾ ਅਤੇ ਭਾਰਤੀ ਸਿਆਸਤਦਾਨਾਂ ਨੂੰ ਜਨਤਕ ਹਿੱਤਾਂ ਨਾਲੋ ਮੁਨਾਫਾ ਪਿਆਰਾ ਹੈ। ਸਾਮਰਾਜੀ ਮੁਲਕਾਂ, ਬਹੁਕੌਮੀ ਕਾਰਪੋਰੇਸ਼ਨਾ ਅਤੇ ਇਨ੍ਹਾਂ ਦੇ ਦਲਾਲ ਸਿਆਸਤਦਾਨਾਂ ਦੇ ਅਖੌਤੀ ਵਿਕਾਸ ਦੇ ਕੇਂਦਰ ਵਿਚ ਮਨੁੱਖ ਨਹੀਂ ਸਗੋਂ ਮੁਨਾਫਾ ਹੈ" ਇਹ ਵਿਚਾਰ ਡਾ. ਸੰਤੋਖ ਸਿੰਘ ਟਿਵਾਣਾ ਯਾਦਗਾਰੀ ਟਰੱਸਟ ਰਜਿ. ਲਸੋਈ ਵਲੋਂ ਸਥਾਨਕ ਕਲੱਬ ਵਿਖੇ " ਵਾਤਾਵਰਨ, ਮੁਨਾਫਾ ਅਤੇ ਸਮਾਜਿਕ ਜ਼ਿੰਮੇਵਾਰੀਆਂ" ਵਿਸ਼ੇ ਤੇ ਕਰਵਾਏ ਗਏ ਸੈਮੀਨਾਰ ਵਿਚ ਪ੍ਰਸਿੱਧ ਲੇਖਕ ਤੇ ਬੁੱਧੀਜੀਵੀ ਡਾ.ਅਜੀਤ ਪਾਲ ਸਿੰਘ ਨੇ ਪ੍ਰਗਟ ਕੀਤੇ। ਇਸ ਸੈਮੀਨਾਰ ਦੀ ਪ੍ਰਧਾਨਗੀ ਮਾਸਟਰ ਮੁਹੰਮਦ ਰਮਜ਼ਾਨ ਨੇ ਕੀਤੀ ਤੇ ਮਾਸਟਰ ਕਰਮਜੀਤ ਸਿੰਘ ਨੌਧਰਾਣੀ ਨੇ ਟਰੱਸਟ ਦੇ ਮੰਤਵ ਅਤੇ ਕਾਰਗੁਜ਼ਾਰੀ ਬਾਰੇ ਸੰਖੇਪ ਖੁਲਾਸਾ ਕੀਤਾ।

ਡਾ.ਅਜੀਤਪਾਲ ਸਿੰਘ ਨੇ ਕਿਹਾ ਕਿ ਆਲਮੀਂ ਤਪਸ਼ ਵਧਣ ਨਾਲ ਵਾਤਾਵਰਨ ਵਿਚ ਅਸੰਤੁਲਨ ਪੈਦਾ ਹੋ ਰਿਹਾ ਹੈ ਅਤੇ ਗਲੇਸ਼ੀਅਰ ਪਿਘਲ ਰਹੇ ਹਨ, ਸਮੁੰਦਰਾਂ ਦਾ ਪਾਣੀ ਖਾਰਾ ਹੋ ਰਿਹਾ ਹੈ, ਸਮੁੰਦਰੀ ਤਲ ਉੱਚਾ ਹੋ ਰਿਹਾ ਹੈ ਅਤੇ ਵਾਸ਼ਪੀਕਰਨ ਤੇ ਵੀ ਮਾਰੂ ਪ੍ਰਭਾਵ ਪੈ ਰਹੇ ਹਨ। ਸੁਨਾਮੀ ਵਰਗੀਆਂ ਆਫਤਾਂ ਤੇ ਮੌਸਮੀ ਤਬਦੀਲੀ ਆਲਮੀ ਤਪਸ਼ ਕਾਰਨ ਹਨ। ਵਾਤਾਵਰਨ ਦੇ ਵਿਗਾੜ ਕਾਰਨ ਹੀ ਧਰਤੀ ਤੋਂ ਪੰਛੀਆਂ ਦੀਆਂ ਬਹੁਤ ਪ੍ਰਜਾਤੀਆਂ ਖਤਮ ਹੋ ਗਈਆਂ ਹਨ। ਉਨ੍ਹਾਂ ਕਿਹਾ ਕਿ ਭਾਰਤ ਅੰਦਰ ਸ੍ਰੋਤਾਂ ਦੀ ਸਹੀ ਅਤੇ ਵਿਉਂਤਬਧ ਵਰਤੋਂ ਨਹੀਂ ਹੋ ਰਹੀ। ਵਿਕਸਤ ਦੇਸ਼ ਵਿਕਾਸਸੀਲ ਦੇਸ਼ਾਂ ਨੂੰ ਬਸਤੀ ਸਮਝ ਕੇ ਲੁੱਟ ਰਹੇ ਹਨ। ਵਿਸ਼ਵੀਕਰਨ ਵਾਤਾਵਰਨ ਨੂੰ ਨੁਕਸਾਨ ਪਹੁੰਚਾ ਰਿਹਾ ਹੈ। ਗ੍ਰੀਨ ਹਾਊਸ ਗੈਸਾਂ ਦੀ ਮਾਤਰਾ ਵਧ ਰਹੀ ਹੈ, ਪਾਣੀ ਦਾ ਪੱਧਰ ਨੀਵਾਂ ਹੋ ਰਿਹਾ ਹੈ, ਭੁੱਖਮਰੀ ਚਰਮਸੀਮਾਂ ਵਲ ਵਧ ਰਹੀ ਹੈ। ਉਨ੍ਹਾਂ ਕਿਹਾ ਕਿ ਕੁਦਰਤੀ ਸਾਧਨਾਂ ਦਾ ਘਾਣ ਅਤੇ ਊਰਜਾ ਦੀ ਵਰਤੋਂ ਘੱਟ ਕੀਤੀ ਜਾਵੇ। ਇਸ ਸਮੇਂ ਬੋਲਦਿਆਂ ਸ. ਜਸਵੀਰ ਸਿੰਘ ਸ਼ੀਰੀ ਨੇ ਕਿਹਾ ਕਿ ਵਿਕਸਤ ਅਤੇ ਵਿਕਾਸਸ਼ੀਲ, ਦੋਨੋ ਕਿਸਮ ਦੇ ਦੇਸ਼ ਵਾਤਾਵਰਨ ਨੂੰ ਪ੍ਰਦੂਸ਼ਤ ਕਰਨ ਵਿਚ ਮੋਹਰੀ ਭੂਮਿਕਾ ਨਿਭਾ ਰਹੇ ਹਨ। ਕੋਈ ਵੀ ਆਪਣੇ ਆਰਥਿਕ ਹਿੱਤਾਂ ਨੂੰ ਕੁਰਬਾਨ ਕਰਨ ਲਈ ਤਿਆਰ ਨਹੀਂ। ਵਾਤਾਵਰਨ ਤੇ ਮਨੁੱਖੀ ਸਿਹਤ ਪ੍ਰਤੀ ਇਨ੍ਹਾਂ ਦਾ ਰਵੱਈਆ ਨਾਂਹ ਪੱਖੀ ਹੈ। ਬੇਢਬਾ ਸਨਅਤੀਕਰਨ ਅਤੇ ਕੁਦਰਤ ਦੀ ਤਬਾਹੀ ਅਧਾਰਤ ਵਿਕਾਸ ਮਾਡਲ ਮੌਸਮੀ ਤਬਦੀਲੀਆਂ ਲਿਆ ਰਿਹਾ ਹੈ।ਸ਼ੀਰੀ ਨੇ ਕਿਹਾ ਕਿ ਪੱਛਮੀ ਮੂਲਕਾਂ ਦੀ ਸੰਸਾਰੀਕਰਨ ਨੀਤੀ ਪੰਜਾਬੀ ਬੰਦੇ ਨੂੰ ਜੜ੍ਹਾਂ ਤੋਂ ਪੁੱਟ ਰਹੀ ਹੈ। ਮੁਨਾਫੇ ਦੀ ਹੋੜ ਵਿਚ ਮਨੁੱਖ ਕੁਦਰਤ ਨਾਲ ਛੇੜ ਛਾੜ ਕਰ ਰਿਹਾ ਹੈ ਤੇ ਕੁਦਰਤ ਮੋੜਵੇਂ ਰੂਪ ਵਿੱਚ ਮਨੁੱਖ ਨਾਲ ਕੁਦਰਤੀ ਆਫਤਾਂ ਦੇ ਰੂਪ ਵਿਚ ਨਰਾਜ਼ਗੀ ਪ੍ਰਗਟ ਕਰ ਰਹੀ ਹੈ। ਜਸਵੀਰ ਨੇ ਕਿਹਾ ਕਿ ਮਨੁੱਖ ਤੇ ਕੁਦਰਤ ਪੱਖੀ ਵਿਕਾਸ ਮਾਡਲ ਹੀ ਚਿਰ ਸਥਾਈ ਸਾਬਤ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਹਰ ਕਿਸਮ ਦੇ ਵਿਕਾਸ ਵਿਚ ਸਥਾਨਕ ਮਨੁੱਖ ਦੀ ਭਾਗੀਦਾਰੀ ਜਰੂਰੀ ਹੈ। ਕਿਸੇ ਧਿਰ ਵਲੋਂ ਥੋਪਿਆ ਵਿਕਾਸ ਮਨੁੱਖ ਲਈ ਗੁਲਾਮੀ ਦਾ ਫੰਦਾ ਸਾਬਤ ਹੁੰਦਾ ਹੈ। ਉਨ੍ਹਾ ਕਿਹਾ ਕਿ ਭਾਰਤ ਦੀ ਰਾਜਨੀਤਕ ਜਮਾਤਾਂ ਅਤੇ ਅਫਸਰਸਾਹੀ ਬਹੁਕੰਮੀ ਕੰਪਨੀਆਂ ਦੀਆਂ ਦਲਾਲ ਜਮਾਤਾਂ ਬਣ ਚੱਕੀਆਂ ਹਨ। ਅਜੋਕੇ ਸਮੇਂ ਦੇ ਇਹ ਸਿਆਸਤਦਾਨ ਅਬਦਾਲੀ ਦਾ ਹੀ ਰੂਪ ਹਨ। ਇਹੋ ਜਮਾਤਾਂ ਦੇਸ਼ ਦੀ ਜਨਤਕ ਜਾਇਦਾਦ ਲੁੱਟ ਕੇ ਬਾਹਰਲੇ ਮੁਲਕਾਂ ਵਿਚ ਜਇਦਾਦਾਂ ਬਣਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਹਰ ਇੱਕ ਨੂੰ ਵਾਤਾਵਰਨ ਦੀ ਸੰਭਾਲ ਪ੍ਰਤੀ ਆਪਣੇ ਅਪਣੇ ਪੱਧਰ ਤੇ ਵੀ ਯਤਨ ਕਰਨੇ ਚਾਹੀਦਾ ਹਨ। ਉਨ੍ਹਾਂ ਕਿਹਾ ਕਿ ਪੰਜਾਬੀਆਂ ਵਿੱਚ ਰੁੱਖਾਂ ਪ੍ਰਤੀ ਸੰਵੇਦਨਾ ਖਤਮ ਹੋ ਰਹੀ ਹੈ। ਖੇਤਾਂ ਵਿਚ ਰਹਿੰਦ-ਖੂੰਹਦ ਨੂੰ ਸਾੜਨਾ ਕੁਦਰਤ ਵਿਰੋਧੀ ਵਰਤਾਰਾ ਹੈ। ਜਿਸ ਨੂੰ ਠੱਲ੍ਹ ਪਈ ਜਾਣੀ ਜ਼ਰੂਰੀ ਹੈ। ਇਸ ਮੌਕੇ ਤੇ ਸਵਾਲ ਜਵਾਬ ਵੀ ਹੋਏ। ਟਰੱਸਟ ਵਲੋਂ ਜਸਵੀਰ ਸਿੰਘ ਸ਼ੀਰੀ ਅਤੇ ਡਾ. ਅਜੀਤਪਾਲ ਸਿੰਘ ਨੂੰ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਮੰਚ ਸੰਚਾਲਨ ਡਾ. ਸਤਜੀਤ ਸਿੰਘ ਟਿਵਾਣਾ ਨੇ ਕੀਤਾ।

**ਸੈਮੀਨਾਰ ਰਿਪੋਰਟ**



*ਡਾ. ਅਜੀਤਪਾਲ ਸਿੰਘ ਸੈਮੀਨਾਰ ਨੂੰ ਸੰਬੋਧਨ ਕਰਦੇ ਹੋਏ।*

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਸ਼੍ਰੋਮਣੀ ਕਮੇਟੀ ਚੋਣਾਂ ਦੇ ਮੱਦੇਨਜ਼ ਸਰਗਰਮੀਆਂ ਤੇਜ਼

**-ਪੰਜਾਬ ਟਾਈਮਜ਼ ਬਿਊਰੋ**

**ਨੰਗਲ:** ਭਾਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੀਆਂ ਚੋਣਾਂ ਦਾ ਬਕਾਇਦਾ ਤੌਰ ਤੇ ਐਲਾਨ ਨਹੀਂ ਹੋਇਆ, ਪ੍ਰੰਤੂ ਚੋਣਾਂ ਦੇ ਮੱਦੇਨਜ਼ਰ ਪੰਥਕ ਹਲਕਿਆਂ ਦੀ ਸਿਆਸਤ ਗਰਮਾਉਣ ਲੱਗ ਪਈ ਹੈ। ਹਲਕਾ ਆਨੰਦਪੁਰ ਸਾਹਿਬ ਤੋਂ ਬਾਦਲ ਦਲ ਦੇ ਦਿੱਗਜ ਪੰਥਕ ਆਗੂਆਂ ਨੇ ਟਿਕਟ ਹਾਸਲ ਕਰਨ ਲਈ ਦੌੜ ਭੱਜ ਸ਼ੁਰੂ ਕਰ ਦਿੱਤੀ ਹੈ। ਟਿਕਟ ਦੀ ਦੌੜ ਵਿਚ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਤਰਲੋਚਨ ਸਿੰਘ ਦੇ ਐਡਵੋਕੇਟ ਸਪੁੱਤਰ ਸਣੇ ਅੱਧੀ ਦਰਜਨ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਆਗੂ ਸ਼ਾਮਲ ਹਨ। ਚੋਣਾਂ ਵਿਚ ਬਾਦਲ ਦਲ ਨੂੰ ਸਖ਼ਤ ਟੱਕਰ ਦੇਣ ਲਈ ਗਰਮਖਿਆਲੀ ਪੰਥਕ ਧਿਰਾਂ ਦੀ ਸਫਬੰਦੀ ਵੀ ਪੂਰੇ ਜ਼ੋਰਾਂ 'ਤੇ ਚੱਲ ਰਹੀ ਹੈ। ਇਸ ਵਾਰ ਸ਼੍ਰੋਮਣੀ ਕਮੇਟੀ ਚੋਣਾਂ ਦਾ ਮਾਹੌਲ ਕੁਝ ਵੱਖਰਾ ਹੋਣ ਦੀ ਸੰਭਾਵਨਾ ਵਿਖਾਈ ਦੇ ਰਹੀ ਹੈ ਕਿਉਂਕਿ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਪਦਵੀ 'ਤੇ ਬੈਠੇ ਜਥੇਦਾਰ ਤਰਲੋਚਨ ਸਿੰਘ ਵੀ ਸਿਆਸਤ 'ਚ ਨਿੱਤਰਦੇ ਜਾਪਦੇ ਹਨ ਉਹ ਆਪਣੇ ਐਡਵੋਕੇਟ ਪੁੱਤਰ ਨੂੰ ਵਾਇਆ ਸ਼੍ਰੋਮਣੀ ਕਮੇਟੀ ਸਿਆਸਤ 'ਚ ਲਿਆਉਣ ਲਈ ਪੱਬਾਂ ਭਾਰ ਹਨ।

ਹਲਕੇ ਤੋਂ ਮੌਜੂਦਾ ਸ਼੍ਰੋਮਣੀ ਕਮੇਟੀ ਮੈਂਬਰ ਤੇ ਬਾਦਲ ਪਰਿਵਾਰ ਦੇ ਨਜ਼ਦੀਕੀ ਸਮਝੇ ਜਾਂਦੇ ਗੁਰਿੰਦਰ ਸਿੰਘ ਗੋਗੀ ਦੀ ਟਿਕਟ ਵੀ ਖ਼ਤਰੇ 'ਚ ਨਜ਼ਰ ਆ ਰਹੀ ਹੈ। ਸੂਤਰਾਂ ਮੁਤਾਬਕ ਗੁਰਿੰਦਰ ਸਿੰਘ ਗੋਗੀ ਯੂਥ ਅਕਾਲੀ ਦਲ ਦੇ ਪ੍ਰਧਾਨ ਕਿਰਨਵੀਰ ਸਿੰਘ ਕੰਗ ਦੇ ਬਹੁਤ ਨਿਕਟਵਰਤੀ ਹਨ। ਜਿਥੇ ਇਹ ਨਜ਼ਦੀਕੀ ਪਿਛਲੀ ਵਾਰ ਗੋਗੀ ਨੂੰ ਬਾਦਲ ਦਲ ਦੇ ਵਿਸ਼ਵਾਸਪਾਤਰਾਂ ਦੀ ਕਤਾਰ ਵਿਚ ਲਿਆਉਣ 'ਚ ਸਹਾਈ ਹੋਈ ਸੀ, ਉਥੇ ਕੰਗ ਨਾਲ ਇਹ ਨਜ਼ਦੀਕੀ ਗੋਗੀ ਦੇ ਸਿਆਸੀ ਭਵਿੱਖ ਲਈ ਖ਼ਤਰਾ ਬਣ ਸਕਦੀ ਹੈ। ਸੂਤਰਾਂ ਦਾ ਕਹਿਣਾ ਹੈ ਕਿ ਕਿਰਨਵੀਰ ਸਿੰਘ ਕੰਗ ਦੇ ਬਾਦਲ ਪਰਿਵਾਰ ਨਾਲ ਕੁਝ ਮੱਤਭੇਦਾਂ ਕਾਰਨ ਜਿਥੇ ਕੰਗ ਦਾ ਸਿਆਸੀ ਵੱਕਾਰ ਅਨਿਸ਼ਚਿਤ ਬਣਿਆ ਹੋਇਆ ਹੈ, ਉਥੇ ਇਸ ਵਾਰ ਗੋਗੀ ਲਈ ਵੀ ਸ਼੍ਰੋਮਣੀ ਕਮੇਟੀ ਚੋਣਾਂ ਦੀ ਟਿਕਟ ਪ੍ਰਾਪਤੀ ਔਖੀ ਜਾਪਦੀ ਹੈ। ਟਿਕਟ ਦੇ ਦਾਅਵੇਦਾਰਾਂ ਦੀ ਦੌੜ ਵਿਚ ਹਲਕੇ ਦੇ ਅਕਾਲੀ ਆਗੂ ਜਗਤਾਰ ਸਿੰਘ ਭੈਣੀ ਵੀ ਪੂਰੀ ਤਰ੍ਹਾਂ ਸਰਗਰਮ ਹਨ। ਸੂਤਰ ਦੱਸਦੇ ਹਨ ਕਿ ਜਥੇਦਾਰ ਭੈਣੀ ਦੀ ਦਾਅਵੇਦਾਰੀ ਨੂੰ ਉਨ੍ਹਾਂ ਦੀ ਪਾਰਟੀ ਪ੍ਰਤੀ ਵਫਾਦਾਰੀ ਅਤੇ ਅਕਾਲੀ ਦਲ ਦੇ ਸੀਨੀਅਰ ਅਕਾਲੀ ਆਗੂਆਂ ਨਾਲ ਨੇੜਤਾ ਬਲ ਦੇ ਸਕਦੀ ਹੈ।

ਆਡਿਟ ਕੰਪਨੀ ਤੋਂ ਕੰਮ ਵਾਪਸ ਲਿਆ: ਸਿੱਖ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਵਲੋਂ ਸ਼੍ਰੋਮਣੀ ਕਮੇਟੀ ਦਾ ਆਡਿਟ ਕਰਨ ਵਾਲੀ ਕੰਪਨੀ ਸਬੰਧੀ ਸੁਣਵਾਏ ਫੈਸਲੇ ਬਾਰੇ ਗੱਲ ਕਰਦੇ ਹੋਏ ਜਥੇਦਾਰ ਮੱਕੜ ਨੇ ਦੱਸਿਆ ਕਿ ਆਡਿਟ ਕਰਨ ਵਾਲੀ ਕੰਪਨੀ ਦੀ ਸ਼੍ਰੋਮਣੀ ਕਮੇਟੀ ਵਲੋਂ ਆਡਿਟ ਕੰਪਨੀ ਦੀ ਬੀਤੀ 21 ਅਕਤੂਬਰ ਨੂੰ ਛੁੱਟੀ ਕਰ ਦਿੱਤੀ ਗਈ ਹੈ ਜਦੋਂਕਿ ਹਾਲ ਦੀ ਘੜੀ ਸ਼੍ਰੋਮਣੀ ਕਮੇਟੀ ਅਧੀਨ ਵੱਖ-ਵੱਖ ਸਥਾਨਾਂ 'ਤੇ ਤੈਨਾਤ ਉਹ ਆਡਿਟ ਕੰਪਨੀ ਦੇ ਕਰਮਚਾਰੀਆਂ ਤੋਂ ਕੰਮਕਾਜ ਵਾਪਸ ਲੈ ਲਿਆ ਗਿਆ ਹੈ। ਸਾਰਾ ਰਿਕਾਰਡ ਹੁਣ ਕੰਪਿਊਟਰਾਈਜ਼ ਕੀਤਾ ਜਾ ਰਿਹਾ ਹੈ ਅਤੇ ਇਹ ਕੰਮ ਵੀ ਲਗਭਗ ਮੁਕੰਮਲ ਕਰ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵਲੋਂ ਹਿਸਾਬ ਕਿਤਾਬ ਵਿਚ ਪਾਰਦਰਸ਼ਤਾ ਲਿਆਉਣ ਲਈ ਆਡਿਟ ਕੰਪਨੀ ਨੂੰ ਕੰਮ ਦਿੱਤਾ ਗਿਆ ਸੀ ਪਰ ਅਸੀਂ ਜੁਡੀਸ਼ੀਅਲ ਕਮਿਸ਼ਨ ਦੇ ਫੈਸਲੇ ਦਾ ਸਨਮਾਨ ਕਰਦੇ ਹੋਏ ਕੰਪਨੀ ਦੀ ਛੁੱਟੀ ਕਰ ਦਿੱਤੀ ਹੈ। ਇਸੇ ਤਰ੍ਹਾਂ ਹੀ ਬੀਤੀ 20 ਅਕਤੂਬਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਉਸ ਸਮੇਂ ਝਟਕਾ ਲੱਗਾ ਜਦੋਂ ਸਿੱਖ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਨੇ ਐੱਸ.ਐੱਸ. ਕੋਹਲੀ ਜੋ ਕਮੇਟੀ ਵਲੋਂ ਸਾਢੇ ਤਿੰਨ ਲੱਖ ਰੁਪਏ ਪ੍ਰਤੀ ਮਹੀਨੇ ਦੇ ਠੇਕੇ 'ਤੇ ਰੱਖਿਆ ਸੀ, ਦੇ ਕੰਮ 'ਤੇ ਰੋਕ ਲਗਾ ਦਿੱਤੀ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਅਧੀਨ ਆਉਂਦੇ 10 ਗੁਰਦੁਆਰਿਆਂ ਅਤੇ ਸੈਕਸ਼ਨ 85 ਅਧੀਨ ਆਉਂਦੇ ਹੋਰ ਗੁਰਦੁਆਰਿਆਂ ਦੇ ਅਕਾਊਂਟਸ ਨੂੰ ਕੰਪਿਊਟਰਾਈਜ਼ਡ ਕਰਨ ਅਤੇ ਇੰਟਰਨਲ ਆਡਿਟ ਕਰਨ ਦਾ ਕੰਮ ਐੱਸ.ਐੱਸ.ਕੋਹਲੀ ਐਂਡ ਐਸੋਸੀਏਟਸ ਨੂੰ ਸਾਢੇ 3 ਲੱਖ ਰੁਪਏ ਪ੍ਰਤੀ ਮਹੀਨੇ ਠੇਕੇ 'ਤੇ ਦਿੱਤਾ ਸੀ। ਇਸ ਸਬੰਧੀ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਸਪੈਸ਼ਲ ਸਕੱਤਰ ਬਲਦੇਵ ਸਿੰਘ ਸਿਰਸਾ ਨੇ ਇਤਰਾਜ਼ ਪ੍ਰਗਟਾਉਂਦਿਆਂ 9 ਮਈ 2009 ਨੂੰ ਆਪਣੇ ਵਕੀਲ ਐੱਮ.ਐੱਸ.ਰੰਧਾਵਾ ਰਾਹੀਂ ਪਟੀਸ਼ਨ ਦਾਇਰ ਕਰਕੇ ਕੋਹਲੀ ਨੂੰ ਦਿੱਤੇ ਗਏ ਠੇਕੇ 'ਤੇ ਰੋਕ ਲਗਾਉਣ ਦੀ ਮੰਗ ਕੀਤੀ ਸੀ। ਇਸ ਤੋਂ ਇਲਾਵਾ ਜਿੰਨੇ ਵੀ ਪੈਸੇ ਠੇਕੇ ਦੇ ਰੂਪ ਵਿਚ ਗਏ ਹਨ, ਨੂੰ ਵਾਪਸ ਵਿਆਜ ਸਮੇਤ ਗੁਰੂ ਦੀ ਗੋਲਕ 'ਚ ਜਮ੍ਹਾਂ ਕਰਵਾਉਣ ਦੀ ਮੰਗ ਕੀਤੀ ਗਈ ਸੀ।

**ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਿਆਂ ਲਈ ਫੰਡਾਂ ਨੂੰ ਪ੍ਰਵਾਨਗੀ :** ਗੁਰਦੁਆਰਾ ਸ੍ਰੀ ਬੇਰ ਸਾਹਿਬ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਨਾਲ ਸਬੰਧਤ ਗੁਰਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ 32 ਲੱਖ 91 ਹਜ਼ਾਰ ਰੁਪਏ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੇ ਇਸ ਨਾਲ ਸਬੰਧਤ ਗੁਰਦੁਆਰਿਆਂ ਲਈ 11 ਲੱਖ ਰੁਪਏ, ਗੁਰਦੁਆਰਾ ਬਾਬਾ ਬੁੱਢਾ ਜੀ ਕੱਥੂ ਨੰਗਲ ਲਈ 11 ਲੱਖ 55 ਹਜ਼ਾਰ ਰੁਪਏ, ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਲਈ 11 ਲੱਖ 64 ਹਜ਼ਾਰ ਰੁਪਏ ਅਤੇ 10 ਲੱਖ ਰੁਪਏ, ਗੁਰਦੁਆਰਾ ਬਾਬਾ ਬੁੱਢਾ ਜੀ ਰਮਦਾਸ ਲਈ 1 ਲੱਖ 28 ਹਜ਼ਾਰ ਰੁਪਏ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਪ੍ਰਬੰਧ ਅਧੀਨ ਗੁਰਦੁਆਰਾ ਚੁਬਚਾ ਸਾਹਿਬ, ਗੁਰਦੁਆਰਾ ਚਰਨਕੰਵਲ ਸਾਹਿਬ, ਗੁਰਦੁਆਰਾ ਮੰਜੀ ਸਾਹਿਬ ਲਈ 90 ਹਜ਼ਾਰ ਰੁਪਏ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਲਈ 7 ਲੱਖ 55 ਹਜ਼ਾਰ ਰੁਪਏ ਦੇ ਖ਼ਰਚਿਆਂ ਨੂੰ ਪ੍ਰਵਾਨਗੀ ਦਿੱਤੀ ਹੈ।

## ਅਫਸਰਸ਼ਾਹੀ ਸਲੀਕੇ ਨਾਲ ਪੇਸ਼ ਆਵੇ:ਬਾਦਲ



**ਬਨੂੜ :** ਅਫ਼ਸਰਸ਼ਾਹੀ ਨੂੰ ਜਨਤਾ ਪ੍ਰਤੀ ਹਾਕਮਾਂ ਵਾਲਾ ਰਵੱਈਆ ਤਿਆਗ ਕੇ ਹਾਂ -ਪੱਖੀ ਪਹੁੰਚ ਅਪਣਾਉਣ ਦੀ ਸਲਾਹ ਦਿੰਦਿਆਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਭਾਵੇਂ ਲੋਕਾਂ ਦੀਆਂ ਸਮੱਸਿਆਵਾਂ ਹੱਲ ਹੋਣ ਜਾਂ ਨਾ ਪਰ ਅਫ਼ਸਰ ਉਨ੍ਹਾਂ ਨਾਲ ਸਲੀਕੇ ਨਾਲ ਜ਼ਰੂਰ ਪੇਸ਼ ਆਉਣ ਤੇ ਉਨ੍ਹਾਂ ਦੇ ਹੰਝੂ ਪੂੰਝਦੇ ਰਹਿਣ। ਉਨ੍ਹਾਂ ਕਿਹਾ ਕਿ ਅਫ਼ਸਰਸ਼ਾਹੀ ਦੇ ਵਤੀਰਾ ਬਦਲਣ ਨਾਲ ਲੋਕਾਂ ਨੂੰ ਮਾਨਸਿਕ ਪੀੜਾ ਤੋਂ ਰਾਹਤ ਮਿਲ ਸਕਦੀ ਹੈ। ਸ. ਬਾਦਲ 23 ਅਕਤੂਬਰ ਨੂੰ ਇਥੇ ਸੰਗਤ ਦਰਸ਼ਨ ਮੌਕੇ ਬਨੂੜ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਗਰਾਊਂਡ 'ਚ ਅਫ਼ਸਰਸ਼ਾਹੀ ਤੇ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰ ਰਹੇ ਸਨ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿਚ ਘੱਟ ਮੀਂਹ ਪੈਣ ਦੇ ਬਾਵਜੂਦ ਵੀ ਇਥੋਂ ਦੇ ਮਿਹਨਤੀ ਕਿਸਾਨਾਂ ਵਲੋਂ ਦੇਸ਼ ਦੇ ਅੰਨ ਭੰਡਾਰ ਨੂੰ ਪੂਰਾ ਕਰਨ ਲਈ ਝੋਨੇ ਦੀ ਫ਼ਸਲ ਨੂੰ ਪਾਲਿਆ ਗਿਆ ਹੈ ਇਸ ਲਈ ਕੇਂਦਰ ਸਰਕਾਰ ਪੰਜਾਬ ਦੇ ਕਿਸਾਨਾਂ ਲਈ ਵਿਸ਼ੇਸ਼ ਬੋਨਸ ਦਾ ਐਲਾਨ ਕਰੇ। ਸ. ਬਾਦਲ ਨੇ ਇਸ ਮੌਕੇ ਕੇਂਦਰ ਤੋਂ ਦੇਸ਼ ਦੇ ਅੰਨ ਭੰਡਾਰ ਵਿਚ ਵੱਡਾ ਯੋਗਦਾਨ ਪਾਉਣ ਵਾਲੇ ਪੰਜਾਬ ਦੇ ਕਿਸਾਨਾਂ ਲਈ ਵਿਸ਼ੇਸ਼ ਆਰਥਿਕ ਪੈਕੇਜ ਦੇਣ ਦੀ ਮੰਗ ਵੀ ਕੀਤੀ। ਸ. ਬਾਦਲ ਨੇ ਅਖਿਆ ਕਿ ਸਰਕਾਰ ਵਲੋਂ ਖੇਤੀ 'ਤੇ ਲਾਗਤ ਖ਼ਰਚ ਘਟਾਉਣ ਲਈ ਪਿੰਡਾਂ 'ਚ ਐਗਰੋ ਸੈਂਟਰ ਖੋਲ੍ਹਣ ਦਾ ਫ਼ੈਸਲਾ ਲਿਆ ਗਿਆ ਹੈ।

ਇਸ ਰਾਹੀਂ ਖੇਤੀ ਸੰਦ ਸਮੂਹਿਕ ਤੌਰ 'ਤੇ ਖ਼ਰੀਦ ਕੇ ਵਰਤੇ ਜਾਣਗੇ। ਉਨ੍ਹਾਂ ਦੱਸਿਆ ਕਿ ਸੰਦਾਂ 'ਤੇ 33 ਫ਼ੀਸਦੀ ਸਬਸਿਡੀ ਪੰਜਾਬ ਸਰਕਾਰ ਵਲੋਂ ਦਿੱਤੀ ਜਾਵੇਗੀ। ਇਸ ਦੌਰਾਨ ਮੁੱਖ ਮੰਤਰੀ ਨੇ ਬਨੂੜ ਹਲਕੇ ਦੇ 62 ਪਿੰਡਾਂ ਨੂੰ 2 ਕਰੋੜ ਰੁਪਏ ਦੇ ਚੈਕ ਵੀ ਵੰਡੇ।

## ਅਮਰਿੰਦਰ ਦਾ ਖਾਸ ਹੋ ਸਕਦੈ ਨਵਾਂ ਰਾਜਪਾਲ

**ਚੰਡੀਗੜ੍ਹ:** ਪੰਜਾਬ ਦਾ ਅਗਲਾ ਰਾਜਪਾਲ ਕੈਪਟਨ ਅਮਰਿੰਦਰ ਸਿੰਘ ਦਾ ਖਾਸ ਵਿਅਕਤੀ ਹੋ ਸਕਦਾ ਹੈ, ਜਿਸ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਲਈ ਚਿੰਤਾ ਖੜ੍ਹੀ ਕਰ ਦਿੱਤੀ ਹੈ। ਸੂਤਰਾਂ ਅਨੁਸਾਰ ਇਸ ਸਮੇਂ ਰਾਜ ਦੇ ਗਵਰਨਰ ਦੇ ਤੌਰ 'ਤੇ ਅਮਰਿੰਦਰ ਦੇ ਖਾਸ ਦੋਸਤ ਮਧੁਕਰ ਗੁਪਤਾ ਦਾ ਨਾਂ ਸਭ ਤੋਂ ਅੱਗੇ ਚੱਲ ਰਿਹਾ ਹੈ।

ਇਸ ਦੌਰਾਨ ਸਮਾਜ ਸੇਵੀ ਨਰਿੰਦਰ ਸਿੰਘ 'ਇੰਟਰਨੈਸ਼ਨਲ' ਨੇ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਤੇ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਨੂੰ ਅਪੀਲ ਕੀਤੀ ਹੈ ਕਿ ਪੰਜਾਬ ਦੇ ਰਾਜਪਾਲ ਜਨਰਲ (ਸੇਵਾ ਮੁਕਤ) ਐਸ ਐਫ਼ ਰੌਡਰਿਗਜ਼ ਦੇ ਸੇਵਾਕਾਲ ਤੋਂ ਬਾਅਦ ਉਨ੍ਹਾਂ ਦੀ ਥਾਂ ਮੈਗਾਸਾਸੇ ਐਵਾਰਡ ਜੇਤੂ ਕਿਰਨ ਬੇਦੀ ਨੂੰ ਰਾਜਪਾਲ ਲਾਇਆ ਜਾਵੇ। ਉਨ੍ਹਾਂ ਕਿਹਾ ਕਿ ਕਿਰਨ ਬੇਦੀ ਨੂੰ ਪੰਜਾਬੀ ਚੰਗੀ ਤਰ੍ਹਾਂ ਆਉਂਦੀ ਹੈ ਤੇ ਉਸ ਦੀ ਸਲੇਟ ਕਲੀਨ ਹੈ। ਯਾਦ ਰਹੇ ਇਸ ਸਮੇਂ ਅਰਜੁਨ ਸਿੰਘ ਸ਼ਿਵ ਰਾਜ ਪਾਟਿਲ ਅਤੇ ਸਤੋਸ਼ਦੇਵ ਦਾ ਨਾਂ ਵੀ ਨਵੇਂ ਰਾਜਪਾਲ ਵਜੋ ਲਿਆ ਜਾ ਰਿਹਾ ਹੈ। ਪਰ ਸੂਤਰਾਂ ਦਾ ਕਹਿਣਾ ਹੈ ਕਿ ਮਧੁਕਰ ਗੁਪਤਾ ਦਾ ਨਾਂ ਇਸ ਸਮੇਂ ਸਭ ਤੋਂ ਉਪਰ ਹੈ।

## 11 ਪੁਲਸੀਆਂ ਨੂੰ ਏਡਜ

**ਜਲੰਧਰ :** ਪੁਲਸ ਦੇ ਉੱਚ ਅਧਿਕਾਰੀਆਂ ਨੇ ਏਡਜ਼ ਦੀ ਰੋਕਥਾਮ ਲਈ ਕੈਂਪ ਲਗਾਉਣੇ ਸ਼ੁਰੂ ਕਰ ਦਿੱਤੇ ਹਨ। ਬੀਤੇ ਦਿਨੀਂ ਜਲੰਧਰ ਵਿਚ ਹੋਏ ਮੈਡੀਕਲ ਵਿਚ 11 ਪੁਲਸ ਮੁਲਾਜ਼ਮਾਂ ਨੂੰ ਏਡਜ਼ ਹੋਣ ਦੀ ਪੁਸ਼ਟੀ ਹੋ ਗਈ ਹੈ, ਜਿਸ ਕਾਰਨ ਹੜਕੰਪ ਮਚ ਗਿਆ ਹੈ। ਮੁਲਾਜ਼ਮਾਂ ਨੂੰ ਏਡਜ਼ ਨਿਕਲਣ ਦੇ ਬਾਅਦ ਉਨ੍ਹਾਂ ਦੇ ਕਈ ਸਾਥੀਆਂ ਜਾਂ ਉਹ ਜਿਸ ਥਾਣੇ ਵਿਚ ਤਾਇਨਾਤ ਸਨ, ਤੋਂ ਇਹ ਗੱਲ ਲੁਕਾਈ ਜਾ ਰਹੀ ਹੈ ਤਾਂ ਜੋ ਕਿਸੇ ਵੀ ਏਡਜ਼ ਗ੍ਰਸਤ ਪੁਲਸ ਮੁਲਾਜ਼ਮ ਦੀ ਬਦਨਾਮੀ ਨਾ ਹੋ ਸਕੇ।

ਐੱਸ.ਪੀ. ਸਤਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਮੁਲਾਜ਼ਮਾਂ ਨੂੰ ਵਿਸ਼ੇਸ਼ ਕੈਂਪ ਲਾ ਕੇ ਏਡਜ਼ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ।


Real Estate and Home Loans

For buying or selling your home

Call Aman Hundal at: 209-918-6464

Selling Bank Owned/ Foreclosed homes in entire northern California- Bay Area, Tracy, Modesto, Stockton, Manteca, Lathrop, Tracy, Lodi, Ceres, Riverbank, Patterson, Turlock, Delhi, Livingston, Ripon.

ਓਬਾਮਾ ਪ੍ਰਸ਼ਾਸਨ ਵਲੋਂ ਐਲਾਨੇ ਗਏ ਲੋਨ ਮੋਡੀਫਿਕੇਸ਼ਨ ਅਤੇ ਰੀਫਾਇਨਾਂਸ ਪ੍ਰੋਗਰਾਮ ਦਾ ਲਾਭ ਉਠਾਓ

ਵੱਧ ਜਾਣਕਾਰੀ ਲਈ ਕਾਲ ਕਰੋ

ਟਰੇਸੀ, ਲੈਥਰੌਪ, ਮਾਡੈਸਟੋ, ਸੈਰੀਜ਼ ਅਤੇ ਟਰਲਕ ਏਰੀਏ ਵਿਚ ਤੁਸੀਂ 1.20 ਲੱਖ ਡਾਲਰ ਤੋਂ ਦੋ ਲੱਖ ਡਾਲਰ ਤੱਕ ਦੀ ਕੀਮਤ ਵਿਚ ਚੰਗਾ ਖਾਸਾ ਘਰ ਲੈ ਸਕਦੇ ਹੋ। ਸੈਂਕੜੇ ਘਰ ਵਿਕਾਊ ਹਨ, ਜੇ ਤੁਸੀਂ 700 ਡਾਲਰ ਕਿਰਾਇਆ ਦੇ ਰਹੇ ਹੋ ਤਾਂ ਤੁਹਾਡੇ ਲਈ ਆਪਣਾ ਘਰ ਖਰੀਦਣਾ ਵੱਡਾ ਲਾਹੇਵੰਦ ਰਹੇਗਾ। ਵੇਰਵੇ ਲਈ ਕਾਲ ਕਰੋ:



ਅਮਨਜੋਤ ਸਿੰਘ ਹੁੰਦਲ

Century 21 M&M and Associates

ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ ਐਲਾਨੇ ਗਏ 8 ਹਜ਼ਾਰ ਡਾਲਰ ਦੇ ਕਰੈਡਿਟ ਦਾ ਜ਼ਰੂਰ ਲਾਭ ਉਠਾਓ।

Aman Hundal
Broker Associate/ Realtor
MBA Marketing
License No. : 01839828
Century 21 M&M and Associates
605 Standiford Ave Ste D
Modesto, CA 95350
Cell: 209-918-6464, Fax: 209-552-7285
ahundal@c21mm.com

ਫਾਰਮਰਜ਼ ਇੰਸ਼ੋਰੈਂਸ

*Auto*Home*Life*Business
*Workers Comp.

Farmers offers more discounts than anybody else.

Call me today to insure that your assets are protected.

*ਆਟੋ *ਹੋਮ
*ਬਿਜਨਸ
*ਲਾਈਫ
*ਵਰਕਰਜ਼ ਕੌਂਪ.

ਇੰਸ਼ੋਰੈਂਸ ਦੇ ਬਿਹਤਰੀਨ ਰੇਟ ਲੈਣ ਲਈ ਕਾਲ ਕਰੋ।

Kiran Hundal
(209)345-0183
khundal@farmersagent.com
CA insurance License # 0F96503

1900 Standiford Ave.
Modesto, Ca 95350





FARMERS INSURANCE GROUP
Symbol of Superior Service

FARMERS

ਟਰੱਕ ਇੰਸ਼ੋਰੈਂਸ ਬਹੁਤ ਹੀ ਸਸਤੀ


Truck Insurance at very competitive rates.

ਅਸੀ ਤੁਹਾਨੂੰ ਵਧੀਆ ਰੇਟ ਦਿਵਾਵਾਂਗੇ ਪਰ ਤੁਹਾਡੀ ਕਵਰੇਜ ਘੱਟ ਕਰਕੇ ਨਹੀਂ

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ ਜੋ ਦਫਤਰ ਵਲੋਂ ਮਨਜੂਰਸ਼ੁਦਾ ਹੈ।

# ਵੇਦਾਂਤੀ ਵਲੋਂ ਸੰਘੀਆਂ ਦਾ ਲੰਗਰ ਛਕਣ ਬਾਰੇ ਵਿਵਾਦ

-ਪੰਜਾਬ ਟਾਈਮਜ਼ ਬਿਊਰੋ



**ਸ੍ਰੀ ਹਜ਼ੂਰ ਸਾਹਿਬ (ਨਾਂਦੇੜ) :**ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਆਰ.ਐਸ.ਐਸ. ਵਲੋਂ ਲਗਾਏ ਗਏ ਲੰਗਰ ਵਿਚ ਪ੍ਰਸ਼ਾਦਾ ਛਕ ਕੇ ਕਸੂਤੀ ਸਥਿਤੀ ਵਿਚ ਫਸ ਗਏ ਜਾਪਦੇ ਹਨ, ਕਿਉਂਕਿ ਆਪ ਹੀ ਹੁਕਮਨਾਮਾ ਜਾਰੀ ਕਰਕੇ ਆਰ.ਐਸ.ਐਸ. ਦੇ ਲੰਗਰ ਨੂੰ ਮਾਨਤਾ ਦੇਣ ਕਾਰਨ ਸ਼ਾਇਦ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਸ੍ਰੀ ਵੇਦਾਂਤੀ ਵਿਰੁਧ ਕੋਈ ਕਾਰਵਾਈ ਵੀ ਹੋ ਜਾਵੇ। ਤਖਤ ਸੱਚਖੰਡ ਸ੍ਰੀ ਹਜ਼ੂਰ ਅਬਿਚਲ ਨਗਰ ਸਾਹਿਬ ਜੀ ਦੇ ਮੁੱਖ ਗੇਟ ਦੇ ਬਿਲਕੁਲ ਬਾਹਰ ਆਰ.ਐਸ.ਐਸ. ਵਲੋਂ ਲੰਗਰ ਲਗਾਇਆ ਗਿਆ ਸੀ। ਭਾਵੇਂ ਇਸ ਲੰਗਰ ਨੂੰ 'ਲੰਗਰ ਭਾਈ ਲਾਲੋ ਜੀ' ਦਾ ਨਾਂ ਦਿੱਤਾ ਗਿਆ ਹੈ ਪਰ ਹੇਠਾਂ ਜੋ ਪ੍ਰਬੰਧਕਾਂ ਦੀਆਂ ਫੋਟੋਆਂ ਛਪੀਆਂ ਹਨ, ਉਨ੍ਹਾਂ ਵਿਚ ਆਰ.ਐਸ.ਐਸ. ਦੇ ਮੁਖੀ ਗੁਰਚਰਨ ਸਿੰਘ ਗਿੱਲ ਤੋਂ ਇਲਾਵਾ ਹੋਰ ਵੀ ਕਈ ਫੋਟੋਆਂ ਛਪੀਆਂ ਹਨ। ਆਰ.ਐਸ.ਐਸ. ਦੇ ਵਰਕਰ ਹੀ ਇਸ ਲੰਗਰ ਵਿਚ ਸੇਵਾ ਕਰਦੇ ਹਨ।

ਜਦੋਂ ਇਸ ਪੱਤਰਕਾਰ ਨੇ ਜਥੇਦਾਰ ਵੇਦਾਂਤੀ ਕੋਲੋਂ ਪੁਛਿਆ ਕਿ ਉਨ੍ਹਾਂ ਨੇ ਹੀ ਜਥੇਦਾਰ ਸ੍ਰੀ ਅਕਾਲ ਤਖਤ ਹੁੰਦਿਆਂ ਆਰ.ਐਸ.ਐਸ. ਦੇ ਵਿਰੁਧ ਹੁਕਮਨਾਮਾ ਜਾਰੀ ਕਰਦਿਆਂ ਕੋਈ ਵੀ ਸਾਂਝ ਨਾ ਰੱਖਣ ਲਈ ਕਿਹਾ ਸੀ ਤੇ ਹੁਣ ਆਪ ਹੀ ਉਨ੍ਹਾਂ ਇਸ ਲੰਗਰ ਵਿਚ ਪ੍ਰਸ਼ਾਦੇ ਛਕ ਕੇ ਇਸ ਦਾ ਉਦਘਾਟਨ ਕੀਤਾ ਹੈ ਤਾਂ ਸ੍ਰੀ ਵੇਦਾਂਤੀ ਨੇ ਕਿਹਾ ਕਿ ਉਨ੍ਹਾਂ ਨੂੰ ਨਹੀਂ ਸੀ ਪਤਾ ਕਿ ਇਹ ਲੰਗਰ ਆਰ.ਐਸ.ਐਸ. ਵਲੋਂ ਲਗਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਉਹ ਤਾਂ ਇਸ ਭੁਲੇਖੇ ਕਾਰਨ ਲੰਗਰ ਵਿਚ ਚਲੇ ਗਏ, ਕਿਉਂਕਿ ਇਥੇ ਲੰਗਰ ਭਾਈ ਲਾਲੋ ਜੀ ਲਿਖਿਆ ਹੋਇਆ ਸੀ। ਉਨ੍ਹਾਂ ਕਿਹਾ ਕਿ ਉਹ ਅਸੂਲਾਂ ਦੇ ਬਹੁਤ ਪੱਕੇ ਹਨ ਤੇ ਅਸੂਲਾਂ ਕਾਰਨ ਹੀ ਉਨ੍ਹਾਂ ਨੂੰ ਜਥੇਦਾਰੀ ਤੋਂ ਵੀ ਹਟਾ ਦਿੱਤਾ ਗਿਆ ਸੀ। ਉਨ੍ਹਾਂ ਅਣਜਾਣਪੁਣੇ ਵਿਚ ਹੋਈ ਇਸ ਗਲਤੀ ਲਈ ਸੰਗਤ ਤੋਂ ਮੁਆਫੀ ਵੀ ਮੰਗੀ ਹੈ।ਇਸ ਸਬੰਧ ਵਿਚ ਜਦੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਰਾਸ਼ਟਰੀ ਸਿੱਖ ਸੰਗਤ ਦਾ ਨਾਂ ਰੱਖ ਕੇ ਜੋ ਆਰ.ਐਸ.ਐਸ ਨੇ ਇਕ ਖਾਸ ਮਿਸ਼ਨ ਤਿਆਰ ਕੀਤਾ ਹੈ ਕਿ ਹਿੰਦੋਸਤਾਨ ਇਕ ਹਿੰਦੂ ਰਾਸ਼ਟਰ ਹੀ ਹੋਵੇ ਤੇ ਇਸ ਵਿਚ ਰਹਿਣ ਵਾਲੇ ਵੀ ਹਿੰਦੂ ਹੀ ਹੋਣ, ਉਸੇ ਮਿਸ਼ਨ ਦੇ ਤਹਿਤ ਇਹ ਲੰਗਰ ਲਗਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਵੇਦਾਂਤੀ ਨੇ ਖੁਦ ਕਈ ਹੁਕਮਨਾਮੇ ਜਾਰੀ ਕੀਤੇ ਪਰ ਖੁਦ ਹੀ ਉਹ ਆਰ.ਐਸ.ਐਸ. ਦੇ ਲੰਗਰਾਂ ਵਿਚ ਸ਼ਾਮਲ ਹੋਏ।

**ਪਰ** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਉਨ੍ਹਾਂ ਖਬਰਾਂ ਦਾ ਖੰਡਨ ਕੀਤਾ ਹੈ ਜਿਨ੍ਹਾਂ ਵਿਚ ਕਿਹਾ ਗਿਆ ਹੈ ਕਿ ਉਹ ਆਰ.ਐਸ.ਐਸ.ਜਾਂ ਰਾਸ਼ਟਰੀ ਸਿੱਖ ਸੰਗਤ ਵਲੋਂ ਲਾਏ ਕਿਸੇ ਲੰਗਰ ਵਿਚ ਪ੍ਰਸ਼ਾਦਾ ਛਕਣ ਲਈ ਗਏ ਸਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਆਰ.ਐਸ.ਐਸ.ਜਾਂ ਰਾਸ਼ਟਰੀ ਸਿੱਖ ਸੰਗਤ ਨਾਲ ਕੋਈ ਸੰਬੰਧ ਨਹੀਂ ਅਤੇ ਉਹ ਇਸ ਨੂੰ ਸਿੱਖਾਂ ਦੀ ਦੁਸ਼ਮਣ ਜਮਾਤ ਮੰਨਦੇ ਹਨ। ਇਥੇ ਗੱਲਬਾਤ ਕਰਦਿਆਂ ਜਥੇਦਾਰ ਵੇਦਾਂਤੀ ਨੇ ਕਿਹਾ ਕਿ 19 ਅਕਤੂਬਰ ਨੂੰ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਸਮਾਗਮ ਮਗਰੋਂ ਤਖ਼ਤ ਤੋਂ ਹੀ ਇਹ ਐਲਾਨ ਕੀਤਾ ਗਿਆ ਸੀ ਕਿ ਸੰਗਤਾਂ ਤਖ਼ਤ ਸੱਚਖੰਡ ਦੇ ਲੰਗਰ ਹਾਲ ਵਿਚ ਜਾਂ ਗੇਟ ਦੇ ਬਾਹਰ ਲੱਗੇ ਲੰਗਰ ਵਿਚੋਂ ਲੰਗਰ ਛਕਣ।

ਇਸ ਮਗਰੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ, ਉਨ੍ਹਾਂ ਸਣੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਦਮਦਮੀ ਟਕਸਾਲ ਦੇ ਮੁਖੀ ਸੰਤ ਹਰਨਾਮ ਸਿੰਘ ਖਾਲਸਾ, ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲੇ, ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ, ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲੇ, ਸੰਤ ਭੁਪਿੰਦਰ ਸਿੰਘ ਜਰਗ ਵਾਲੇ ਅਤੇ ਸੰਤ ਬਾਬਾ ਨਰਿੰਦਰ ਸਿੰਘ ਲੰਗਰ ਸਾਹਿਬ ਵਾਲਿਆਂ ਸਣੇ ਸਭ ਨੂੰ ਉਕਤ ਲੰਗਰ ਵਲ ਲੈ ਗਏ। ਇਹ ਲੰਗਰ 'ਭਾਈ ਲਾਲੋ ਜੀ' ਸੰਸਥਾ ਵਲੋਂ ਲਗਾਇਆ ਗਿਆ ਸੀ। ਉਕਤ ਸਾਰੇ ਆਗੂਆਂ ਨੇ ਹੀ ਇਸ ਲੰਗਰ ਵਿਚ ਪ੍ਰਸ਼ਾਦਾ ਛਕਿਆ ਸੀ। ਜਥੇਦਾਰ ਵੇਦਾਂਤੀ ਨੇ ਕਿਹਾ ਕਿ ਜਥੇਦਾਰ ਹੁੰਦਿਆਂ ਉਨ੍ਹਾਂ ਜੋ ਹੁਕਮਨਾਮਾ ਜਾਰੀ ਕੀਤਾ ਸੀ ਉਹ ਹੁਣ ਵੀ ਕਾਇਮ ਹੈ।

# ਬੱਕਰੇ ਝਟਕਾਉਣ ਦੀ ਪਰੰਪਰਾ ਲਈ ਸ੍ਰੀ ਅਕਾਲ ਤਖਤ ਦੀ ਚੁੱਪ ਜ਼ਿੰਮੇਵਾਰ-ਭਾਈ ਰਣਜੀਤ ਸਿੰਘ



**ਸ੍ਰੀ ਹਜ਼ੂਰ ਸਾਹਿਬ :** ਤਖਤ ਸ੍ਰੀ ਹਜ਼ੂਰ ਸਾਹਿਬ ਵਿਖੇ ਜੋ ਬੱਕਰੇ ਝਟਕਾਏ ਜਾਂਦੇ ਹਨ ਤੇ ਪੰਜਾਬ ਭਰ ਵਿਚ ਵੀ ਨਿਹੰਗ ਜਥੇਬੰਦੀਆਂ ਸ਼ਹੀਦਾਂ ਨੂੰ ਤਿਲਕ ਦੇਣ ਦੇ ਨਾਂ 'ਤੇ ਜੋ ਬੱਕਰਾ ਝਟਕਾਉਂਦੀਆਂ ਹਨ, ਇਸ ਸਾਰੇ ਕੁਝ ਲਈ ਇੱਕੋ-ਇਕ ਵਜ੍ਹਾ ਸ੍ਰੀ ਅਕਾਲ ਤਖਤ ਸਾਹਿਬ ਦਾ ਚੁੱਪ ਹੋਣਾ ਹੀ ਹੈ। ਇਹ ਵਿਚਾਰ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਅਕਾਲ ਤਖਤ ਸਾਹਿਬ ਜੀ ਨੇ ਪ੍ਰਗਟ ਕੀਤੇ। ਉਹ ਸ੍ਰੀ ਹਜ਼ੂਰ ਸਾਹਿਬ ਵਿਖੇ ਦੋ ਦਿਨ ਪਹਿਲਾਂ ਪੰਜਾਬ ਤੋਂ ਆਈ ਇਕ ਸਿੱਖ ਡਾਕਟਰ ਬੀਬੀ ਵਲੋਂ ਬੱਕਰਾ ਝਟਕਾਉਣ ਦਾ ਵਿਰੋਧ ਕਰਨ 'ਤੇ ਉਸ ਨਾਲ ਦੱਖਣੀ ਸਿੱਖਾਂ ਵਲੋਂ ਕੀਤੀ ਗਈ ਬੇਪਤੀ ਬਾਰੇ ਆਪਣਾ ਪ੍ਰਤੀਕਰਮ ਜ਼ਾਹਿਰ ਕਰ ਰਹੇ ਸਨ।

ਭਾਈ ਰਣਜੀਤ ਸਿੰਘ ਨੇ ਕਿਹਾ ਕਿ ਆਪਣੀਆਂ ਭਾਵਨਾਵਾਂ ਦੇ ਤਹਿਤ ਅੱਜ ਜੋ ਸਾਨੂੰ ਇਕੱਲੇ-ਇਕੱਲੇ ਨੂੰ ਤੇ ਸਿੱਖ ਬੀਬੀਆਂ ਨੂੰ ਬੇਇੱਜ਼ਤ ਹੋਣਾ ਪੈ ਰਿਹਾ ਹੈ, ਇਸ ਪਿੱਛੇ ਮੁੱਖ ਕਾਰਨ ਸ੍ਰੀ ਅਕਾਲ ਤਖਤ ਸਾਹਿਬ ਦਾ ਚੁੱਪ ਹੋਣਾ ਹੀ ਹੈ। ਬੱਕਰੇ ਝਟਕਾਉਣ ਸੰਬੰਧੀ ਆਪਣੀ ਗੱਲ ਜਾਰੀ ਰੱਖਦਿਆਂ ਸਾਬਕਾ ਜਥੇਦਾਰ ਨੇ ਕਿਹਾ ਕਿ ਇਸ ਪ੍ਰੰਪਰਾ ਪ੍ਰਤੀ ਸ੍ਰੀ ਅਕਾਲ ਤਖਤ ਸਾਹਿਬ ਦਾ ਹੀ ਕੋਈ ਸੰਦੇਸ਼ ਜਾਂ ਗੁਰਮਤਾ ਹੀ ਕੋਈ ਨਿਰਣਾ ਲੈਣ ਦੇ ਸਮਰੱਥ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਇਹ ਬੁਰਾਈ ਹੈ ਜਾਂ ਪ੍ਰੰਪਰਾ, ਪਰ ਇਹ ਸ੍ਰੀ ਹਜ਼ੂਰ ਸਾਹਿਬ ਹੀ ਨਹੀਂ, ਬਲਕਿ ਪੰਜਾਬ ਵਿਚ ਵੀ ਨਿਹੰਗ ਜਥੇਬੰਦੀਆਂ ਵਿਚ ਨਿਰੰਤਰ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਇਥੇ ਹੀ ਬੱਸ ਨਹੀਂ ਸਾਡੀ ਮਰਿਆਦਾ ਦੇ ਜਿੰਨੇ ਵੀ ਸਾਡੇ 'ਚ ਝਗੜੇ ਪਏ ਹਨ, ਉਹ ਸ੍ਰੀ ਅਕਾਲ ਤਖਤ ਤੇ ਖੁਦਗਰਜ਼ ਲੋਕਾਂ ਦੇ ਕਾਬਜ਼ ਹੋਣ ਕਰਕੇ ਪਏ ਹਨ ਤੇ ਮਸਲੇ ਸੁਲਝਣ ਦੀ ਥਾਂ ਹੋਰ ਵੀ ਉਲਝਦੇ ਜਾ ਰਹੇ ਹਨ ਤੇ ਘਟਣ ਦੀ ਥਾਂ ਵਧਦੇ ਜਾ ਰਹੇ ਹਨ। ਭਾਈ ਰਣਜੀਤ ਸਿੰਘ ਨੇ ਇਸਦੇ ਨਾਲ ਹੀ ਕਿਹਾ ਕਿ ਡੇਰਾ ਸੱਚਾ ਸੌਦਾ ਦੇ ਮੁਖੀ ਵਿਰੁਧ ਸ੍ਰੀ ਅਕਾਲ ਤਖਤ ਸਾਹਿਬ ਤੋਂ ਦਰਜਨ ਭਰ ਹੁਕਮਨਾਮੇ ਜਾਰੀ ਹੋਏ ਪਰ ਅਫਸੋਸ ਹੈ ਕਿ ਕਿ ਸ੍ਰੀ ਅਕਾਲ ਤਖਤ ਸਾਹਿਬ 'ਤੇ ਬਹਿਣ ਵਾਲੇ 5 ਗ੍ਰੰਥੀਆਂ ਦੀ ਕਹਿਣੀ ਤੇ ਕਰਨੀ 'ਚ ਬਹੁਤ ਹੀ ਫਰਕ ਹੈ।

ਜਦੋਂ ਇਸ ਬਾਰੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਲ ਸੰਪਰਕ ਕੀਤਾ ਗਿਆ ਤਾਂ ਪਹਿਲਾਂ ਤਾਂ ਉਨ੍ਹਾਂ ਕੋਈ ਵੀ ਗੱਲ ਕਰਨ ਤੋਂ ਹੀ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਬੱਕਰੇ ਝਟਕਾਉਣ ਬਾਰੇ ਫੈਸਲਾ ਤਖਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਨੇ ਹੀ ਕਰਨਾ ਹੈ।

ਬਾਅਦ ਵਿਚ ਗਿਆਨੀ ਗੁਰਬਚਨ ਸਿੰਘ ਨੇ ਇਹ ਕਹਿ ਕੇ ਪੱਲਾ ਛੁਡਾ ਲਿਆ ਕਿ ਇਸ ਮਾਮਲੇ ਬਾਰੇ ਵਿਚਾਰ ਕਰਨ ਦਾ ਇਹ ਉਚਿਤ ਮੌਕਾ ਨਹੀਂ ਹੈ। ਉਹ ਇਹ ਗੱਲ ਆਖਦੇ ਹੋਏ ਉਥੋ ਉਠ ਖਲੋਤੇ ਕਿ ਉਨ੍ਹਾਂ ਨੇ ਸਮਾਗਮਾਂ ਵਿਚ ਸ਼ਾਮਲ ਹੋਣ ਲਈ ਮੁੱਖ ਪੰਡਾਲ ਵਿਚ ਜਾਣਾ ਹੈ।

## ਭਾਈ ਰਣਜੀਤ ਸਿੰਘ ਸੰਗਤਾਂ 'ਚ ਹੀ ਬੈਠੇ

**ਸ੍ਰੀ ਹਜ਼ੂਰ ਸਾਹਿਬ:** ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਬੀਤੇ ਦਿਨੀਂ ਦੇਰ ਰਾਤ ਜਦੋਂ ਮੁੱਖ ਸਮਾਗਮ ਵਾਲੇ ਪੰਡਾਲ ਵਿਚ ਮੱਥਾ ਟੇਕਣ ਲਈ ਪਹੁੰਚੇ ਤਾਂ ਉਹ ਮੱਥਾ ਟੇਕ ਕੇ ਹੇਠਾਂ ਸੰਗਤਾਂ ਦੇ ਵਿਚ ਹੀ ਬੈਠ ਗਏ। ਸਟੇਜ 'ਤੇ ਜਾਣ ਲਈ ਕੋਈ ਵਿਸ਼ੇਸ਼ ਰਸਤਾ ਨਾ ਬਣਾਇਆ ਹੋਣ ਕਾਰਨ ਭਾਈ ਸਾਹਿਬ ਅੱਗੇ ਨਾ ਜਾ ਸਕੇ ਅਤੇ ਸੱਜੇ ਪਾਸੇ ਹੋ ਕੇ ਹੇਠਾਂ ਹੀ ਸੰਗਤਾਂ ਵਿਚ ਬੈਠ ਗਏ।

ਜਦੋਂ ਪ੍ਰਬੰਧਕਾਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਤੇ ਕਿਸੇ ਨੇ ਪ੍ਰਬੰਧਕਾਂ ਨੂੰ ਦੱਸਿਆ ਕਿ ਭਾਈ ਰਣਜੀਤ ਸਿੰਘ ਹੇਠਾਂ ਹੀ ਬੈਠੇ ਹਨ ਤਾਂ ਤਖਤ ਸੱਚਖੰਡ ਬੋਰਡ ਦੇ ਮੁੱਖ ਪ੍ਰਸ਼ਾਸਕ ਦੇ ਸਹਾਇਕ ਜਸਬੀਰ ਸਿੰਘ ਭੱਜ ਕੇ ਹੇਠਾਂ ਆਏ ਤੇ ਭਾਈ ਰਣਜੀਤ ਸਿੰਘ ਨੂੰ ਸਟੇਜ 'ਤੇ ਜਾਣ ਲਈ ਮਨਾਉਣ ਲੱਗੇ। ਭਾਈ ਰਣਜੀਤ ਸਿੰਘ ਨੇ ਇਹ ਕਹਿੰਦਿਆਂ ਸਟੇਜ ਤੇ ਜਾਣ ਤੋਂ ਨਾਂਹ ਕਰ ਦਿੱਤੀ ਕਿ ਉਹ ਨਿਮਾਣੇ ਸਿੱਖ ਵਜੋਂ ਹੀ ਇੱਥੇ ਆਏ ਹਨ ਤੇ ਵਾਰ ਵਾਰ ਇੱਧਰ-ਉਧਰ ਜਾਣ ਨਾਲ ਸੰਗਤਾਂ ਦੀ ਇਕਾਗਰਤਾ ਭੰਗ ਹੋਵੇਗੀ। ਪਰ ਜਸਬੀਰ ਸਿੰਘ ਉਨ੍ਹਾਂ ਨੂੰ ਮਨਾਉਣ ਦੀ ਕੋਸ਼ਿਸ਼ ਕਰਦੇ ਰਹੇ ਤੇ ਅਖੀਰ ਸਿੰਘ ਸਾਹਿਬ ਨੂੰ ਸਟੇਜ ਤੇ ਜਾਣਾ ਪਿਆ।

# ਗੁਰਤਾ ਗੱਦੀ ਤੇ ਪ੍ਰਲੋਕ ਗਮਨ ਸਮਾਗਮ ਸ਼ਾਨ ਨਾਲ ਸੰਪੰਨ

**ਨਾਂਦੇੜ (ਮਹਾਰਾਸ਼ਟਰ) :** ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ ਸੌਂਪੇ ਜਾਣ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਲੋਕ ਗਮਨ ਦੀਆਂ ਪਿਛਲੇ ਸਾਲ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਖਾਲਸਾਈ ਜਾਹੋ ਜਲਾਲ ਨਾਲ ਮਨਾਈਆਂ ਗਈਆਂ ਤ੍ਰੈਸ਼ਤਾਬਦੀਆਂ ਦੇ ਇਕ ਸਾਲ ਮਗਰੋਂ ਅਕਾਲ ਪੁਰਖ ਦੇ ਸ਼ੁਕਰਾਨੇ ਲਏ 19 ਅਕਤੂਬਰ ਨੂੰ ਸ਼ੁਰੂ ਹੋਏ 5 ਰੋਜ਼ਾ ਸੰਪੂਰਨਤਾ ਸਮਾਗਮ 23 ਅਕਤੂਬਰ ਨੂੰ ਸਵੇਰੇ ਤੋਂ ਚੱਲੇ ਗੁਰਬਾਣੀ ਕੀਰਤਨ ਅਤੇ ਵਿਚਾਰਾਂ ਦੇ ਪ੍ਰਵਾਹ ਮਗਰੋਂ ਨਾਂਦੇੜ ਵਿਖੇ ਕੱਢੇ ਗਏ ਨਗਰ ਕੀਰਤਨ ਨਾਲ ਸਮਾਪਤ ਹੋ ਗਏ। ਸਵੇਰ ਤੋਂ ਚੱਲੇ ਸਮਾਗਮਾਂ ਵਿਚ ਪਹਿਲਾਂ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਤੇ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਵਿਖੇ ਹੋਏ ਸਮਾਗਮਾਂ ਦੌਰਾਨ ਸ਼੍ਰੋਮਣੀ ਰਾਗੀ ਭਾਈ ਬਲਬੀਰ ਸਿੰਘ, ਹਜ਼ੂਰੀ ਰਾਗੀ ਭਾਈ ਰਵਿੰਦਰ ਸਿੰਘ, ਭਾਈ ਇੰਦਰਜੀਤ ਸਿੰਘ ਖਾਲਸਾ, ਭਾਈ ਮਨਿੰਦਰ ਸਿੰਘ, ਭਾਈ ਜੋਗਿੰਦਰ ਸਿੰਘ ਰਿਆੜ, ਭਾਈ ਚਮਨਜੀਤ ਸਿੰਘ ਲਾਲ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸਾਹਿਬ ਸਿੰਘ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕੀਤਾ।

ਗਿਆਨੀ ਹਰਿੰਦਰ ਸਿੰਘ ਅਲਵਰ ਵਾਲਿਆਂ ਨੇ ਸੰਗਤ ਨੂੰ ਗੁਰੂ ਵਿਚਾਰ ਨਾਲ ਜੋੜਿਆ। ਇਸ ਮੌਕੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ, ਡਾ. ਪਰਵਿੰਦਰ ਸਿੰਘ ਪਸਰੀਚਾ ਵਲੋਂ ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਹਰਨਾਮ ਸਿੰਘ ਖਾਲਸਾ, ਬਾਬਾ ਇਕਬਾਲ ਸਿੰਘ ਬੜੂ ਸਾਹਿਬ ਵਾਲੇ ਸੰਤ ਬਾਬਾ ਜਰਨੈਲ ਸਿੰਘ ਆਨੰਦਪੁਰ ਸਾਹਿਬ ਆਦਿ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ।

ਇਸ ਦੌਰਾਨ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਨੇ ਕਿਹਾ ਹੈ ਕਿ ਪਿਛਲੇ ਵਰ੍ਹੇ ਅਕਤੂਬਰ ਵਿਚ ਸ੍ਰੀ ਹਜ਼ੂਰ ਸਾਹਿਬ ਵਿਖੇ ਵਿਸ਼ਾਲ ਪੱਧਰ 'ਤੇ ਮਨਾਏ ਗਏ ਤ੍ਰੈਸ਼ਤਾਬਦੀ ਸਮਾਗਮਾਂ ਦੀ ਸਫਲਤਾ ਦੇ ਮੱਦੇਨਜ਼ਰ ਸਤਿਗੁਰਾਂ ਦੇ ਸ਼ੁਕਰਾਨੇ ਵਜੋਂ ਹੀ ਤ੍ਰੈਸ਼ਤਾਬਦੀਆਂ ਦੇ ਸੰਪੂਰਨਾ ਸਮਾਗਮ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ। ਸਮਾਗਮ ਦੀ ਸਮਾਪਤੀ 'ਤੇ ਗੱਲਬਾਤ ਕਰਦਿਆਂ ਜਥੇਦਾਰ ਕੁਲਵੰਤ ਸਿੰਘ ਨੇ ਕਿਹਾ ਕਿ ਸ੍ਰੀ ਹਜ਼ੂਰ ਸਾਹਿਬ ਦੀ ਧਰਤੀ 'ਤੇ ਮਨਾਏ ਜਾਣ ਵਾਲੇ ਇਹ ਪਹਿਲੇ ਸ਼ਤਾਬਦੀ ਸਮਾਗਮ ਸਨ, ਜਿਹੜੇ ਬਹੁਤ ਹੀ ਪ੍ਰੇਮ ਨਾਲ ਨੇਪਰੇ ਚੜ੍ਹੇ ਅਤੇ ਇਸ ਗੱਲ ਦੀ ਵੀ ਖਾਸ ਤਸੱਲੀ ਰਹੀ ਕਿ ਇੰਨੇ ਵਿਸ਼ਾਲ ਸਮਾਗਮਾਂ ਦੌਰਾਨ ਵੀ ਕੋਈ ਅਣਸੁਖਾਵੀਂ ਘਟਨਾ ਨਹੀਂ ਵਾਪਰੀ। ਇਸੇ ਸੰਦਰਭ ਵਿਚ ਗੱਲ ਕਰਦਿਆਂ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੇ ਕਿਹਾ ਕਿ ਤਖ਼ਤ ਸ੍ਰੀ ਹਜ਼ੂਰ ਸਾਹਿਬ ਵਿਖੇ ਸਫਲਤਾ ਪੂਰਵਕ ਸੰਪੰਨ ਹੋਏ ਤ੍ਰੈਸ਼ਤਾਬਦੀ ਪ੍ਰੋਗਰਾਮਾਂ ਨਾਲ ਸਿੱਖ ਕੌਮ ਦਾ ਸੰਦੇਸ਼ ਅਤੇ ਸੰਕਲਪ ਦੁਨੀਆਂ ਦੇ ਸਾਹਮਣੇ ਚੰਗੀ ਤਰ੍ਹਾਂ ਪੇਸ਼ ਹੋਇਆ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ 301 ਸਾਲਾ ਸੱਚਖੰਡ ਗਮਨ ਦਿਵਸ ਇਥੇ ਬਹੁਤ ਹੀ ਵੈਰਾਗਮਈ ਮਾਹੌਲ ਵਿਚ ਦੇਸ਼ ਵਿਦੇਸ਼ ਤੋਂ ਪੁੱਜੀਆਂ ਸੰਗਤਾਂ ਵਲੋਂ ਰਿਵਾਇਤੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇੱਥੋਂ ਦੇ ਲੋਕਾਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਬੇਪਨਾਹ ਸਤਿਕਾਰ ਤੇ ਸ਼ਰਧਾ ਡੁੱਲ੍ਹ ਡੁੱਲ੍ਹ ਪੈ ਰਹੀ ਸੀ। ਕੀ ਹਿੰਦੂ, ਕੀ ਮੁਸਲਮਾਨ ਤੇ ਕੀ ਈਸਾਈ ਜਾਂ ਸਿੱਖ, ਸਾਰੇ ਹੀ ਧਰਮਾਂ ਦੇ ਲੋਕ ਸੱਚਖੰਡ ਸਾਹਿਬ ਵਲ ਉਮੜ ਪਏ ਤੇ ਆਪਣੇ ਪਰਮ ਪਿਆਰੇ ਸਤਿਗੁਰੂ ਜੀ ਦੇ ਸੱਚਖੰਡ ਗਮਨ ਦਿਵਸ ਮਨਾਉਣ ਲਈ ਸਮਾਗਮਾਂ ਵਿਚ ਸ਼ਾਮਲ ਹੋਏ।

ਸਮੁੱਚੇ ਸ੍ਰੀ ਹਜ਼ੂਰ ਸਾਹਿਬ ਜੀ ਦਾ ਮਾਹੌਲ ਪੂਰਾ ਵੈਰਾਗਮਈ ਸੀ।ਸਮਾਪਤੀ ਤੋਂ ਇਕ ਦਿਨ ਪਹਿਲਾਂ ਸਵੇਰੇ ਅੰਮ੍ਰਿਤ ਵੇਲੇ ਸੱਚਖੰਡ ਸਾਹਿਬ ਦੇ ਇਸ਼ਨਾਨ ਲਈ ਗੋਦਾਵਰੀ ਨਦੀ 'ਚੋਂ ਜਲ ਲੈਣ ਲਈ ਰਵਾਨਾ ਹੋਇਆ। ਉਨ੍ਹਾਂ ਦੇ ਨਾਲ ਹੀ ਵੱਡੀ ਗਿਣਤੀ ਵਿਚ ਸੰਗਤ ਵੀ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੀ ਹੋਈ ਚੱਲ ਰਹੀ ਸੀ। ਗਾਗਰੀਆ ਸਿੰਘ ਵਲੋਂ ਗਾਗਰ 'ਚ ਭਰ ਕੇ ਲਿਆਂਦੇ ਗਏ ਪਵਿੱਤਰ ਜਲ ਨਾਲ ਜਥੇਦਾਰ ਕੁਲਵੰਤ ਸਿੰਘ ਜੀ ਨੇ ਅੰਗੀਠਾ ਸਾਹਿਬ ਵਾਲੀ ਥਾਂ ਦਾ ਇਸ਼ਨਾਨ ਕਰਵਾਇਆ ਤੇ ਉਸ 'ਤੇ ਸ਼ਸਤਰ ਸਜਾਏ। ਉਪਰੰਤ ਸੱਚਖੰਡ ਸਾਹਿਬ ਦੇ ਹਜ਼ੂਰੀ ਰਾਗੀਆਂ ਨੇ ਆਸਾ ਦੀ ਵਾਰ ਦਾ ਮਨੋਹਰ ਕੀਰਤਨ ਕੀਤਾ। ਆਸਾ ਦੀ ਵਾਰ ਦੀ ਸਮਾਪਤੀ ਉਪਰੰਤ ਮੀਤ ਜਥੇਦਾਰ ਜੋਤਇੰਦਰ ਸਿੰਘ ਨੇ ਅਰਦਾਸ ਕੀਤੀ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਨੂੰ ਚੰਦਨ ਦਾ ਤਿਲਕ ਲਗਾਇਆ। ਇਸ ਦੌਰਾਨ ਸੱਚਖੰਡ ਵਿਖੇ ਪਹੁੰਚੀ ਸ਼ਰਦਾਈ ਦਾ ਭੋਗ ਲਗਾਇਆ ਗਿਆ ਤੇ ਫਿਰ ਕੀਰਤਨ ਸ਼ੁਰੂ ਹੋ ਗਿਆ। ਆਨੰਦ ਸਾਹਿਬ ਦੀ ਚੌਕੀ ਮਗਰੋਂ ਤਖ਼ਤ ਸਾਹਿਬ ਦੇ ਜਥੇਦਾਰ ਕੁਲਵੰਤ ਸਿੰਘ ਨੇ ਅਰਦਾਸ ਕੀਤੀ ਤੇ ਕੜਾਹ ਪ੍ਰਸ਼ਾਦ ਨੂੰ ਭੋਗ ਲਗਾਇਆ ਗਿਆ। ਇਸਦੇ ਨਾਲ ਹੀ ਸੱਚਖੰਡ ਦੇ ਅੰਦਰ ਅੰਗੀਠਾ ਸਾਹਿਬ ਜੀ ਦੇ ਚਾਰੇ ਦਰਵਾਜ਼ੇ ਸੰਗਤਾਂ ਦੇ ਦਰਸ਼ਨਾਂ ਲਈ ਖੋਲ੍ਹ ਦਿੱਤੇ ਗਏ।


# ਪੰਜਾਬੀ ਲੇਖਕ ਜਥੇਬੰਦੀਆਂ ਵਲੋਂ ਪੰਜਾਬੀ ਭਾਸ਼ਾ ਟ੍ਰਿਬਿਊਨਲ ਬਣਾਉਣ ਦੀ ਮੰਗ

**ਸੰਗਰੂਰ :**ਪੰਜਾਬ ਰਾਜ ਭਾਸ਼ਾ ਐਕਟ 2008 ਤਹਿਤ ਪੰਜਾਬ ਸਰਕਾਰ ਵਲੋਂ ਬਣਾਈਆਂ ਗਈਆਂ ਜ਼ਿਲ੍ਹਾ ਅਤੇ ਰਾਜ ਪੱਧਰੀ ਭਾਸ਼ਾ ਕਮੇਟੀਆਂ ਨੂੰ ਮਹਿਜ਼ ਕਾਗਜ਼ੀ ਅਤੇ ਬੇਅਰਥ ਗਰਦਾਨਦਿਆਂ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਪ੍ਰਧਾਨ ਡਾ. ਤੇਜਵੰਤ ਮਾਨ ਨੇ ਸਾਰੇ ਲੇਖਕਾਂ ਅਤੇ ਪੱਤਰਕਾਰਾਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਕਮੇਟੀਆਂ ਤੋਂ ਤੁਰੰਤ ਅਸਤੀਫੇ ਦੇ ਦੇਣ।

ਪੰਜਾਬ ਦੀਆਂ ਤਿੰਨ ਪ੍ਰਮੁੱਖ ਲੇਖਕ ਜਥੇਬੰਦੀਆਂ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਅਹੁਦੇਦਾਰਾਂ ਨੇ ਇਕ ਸਾਂਝੀ ਮੀਟਿੰਗ ਕਰਕੇ ਪੰਜਾਬ ਸਰਕਾਰ ਦੀਆਂ ਬਣਾਈਆਂ ਇਨ੍ਹਾਂ ਕਮੇਟੀਆਂ ਨੂੰ ਰੱਦ ਕਰਕੇ ਪੰਜਾਬੀ ਭਾਸ਼ਾ ਟ੍ਰਿਬਿਊਨਲ ਬਣਾਉਣ ਦੀ ਮੰਗ ਕੀਤੀ ਹੈ। ਤਿੰਨਾਂ ਜਥੇਬੰਦੀਆਂ ਦੇ ਪ੍ਰਧਾਨਾਂ ਡਾ. ਤੇਜਵੰਤ ਮਾਨ, ਡਾ. ਦਲੀਪ ਕੌਰ ਟਿਵਾਣਾ ਤੇ ਡਾ. ਅਨੂਪ ਵਿਰਕ ਨੇ ਅਪੀਲ ਕੀਤੀ ਕਿ ਪੰਜਾਬੀ ਦੇ ਸਾਰੇ ਲੇਖਕ ਅਤੇ ਪੱਤਰਕਾਰ ਪੰਜਾਬ ਸਰਕਾਰ ਵਲੋਂ ਨਵੰਬਰ ਮਹੀਨੇ ਵਿਚ ਕਰਵਾਏ ਜਾ ਰਹੇ ਸਾਰੇ ਪੰਜਾਬੀ ਦਿਵਸ ਸਮਾਗਮਾਂ ਦਾ ਬਾਈਕਾਟ ਕਰਨ ਅਤੇ ਤਿੰਨਾਂ ਜਥੇਬੰਦੀਆਂ ਵਲੋਂ 2 ਨਵੰਬਰ 2009 ਨੂੰ ਪੰਜਾਬੀ ਭਵਨ ਲੁਧਿਆਣਾ ਵਿਖੇ ਕਰਵਾਈ ਜਾ ਰਹੀ ਪੰਜਾਬੀ ਭਾਸ਼ਾ ਕਨਵੈਨਸ਼ਨ ਵਿਚ ਵੱਡੀ ਗਿਣਤੀ ਵਿਚ ਸ਼ਾਮਲ ਹੋਣ। ਡਾ. ਤੇਜਵੰਤ ਮਾਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਵਿਚ ਪੰਜਾਬੀ ਭਾਸ਼ਾ ਨਾਲ ਹੋ ਰਹੇ ਧੱਕੇ ਵਿਰੁਧ ਆਵਾਜ਼ ਉਠਾਉਣ ਲਈ ਲੇਖਕ ਜਥੇਬੰਦੀਆਂ ਇਕ ਜਨ ਅੰਦੋਲਨ ਆਰੰਭ ਕਰਨ ਜਾ ਰਹੀਆਂ ਹਨ। ਪੰਜਾਬ ਦੀ ਅਫਸਰਸ਼ਾਹੀ ਅਤੇ ਵੋਟ ਰਾਜਨੀਤੀ ਦੇ ਗੁਲਾਮ ਰਾਜਨੀਤੀਵਾਨ ਪੰਜਾਬੀ ਭਾਸ਼ਾ ਪ੍ਰਤੀ ਸੁਹਿਰਦ ਨਹੀਂ। ਡਾ. ਮਾਨ ਨੇ ਦੱਸਿਆ ਕਿ ਤਿੰਨਾਂ ਲੇਖਕ ਜਥੇਬੰਦੀਆਂ ਦੀ ਅਪੀਲ ਨੂੰ ਮੁੱਖ ਰੱਖਦਿਆਂ ਗੁਰਦਿਆਲ ਸਿੰਘ, ਰਾਮ ਸਰੂਪ ਅਣਖੀ, ਓਮ ਪ੍ਰਕਾਸ਼ ਗਾਸੋ, ਬਲਦੇਵ ਸਿੰਘ ਸੜਕਨਾਮਾ, ਸੁਰਿੰਦਰ ਕੌਰ ਖਰਲ, ਜਸਵਿੰਦਰ ਰੋਪੜ, ਅਨੂਪ ਵਿਰਕ, ਕੇਵਲ ਧਾਲੀਵਾਲ, ਸਵਰਨ ਸਿੰਘ ਭੰਗੂ ਆਦਿ ਲੇਖਕਾਂ ਨੇ ਆਪਣੇ ਭਾਸ਼ਾ ਬਾਰੇ ਸਰਕਾਰੀ ਕਮੇਟੀ ਤੋਂ ਅਸਤੀਫੇ ਦੇ ਦਿੱਤੇ ਹਨ। ਅਸਤੀਫਾ ਦੇਣ ਵਿਚ ਪਹਿਲ ਕਰਨ ਵਾਲਿਆਂ ਵਿਚ ਬਰਨਾਲਾ, ਮਾਨਸਾ, ਮੋਗਾ, ਗੁਰਦਾਸਪੁਰ, ਪਟਿਆਲਾ, ਰੋਪੜ, ਅੰਮ੍ਰਿਤਸਰ ਜ਼ਿਲ੍ਹਿਆਂ ਦੇ ਲੇਖਕ ਸ਼ਾਮਲ ਹਨ। ਡਾ. ਮਾਨ ਨੇ ਦਾਅਵਾ ਕੀਤਾ ਕਿ ਬਾਕੀ ਜ਼ਿਲ੍ਹਿਆਂ ਦੀਆਂ ਭਾਸ਼ਾ ਕਮੇਟੀਆਂ ਦੇ ਲੇਖਕ ਮੈਂਬਰ ਵੀ ਅਸਤੀਫੇ ਪੰਜਾਬ ਸਰਕਾਰ ਨੂੰ ਸੌਂਪ ਦੇਣਗੇ।


SUPER TRAVEL
847-676-9090
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

ਡਾਇਮੰਡ ਹੇਅਰ ਕਟਿੰਗ ਸਲੂਨ
ਜ਼ਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜ਼ਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜ਼ਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।

For men, women & Children
TONY
ਹੇਅਰ ਕੱਟ ਸਪੈਸ਼ਲ 8 ਡਾਲਰ
Make-up
Hair cut
Perm
Hair styler

Color
Facial, Threading
Bridal Make-up
Body Art (Henna)
26655 Mission Blvd. Hayward, CA 94544
Wednesday thru Monday 10 am to 7pm,
Sunday 11 am to 6.00 pm Tuesday closed
Ph: 510-582-2472 Cell: (510) 825-0820

## ਸੰਤ ਭਿੰਡਰਾਂਵਾਲਿਆਂ ਦਾ ਰਿਕਾਰਡ ਹੈ ਨਹੀਂ

**ਚੰਡੀਗੜ੍ਹ:** ਸੂਚਨਾ ਦੇ ਅਧਿਕਾਰ ਤਹਿਤ ਅਖਿਲ ਭਾਰਤੀ ਹਿੰਦੂ ਸੁਰੱਖਿਆ ਸੰਮਤੀ ਵਲੋਂ ਡੀ.ਜੀ.ਪੀ.ਤੋਂ ਮੰਗੀ ਗਈ ਜਾਣਕਾਰੀ 'ਚ ਬੜਾ ਹੀ ਹਾਸੋਹੀਣਾ ਜਵਾਬ ਦਿੰਦਿਆਂ ਦੱਸਿਆ ਗਿਆ ਕਿ ਪੁਲਸ ਕੋਲ ਜਰਨੈਲ ਸਿੰਘ ਭਿੰਡਰਾਂਵਾਲਾ ਦਾ ਕੋਈ ਰਿਕਾਰਡ ਨਹੀਂ ਹੈ। ਇਸ ਜਵਾਬ ਤੋਂ ਅਸੰਤੁਸ਼ਟ ਸੰਮਤੀ ਦੇ ਪ੍ਰਧਾਨ ਰਾਜੀਵ ਟੰਡਨ ਨੇ ਇਸ ਖਿਲਾਫ ਮੁੱਖ ਸੂਚਨਾ ਕਮਿਸ਼ਨਰ ਰਮੇਸ਼ ਇੰਦਰ ਸਿੰਘ ਕੋਲ ਅਪੀਲ ਦਾਇਰ ਕਰ ਦਿੱਤੀ, ਜਿਸ 'ਤੇ ਕਾਰਵਾਈ ਕਰਦਿਆਂ ਉਨ੍ਹਾਂ ਵਲੋਂ ਇਸ ਮਾਮਲੇ 'ਚ ਜਾਣਕਾਰੀ ਦੇਣ ਵਾਲੇ ਸੰਬੰਧਤ ਆਈ.ਜੀ.ਰਾਹੀਂ ਡੀ.ਜੀ.ਪੀ.ਤੋਂ ਆਪਣਾ ਪੱਖ ਰੱਖਣ ਲਈ ਜਵਾਬਤਲਬੀ ਕਰ ਲਈ ਹੈ। ਪੁਲਸ ਤੋਂ 29 ਅਕਤੂਬਰ ਤਕ ਇਸ ਮਾਮਲੇ 'ਚ ਜਵਾਬ ਦੇਣ ਲਈ ਕਿਹਾ ਗਿਆ ਹੈ। ਹਿੰਦੂ ਸੁਰੱਖਿਆ ਸੰਮਤੀ ਦੇ ਰਜੀਵ ਟੰਡਨ ਨੇ ਮੰਗ ਕੀਤੀ ਹੈ ਕਿ ਸਰਕਾਰ ਨੂੰ ਵੀ ਇਹ ਸਪਸ਼ਟ ਕਰਨਾ ਚਾਹੀਦਾ ਹੈ ਕਿ ਭਿੰਡਰਾਂਵਾਲਾ ਅੱਤਵਾਦੀ ਸੀ ਜਾਂ ਸੰਤ।

## ਭਿੰਡਰਾਂਵਾਲਾ/ਰਾਜ ਠਾਕਰੇ ਕਾਂਗਰਸ ਦੇ ਜਾਏ

**ਅੰਮ੍ਰਿਤਸਰ:** ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਗਠਜੋੜ ਨੂੰ ਨਹੁੰ-ਮਾਸ ਦਾ ਰਿਸ਼ਤਾ ਦੱਸਣ ਵਾਲੀ ਭਾਰਤੀ ਜਨਤਾ ਪਾਰਟੀ ਦੇ ਪੰਜਾਬ ਮਸਲਿਆਂ ਦੇ ਇੰਚਾਰਜ ਬਲਬੀਰ ਪੁੰਜ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਕਾਂਗਰਸ ਦੀ ਪੈਦਾਇਸ਼ ਦੱਸਿਆ। ਅਪਣੇ ਪਰਵਾਰ ਨਾਲ ਦਰਬਾਰ ਸਾਹਿਬ ਵਿਖੇ ਮੱਥਾ ਟੇਕਣ ਪੁੱਜੇ ਬਲਬੀਰ ਪੁੰਜ ਨੇ ਸਰਕਟ ਹਾਊਸ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਬਾਰੇ ਪੁੱਛੇ ਜਾਣ 'ਤੇ ਕਿਹਾ, ''ਜਿਵੇਂ ਕਾਂਗਰਸ ਨੇ ਪੰਜਾਬ ਵਿਚ ਭਿੰਡਰਾਂਵਾਲਾ ਪੈਦਾ ਕੀਤਾ ਸੀ, ਉਸੇ ਤਰ੍ਹਾਂ ਹੀ ਮਹਾਰਾਸ਼ਟਰ ਵਿਚ ਰਾਜ ਠਾਕਰੇ ਪੈਦਾ ਕੀਤਾ ਹੋਇਆ ਹੈ।''

## ਦਲ ਖਾਲਸਾ ਆਗੂਆਂ ਖ਼ਿਲਾਫ਼ ਕੇਸ ਰੱਦ

**ਚੰਡੀਗੜ੍ਹ :** ਦਲ ਖਾਲਸਾ ਦੇ ਕੁੱਲ 19 ਕਾਰਕੁੰਨਾਂ ਦੇ ਖਿਲਾਫ ਦੇਸ਼ਧ੍ਰੋਹ ਦੇ ਮਾਮਲੇ ਨੂੰ ਉੱਚ ਅਦਾਲਤ ਨੇ ਖਾਰਜ ਕਰਨ ਦੇ ਹੁਕਮ ਦਿੱਤੇ ਹਨ। ਸਾਲ 2005 'ਚ ਅੰਮ੍ਰਿਤਸਰ ਵਿਖੇ 'ਸਰਕਾਰ ਏ ਖਾਲਸਾ' ਦਾ ਝੰਡਾ ਲਹਿਰਾਉਣ ਦੇ ਦੋਸ਼ਾਂ ਹੇਠ ਪੁਲਿਸ ਨੇ ਦਲ ਖਾਲਸਾ ਦੇ ਪ੍ਰਧਾਨ ਹਰਚਰਨਜੀਤ ਸਿੰਘ ਤੇ ਜਗਜੀਤ ਸਿੰਘ ਚੌਹਾਨ ਸਣੇ 25 ਅਣਪਛਾਤੇ ਕਾਰਕੁੰਨਾਂ ਦੇ ਖਿਲਾਫ ਮਾਮਲਾ ਦਰਜ ਕੀਤਾ ਸੀ। ਅਪ੍ਰੈਲ 2007 'ਚ ਵਧੀਕ ਸੈਸ਼ਨ ਜੱਜ ਅੰਮ੍ਰਿਤਸਰ ਨੇ ਪਟੀਸ਼ਨਰ ਹਰਚਰਨਜੀਤ ਸਿੰਘ ਸਣੇ 18 ਹੋਰ ਆਗੂਆਂ ਖ਼ਿਲਾਫ ਦੋਸ਼ ਆਇਦ ਕਰਨ ਦੇ ਹੁੱਕਮ ਦਿੱਤੇ ਸਨ। ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਦਲ ਖਾਲਸਾ ਦੇ 19 ਕਾਰਕੁੰਨਾਂ ਖ਼ਿਲਾਫ਼ ਦਰਜ ਮਾਮਲੇ ਨੂੰ ਰੱਦ ਕਰਨ ਦਾ ਹੁਕਮ ਦੇ ਦਿੱਤਾ ਹੈ। ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਦੱਸਿਆ ਕਿ ਮਾਮਲੇ 'ਚ ਨਾਮਜ਼ਦ ਜਗਜੀਤ ਸਿੰਘ ਚੌਹਾਨ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ।

## ਹਵਾਰਾ ਦੀ ਪਤਨੀ ਜ਼ਮਾਨਤ 'ਤੇ ਰਿਹਾ

**ਸੰਗਰੂਰ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਆਦੇਸ਼ਾਂ ਦੀ ਪਾਲਣਾ ਕਰਦੇ ਹੋਏ ਸੰਗਰੂਰ ਦੀ ਇਕ ਅਦਾਲਤ ਵਲੋਂ ਖਾੜਕੂ ਜਗਤਾਰ ਸਿੰਘ ਹਵਾਰਾ ਦੀ ਸਾਬਕਾ ਪਤਨੀ ਬੀਬੀ ਬਲਵਿੰਦਰ ਕੌਰ ਉਰਫ ਚੀਨਾ ਨੂੰ ਜ਼ਮਾਨਤ ਦੇ ਦਿੱਤੀ। ਅਦਾਲਤ ਦੇ ਇਨ੍ਹਾਂ ਹੁਕਮਾਂ ਨੂੰ ਮੱਦੇ ਨਜ਼ਰ ਰੱਖਦੇ ਹੋਏ ਜੇਲ੍ਹ ਅਧਿਕਾਰੀਆਂ ਨੇ ਬਲਵਿੰਦਰ ਕੌਰ ਨੂੰ ਰਿਹਾਅ ਕਰ ਦਿੱਤਾ ਅਤੇ ਉਸਨੂੰ ਉਸਦੇ ਪਿਤਾ ਦਾਰਾ ਸਿੰਘ ਨੂੰ ਸੌਂਪ ਦਿੱਤਾ।

# ਸੇਖਵਾਂ ਮੰਤਰੀ ਤੇ ਠੰਡਲ ਮੁੱਖ ਪਾਰਲੀਮਾਨੀ ਸਕੱਤਰ ਬਣੇ

**ਚੰਡੀਗੜ੍ਹ :** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਲੰਘੀ 26 ਅਕਤੂਬਰ ਨੂੰ ਆਪਣੇ ਮੰਤਰੀ ਮੰਡਲ 'ਚ ਵਾਧਾ ਕਰਦਿਆਂ ਸਮਾਰੋਹ ਦੌਰਾਨ ਰਾਜਪਾਲ ਐਸ. ਐਫ. ਰੋਡਰਿਗਜ਼ ਨੇ ਸੇਵਾ ਸਿੰਘ ਸੇਖਵਾਂ ਨੂੰ ਕੈਬਨਿਟ ਮੰਤਰੀ ਦੇ ਅਹੁਦੇ ਦੀ ਸਹੁੰ ਚੁਕਾਈ।



*ਉਜਾਗਰ ਸਿੰਘ ਸੇਖਵਾਂ ਸਹੁੰ ਚੁੱਕਣ ਪਿਛੋਂ ਸੁਖਬੀਰ ਬਾਦਲ ਨਾਲ (ਇੰਡੀਆ ਫੋਟੋ)*

ਅਕਾਲੀ ਦਲ ਦੇ ਵਿਧਾਇਕ ਸੇਵਾ ਸਿੰਘ ਸੇਖਵਾਂ ਨੂੰ ਕੈਬਨਿਟ ਮੰਤਰੀ ਅਤੇ ਵਿਧਾਇਕ ਸੋਹਣ ਸਿੰਘ ਠੰਡਲ ਨੂੰ ਮੁੱਖ ਪਾਰਲੀਮਾਨੀ ਸਕੱਤਰ ਬਣਾਇਆ ਹੈ। ਇਸ ਦੇ ਨਾਲ ਹੀ ਮੰਤਰੀ ਮੰਡਲ ਵਿਚ ਮੰਤਰੀਆਂ ਦੀ ਗਿਣਤੀ ਵਧ ਕੇ 18 ਹੋ ਗਈ ਹੈ। ਇੱਥੇ ਪੰਜਾਬ ਰਾਜ ਭਵਨ ਵਿਖੇ ਆਯੋਜਿਤ ਇੱਕ

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਮੰਤਰੀ ਮੰਡਲ 'ਚ ਨਵੀਆਂ ਨਿਯੁਕਤੀਆਂ ਮੈਰਿਟ-ਕਮ-ਸੀਨੀਆਰਟੀ ਦੇ ਆਧਾਰ 'ਤੇ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਸ ਵਿੱਚ ਕਿਸੇ ਨਾਲ ਕੋਈ ਭੇਦਭਾਵ ਨਹੀਂ ਕੀਤਾ ਗਿਆ।

ਸਮਾਰੋਹ ਵਿੱਚ ਮੁੱਖ ਮੰਤਰੀ ਅਤੇ ਕਈ ਸੀਨੀਅਰ ਅਕਾਲੀ ਨੇਤਾ ਮੌਜੂਦ ਸਨ। ਜ਼ਿਕਰਯੋਗ ਹੈ ਕਿ ਸ. ਸੇਖਵਾਂ ਨੇ ਇਸ ਸਾਲ ਅਗਸਤ ਵਿੱਚ ਹੋਈ ਉਪ ਚੋਣ ਵਿੱਚ ਕਾਹਨੂੰਵਾਨ ਵਿਧਾਨ ਸਭਾ ਹਲਕੇ ਤੋਂ ਚੋਣ ਜਿੱਤੀ ਸੀ। ਸਹਿਕਾਰਤਾ ਮੰਤਰੀ ਕੰਵਲਜੀਤ ਸਿੰਘ ਦੀ ਸੜਕ ਦੁਰਘਟਨਾ ਵਿੱਚ ਮੌਤ ਹੋ ਜਾਣ ਕਾਰਨ ਕੈਬਨਿਟ ਮੰਤਰੀ ਦੇ ਅਹੁਦੇ ਦੀ ਇੱਕ ਸੀਟ ਖਾਲੀ ਹੋਈ ਸੀ।

ਦੂਜੇ ਪਾਸੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮਾਹਿਲਪੁਰ ਦੇ ਵਿਧਾਇਕ ਸੋਹਣ ਸਿੰਘ ਠੰਡਲ ਨੂੰ ਮੁੱਖ ਮੰਤਰੀ ਦਫਤਰ ਵਿਖੇ ਆਯੋਜਿਤ ਇੱਕ ਸਾਦੇ ਸਮਾਗਮ ਦੌਰਾਨ ਬਤੌਰ ਮੁੱਖ ਪਾਰਲੀਮਾਨੀ ਸਕੱਤਰ ਦੇ ਆਹੁੱਦੇ ਦੀ ਸਹੁੰ ਚੁਕਾਈ। ਸ. ਠੰਡਲ 1997 ਵਿੱਚ ਸ੍ਰੋਮਣੀ ਅਕਾਲੀ ਦਲ-ਭਾਜਪਾ ਸਰਕਾਰ ਵਿੱਚ ਖੁਰਾਕ ਤੇ ਸਿਵਲ ਸਪਲਾਈ ਰਾਜ ਮੰਤਰੀ ਸਨ। ਉਹ ਮਾਹਿਲਪੁਰ ਹਲਕੇ ਤੋਂ 1997,2002 ਅਤੇ ਹੁਣ 2007 ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਤੀਜੀ ਵਾਰ ਵਿਧਾਇਕ ਚੁਣੇ ਗਏ। ਮੁੱਖ ਸਕੱਤਰ ਐਸ.ਸੀ.ਅਗਰਵਾਲ ਨੇ ਨਵ-ਨਿਯੁਕਤ ਮੁੱਖ ਪਾਰਲੀਮਾਨੀ ਸਕੱਤਰ ਦੇ ਸਹੁੰ ਚੁੱਕ ਸਮਾਗਮ ਦੀ ਕਾਰਵਾਈ ਨਿਭਾਈ। ਇਸ ਮੌਕੇ ਸਪੀਕਰ ਸ. ਨਿਰਮਲ ਸਿੰਘ ਕਾਹਲੋਂ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਅਜੀਤ ਸਿੰਘ ਕੁਹਾੜ, ਤੀਕਸ਼ਣ ਸੂਦ, ਚੌਧਰੀ ਸਵਰਨਾ ਰਾਮ (ਸਾਰੇ ਮੰਤਰੀ), ਪ੍ਰੋਫ਼ੈਸਰ ਰਜਿੰਦਰ ਭੰਡਾਰੀ ਅਤੇ ਪਾਰਟੀ ਵਰਕਰ ਹਾਜ਼ਰ ਸਨ।

## ਖਾਲਿਸਤਾਨ ਜ਼ਿੰਦਾਬਾਦ ਦਾ ਖਾੜਕੂ ਗ੍ਰਿਫਤਾਰ

**ਅੰਮ੍ਰਿਤਸਰ:** ਪਾਕਿਸਤਾਨ ਵਿਚ ਰਹਿ ਰਹੇ ਖਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਚੀਫ ਰਣਜੀਤ ਸਿੰਘ ਨੀਟਾ ਦਾ ਸੱਜਾ ਹੱਥ ਕਹੇ ਜਾਣ ਵਾਲੇ ਬਰਕਤ ਸਿੰਘ ਵਾਸੀ ਗੱਦੀਗੜ੍ਹ ਸਤਵਾਰੀ ਨੂੰ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ ਅੰਮ੍ਰਿਤਸਰ ਨੇ ਗ੍ਰਿਫਤਾਰ ਕੀਤਾ ਹੈ, ਜਿਸਦੇ ਕਬਜ਼ੇ ਤੋਂ ਪੁਲਸ ਨੇ 32 ਬੋਰ ਦੀ ਪਿਸਤੌਲ ਅਤੇ ਪੰਜ ਜ਼ਿੰਦਾ ਕਾਰਤੂਸ ਬਰਾਮਦ ਕੀਤੇ। ਅੰਮ੍ਰਿਤਸਰ ਦੇ ਐਸ.ਐਸ.ਪੀ. ਨੂੰ ਸੂਚਨਾ ਮਿਲੀ ਸੀ ਕਿ ਉਹ ਹਥਿਆਰਾਂ ਦੇ ਕਿਸੇ ਵੱਡੇ ਸੌਦੇ ਦੇ ਸਿਲਸਿਲੇ ਵਿਚ ਅੰਮ੍ਰਿਤਸਰ ਪੁੱਜਾ ਹੈ, ਜਿਸ ਤੇ ਇੰਸਪੈਕਟਰ ਹਰਵਿੰਦਰ ਸਿੰਘ ਦੀ ਅਗਵਾਈ ਵਿਚ ਇਕ ਛਾਪਾਮਾਰੀ ਦਸਤਾ ਉਸਨੂੰ ਫੜਨ ਲਈ ਰਵਾਨਾ ਕੀਤਾ ਅਤੇ ਉਸਨੂੰ ਬੱਸ ਸਟੈਂਡ ਦੇ ਨੇੜੇ ਸਥਿਤ ਪਿੰਗਲਵਾੜੇ ਦੇ ਕੋਲ ਕਿਸੇਦਾ ਇੰਤਜ਼ਾਰ ਕਰਦੇ ਸਮੇਂ ਕਾਬੂ ਕਰ ਲਿਆ।

## ਸੜਕ ਹਾਦਸੇ 'ਚ 6 ਮੌਤਾਂ

**ਸਿਰਸਾ:** ਪਿੰਡ ਮੋਰੀਵਾਲਾ ਨਜ਼ਦੀਕ ਇਕ ਪਿਕਅੱਪ ਤੇ ਟਰੱਕ ਵਿਚਾਲੇ ਹੋਈ ਭਿਆਨਕ ਟੱਕਰ 'ਚ ਇੱਕ ਬੱਚੇ ਸਮੇਤ 6 ਡੇਰਾ ਸ਼ਰਧਾਲੂਆਂ ਦੀ ਮੌਤ ਅਤੇ 10 ਜਣੇ ਜ਼ਖ਼ਮੀ ਹੋ ਗਏ।

ਜ਼ਿਲ੍ਹਾ ਕਰਨਾਲ ਦੇ ਪਿੰਡ ਕੁਲੇਰ ਤੇ ਰਾਵਲ ਨਿਵਾਸੀ ਸੁਭਾਸ਼ ਚੰਦਰ ਅਤੇ ਜਗਦੀਸ਼ ਆਪਣੇ ਪਰਿਵਾਰਾਂ ਸਮੇਤ ਡੇਰਾ ਸੱਚਾ ਸੌਦਾ ਸਿਰਸਾ ਵਿਖੇ ਸਤਿਸੰਗ 'ਚ ਸ਼ਾਮਲ ਹੋਣ ਲਈ ਗਏ ਸਨ। ਹਾਦਸੇ 'ਚ ਕੁਲੇਰ ਨਿਵਾਸੀ 12 ਸਾਲਾ ਬੱਚੇ ਸਮੇਤ 6 ਵਿਅਕਤੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ 10 ਜ਼ਖ਼ਮੀ ਹੋ ਗਏ।


MRP TRAVEL
Lowest International and Domestic Fares
FLY ANY AIRLINE OF YOUR CHOICE
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Emirates
Asiana Airlines
KOREAN AIR
SINGAPORE AIRLINES
CATHAY PACIFIC
Lufthansa
CHINA AIRLINES
We Also Offer Notary Service

Editing & Translation
Professional Text Editing in English and Translation Work from Punjabi to English (Academic, Technical and Creative)
Prithvi Raj
prithviraj46@yahoo.com
shaprithvi@gmail.com
Cell (India)-094173-50789

B & Sons Travel
➢All Airlines ➢International and Domestic
➢Wholesale Fares Around the World
We Will Beat or Match any Fare !
Office Hours
Mon-Fri:
9am -6pm
Saturday
9am-5pm
CST. REG. # 2092042-40
President : Avtar Singh
Tel:707-703-1451, Cell:707-688-6094
Fax : (707) 427-6573, Email:bsonstravel@yahoo.com
1652 West Texas St. Suite 205, Fairfield, CA 94533
We Also Have Special Vacation Packages
Contact any time from anywhere

NCP College of Nursing
Educate | Grow | Succeed
100% NCLEX-PN Pass Rate!
SSF Campus
5 Consecutive Quarters
January 1008 - March 2009
Affordable Payment Plans!
Up to 10 years Repayment Terms on Approved Credit
Start your career now!
Find a job fast using our Job Placement Office.
Full Time
Part Time
Day & Evening
Start Your Nursing Career Today!
12 Month LVN Program • 20 Day CNA Program
• LVN Vocational Nursing Program
• CNA Nursing Assistant Training
• CNA Acute Care Training
• IV Therapy & Blood Withdrawal Certification Course
• NCLEX-PN Test Preparation Workshop
• CPR
• Medical Terminology
• Continuing Education for RNs
Peninsula Campus
1.800.339.5145
East Bay Campus
1.800.611.4054
Choose which is right for you...
Your career is a call away. Call today!
www.ncpcollegeofnursing.com

FARMERS INSURANCE GROUP
Symbol of Superior Service
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com





Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਹਰਿਆਣਵੀ ਉਮੀਦਵਾਰ ਇਸ ਵਾਰ ਇਕ-ਦੂਜੇ ਦੇ ਜ਼ਿਲੇ ਵਿਚ ਸੰਨ੍ਹ ਨਾ ਲਾ ਸਕੇ


–ਰਾਕੇਸ਼ ਸੰਘੀ

ਹਰਿਆਣਾ ਦੀ 12ਵੀਂ ਵਿਧਾਨ ਸਭਾ ਦੇ ਗਠਨ ਲਈ ਹੋਈਆਂ ਚੋਣਾਂ ਦੇ ਨਤੀਜਿਆਂ ਨੇ ਸਾਰੇ ਅਗਾਊਂ ਅਨੁਮਾਨਾਂ ਨੂੰ ਫੇਲ ਕਰ ਦਿੱਤਾ। ਇਕ ਪਾਸੇ ਜਿੱਥੇ ਇਨ੍ਹਾਂ ਅਨੁਮਾਨਾਂ ਵਿਚ ਕਾਂਗਰਸ ਨੂੰ ਪੂਰਨ ਬਹੁਮਤ ਮਿਲਣ ਦਾ ਦਾਅਵਾ ਕੀਤਾ ਜਾ ਰਿਹਾ ਸੀ, ਉਥੇ ਹੀ ਕੋਈ ਵੀ ਇਨੈਲੋ ਨੂੰ 20 ਤੋਂ ਜ਼ਿਆਦਾ ਸੀਟਾਂ ਦੇਣ ਲਈ ਤਿਆਰ ਨਹੀਂ ਹੋ ਰਿਹਾ ਸੀ ਪਰ ਵੋਟਰਾਂ ਨੇ ਜਿੱਥੇ ਖੰਡਿਤ ਫਤਵਾ ਦੇ ਕੇ ਕਾਂਗਰਸ ਨੂੰ 40 ਸੀਟਾਂ ਤਕ ਸੀਮਿਤ ਕਰ ਦਿੱਤਾ, ਉਥੇ ਹੀ ਇਨੈਲੋ ਨੂੰ 31 ਸੀਟਾਂ 'ਤੇ ਜਿਤਾ ਦਿੱਤਾ। ਚੋਣ ਨਤੀਜੇ ਦੇਖ ਕੇ ਜਿੱਥੇ ਕਾਂਗਰਸ ਤੇ ਇਨੈਲੋ ਦਰਮਿਆਨ ਟੱਕਰ ਸਾਹਮਣੇ ਆਈ, ਉਥੇ ਹੀ ਇਨ੍ਹਾਂ ਦੋਹਾਂ ਪਾਰਟੀਆਂ ਦੇ ਕੁਝ ਨੇਤਾ ਇਕ-ਦੂਜੇ ਦੇ ਗ੍ਰਹਿ ਜ਼ਿਲੇ 'ਚ ਸੰਨ੍ਹ ਲਾਉਣ ਲਈ ਪੂਰੀ ਤਰ੍ਹਾਂ ਅਸਫਲ ਰਹੇ। ਕਾਂਗਰਸ ਨੂੰ ਜਿੱਥੇ ਇਨੈਲੋ ਮੁਖੀ ਓਮ ਪ੍ਰਕਾਸ਼ ਚੌਟਾਲਾ ਦੇ ਗ੍ਰਹਿ ਜ਼ਿਲ੍ਹੇ ਸਿਰਸਾ ਨਾਲ ਸਬੰਧਿਤ 5 ਸੀਟਾਂ 'ਤੇ ਨਿਰਾਸ਼ਾ ਹੱਥ ਲੱਗੀ, ਉਥੇ ਹੀ ਇਨੈਲੋ ਨੂੰ ਵੀ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੇ ਗ੍ਰਹਿ ਜ਼ਿਲੇ ਰੋਹਤਕ ਦੀਆਂ ਚਾਰੇ ਸੀਟਾਂ 'ਤੇ ਖਾਲੀ ਹੱਥ ਹੀ ਰਹਿਣਾ ਪਿਆ।


ਜੋ ਲੋਕ ਅੰਕ ਗਣਿਤ ਵਿਚ ਯਕੀਨ ਕਰਦੇ ਹਨ, ਉਹ ਚੋਣ ਨਤੀਜਿਆਂ ਨੂੰ ਆਪਣੇ ਹੀ ਅੰਦਾਜ਼ ਵਿਚ ਦੇਖ ਕੇ ਇਸਨੂੰ 'ਚਾਰ' ਦਾ ਚੱਕਰ ਦੱਸਣ ਵਿਚ ਲੱਗੇ ਹੋਏ ਹਨ। ਅੰਕ ਮਾਹਿਰਾਂ ਦਾ ਕਹਿਣਾ ਹੈ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੇ ਦੋ-ਤਿਹਾਈ ਬਹੁਮਤ ਹਾਸਿਲ ਕਰਕੇ 90 ਚੋਂ 67 ਸੀਟਾਂ 'ਤੇ ਜਿੱਤ ਦਰਜ ਕੀਤੀ ਸੀ। ਜੇ ਇਸ ਅੰਕ ਦਾ ਜੋੜ 6+7 ਕੀਤਾ ਜਾਵੇ ਤਾਂ ਇਹ 13 ਬਣਦਾ ਹੈ ਅਤੇ 1+3 ਨੂੰ ਜੋੜਿਆ ਜਾਵੇ ਤਾਂ ਇਹ 4 ਬਣਦਾ ਹੈ। ਕਾਂਗਰਸ ਨੇ ਚਾਰ ਅੰਕ ਨੂੰ ਆਪਣੇ ਲਈ ਭਾਗਸ਼ਾਲੀ ਮੰਨ ਲਿਆ। ਇਸ ਵਾਰ ਵਿਧਾਨ ਸਭਾ ਚੋਣਾਂ ਵਿਚ ਪੋਲਿੰਗ ਦੀ ਤਰੀਕ 13 ਰੱਖੀ ਗਈ ਤੇ ਜੇ ਇਨ੍ਹਾਂ ਅੰਕਾਂ ਨੂੰ ਜੋੜਿਆ ਜਾਵੇ ਤਾਂ ਉਨ੍ਹਾਂ ਦਾ ਜੋੜ ਚਾਰ ਬਣਦਾ ਹੈ। ਵੋਟਾਂ ਦੀ ਗਿਣਤੀ ਦੀ ਤਰੀਕ 22 ਰੱਖੀ ਗਈ, ਜਿਸ ਦਾ ਜੋੜ ਵੀ 4 ਹੀ ਬਣਦਾ ਹੈ। ਕਾਂਗਰਸ ਨੂੰ ਇਹ ਅੰਕ ਕਿਉਂਕਿ ਆਪਣੇ ਲਈ ਕਿਸਮਤਵਾਲਾ ਲੱਗ ਰਿਹਾ ਸੀ, ਇਸ ਲਈ ਉਸਨੂੰ ਸੀਟਾਂ ਵੀ 40 ਹੀ ਮਿਲੀਆਂ ਤੇ ਇਸ ਦਾ ਜੋੜ ਵੀ 4 ਹੀ ਬਣਦਾ ਹੈ। ਕਾਂਗਰਸ ਹੀ ਨਹੀਂ, ਸਗੋਂ ਇਨੈਲੋ ਤੇ ਭਾਜਪਾ ਵੀ ਇਸੇ ਅੰਕ ਦੇ ਚੱਕਰ ਵਿਚ ਫਸ ਗਈਆਂ। ਇਨੈਲੋ ਨੂੰ 31 ਸੀਟਾਂ ਮਿਲੀਆਂ।



ਓਮ ਪ੍ਰਕਾਸ਼ ਚੌਟਾਲਾ




ਅਜੈ ਚੌਟਾਲਾ



ਭੁਪਿੰਦਰ ਸਿੰਘ ਹੁੱਡਾ



ਅਭੈ ਚੌਟਾਲਾ



ਕੁਲਦੀਪ ਬਿਸ਼ਨੋਈ

### ਪੁੰਡਰੀ ਵਿਧਾਨ ਸਭਾ ਹਲਕੇ ਦੇ ਲੋਕਾਂ ਨੇ ਇਸ ਵਾਰ ਆਜ਼ਾਦ ਵਿਧਾਇਕਾਂ ਦਾ ਚੌਕਾ ਮਾਰਿਆ

ਇਸ ਦਾ ਜੋੜ ਵੀ ਚਾਰ ਹੀ ਬਣਦਾ ਹੈ ਤੇ ਭਾਜਪਾ ਨੂੰ ਵੀ 4 ਹੀ ਸੀਟਾਂ ਮਿਲੀਆਂ। ਜਦੋਂ ਅੰਕ ਮਾਹਿਰਾਂ ਨੂੰ ਇਹ ਪੁੱਛਿਆ ਗਿਆ ਕਿ ਹਜਕਾਂ ਤੇ ਬਸਪਾ ਇਸ ਅੰਕ ਤੋਂ ਕਿਵੇਂ ਅਛੂਤੀਆਂ ਰਹਿ ਗਈਆਂ ਤਾਂ ਉਨ੍ਹਾਂ ਦੀ ਦਲੀਲ ਸੀ ਕਿ ਇਨੈਲੋ ਤੇ ਭਾਜਪਾ ਦਰਮਿਆਨ ਤਾਂ ਕਈ ਵਾਰ 'ਨਿਕਾਹ ਅਤੇ ਤਲਾਕ' ਹੁੰਦੇ ਰਹੇ, ਜਦਕਿ ਹਜਕਾਂ ਤੇ ਬਸਪਾ 'ਚ ਇਕ ਵਾਰ ਕੁੜਮਾਈ ਤਾਂ ਹੋਈ ਪਰ ਨਿਕਾਹ ਤੋਂ ਪਹਿਲਾਂ ਹੀ ਸਬੰਧ ਟੁੱਟ ਗਿਆ। ਇਸ ਲਈ ਉਹ ਇਸ ਅੰਕ ਤੋਂ ਅਛੂਤੀਆਂ ਰਹਿ ਗਈਆਂ।

**ਭਤੀਜੇ ਹੱਥੋਂ ਚਾਚੇ ਚਿੱਤ :** ਡੱਬਵਾਲੀ ਵਿਧਾਨ ਸਭਾ ਵਿਚ ਇਸ ਵਾਰ ਮੁਕਾਬਲਾ ਦਿਲਚਸਪ ਸੀ। ਚੋਣਾਂ ਵਿਚ ਇਨੈਲੋ ਐੱਮ.ਪੀ.ਤੇ ਪਾਰਟੀ ਦੇ ਮੁੱਖ ਜਨਰਲ ਸਕੱਤਰ ਅਜੈ ਚੌਟਾਲਾ ਜਿੱਥੇ ਪਾਰਟੀ ਦੇ ਉਮੀਦਵਾਰ ਵਜੋਂ ਚੋਣ ਲੜ ਰਹੇ ਸਨ, ਉਥੇ ਹੀ ਉਨ੍ਹਾਂ ਦੇ ਮੁਕਾਬਲੇ ਕਾਂਗਰਸ ਦੀ ਟਿਕਟ 'ਤੇ ਉਨ੍ਹਾਂ ਦੇ ਚਾਚਾ ਡਾ.ਕੇ.ਵੀ.ਸਿੰਘ ਚੋਣ ਮੈਦਾਨ ਵਿਚ ਸਨ। ਇਨਾ ਹੀ ਨਹੀਂ, ਅਜੈ ਦੇ ਰਿਸ਼ਤੇ ਵਿਚ ਇਕ ਹੋਰ ਚਾਚਾ ਕੁਲਦੀਪ ਵੀ ਹਜਕਾਂ ਉਮੀਦਵਾਰ ਵਜੋਂ ਚੋਣ ਮੈਦਾਨ ਵਿਚ ਸਨ ਅਤੇ ਉਨ੍ਹਾਂ ਦੇ ਚਚੇਰੇ ਭਰਾ ਰਵੀ ਚੌਟਾਲਾ ਵੀ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਹੇ ਸਨ। ਰਵੀ ਅਜੈ ਦੇ ਸਕੇ ਚਾਚੇ ਪ੍ਰਤਾਪ ਚੌਟਾਲਾ ਦਾ ਬੇਟਾ ਹੈ।

ਅਜੈ ਨੇ ਨਾ ਸਿਰਫ ਆਪਣੇ ਦੋ ਚਾਚਿਆਂ ਨੂੰ ਚਾਰੇ ਖਾਨੇ ਚਿੱਤ ਕੀਤਾ, ਸਗੋਂ ਉਨ੍ਹਾਂ ਦੇ ਚਚੇਰੇ ਭਰਾ ਵੀ ਚੋਣਾਂ ਵਿਚ ਬੁਰੀ ਤਰ੍ਹਾਂ ਹਾਰ ਗਏ। ਅਜੈ ਨੇ ਕਾਂਗਰਸੀ ਉਮੀਦਵਾਰ ਨੂੰ 12 ਹਜ਼ਾਰ ਤੋਂ ਜ਼ਿਆਦਾ ਵੋਟਾਂ ਦੇ ਫਰਕ ਨਾਲ ਹਰਾਇਆ, ਜਦਕਿ ਰਵੀ ਤੇ ਕੁਲਦੀਪ ਦੀ ਜ਼ਮਾਨਤ ਜ਼ਬਤ ਹੋ ਗਈ। ਇਹ ਚੋਣਾਂ ਇਕ ਹੋਰ ਪੱਖੋਂ ਵੀ ਦਿਲਚਸਪ ਰਹੀਆਂ ਕਿਉਂਕਿ ਡੱਬਵਾਲੀ ਨਾਲ ਲੱਗਦੇ ਐਲਨਾਬਾਦ ਵਿਧਾਨ ਸਭਾ ਹਲਕੇ ਤੋਂ ਅਜੈ ਚੌਟਾਲਾ ਦਾ ਚਾਚਾ ਰਣਜੀਤ ਸਿੰਘ ਕਾਂਗਰਸ ਦੀ ਟਿਕਟ 'ਤੇ ਰਾਣੀਆਂ ਤੋਂ ਚੋਣ ਲੜ ਰਿਹਾ ਸੀ ਤੇ ਉਹ ਆਪਣੀ ਜਿੱਤ ਨੂੰ ਲੈ ਕੇ ਬਹੁਤ ਆਸਵੰਦ ਸੀ ਪਰ ਚੋਣ ਨਤੀਜੇ ਸਾਹਮਣੇ ਆਏ ਤਾਂ ਪਤਾ ਲੱਗਾ ਕਿ ਅਜੈ ਦਾ ਤੀਜਾ ਚਾਚਾ ਰਣਜੀਤ ਵੀ ਇਨੈਲੋ ਦੇ ਇਕ ਸਾਧਾਰਨ ਜਿਹੇ ਵਰਕਰ ਤੋਂ ਚੋਣ ਹਾਰ ਗਿਆ।

ਭਾਜਪਾ ਛੱਡ ਕੇ ਕਾਂਗਰਸ ਵਿਚ ਸ਼ਾਮਿਲ ਹੋਏ ਰਾਜਕੁਮਾਰ ਗੌਤਮ ਇਸ ਵਾਰ ਵਿਧਾਨ ਸਭਾ ਵਿਚ ਜਾਣ ਤੋਂ ਵਾਂਝੇ ਰਹਿ ਗਏ। ਗੌਤਮ ਲਗਾਤਾਰ ਕਈ ਚੋਣਾਂ ਹਾਰਨ ਤੋਂ ਬਾਅਦ ਪਿਛਲੀ ਵਾਰ ਨਾਰਨੌਂਦ ਤੋਂ ਭਾਜਪਾ ਦੀ ਟਿਕਟ 'ਤੇ ਵਿਧਾਇਕ ਚੁਣੇ ਗਏ ਸਨ। ਭਾਜਪਾ ਦੇ ਵਿਧਾਇਕ ਹੁੰਦੇ ਹੋਏ ਵੀ ਉਨ੍ਹਾਂ ਦਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਪ੍ਰਤੀ ਮੋਹ ਸਾਫ਼ ਨਜ਼ਰ ਆਉਂਦਾ ਸੀ। ਲੋਕ ਸਭਾ ਚੋਣਾਂ ਤੋਂ ਪਹਿਲਾਂ ਉਹ ਭਾਜਪਾ ਛੱਡ ਕੇ ਕਾਂਗਰਸ ਵਿਚ ਸ਼ਾਮਿਲ ਹੋ ਗਏ।

ਇਸਦੇ ਬਾਵਜੂਦ ਨਾਰਨੌਂਦ ਤੋਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਹੁਣ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਦੀ ਟਿਕਟ 'ਤੇ ਚੋਣ ਲੜਨ ਵਾਲੇ ਗੌਤਮ ਨੂੰ ਇਨੈਲੋ ਦੀ ਮਹਿਲਾ ਉਮੀਦਵਾਰ ਸਰੋਜ ਨੇ ਚਾਰੇ ਖਾਨੇ ਚਿੱਤ ਕਰ ਦਿੱਤਾ। ਸਰੋਜ ਨੇ ਗੌਤਮ ਦੇ ਨਾਲ ਹੀ ਭਾਜਪਾ ਦੇ ਸੂਬਾਈ ਜਨਰਲ ਸਕੱਤਰ ਕੈਪਟਨ ਅਭਿਮਨਿਊ ਨੂੰ ਨਾ ਸਿਰਫ਼ ਹਰਾਇਆ, ਸਗੋਂ ਅਭਿਮਨਿਊ ਤੀਜੇ ਨੰਬਰ 'ਤੇ ਪਹੁੰਚ ਗਏ। ਪਿਛਲੀ ਵਾਰ ਆਜ਼ਾਦ ਵਿਧਾਇਕ ਵਜੋਂ ਚੋਣ ਜਿੱਤਣ ਵਾਲੇ ਰਾਧੇਸ਼ਿਆਮ ਸ਼ਰਮਾ, ਨਾਂਗਲ ਚੌਧਰੀ, ਦਿਨੇਸ਼ ਕੌਸ਼ਿਕ ਪੁੰਡਰੀ, ਤਜਿੰਦਰਪਾਲ ਮਾਨ ਅਤੇ ਸ਼ਕੁੰਤਲਾ ਭਗਵੜੀਆ ਨੂੰ ਵੀ ਇਸ ਵਾਰ ਕਾਂਗਰਸ ਦੀ ਟਿਕਟ ਮਿਲਣ ਦੇ ਬਾਵਜੂਦ ਹਾਰ ਦਾ ਸਾਹਮਣਾ ਕਰਨਾ ਪਿਆ। ਕਾਂਗਰਸ ਦੀ ਟਿਕਟ 'ਤੇ ਸਿਰਫ ਸੰਪਤ ਸਿੰਘ ਹੀ ਜਿੱਤ ਦਰਜ ਕਰਵਾ ਸਕੇ। ਪੁੰਡਰੀ ਵਿਧਾਨ ਸਭਾ ਹਲਕੇ ਦੇ ਲੋਕਾਂ ਨੇ ਇਸ ਵਾਰ ਆਜ਼ਾਦ ਵਿਧਾਇਕਾਂ ਦਾ ਚੌਕਾ ਲਗਾ ਕੇ ਇਕ ਨਵਾਂ ਰਿਕਾਰਡ ਕਾਇਮ ਕੀਤਾ। ਪਿਛਲੀਆਂ ਚਾਰ ਚੋਣਾਂ 'ਚ ਪੁੰਡਰੀ ਵਿਧਾਨ ਸਭਾ ਹਲਕੇ ਤੋਂ ਸਿਰਫ਼ ਆਜ਼ਾਦ ਵਿਧਾਇਕ ਹੀ ਚੋਣ ਜਿੱਤਦੇ ਆ ਰਹੇ ਹਨ ਤੇ ਕੋਈ ਵੀ ਉਮੀਦਵਾਰ ਦੂਜੀ ਵਾਰ ਲਗਾਤਾਰ ਚੋਣ ਨਹੀਂ ਜਿੱਤ ਸਕਿਆ।

1996 ਵਿਚ ਬੰਸੀ ਲਾਲ ਨਾਲ ਬਗ਼ਾਵਤ ਕਰਕੇ ਚੋਣ ਲੜਨ ਵਾਲੇ ਨਰਿੰਦਰ ਸ਼ਰਮਾ ਆਜ਼ਾਦ ਉਮੀਦਵਾਰ ਵਜੋਂ ਪੁੰਡਰੀ ਤੋਂ ਵਿਧਾਇਕ ਚੁਣੇ ਗਏ ਸਨ। ਬਾਅਦ ਵਿਚ ਉਹ ਸਿੰਚਾਈ ਰਾਜ ਮੰਤਰੀ ਵੀ ਬਣੇ। ਉਦੋਂ ਉਨ੍ਹਾਂ ਨੇ ਕਾਂਗਰਸ ਦੇ ਥਾਗ ਨੇਤਾ ਤੇ ਸਾਬਕਾ ਸਪੀਕਰ ਈਸ਼ਵਰ ਸਿੰਘ ਨੂੰ ਹਰਾਇਆ ਸੀ। ਪਿਛਲੀ ਵਾਰ 2005 ਦੀਆਂ ਚੋਣਾਂ ਵਿਚ ਪੁੰਡਰੀ ਦੇ ਲੋਕਾਂ ਨੇ ਲਗਾਤਾਰ ਤੀਜੀ ਵਾਰ ਆਜ਼ਾਦ ਵਿਧਾਇਕ ਨੂੰ ਜਤਾਉਂਦਿਆਂ ਦਿਨੇਸ਼ ਕੌਸ਼ਿਕ ਨੂੰ ਵਿਧਾਨ ਸਭਾ ਵਿਚ ਆਪਣਾ ਨੁਮਾਇੰਦਾ ਬਣਾਇਆ ਤੇ ਇਸ ਵਾਰ ਦੀਆਂ ਵਿਧਾਨ ਸਭਾ ਚੋਣਾਂ ਵਿਚ ਪੁੰਡਰੀ ਦੇ ਲੋਕਾਂ ਨੇ ਆਜ਼ਾਦ ਉਮੀਦਵਾਰ ਸੁਲਤਾਨ ਨੂੰ ਜਿਤਾ ਕੇ ਵਿਧਾਨ ਸਭਾ ਵਿਚ ਭੇਜਿਆ ਹੈ, ਜਿਸ ਤੋਂ ਸਪਸ਼ਟ ਹੋ ਗਿਆ ਹੈ ਕਿ ਪਿਛਲੀਆਂ ਚਾਰ ਚੋਣਾਂ ਵਿਚ ਪੁੰਡਰੀ ਦੇ ਲੋਕ ਸਿਰਫ਼ ਆਜ਼ਾਦ ਵਿਧਾਇਕ ਨੂੰ ਹੀ ਜਿਤਾਉਂਦੇ ਰਹੇ ਹਨ ਤੇ ਹਰ ਵਾਰ ਨਵਾਂ ਆਜ਼ਾਦ ਵਿਧਾਇਕ ਹੀ ਚੋਣ ਜਿੱਤਦਾ ਹੈ।

## ਮਹਿਲਾ ਉਮੀਦਵਾਰਾਂ ਦੀ ਜਿੱਤ 15 ਫੀਸਦੀ ਘਟੀ

**ਪੰਚਕੂਲਾ :** ਹਰਿਆਣਾ ਵਿਧਾਨ ਸਭਾ ਵਿਚ ਔਰਤ ਵਿਧਾਇਕਾਂ ਦੀ ਗਿਣਤੀ ਦਿਨ ਪ੍ਰਤੀ ਦਿਨ ਘਟਦੀ ਜਾ ਰਹੀ ਹੈ, ਜਦਕਿ ਹੋਣਾ ਇਹ ਚਾਹੀਦਾ ਹੈ ਕਿ ਮਹਿਲਾ ਸ਼ਕਤੀ ਦੇ ਪ੍ਰਚਾਰ ਅਤੇ ਔਰਤਾਂ ਨੂੰ ਅੱਗੇ ਲਿਆਉਣ ਦੇ ਨਾਅਰੇ ਨਾਲ ਇਹ ਗਿਣਤੀ ਦਿਨ ਪ੍ਰਤੀ ਦਿਨ ਵਧਣੀ ਚਾਹੀਦੀ ਸੀ। ਹੁਣ 2009 ਦੀ ਵਿਧਾਨ ਸਭਾ ਚੋਣਾਂ ਵਿਚ ਸਿਰਫ 9 ਔਰਤਾਂ ਵਿਧਾਇਕ ਹੀ ਵਿਧਾਨ ਸਭਾ ਵਿਚ ਆਈਆਂ ਹਨ ਜਦ ਕਿ ਚੋਣਾਂ ਵਿਚ ਕੁਲ 67 ਔਰਤਾਂ ਉਮੀਦਵਾਰ ਮੈਦਾਨ ਵਿਚ ਸਨ। 2005 ਵਿਚ 11 ਔਰਤਾਂ ਉਮੀਦਵਾਰਾਂ ਦੀ ਜਿੱਤ ਹੋਈ ਸੀ ਅਤੇ 11 ਔਰਤ ਉਮੀਦਵਾਰਾਂ ਨੇ ਵਿਧਾਨ ਸਭਾ ਵਿਚ ਪ੍ਰਵੇਸ਼ ਕੀਤਾ ਸੀ। ਹੁਣ 2009 ਦੀਆਂ ਚੋਣਾਂ ਵਿਚ ਔਰਤ ਵਿਧਾਇਕਾਂ ਦੀ ਗਿਣਤੀ ਦਾ ਅੰਕੜਾ ਸਿਰਫ 15 ਫੀਸਦੀ ਹੀ ਰਹਿ ਗਿਆ ਹੈ।

### ਤਿੰਨ ਰਾਜਾਂ ਵਿਚ ਵਿਧਾਨ ਸਭਾ ਚੋਣਾਂ

## ਲੱਕ ਤੋੜਵੀਂ ਹਾਰ ਪਿੱਛੋਂ ਭਾਜਪਾ ਦਾ ਸੰਕਟ ਵਧਿਆ

**ਨਵੀਂ ਦਿੱਲੀ:** ਵਿਧਾਨ ਸਭਾ ਚੋਣਾਂ ਵਿਚ ਹੋਈ ਹਾਰ ਨਾਲ ਭਾਜਪਾ ਨੂੰ ਵੱਡਾ ਧੱਕਾ ਲੱਗਿਆ ਜਦ ਕਿ ਇਹ ਹਾਰ ਲੋਕ ਸਭਾ ਚੋਣਾਂ ਵਿਚ ਲੱਗੇ ਝਟਕੇ ਤੋਂ ਪਾਰਟੀ ਦੀ ਅੰਦਰੂਨੀ ਖਿਚੋਤਾਣ ਵਿਚੋਂ ਹੀ ਉਭਰਨ ਦਾ ਯਤਨ ਕਰ ਰਹੀ ਸੀ। ਤਿੰਨਾਂ ਵਿਚੋਂ ਦੋ ਰਾਜਾਂ ਮਹਾਰਾਸ਼ਟਰ ਅਤੇ ਹਰਿਆਣਾ ਵਿਚ ਤਾਂ ਭਾਜਪਾ ਪਿਛਲੀਆਂ ਗੱਠਜੋੜ ਸਰਕਾਰਾਂ ਦੀ ਭਾਈਵਾਲ ਵੀ ਸੀ।

ਹਾਲਾਂਕਿ ਹਰਿਆਣਾ ਵਿਚ ਇਸ ਨੂੰ ਕਿਸੇ ਵੱਡੀ ਸਫਲਤਾ ਦੀ ਉਮੀਦ ਨਹੀਂ ਸੀ ਕਿਉਂਕਿ ਇਸ ਨੇ ਆਪਣੇ ਭਾਈਵਾਲ ਇੰਡੀਅਨ ਨੈਸ਼ਨਲ ਲੋਕ ਦਲ ਨਾਲੋਂ ਨਾਤਾ ਤੋੜ ਲਿਆ ਸੀ ਤੇ ਸਾਬਕਾ ਮੁੱਖ ਮੰਤਰੀ ਭਜਨ ਲਾਲ ਦੀ ਅਗਵਾਈ ਵਾਲੀ ਹਰਿਆਣਾ ਜਨ ਹਿਤ ਨਾਲ ਇਹ ਸਾਂਝ ਪਾ ਨਹੀਂ ਸਕੇ। ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਵਿਚ ਲਗਾਤਾਰ ਤੀਜੀ ਵਾਰ ਹੋਈ ਹਾਰ ਨਾਲ ਭਾਜਪਾ ਨੂੰ ਵੱਡੀ ਸੱਟ ਵੱਜੀ। ਉਥੇ ਇਸ ਨੇ ਆਪਣੀ ਪੁਰਾਣੀ ਭਾਈਵਾਲ ਸ਼ਿਵ ਸੈਨਾ ਨਾਲ ਗੱਠਜੋੜ ਕਾਇਮ ਰੱਖਦਿਆਂ ਇਸ ਉਮੀਦ ਨਾਲ ਚੋਣ ਲੜੀ ਸੀ ਕਿ ਲੋਕ ਸਭਾ ਵਿਚ ਹੋਈ ਹਾਰ ਤੋਂ ਬਾਅਦ ਉਹ ਇਸ ਵਾਰ ਆਪਣੀ ਸਥਿਤੀ ਮਜ਼ਬੂਤ ਕਰ ਲਵੇਗੀ ਪਰ ਉਸ ਦੀਆਂ ਉਮੀਦਾਂ ਨੂੰ ਬੂਰ ਨਹੀਂ ਪਿਆ।

ਮਹਾਰਾਸ਼ਟਰ ਵਿਚ ਭਾਜਪਾ ਦੇ ਸਿਖਰਲੇ ਆਗੂਆਂ ਵਿਚੋਂ ਇਕ ਗੋਪੀਨਾਥ ਮੁੰਡੇ ਉਦੋਂ ਨਿਰਾਸ਼ ਨਜ਼ਰ ਆਏ ਜਦੋਂ ਉਨ੍ਹਾਂ ਨੇ ਕਿਹਾ, ''ਪਾਰਟੀ ਨੂੰ ਇਸ ਵੇਲੇ ਹੌਸਲਾ ਵਧਾਉਣ ਲਈ ਜਿੱਤ ਦੀ ਲੋੜ ਸੀ ਪਰ ਰਾਜ ਵਿਚ ਜੋ ਕੁਝ ਵੀ ਵਾਪਰਿਆ ਹੈ ਉਸ ਨਾਲ ਪਾਰਟੀ ਦੇ ਹੌਸਲੇ ਹੋਰ ਡਿੱਗ ਗਏ ਹਨ। ਜੇ ਇਨ੍ਹਾਂ ਚੋਣਾਂ ਵਿਚ ਭਾਜਪਾ ਜਿੱਤ ਜਾਂਦੀ ਤਾਂ ਇਸ ਨੂੰ ਕੌਮੀ ਪੱਧਰ 'ਤੇ ਵੱਡਾ ਹੁਲਾਰਾ ਮਿਲਣਾ ਸੀ, ਪਰ ਅਜਿਹਾ ਨਹੀਂ ਹੋ ਸਕਿਆ।''

ਇਸ ਦੌਰਾਨ ਪਾਰਟੀ ਦੇ ਸੂਤਰਾਂ ਨੇ ਦੱਸਿਆ ਕਿ ਇਨ੍ਹਾਂ ਚੋਣ ਨਤੀਜਿਆਂ ਤੋਂ ਬਾਅਦ ਭਾਜਪਾ ਵਿਚ ਰਾਸ਼ਟਰੀ ਸੋਇਮ ਸੇਵਕ ਸੰਘ ਦਾ ਦਖ਼ਲ ਵਧ ਸਕਦਾ ਹੈ। ਇਹ ਵੀ ਹੋ ਸਕਦਾ ਹੈ ਕਿ ਸੀਨੀਅਰ ਆਗੂ ਲਾਲ ਕ੍ਰਿਸ਼ਨ ਅਡਵਾਨੀ 'ਤੇ ਸਰਗਰਮ ਸਿਆਸਤ ਤੋਂ ਲਾਂਭੇ ਹੋਣ ਲਈ ਦਬਾਅ ਵਧ ਜਾਵੇ।

ਇਸ ਤੋਂ ਇਲਾਵਾ ਭਾਜਪਾ-ਸ਼ਿਵ ਸੈਨਾ ਗੱਠਜੋੜ ਨੂੰ ਮਹਾਰਾਸ਼ਟਰ ਨਵਨਿਰਮਾਣ ਸੈਨਾ ਨੇ ਜੋ ਢਾਹ ਲਾਈ ਹੈ। ਉਸ ਤੋਂ ਪਾਰਟੀ ਭਵਿੱਖ ਵਿਚ ਨਵੇਂ ਗੱਠਜੋੜਾਂ ਬਾਰੇ ਵੀ ਸੋਚ ਸਕਦੀ ਹੈ। ਸ੍ਰੀ ਮੁੰਡੇ ਨੇ ਕਿਹਾ ਕਿ ਹਰਿਆਣਾ ਵਿਚ ਇਨੈਲੋ ਨਾਲੋਂ ਨਾਤਾ ਤੋੜਨ ਦਾ ਫੈਸਲਾ ਵੀ ਭਾਜਪਾ ਦਾ ਗਲਤ ਸਾਬਤ ਹੋਇਆ।ਭਾਜਪਾ ਮਹਾਰਾਸ਼ਟਰ ਵਿਚ ਹਾਰ ਲਈ ਠਾਕਰੇ ਨੂੰ ਜ਼ਿੰਮੇਵਾਰ ਦੱਸ ਰਹੀ।

## ਸਿਰਸਾ ਜ਼ਿਲ੍ਹੇ ਦੇ ਪੰਜੇ ਵਿਧਾਨ ਸਭਾ ਹਲਕਿਆਂ ਵਿਚ ਕਾਂਗਰਸ ਪਾਰਟੀ ਹਾਰੀ

**ਸਿਰਸਾ :** ਲੰਘੇ ਦਿਨੀਂ ਹੋਈਆਂ ਚੋਣਾਂ ਦੇ ਨਤੀਜਿਆਂ ਵਿਚ ਜ਼ਿਲ੍ਹਾ ਸਿਰਸਾ ਦੇ ਪੰਜਾਂ ਵਿਧਾਨ ਸਭਾ ਹਲਕਿਆਂ ਤੋਂ ਕਾਂਗਰਸ ਨੂੰ ਨਮੋਸ਼ੀ ਵਾਲੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਜ਼ਿਲ੍ਹੇ ਦੀਆਂ ਪੰਜਾਂ 'ਚੋਂ ਤਿੰਨ ਏਲਨਾਬਾਦ, ਰਾਣੀਆਂ, ਡੱਬਵਾਲੀ ਸੀਟਾਂ 'ਤੇ ਇਨੈਲੋ ਦੇ ਉਮੀਦਵਾਰਾਂ ਨੇ ਜਿੱਤ ਪ੍ਰਾਪਤ ਕੀਤੀ ਹੈ, ਜਦੋਂਕਿ ਜ਼ਿਲ੍ਹੇ ਦੇ ਨਵੇਂ ਬਣੇ ਕਾਲਾਂਵਾਲੀ ਰਾਖਵੇਂ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਅਤੇ ਸਿਰਸਾ ਵਿਧਾਨ ਸਭਾ ਹਲਕੇ ਤੋਂ ਐਮ ਡੀ ਐਲ ਆਰ ਏਅਰ ਲਾਇਨਜ਼ ਦੇ ਚੇਅਰਮੈਨ ਗੋਪਾਲ ਕਾਂਡਾ ਨੇ ਆਜ਼ਾਦ ਉਮੀਦਵਾਰ ਵਜੋਂ ਆਪਣੀ ਜਿੱਤ ਪ੍ਰਾਪਤ ਕੀਤੀ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਸਿਰਸਾ ਵਿਧਾਨ ਸਭਾ ਹਲਕੇ ਤੋਂ ਐਮ ਡੀ ਐਲ ਆਰ ਏਅਰ ਲਾਇਨਜ਼ ਦੇ ਚੇਅਰਮੈਨ ਅਤੇ ਆਜ਼ਾਦ ਉਮੀਦਵਾਰ ਗੋਪਾਲ ਕਾਂਡਾ ਨੇ ਪੰਜ ਵਾਰ ਸਿਰਸਾ ਸੀਟ ਤੋਂ ਜਿੱਤਣ ਵਾਲੇ ਕਾਂਗਰਸੀ ਉਮੀਦਵਾਰ ਲਛਮਣ ਦਾਸ ਅਰੋੜਾ ਨੂੰ 7727 ਵੋਟਾਂ ਦੇ ਫਰਕ ਨਾਲ ਹਰਾਇਆ ਹੈ। ਗੋਪਾਲ ਕਾਂਡਾ ਨੂੰ 31440 ਵੋਟਾਂ ਪ੍ਰਾਪਤ ਹੋਈਆਂ, ਜਦੋਂਕਿ ਹੁੱਡਾ ਸਰਕਾਰ 'ਚ ਸਨਅਤ ਮੰਤਰੀ ਰਹੇ ਲਛਮਣ ਦਾਸ ਅਰੋੜਾ ਨੂੰ 23713 ਵੋਟਾਂ ਮਿਲੀਆਂ। ਇੰਡੀਅਨ ਨੈਸ਼ਨਲ ਲੋਕ ਦਲ ਦੇ ਉਮੀਦਵਾਰ ਪਦਮ ਜੈਨ 23563 ਵੋਟਾਂ ਲੈ ਕੇ ਤੀਜੇ ਸਥਾਨ 'ਤੇ ਰਹੇ। ਹਰਿਆਣਾ ਜਨਹਿਤ ਕਾਂਗਰਸ ਦੇ ਉਮੀਦਵਾਰ ਵੀਰਭਾਨ ਮਹਿਤਾ ਨੂੰ 7118 ਵੋਟਾਂ ਮਿਲੀਆਂ, ਜਦੋਂਕਿ ਬੀ ਜੇ ਪੀ ਦੇ ਉਮੀਦਵਾਰ ਰੋਹਤਾਸ਼ ਜਾਂਗੜਾ ਨੂੰ ਸਿਰਫ 1236 ਅਤੇ ਸੀ.ਪੀ.ਐਮ. ਦੀ ਉਮੀਦਵਾਰ ਬਲਬੀਰ ਕੌਰ ਐਡਵੋਕੇਟ ਨੂੰ ਸਿਰਫ 440 ਵੋਟਾਂ ਹੀ ਪ੍ਰਾਪਤ ਹੋਈਆਂ ਹਨ।

ਰਾਖਵੇਂ ਤੋਂ ਜਨਰਲ ਹੋਏ ਏਲਨਾਬਾਦ ਹਲਕੇ ਤੋਂ ਇੰਡੀਅਨ ਨੈਸ਼ਨਲ ਲੋਕ ਦਲ ਦੇ ਸੁਪਰੀਮੋ ਅਤੇ ਸਾਬਕਾ ਮੁੱਖ ਮੰਤਰੀ ਚੌਧਰੀ ਓਮ ਪ੍ਰਕਾਸ਼ ਚੌਟਾਲਾ ਨੇ ਕਾਂਗਰਸ ਦੇ ਉਮੀਦਵਾਰ ਭਰਤ ਸਿੰਘ ਬੈਨੀਵਾਲ ਨੂੰ 16423 ਵੋਟਾਂ ਦੇ ਫਰਕ ਨਾਲ ਹਰਾਇਆ ਹੈ। ਇਨੈਲੋ ਸੁਪਰੀਮੋ ਚੌਧਰੀ ਓਮ ਪ੍ਰਕਾਸ਼ ਚੌਟਾਲਾ ਨੂੰ ਕੁੱਲ 64567 ਵੋਟਾਂ ਮਿਲੀਆਂ, ਜਦੋਂਕਿ ਕਾਂਗਰਸ ਦੇ ਭਰਤ ਸਿੰਘ ਬੈਨੀਵਾਲ ਨੂੰ 48144 ਵੋਟਾਂ ਮਿਲੀਆਂ। ਇਸੇ ਤਰ੍ਹਾਂ ਬੀ ਜੇ ਪੀ ਦੇ ਉਮੀਦਵਾਰ ਅਮੀਰ ਚੰਦ ਮਹਿਤਾ ਨੂੰ 3618, ਹਜਕਾਂ ਦੇ ਦੇਵੀ ਲਾਲ ਬੈਨੀਵਾਲ ਨੂੰ 3360, ਬਸਪਾ ਦੇ ਪਰਸਨ ਸਿੰਘ ਖੋਸਾ ਨੂੰ 2605, ਐਸ.ਬੀ.ਪੀ. ਦੇ ਉਮੀਦਵਾਰ ਸੁਧੀਰ ਕੁਮਾਰ ਬੈਨੀਵਾਲ ਨੂੰ 816 ਅਤੇ ਆਜ਼ਾਦ ਉਮੀਦਵਾਰ ਇੰਦਰਪਾਲ ਮਿਸਤਰੀ ਨੂੰ 455 ਤੇ ਰਾਜੇ ਰਾਮ ਕਾਸਨੀਆਂ ਨੂੰ 748 ਵੋਟਾਂ ਮਿਲੀਆਂ ਹਨ।

ਨਵੀਂ ਚੋਣ ਹੱਦਬੰਦੀ ਦੌਰਾਨ ਨਵੇਂ ਬਣੇ ਰਾਣੀਆਂ ਵਿਧਾਨ ਸਭਾ ਹਲਕੇ ਤੋਂ ਇਨੈਲੋ ਉਮੀਦਵਾਰ ਕ੍ਰਿਸ਼ਨ ਕੰਬੋਜ ਨੇ ਹਰਿਆਣਾ ਯੋਜਨਾ ਬੋਰਡ ਦੇ ਸਾਬਕਾ ਡਿਪਟੀ ਚੇਅਰਮੈਨ ਚੌਧਰੀ ਰਣਜੀਤ ਸਿੰਘ ਨੂੰ 3651 ਵੋਟਾਂ ਦੇ ਫਰਕ ਨਾਲ ਹਰਾਇਆ ਹੈ। ਕ੍ਰਿਸ਼ਨ ਲਾਲ ਕੰਬੋਜ ਨੂੰ 48241 ਵੋਟਾਂ ਮਿਲੀਆਂ ਹਨ, ਜਦੋਂਕਿ ਕਾਂਗਰਸੀ ਉਮੀਦਵਾਰ ਚੌਧਰੀ ਰਣਜੀਤ ਸਿੰਘ ਨੂੰ 44590 ਵੋਟਾਂ ਪ੍ਰਾਪਤ ਹੋਈਆਂ ਹਨ।

## ਹਰਿਆਣਾ ਦੇ ਬਾਗੜੀ ਜਾਟ ਕੁੜੀਆਂ ਦੀਆਂ ਵੋਟਾਂ ਨਹੀਂ ਬਣਵਾਉਂਦੇ

**ਚੰਡੀਗੜ੍ਹ:** ਦੇਸ਼ ਦਾ ਇਕ ਨੰਬਰ ਸੂਬਾ ਕਹਾਉਣ ਜਾਂ ਬਣਨ ਵਾਲੇ ਹਰਿਆਣਾ ਦੇ ਇਕ ਹਿੱਸੇ ਵਿਚ ਅਜੇ ਵੀ ਕੁੜੀਆਂ ਦੀਆਂ ਵੋਟਾਂ ਨਹੀਂ ਬਣਾਈਆਂ ਜਾਂਦੀਆਂ। ਜੇ ਵੋਟਾਂ ਬਨਣਗੀਆਂ ਨਹੀਂ ਤਾਂ ਪਾਉਣ ਦਾ ਸੁਆਲ ਹੀ ਨਹੀਂ ਉਠਦਾ। ਮਾਪਿਆਂ ਦਾ ਕੁੜੀਆਂ ਬਾਰੇ ਕਹਿਣਾ ਹੈ ਕਿ ਇਨ੍ਹਾਂ ਨੇ ਪਰਾਏ ਘਰ ਚਲੇ ਜਾਣਾ ਹੈ ਤੇ ਜਿਥੇ ਜਾਣਾ ਹੈ, ਉਥੇ ਹੀ ਇਨ੍ਹਾਂ ਦੀਆਂ ਵੋਟਾਂ ਬਨਣਗੀਆਂ।

ਹਰਿਆਣਾ ਦੇ ਤਿੰਨ ਜ਼ਿਲਿਆਂ ਸਿਰਸਾ, ਹਿਸਾਰ, ਭਿਵਾਨੀ ਦੇ ਕਾਫੀ ਹਿੱਸੇ ਤੇ ਫਤਿਆਬਾਦ ਜ਼ਿਲੇ ਦੇ ਕੁਝ ਹਿੱਸੇ ਵਿਚ ਬਾਗੜੀ ਜਾਟਾਂ ਦੀ ਵਸੋਂ ਹੈ ਤੇ ਬਾਗੜੀਆਂ ਵਿਚ ਆਮ ਧਾਰਨਾ ਹੈ ਕਿ ਕੁਆਰੀਆਂ ਕੁੜੀਆਂ ਦੀਆਂ ਵੋਟਾਂ ਨਹੀਂ ਬਣਾਉਣੀਆਂ। ਸਿਰਸਾ ਜ਼ਿਲ੍ਹੇ ਦੇ ਕੁਝ ਪਿੰਡਾਂ ਦੀਆਂ ਪੜ੍ਹੀਆਂ ਲਿਖੀਆਂ ਕੁੜੀਆਂ ਨਾਲ ਇਸ ਸਬੰਧ ਵਿਚ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਮਾਪਿਆਂ ਨੂੰ ਇਸ ਗੱਲ ਵਿਚ ਕੋਈ ਦਿਲਚਸਪੀ ਨਹੀਂ ਹੈ ਕਿ ਉਨ੍ਹਾਂ ਦੀਆਂ ਵੋਟਾਂ ਬਣਾਈਆਂ ਜਾਣ। ਜੇ ਕਿਸੇ ਦੀ ਵੋਟ ਬਣ ਵੀ ਜਾਏ ਤਾਂ ਉਸਨੂੰ ਵੋਟ ਪਾਉਣ ਤੋਂ ਮਨ੍ਹਾ ਕਰ ਦਿੱਤਾ ਜਾਂਦਾ ਹੈ। ਕੁੜੀਆਂ ਦੇ ਮਾਪਿਆਂ ਦਾ ਕਹਿਣਾ ਹੈ ਕਿ ਇਨ੍ਹਾਂ ਦੇ ਵੀਹ ਜਾਂ ਇਕੀ ਸਾਲ ਦੀ ਉਮਰ ਵਿਚ ਵਿਆਹ ਹੋ ਜਾਣੇ ਹਨ ਤੇ ਇਸ ਲਈ ਵਾਰ ਵਾਰ ਵੋਟ ਬਣਾਉਣ ਦੀ ਕੋਈ ਤੁਕ ਨਹੀਂ ਬਣਦੀ ਤੇ ਇਸ ਲਈ ਇਨ੍ਹਾਂ ਦੀਆਂ ਵੋਟਾਂ ਆਪਣੇ ਸਹੁਰੇ ਘਰ ਹੀ ਬਣਨ ਤਾਂ ਚੰਗਾ ਹੈ।

ਪੰਨੀ ਵਾਲਾ ਮੋਟਾ ਪਿੰਡ ਦੀ ਪੋਸਟ ਗਰੈਜੂਏਸ਼ਨ ਕਰ ਰਹੀ ਸੁਨੀਤਾ ਨੂੰ ਵਿਧਾਨ ਸਭਾ ਚੋਣਾਂ ਬਾਰੇ ਪੁੱਛਿਆ ਤਾਂ ਉਸਨੇ ਆਪਣੇ ਹਲਕੇ ਵਿਚ ਵੱਖ-ਵੱਖ ਪਾਰਟੀਆਂ ਦੇ ਉਮੀਦਵਾਰਾਂ ਦੀ ਚਰਚਾ ਕੀਤੀ ਤੇ ਇਹ ਵੀ ਦੱਸਿਆ ਕਿ ਕਿਹੜੀ ਪਾਰਟੀ ਵਲ ਲੋਕਾਂ ਦਾ ਰੁਝਾਨ ਹੈ। ਜਦੋਂ ਉਸਦੀ ਵੋਟ ਬਾਰੇ ਪੁੱਛਿਆ ਤਾਂ ਉਸਨੇ ਕਿਹਾ ਕਿ ਉਸਦੀ ਵੋਟ ਨਹੀਂ ਬਣੀ। ਵੋਟ ਨਾ ਬਣਨ ਦੇ ਕਾਰਨਾਂ ਬਾਰੇ ਪੁੱਛੇ ਜਾਣ 'ਤੇ ਉਸਨੇ ਕਿਹਾ ਕਿ ਉਨ੍ਹਾਂ ਦੇ ਭਾਈਚਾਰੇ ਵਿਚ ਕੁੜੀਆਂ ਦੀਆਂ ਵੋਟਾਂ ਬਣਾਉਣ ਦਾ ਕੋਈ ਰਿਵਾਜ ਨਹੀਂ ਹੈ ਤੇ ਉਸ ਦੀ ਵੋਟ ਤਾਂ ਉਥੇ ਹੀ ਬਣੇਗੀ ਜਿਥੇ ਉਸਦੀ ਸ਼ਾਦੀ ਹੋਏਗੀ। ਇਸੇ ਪਿੰਡ ਦੀ ਗਰੈਜੂਏਸ਼ਨ ਦੀ ਵਿਦਿਆਰਥਣ ਪੂਜਾ ਰਾਣੀ ਨੇ ਕਿਹਾ ਕਿ ਵੋਟ ਪਾਉਣ ਦੀ ਹਰੇਕ ਦੀ ਇੱਛਾ ਹੁੰਦੀ ਹੈ ਪਰ ਹਰੇਕ ਭਾਈਚਾਰੇ ਦੇ ਆਪਣੇ ਰਸਮੋ ਰਿਵਾਜ ਹੁੰਦੇ ਹਨ ਤੇ ਇਸ ਕਰਕੇ ਕੁੜੀਆਂ ਨੂੰ ਰਿਵਾਜ਼ਾਂ ਨੂੰ ਮੰਨਣਾ ਹੀ ਪੈਂਦਾ ਹੈ। ਵੋਟਾਂ ਬਣਾਉਣ ਵਾਲੇ ਤਾਂ ਆਉਂਦੇ ਹਨ ਪਰ ਵੋਟਾਂ ਬਣਾਈਆਂ ਨਹੀਂ ਜਾਂਦੀਆਂ।

ਇਸ ਤਰ੍ਹਾਂ ਦੇ ਵਿਚਾਰ ਬੀ.ਏ. ਦੀ ਵਿਦਿਆਰਥਣ ਸ਼ਰਮੀਲਾ ਨੇ ਪੇਸ਼ ਕਰਦਿਆਂ ਕਿਹਾ ਕਿ ਲੜਕੀਆਂ ਨੂੰ ਪਿਛਲੇ ਕੁਝ ਸਾਲਾਂ ਵਿਚ ਕਾਫੀ ਖੁਲ ਮਿਲ ਗਈ ਹੈ ਤੇ ਉਹ ਘਰੋਂ ਬਾਹਰ ਸ਼ਹਿਰ ਦੇ ਕਾਲਜਾਂ ਵਿਚ ਪੜਨ ਲੱਗ ਪਈਆਂ ਹਨ। ਵੋਟਾਂ ਬਾਰੇ ਉਸ ਨੇ ਕਿਹਾ ਕਿ ਪੜ੍ਹਾਈ ਤੋਂ ਬਾਅਦ ਮਾਪਿਆਂ ਨੂੰ ਲੜਕੀਆਂ ਦੇ ਵਿਆਹ ਕਰਨ ਦੀ ਕਾਹਲ ਹੁੰਦੀ ਹੈ ਤੇ ਅਕਸਰ ਲੜਕੀਆਂ ਦਾ ਵੀਹ, ਇਕੀ ਸਾਲ ਦੀ ਉਮਰ ਵਿਚ ਵਿਆਹ ਕਰ ਦਿਤਾ ਜਾਂਦਾ ਹੈ ਤੇ ਇਸ ਕਰਕੇ ਵੋਟ ਨਹੀਂ ਬਣਾਈ ਜਾਂਦੀ।

ਬਾਗੜੀ ਭਾਈਚਾਰੇ ਦੇ ਨੌਜਵਾਨ ਪ੍ਰੇਮ ਸਹਾਰਨ ਨੇ ਕਿਹਾ ਕਿ ਵੋਟ ਦਾ ਹੱਕ ਤਾਂ ਮਿਲਣਾ ਚਾਹੀਦਾ ਹੈ ਪਰ ਸਾਡੇ ਭਾਈਚਾਰੇ ਦਾ ਰਸਮੋ ਰਿਵਾਜ ਹੀ ਇਸ ਦੀ ਆਗਿਆ ਨਹੀਂ ਦਿੰਦਾ ਪਰ ਵਕਤ ਬਦਲਣ ਨਾਲ ਉਂਜ ਬਹੁਤੀ ਕੋਈ ਰੁਕਾਵਟ ਵੀ ਨਹੀਂ ਰਹਿ ਗਈ। ਭਾਈਚਾਰੇ ਵਿਚ ਕਿਤੇ ਕਿਤੇ ਲੜਕੀਆਂ ਦੀਆਂ ਵੋਟਾਂ ਬਣਨ ਲੱਗ ਪਈਆਂ ਹਨ।

ਉਸ ਨੇ ਕਿਹਾ ਕਿ ਲੜਕੀਆਂ ਦੀਆਂ ਵੋਟਾਂ ਬਣਾਉਣ ਅਤੇ ਵੋਟਾਂ ਪਾਉਣ ਦਾ ਹੱਕ ਮਿਲਣ ਵਿਚ ਅਜੇ ਕੁਝ ਹੋਰ ਸਮਾਂ ਲੱਗੇਗਾ। ਇਹ ਰਿਵਾਜ ਕੇਵਲ ਬਾਗੜੀ ਭਾਈਚਾਰੇ ਤਕ ਹੀ ਸੀਮਤ ਹੈ। ਦੂਜੇ ਭਾਈਚਾਰਿਆਂ ਤੇ ਬਰਾਦਰੀਆਂ ਵਿਚ ਲੜਕੀਆਂ ਦੀਆਂ ਵੋਟਾਂ ਬਕਾਇਦਾ ਤੌਰ ਤੇ ਬਣਾਈਆਂ ਜਾਂਦੀਆਂ ਹਨ।

ਇਕ ਪਾਸੇ ਹਰਿਆਣਾ ਦੇ ਸ਼ਾਸਕ ਅੰਬਰਾਂ ਵਿਚ ਉਡਾਰੀਆਂ ਲਾਉਣ ਵਾਲੀ ਮਰਹੂਮ ਕਲਪਨਾ ਚਾਵਲਾ ਦੀ ਚਰਚਾ ਕਰਦੇ ਨਹੀਂ ਥੱਕਦੇ ਤੇ ਕਿਥੇ ਇਕ ਭਾਈਚਾਰੇ ਦੇ ਲੋਕ ਲੜਕੀਆਂ ਦੀਆਂ ਵੋਟਾਂ ਤਕ ਨਹੀਂ ਬਣਨ ਦਿੰਦੇ।

# ਬਹੁਤ ਸਾਰੇ ਮਾਮਲਿਆਂ ਨੂੰ ਲੈ ਕੇ ਅਕਾਲੀ-ਭਾਜਪਾ ਦਰਮਿਆਨ ਕਸ਼ੀਦਗੀ ਜਾਰੀ

**-ਪੰਜਾਬ ਟਾਈਮਜ਼ ਬਿਊਰੋ**

**ਪਟਿਆਲਾ:** ਪੰਜਾਬ ਵਿਚ ਚੱਲ ਰਹੀ ਅਕਾਲੀ- ਭਾਜਪਾ ਸਰਕਾਰ ਦੀ ਏਕਤਾ ਦੀ ਇਕ ਵਾਰ ਹੋਰ ਪੋਲ ਉਦੋਂ ਖੁੱਲ੍ਹ ਗਈ, ਜਦੋਂ ਬਦਲੀਆਂ ਨੂੰ ਲੈ ਕੇ ਵਿਭਾਗ ਦੇ ਮੰਤਰੀ ਤੇ ਸੀਨੀਅਰ ਭਾਜਪਾ ਆਗੂ ਮਨੋਰੰਜਨ ਕਾਲੀਆ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵਿਚਕਾਰ ਕਾਫ਼ੀ ਤਕਰਾਰ ਹੋ ਗਈ ਤੇ ਨਤੀਜੇ ਵਜੋਂ ਵਿਭਾਗ ਦੇ ਡਾਇਰੈਕਟਰ ਤੇ ਪ੍ਰਮੁੱਖ ਸਕੱਤਰ ਨੇ ਇਕੋ ਦਿਨ ਜੋ ਕਿ ਬਦਲੀਆਂ ਦਾ ਅੰਤਿਮ ਦਿਨ ਸੀ ਦੀ ਤਾਰੀਕ 'ਚ ਯਾਨੀ 30 ਸਤੰਬਰ ਨੂੰ ਬਦਲੀਆਂ ਦੀਆਂ ਚਾਰ ਵੱਖ-ਵੱਖ ਸੂਚੀਆਂ ਜਾਰੀ ਕਰ ਦਿੱਤੀਆਂ, ਜਿਸ ਨੂੰ ਲੈ ਕੇ ਮੁਲਾਜ਼ਮ ਅਤਿ ਪ੍ਰੇਸ਼ਾਨੀ ਦੇ ਦੌਰ 'ਚ ਉਲਝ ਗਏ ਹਨ।

ਜਾਣਕਾਰੀ ਅਨੁਸਾਰ ਵਿਭਾਗ ਦੀਆਂ ਬਦਲੀਆਂ ਭਾਵੇਂ 17 ਅਕਤੂਬਰ ਤੱਕ ਹੁੰਦੀਆਂ ਰਹੀਆਂ, ਪਰ ਇਸ ਲਈ ਰਸਮੀ ਹੁਕਮ 30 ਸਤੰਬਰ ਦੀ ਤਾਰੀਕ ਵਿੱਚ ਹੀ ਜਾਰੀ ਕੀਤੇ ਜਾਂਦੇ ਰਹੇ ਕਿਉਂਕਿ ਸਰਕਾਰੀ ਪੱਧਰ 'ਤੇ ਬਦਲੀਆਂ ਦਾ ਇਹ ਅੰਤਿਮ ਦਿਨ ਸੀ। ਵਿਭਾਗ ਦੇ ਮੰਤਰੀ ਸ੍ਰੀ ਕਾਲੀਆ ਨੇ 30 ਸਤੰਬਰ ਨੂੰ ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਦੇ ਅਫ਼ਸਰਾਂ ਦੀ ਬਦਲੀ ਲਈ ਦਫਤਰੀ ਹੁਕਮ ਰਾਹੀਂ ਜੂਨੀਅਰ ਇੰਜੀਨੀਅਰਾਂ ਦੀਆਂ ਬਦਲੀਆਂ ਕੀਤੀਆਂ, ਜਿਸ 'ਚ ਡੇਢ ਦਰਜਨ ਕੁੱਲ 19 ਜੇਈ ਬਦਲੇ ਗਏ, ਜਦਕਿ ਦੋ ਡਰਾਫਟਮੈਨ ਵੀ ਇਸੇ ਹੁਕਮ ਤਹਿਤ ਬਦਲੇ ਗਏ। ਇਸੇ ਦਿਨ ਜਾਰੀ ਹੋਏ ਦਫ਼ਤਰੀ ਹੁਕਮ ਰਾਹੀਂ ਸਹਾਇਕ ਮਿਉਂਸਪਲ ਇੰਜੀਨੀਅਰ ਤੇ ਮਿਉਂਸਪਲ ਇੰਜੀਨੀਅਰਾਂ ਦੀ ਬਦਲੀ ਕੀਤੀ ਗਈ, ਜਿਨ੍ਹਾਂ 'ਚ ਦੋ ਮਿਉਂਸਪਲ ਇੰਜੀਨੀਅਰ ਤੇ 5 ਸਹਾਇਕ ਮਿਉਂਸਪਲ ਇੰਜੀਨੀਅਰ ਬਦਲੇ ਗਏ। ਦਫ਼ਤਰੀ ਹੁਕਮ ਰਾਹੀਂ 17 ਲੇਖਾਕਾਰ ਗਰੇਡ 2 ਦੀ ਬਦਲੀ ਕੀਤੀ ਗਈ ਅਤੇ ਹੁਕਮ ਰਾਹੀਂ 15 ਇੰਸਪੈਕਟਰ, 5 ਸੁਪਰਡੰਟ, 25 ਈਓ, 21 ਸੈਨੇਟਰੀ ਇੰਸਪੈਕਟਰ, 10 ਸੈਨੇਟਰੀ ਇੰਸਪੈਕਟਰਾਂ ਤੇ ਇਕ ਇੰਸਪੈਕਟਰ ਤੇ ਇਕ ਡਰਾਫਟਮੈਨ ਦੀ ਬਦਲੀ ਕੀਤੀ ਗਈ।

ਸੂਤਰਾਂ ਦੇ ਦੱਸਣ ਅਨੁਸਾਰ ਇਨ੍ਹਾਂ ਦੀਆਂ ਲਿਸਟਾਂ 'ਚ ਕੁਝ ਅਜਿਹੇ ਅਫਸਰ ਵੀ ਸਨ ਜੋ ਸੁਖਬੀਰ ਸਿੰਘ ਬਾਦਲ ਦੇ ਅਤਿ ਕਰੀਬੀ ਵਿਅਕਤੀਆਂ ਦੇ ਨਜ਼ਦੀਕੀ ਸਨ ਜਿਨ੍ਹਾਂ ਕਾਰਨ ਉਹ ਅੱਗ ਬਬੂਲੇ ਹੋ ਗਏ ਤੇ ਉਨ੍ਹਾਂ ਤੁਰੰਤ ਵਿਭਾਗ ਦੇ ਪ੍ਰਮੁੱਖ ਸਕੱਤਰ ਨੂੰ ਆਪਣੇ ਕੋਲ ਸੱਦ ਕੇ ਨਵੀਂ ਸੂਚੀ ਦੁਬਾਰਾ ਬਣਾਈ ਤੇ ਇਸੇ ਦਿਨ ਦੀ ਤਾਰੀਕ 'ਚ ਇਹ ਸੂਚੀ ਜਾਰੀ ਹੋ ਗਈ।



**ਕਾਲੀਆ ਦੀਆਂ ਬਦਲੀਆਂ ਸੁਖਬੀਰ ਨੇ ਕੀਤੀਆਂ ਰੱਦ**

ਦਿਲਚਸਪੀ ਵਾਲੀ ਗੱਲ ਇਹ ਹੈ ਕਿ ਜਿੱਥੇ ਵਿਭਾਗ ਦੇ ਮੰਤਰੀ ਨੇ ਵੱਖ-ਵੱਖ ਅਫਸਰਾਂ ਲਈ ਵੱਖ-ਵੱਖ ਸੂਚੀਆਂ ਕੱਢੀਆਂ, ਉੱਥੇ ਹੀ ਉਸ ਦੇ ਬਦਲ ਵਜੋਂ ਇਕ ਹੀ ਸੂਚੀ ਕੱਢ ਦਿੱਤੀ ਗਈ, ਜਿਸ ਵਿਚ ਡੇਢ ਦਰਜਨ ਤੋਂ ਵੱਧ ਪਹਿਲਾਂ ਕੀਤੀਆਂ ਗਈਆਂ ਬਦਲੀਆਂ ਰੱਦ ਕਰ ਦਿੱਤੀਆਂ ਗਈਆਂ।

ਪੈਦਾ ਹੋਏ ਹਾਲਾਤਾਂ ਨੂੰ ਵੇਖ ਕੇ ਸੱਪਸ਼ਟ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਸੁਪਰੀਮੋ ਤੇ ਭਾਜਪਾ ਦੇ ਆਗੂਆਂ ਦਰਮਿਆਨ ਸਬੰਧ ਕਿੰਨੇ ਕੁ ਚੰਗੇ ਹਨ।

**ਉਧਰ** ਬਿਜਲੀ ਦੀਆਂ ਵਧੀਆਂ ਦਰਾਂ ਨਾਲ ਪਰੇਸ਼ਾਨ ਰਾਜ ਦੀ ਜਨਤਾ ਨੂੰ ਇਸ ਤੋਂ ਨਿਜਾਤ ਮਿਲਣ ਦੀ ਸੰਭਾਵਨਾ ਦੂਰ-ਦੂਰ ਤਕ ਨਹੀਂ ਦਿਖਾਈ ਦੇ ਰਹੀ। ਭਾਜਪਾ ਅਨੁਸਾਰ ਹਾਲਤ ਇਹ ਹੈ ਕਿ ਬਿਜਲੀ ਦੇ ਕੱਟ ਝਲ ਰਹੇ ਲੋਕ ਹੁਣ ਵਧੀਆਂ ਦਰਾਂ ਦਾ ਬੋਝ ਢੋਣ ਲਈ ਬੇਬਸ ਹਨ ਅਤੇ ਰਾਜ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜਾਂ ਉੱਪ ਮੁੱਖ ਮੰਤਰੀ ਸੁਖਬੀਰ ਬਾਦਲ ਨੂੰ ਇਸ ਦੀ ਪਰਵਾਹ ਵੀ ਨਹੀਂ ਹੈ। ਲੋਕਾਂ ਨੂੰ ਝਾਂਸਾ ਦੇਣ ਦੇ ਲਈ ਵਧੀਆਂ ਦਰਾਂ ਦੀ ਸਮੀਖਿਆ ਦੇ ਲਈ ਗਠਿਤ ਕਮੇਟੀ ਦੀ ਕੋਈ ਬੈਠਕ ਨਹੀਂ ਹੋ ਸਕੀ, ਜਦਕਿ ਕਮੇਟੀ ਦੀ ਮਿਆਦ ਵੀ ਪੂਰੀ ਹੋ ਗਈ। ਬੈਠਕ ਨਾ ਹੋਣ ਦਾ ਜੋ ਕਾਰਣ ਸਾਮ੍ਹਣੇ ਆਇਆ ਹੈ ਉਸ ਨਾਲ ਇਸ ਮੁੱਦੇ 'ਤੇ ਬਾਦਲ ਸਰਕਾਰ ਦੀ ਸੰਵੇਦਨਹੀਣਤਾ ਦਾ ਪਤਾ ਚਲਦਾ ਹੈ। ਬਿਜਲੀ ਦਰਾਂ ਵਿਚ ਸੋਧ ਦੇ ਬਾਅਦ ਅਲਗ-ਅਲਗ ਵਰਗਾਂ ਵਿਚ ਰੋਸ ਨੂੰ ਦੇਖਦੇ ਹੋਏ ਮੁੱਖ ਮੰਤਰੀ ਨੇ 22 ਸਤੰਬਰ ਨੂੰ ਦਰਾਂ ਦੀ ਸਮੀਖਿਆ, ਸਬਸਿਡੀ ਨੂੰ ਤਰਕ ਸੰਗਤ ਬਨਾਉਣ ਅਤੇ ਆਮਦਨ ਦੇ ਵਾਧੂ ਸਾਧਨ ਜੁਟਾਉਣ ਦੇ ਬਾਰੇ ਵਿਚ ਸੁਝਾਅ ਦੇਣ ਦੇ ਲਈ ਸੁਖਬੀਰ ਬਾਦਲ ਅਤੇ ਮਨੋਰੰਜਨ ਕਾਲੀਆ ਨੂੰ ਸ਼ਾਮਿਲ ਕਰਦਿਆਂ ਕਮੇਟੀ ਦਾ ਗਠਨ ਕੀਤਾ ਸੀ। ਮੰਗਲਵਾਰ ਨੂੰ ਸਮਿਤਿ ਦਾ ਆਖਰੀ ਦਿਨ ਸੀ। ਸੁਖਬੀਰ ਬਾਦਲ ਨੇ ਇੱਕਲੇ ਹੀ ਵਿੱਤ ਟਰਾਂਸਪੋਰਟ, ਬਿਜਲੀ ਅਤੇ ਸਿੰਚਾਈ, ਸਥਾਨਕ ਨਿਕਾਸ, ਕਰ ਤੇ ਆਬਕਾਰੀ ਵਿਭਾਗਾਂ ਦੇ ਪ੍ਰਮੁੱਖ ਸਕੱਤਰਾਂ ਤੇ ਵਿੱਤ ਅਯੁਕਤਾਂ ਦੀ ਮੀਟਿੰਗ ਬੁਲਾਕੇ ਉਨ੍ਹਾਂ ਤੋਂ ਰਾਏ ਜਾਨਣ ਦੀ ਕੋਸ਼ਿਸ਼ ਕੀਤੀ, ਪਰ ਕਾਲੀਆ ਨੂੰ ਨਹੀਂ ਬੁਲਾਇਆ। ਸੰਪਰਕ ਕਰਨ ਤੇ ਕਾਲੀਆ ਨੇ ਦੱਸਿਆ ਕਿ ਉਨ੍ਹਾਂ ਨੇ ਕਮੇਟੀ ਦੀ ਮੀਟਿੰਗ ਸੰਬੰਧੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਬੀਤੇ ਦਿਨੀਂ ਗੱਲ ਕੀਤੀ ਸੀ। ਉਥੋਂ ਜਵਾਬ ਮਿਲਿਆ ਕਿ ਤੁਸੀਂ ਸੁਖਬੀਰ ਨਾਲ ਸੰਪਰਕ ਕਰੋ। 20 ਅਕਤੂਬਰ ਨੂੰ ਦੁਪਹਿਰ ਸਾਢੇ ਤਿੰਨ ਵਜੇ ਉਨ੍ਹਾਂ ਨੇ ਸੁਖਬੀਰ ਨੂੰ ਐਸ.ਐਮ.ਐਸ. ਕੀਤਾ। ਉਨਾਂ ਦੇ ਕਾਰਜਕਾਲ ਤੋਂ ਜਵਾਬ ਆਇਆ ਕਿ ਮੀਟਿੰਗ ਦੇ ਲਈ ਵਕਤ ਦੱਸਿਆ ਜਾਵੇਗਾ, ਤੁਸੀਂ ਇੰਤਜਾਰ ਕਰੋ। ਕਾਲੀਆ ਨੇ ਦੱਸਿਆ ਕਿ ਰਾਤ ਸਾਢੇ ਨੌ ਵਜੇ ਤਕ ਇੰਤਜਾਰ ਕਰਦੇ ਰਹੇ। ਕਾਲੀਆ ਨੇ ਕਿਹਾ ਕਿ ਇਕ ਮਹੀਨੇ ਤਕ ਸਮਿਤੀ ਦੀ ਬੈਠਕ ਨਹੀਂ ਹੋਈ। ਇਕ ਬੈਠਕ 12 ਅਕਤੂਬਰ ਨੂੰ ਤੈਅ ਕੀਤੀ ਗਈ ਸੀ, ਪਰ ਸੁਖਬੀਰ ਨੇ ਰਦ ਕਰ ਦਿੱਤਾ ਸੀ। ਅਖੀਰ ਮੁੱਖ ਮੰਤਰੀ ਦੇ ਦਖਲ ਨਾਲ 22 ਅਕਤੂਬਰ ਨੂੰ ਦੋਨਾ ਆਗੂਆਂ ਵਿਚਕਾਰ ਮੀਟਿੰਗ ਹੋਈ। ਪੰਜਾਬ ਦੇ ਮੁੱਖ ਮੰਤਰੀ ਵਲੋਂ ਨਵੇਂ ਵਿੱਤੀ ਸਰੋਤ ਪੈਦਾ ਕਰਨ ਅਤੇ ਸਬਸਿਡੀਆਂ ਦੇ ਮੁੱਦੇ 'ਤੇ ਕੁਝ ਨਿਰਦੇਸ਼ਾਂ ਨਾਲ ਇਸ ਮੀਟਿੰਗ ਦਾ ਪ੍ਰਬੰਧ ਲੰਘੀ 22 ਅਕਤੂਬਰ ਨੂੰ ਸਵੇਰੇ ਸਿਵਲ ਸਕੱਤਰੇਤ ਵਿਖੇ ਕੀਤਾ ਗਿਆ।

ਮੀਟਿੰਗ ਵਿਚ ਦੋਹਾਂ ਨੇਤਾਵਾਂ ਨੇ ਨਵੇਂ ਵਿੱਤੀ ਵਸੀਲੇ ਜੁਟਾਉਣ ਲਈ ਸਾਧਨ ਪੈਦਾ ਕਰਨ, ਸਬਸਿਡੀਆਂ ਸਮੇਤ ਰਾਜ ਦੀ ਵਿੱਤੀ ਹਾਲਤ 'ਚ ਸੁਧਾਰ ਲਿਆਉਣ ਸਬੰਧੀ ਸਾਰੇ ਪਹਿਲੂਆਂ 'ਤੇ ਤਕਰੀਬਨ 2 ਢਾਈ ਘੰਟੇ ਵਿਸਥਾਰਪੂਰਵਕ ਵਿਚਾਰ-ਚਰਚਾ ਕੀਤੀ। ਮੀਟਿੰਗ ਤੋਂ ਬਾਅਦ ਭਾਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੈਬਨਿਟ ਮੰਤਰੀ ਤੇ ਕਮੇਟੀ ਮੈਂਬਰ ਮਨੋਰੰਜਨ ਕਾਲੀਆ ਨੇ ਦੱਸਿਆ ਕਿ ਦੋਹਾਂ ਨੇਤਾਵਾਂ ਵਿਚਕਾਰ ਇਹ ਮੀਟਿੰਗ ਬੜੇ ਹੀ ਸਦਭਾਵਨਾ ਭਰੇ ਮਾਹੌਲ 'ਚ ਹੋਈ। ਪਰ ਉਨ੍ਹਾਂ ਦਾ ਚਿਹਰਾ ਦੱਸਦਾ ਸੀ ਕਿ ਕਿਧਰੇ ਕੋਈ ਗੜਬੜ ਜ਼ਰੂਰ ਹੈ। ਸ੍ਰੀ ਕਾਲੀਆ ਨੇ ਕਿਹਾ ਕਿ ਮੀਟਿੰਗ 'ਚ ਨਵੇਂ ਵਿੱਤੀ ਸਾਧਨ ਪੈਦਾ ਕਰਨ ਦੇ ਨਾਲ-ਨਾਲ ਸਰਕਾਰ ਦੇ ਮੌਜੂਦਾ ਵਿੱਤੀ ਸਰੋਤਾਂ ਦਾ ਜਾਇਜ਼ਾ ਲਿਆ ਗਿਆ। ਉਨ੍ਹਾਂ ਕਿਹਾ ਕਿ ਅਸੀਂ ਸਬਸਿਡੀਆਂ ਦੇ ਮਾਮਲੇ ਦਾ ਵੀ ਬਦਲ ਤੇ ਹੱਲ ਤਲਾਸ਼ਣ ਦਾ ਯਤਨ ਕਰ ਰਹੇ ਹਾਂ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਕਮੇਟੀ ਆਪਣੀ ਰਿਪੋਰਟ ਜਲਦ ਹੀ ਸਾਰੇ ਪਹਿਲੂਆਂ ਤੇ ਪੱਖਾਂ ਨੂੰ ਜਾਣ ਕੇ ਤੱਥਾਂ ਸਮੇਤ ਮੁੱਖ ਮੰਤਰੀ ਨੂੰ ਪੇਸ਼ ਕਰੇਗੀ। ਕਮੇਟੀ ਦੀ ਅਗਲੀ ਮੀਟਿੰਗ ਸਬੰਧੀ ਪੁੱਛੇ ਜਾਣ 'ਤੇ ਉਨ੍ਹਾਂ ਦੱਸਿਆ ਕਿ ਆਉਣ ਵਾਲੇ ਕੁਝ ਦਿਨਾਂ ਵਿੱਚ ਹੋਵੇਗੀ। ਉਨ੍ਹਾਂ ਕਿਹਾ ਕਿ ਨਵੇਂ ਵਿੱਤੀ ਵਸੀਲਿਆਂ ਬਾਰੇ ਵਿੱਤੀ ਮਾਹਿਰਾਂ ਦੀ ਵੀ ਉਹ ਰਾਏ ਲੈ ਰਹੇ ਹਨ ਕਿ ਕਿਸ ਤਰ੍ਹਾਂ ਸਰਕਾਰ ਨਵੇਂ ਵਿੱਤੀ ਵਸੀਲੇ ਜੁਟਾ ਕੇ ਲੋਕਾਂ ਨੂੰ ਰਿਆਇਤਾਂ ਦੇ ਸਕਦੀ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਕਾਲੀਆ ਨੇ ਕਿਹਾ ਕਿ ਉਹ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨਾਲ ਹੋਈ ਮੀਟਿੰਗ ਤੋਂ ਪੂਰੀ ਤਰ੍ਹਾਂ ਖੁਸ਼ ਤੇ ਸੰਤੁਸ਼ਟ ਹਨ। ਉਨ੍ਹਾਂ ਕਿਹਾ ਕਿ ਅਸੀਂ ਮੀਟਿੰਗ 'ਚ ਅੱਜ ਖੁੱਲ੍ਹ ਕੇ ਵਿਚਾਰਾਂ ਕੀਤੀਆਂ। ਇੱਕ ਹੋਰ ਸਵਾਲ ਦੇ ਜਵਾਬ ਵਿਚ ਸ੍ਰੀ ਕਾਲੀਆ ਨੇ ਸੁਖਬੀਰ ਬਾਦਲ ਨਾਲ ਕਿਸੇ ਵੀ ਤਰ੍ਹਾਂ ਦੇ ਗਿਲੇ-ਸ਼ਿਕਵੇ ਤੋਂ ਇਨਕਾਰ ਕਰਦਿਆਂ ਕਿਹਾ ਕਿ ਸਾਡੇ ਦੋਵਾਂ ਵਿਚਕਾਰ ਅਜਿਹਾ ਕੁਝ ਵੀ ਨਹੀਂ ਹੈ।

ਉਧਰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸ੍ਰੀ ਕਾਲੀਆ ਨਾਲ ਹੋਈ ਮੀਟਿੰਗ 'ਤੇ ਤਸੱਲੀ ਪ੍ਰਗਟ ਕਰਦਿਆਂ ਕਿਹਾ ਹੈ ਕਿ ਕਮੇਟੀ ਇੱਕ ਹਫ਼ਤੇ ਦੇ ਅੰਦਰ ਆਪਣੀ ਰਿਪੋਰਟ ਪੇਸ਼ ਕਰਨ ਦੀ ਪੂਰੀ ਕੋਸ਼ਿਸ਼ ਕਰੇਗੀ।


## ਬਲਰਾਮ ਜੀ ਦਾਸ ਟੰਡਨ ਦੀ ਮੁੱਖ ਮੰਤਰੀ ਨੂੰ ਚੇਤਾਵਨੀ

**ਚੰਡੀਗੜ੍ਹ :** ਪੰਜਾਬ ਭਾਜਪਾ ਦੇ ਸੀਨੀਅਰ ਨੇਤਾ ਅਤੇ ਸਾਬਕਾ ਮੰਤਰੀ ਬਲਰਾਮ ਜੀ ਦਾਸ ਟੰਡਨ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਬਾਦਲ ਸਰਕਾਰ ਨੇ ਜਨਤਾ ਨੂੰ ਦਿੱਤੇ ਗਏ ਭਰੋਸੇ ਦੇ ਮੁਤਾਬਕ ਹਾਲ 'ਚ ਹੀ ਵਧਾਈ ਗਈ ਬਿਜਲੀ ਦਰਾਂ ਦਾ ਬੋਝ ਖੁਦ ਨਾ ਬਰਦਾਸ਼ਤ ਕੀਤਾ ਤਾਂ ਅਕਾਲੀ ਦਲ ਤੇ ਭਾਜਪਾ ਦੇ ਆਪਸੀ ਸੰਬੰਧ ਖਰਾਬ ਹੋ ਜਾਣਗੇ।

ਇੱਥੇ ਜਾਰੀ ਇਕ ਬਿਆਨ 'ਚ ਟੰਡਨ ਨੇ ਕਿਹਾ ਕਿ ਸਤੰਬਰ ਮਹੀਨੇ 'ਚ ਅਕਾਲੀ-ਭਾਜਪਾ ਨੇਤਾਵਾਂ ਦੀ ਬੈਠਕ ਦੌਰਾਨ ਇਹ ਫੈਸਲਾ ਲਿਆ ਗਿਆ ਸੀ ਕਿ ਉਦਯੋਗਿਕ, ਵਪਾਰਕ ਤੇ ਘਰੇਲੂ ਖਪਤਕਾਰਾਂ ਨੂੰ ਸਪਲਾਈ ਕੀਤੀ ਜਾ ਰਹੀ ਬਿਜਲੀ ਦੀਆਂ ਦਰਾਂ 'ਚ ਵਾਧੇ ਦਾ ਬੋਝ ਜਨਤਾ 'ਤੇ ਲੱਦਣ ਦੀ ਥਾਂ ਸਰਕਾਰ ਖੁਦ ਬਰਦਾਸ਼ਤ ਕਰੇਗੀ। ਇਸ ਬੈਠਕ ਦੇ ਬਾਅਦ ਇਕ ਬਿਆਨ 'ਚ ਸਰਕਾਰੀ ਤੌਰ 'ਤੇ ਇਹ ਐਲਾਨ ਕੀਤਾ ਗਿਆ ਸੀ ਕਿ ਫੈਸਲੇ ਨੂੰ ਛੇਤੀ ਹੀ ਅਮਲੀ ਜਾਮਾ ਪਹਿਨਾਇਆ ਜਾਏਗਾ ਅਤੇ ਆਮ ਜਨਤਾ ਸਣੇ ਸਾਰਿਆਂ ਨੂੰ ਇਹ ਪ੍ਰਭਾਵ ਮਿਲਿਆ ਸੀ ਕਿ ਇਸ ਫੈਸਲੇ ਨੂੰ ਪੂਰੀ ਇਮਾਨਦਾਰੀ ਨਾਲ ਲਾਗੂ ਕੀਤਾ ਜਾਏਗਾ ਪਰ ਹੁਣ ਸਾਨੂੰ ਵੇਖਣ ਨੂੰ ਮਿਲ ਰਿਹਾ ਹੈ ਕਿ ਸਰਕਾਰ ਵਲੋਂ ਅਜਿਹਾ ਨਹੀਂ ਕੀਤਾ ਜਾ ਰਿਹਾ।

North American Truck Stop

ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!



ਕੈਰੀਅਰ ਬਰਮੋਕਿੰਗ ਐਂਡ
ਕੈਰੀਅਰ ਯੂਨਿਟ
ਇੰਜਣ ਇਥੇ ਸਸਤੇ ਭਾਅ
ਉਤੇ ਬਦਲੇ ਜਾਂਦੇ ਹਨ



ਤਸੱਲੀਬਖ਼ਸ਼ ਸਰਵਿਸ
ਬਿਲਕੁਲ ਵਾਜਬ ਭਾਅ

909-350-3310, 909-697-5808
balwindernats@yahoo.com
14320 Slover Ave., Fontana, CA 92337

ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

Law Offices Of Jaspreet Singh

37-18, 73 Street, Suite 401
(Near Subzi Mandi)
Jackson Hts, NY-11372
Ph:718-533-8444
Fax: 718-533-8460

44790 S. Grimmer
Blvd. #204
Fremont CA-94538
Ph:510-657-6444
Fax: 510-657-6443

2945 W. Capitol Ave,
Sacramento CA-95691
Ph: 916-372-4448
Fax: 916-372-4440

Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay

We Specialize in Bankowned, Foreclosure and Short Sale Homes

ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।

We Do Loan Modification and Credit Repair to Save Your Home From Forclosure

Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ

Right Time To Buy For Investers And First Time Home Buyers

REALTY WORLD
Millennium



Gurbans Singh Gill
Realtor
12 Years Experiance in Real Estate
e-mail: gurbans@gotracy.com
Fax: 209-836-0706
www.gotracy.com

Gurbans Gill 209-815-1869

# Guru Nanak Sikh Temple, Fairfield (CA)

ੴ ਸਤਿਗੁਰ ਪ੍ਰਸਾਦਿ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ॥
ਜਿਉ ਕਰਿ ਸੂਰਜ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ॥

## ਧੰਨ ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀ ਸਮੂਹ ਸਾਧ ਸੰਗਤ ਨੂੰ ਲਖ ਲਖ ਵਧਾਈ

**ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਗੁਰਪੁਰਬ ਸਬੰਧੀ 8 ਨਵੰਬਰ, 2009 (ਦਿਨ ਐਤਵਾਰ) ਨੂੰ ਹੇਠ ਲਿਖੇ ਪ੍ਰੋਗਰਾਮ ਵਿਚ ਸ਼ਾਮਲ ਹੋ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਦਾ ਅਨੰਦ ਮਾਣੋ ਜੀ।**

Heartiest congratulations to all Sadh Sangat from Guru Nanak Sikh Temple on this auspicious day. Please join us in celebrating 540th Birthday of Guru Nanak Dev Ji on Sunday the 8th November, 2009 and as per the program below.






## ਪ੍ਰੋਗਰਾਮ

8 ਨਵੰਬਰ, 2009 (ਐਤਵਾਰ)
ਭੋਗ ਸ੍ਰੀ ਅਖੰਡ ਪਾਠ ਸਾਹਿਬ-ਸਵੇਰੇ 10 ਵਜੇ
ਕੀਰਤਨ ਹਜ਼ੂਰੀ ਜਥਾ ਭਾਈ ਅਜੀਤ ਸਿੰਘ, ਭਾਈ ਸਤਨਾਮ ਸਿੰਘ, ਭਾਈ ਅਮਰਜੀਤ ਸਿੰਘ ਅਤੇ ਭਾਈ ਹਰਿੰਦਰ ਸਿੰਘ
ਢਾਡੀ ਜਥਾ ਭਾਈ ਗੁਰਨਾਮ ਸਿੰਘ ਭੰਡਾਲ

## Program

*Sunday morni ng on November 8th bhog Shri Akandpath Sahib, 10 am
*Kirtni Jatha Bhai Ajit Singh, Satnam Singh, Amarji t Singh and Harinder Singh
*Thadi Jatha Bhai Gurnam Singh Bhandal

ਜਲੇਬੀਆਂ, ਪਕੌੜੇ, ਆਲੂ ਟਿੱਕੀ ਅਤੇ ਹੋਰ ਸਟਾਲ

ਬੱਚਿਆਂ ਲਈ ਵਿਸ਼ੇਸ਼ ਪ੍ਰੋਗਰਾਮ

ਗੁਰੂ ਨਾਨਕ ਸਿੱਖ ਟੈਂਪਲ, ਫੇਅਰਫੀਲਡ (ਕੈਲੀਫੋਰਨੀਆ) ਫੋਨ:(707) 421-0707

**Guru Nanak Sikh Temple, 2948 Rockville Rd, Fairfield (CA)**

Visit our new web site at www.FairfieldSikhTemple.com


"Healthy Body Healthy Mind"
SIKH SPORTS ASSOCIATION OF USA
ਵਲੋਂ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦੀਆਂ ਵਧਾਈਆਂ
Sikh Sports Association of USA
ਸੱਦਾ ਪੱਤਰ
"ਸਰਬਤ ਦਾ ਭਲਾ" ਗੁਰੂ ਸਾਹਿਬ ਦੀਆਂ ਚਾਰ ਉਦਾਸੀਆਂ ਦੀ ਯਾਦ ਵਿਚ
3RD GURU NANAK MARATHON
ਤੀਸਰਾ
ਗੁਰੂ ਨਾਨਕ ਮੈਰਾਥਾਨ
"Come and Run With Us"
At Lake Elizabeth Fremont
November 15(Sunday) 40000 PASEO PADRE PKWY FREMONT CA-94538
Register at
www.sikhsports.com
12 Miles Race....................9:00 Am
5K Race....................11:30 Am
2 Miles Children Race....................12:15 Pm
2 Miles Walk....................12:45 Pm
" EACH EVENT HAS AGE GROUPS"
Sponsors
"The Sikh Community"
Harvinder S. Dhaliwal..........510.501.2263
Gurcharan S. Mann..........510.557.0061
Rana S. Kahlon..........510.378.8560
Kuldip S.Sidhu..........925.890.4750
Rajinderpal S. Dhillon..........925.383.5605
Davinder Singh..........209.564.8899
Kuljit S. Khunkhun..........510.364.1321
Harpaul S. Rana..........510.386.8901
Dr. Gurnam Singh..........510.566.8159
Parminder S. Aujla..........916.410.0711
Jaswinder S. Gill..........510.304.9292
CONTACT US
Tarlochan S. Nahal..........408.972.2400
Lashman S.Mangat..........510.589.6637
Bhupinder S.Parmar..........510.305.8351
Jasdev Singh..........650.391.4408
Inderjit S.Grewal..........510.862.0842
RobinSingh..........510.781.0111
Manny S. Kohli..........510.449.8657
Hardeep S.Aulakh..........510.750.6055
PuranSingh..........510.731.8531
Inderjit Chahal..........510.501.2263
Gurdawar S. Mann..........510.468.9381
Design Concept | 408.931.5200 |
ਚਾਹ ਅਤੇ ਪਕੌੜਿਆਂ ਦਾ ਲੰਗਰ ਅਤੁੱਟ ਵਰਤੇਗਾ
4430-Deerfield Way Danville, CA-94506 Ph: 510.501.2263 Fax:510.736.7751

ੴ ਸਤਿਗੁਰ ਪ੍ਰਸਾਦਿ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣੁ ਹੋਆ

# ਸਮੂਹ ਸਿੱਖ ਜਗਤ ਨੂੰ ਜਗਤ ਜਲੰਦੇ ਦੇ ਰਾਖੇ ਅਤੇ ਹੱਕ ਸੱਚ ਦਾ ਹੋਕਾ ਦੇਣ ਵਾਲੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ

# ਲੱਖ ਲੱਖ ਵਧਾਈ ਹੋਵੇ



ਮੰਗਲ ਸਿੰਘ ਭੰਡਾਲ




Mangal Singh Bhandal
Maninder "Manny" Bhandal
Palwinder Singh Bhandal



ਮਨਿੰਦਰ ਮੈਨੀ ਭੰਡਾਲ

**Company Drivers Needed**

11 Western States
Pay = 37 Cents Per Mile

**Owner Operators Wanted**

CA, OR, WA, AZ LANES

## Bhandal Bros. Trucking Inc.

111 C Lee Rd, Watsonville, CA 95076
Ph: 800-537-1760

# ਧੰਨ ਧੰਨ ਸ੍ਰੀ ਗੁਰੂ ਸ੍ਰੀ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦੀ ਸਮੂਹ ਸੰਗਤਾਂ ਨੂੰ

# ਲੱਖ-ਲੱਖ ਵਧਾਈ

## ਅਮੈਰਿਕਨ ਸਿੱਖ ਆਰਗੇਨਾਈਜੇਸ਼ਨ (ASO) ਵੱਲੋਂ

## ਗੁਰਮਤਿ ਲਹਿਰ ਸਿਰਜਣ ਲਈ



# ਪੰਥਕ ਸਮਾਗਮ

ਸਿੱਖ ਕੌਮ ਦੇ ਵਾਰਸੋ,

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ॥

ਪੁਰਾਤਨ ਇਤਿਹਾਸ ਨੂੰ ਜਦੋਂ ਗਹੁ ਨਾਲ ਵਾਚੀਏ ਤਾਂ ਇਹ ਸਮਝ ਪੈਂਦੀ ਹੈ ਕਿ ਖਾਲਸਾ ਪੰਥ ਉਪਰ ਜਦੋਂ ਵੀ ਭੀੜ ਬਣੀ, ਉਦੋਂ ਕੌਮ ਦੇ ਜਾਂਬਾਜ਼ ਸੂਰਮਿਆਂ ਨੇ ਪੰਥ ਲਈ ਕੁਰਬਾਨੀਆਂ ਕੀਤੀਆਂ ਤੇ ਸ਼ਹਾਦਤਾਂ ਦੇ ਜਾਮ ਪੀਤੇ! ਭਾਵੇਂ ਇਹ ਅਠਾਰ੍ਹਵੀਂ ਸਦੀ ਦਾ ਸਮਾਂ ਸੀ ਜਾਂ ਸਿੰਘ ਸਭਾ ਲਹਿਰ ਦਾ ਜਾਂ ਫਿਰ ਬਾਬਾ ਜਰਨੈਲ ਸਿੰਘ ਖਾਲਸਾ ਜੀ ਭਿੰਡਰਾਂਵਾਲਿਆਂ ਦਾ ਵੇਲਾ! ਅੱਜ ਫੇਰ ਉਸ ਖਾਲਸਾ ਪੰਥ ਉਤੇ ਵੱਖ ਵੱਖ ਢੰਗ ਤਰੀਕਿਆਂ ਰਾਹੀਂ ਸਿੱਧੇ ਅਤੇ ਅਸਿੱਧੇ ਬੌਧਿਕ ਹਮਲੇ ਕੀਤੇ ਜਾ ਰਹੇ ਹਨ..ਕਿਤੇ ਹਜ਼ਾਰਾਂ ਦੀ ਗਿਣਤੀ ਵਿਚ ਵੱਧ ਰਿਹਾ ਡੇਰਾਵਾਦ (ਜੋ ਕਿ ਗੁਰੂਡੰਮ ਦਾ ਰੂਪ ਧਾਰਨ ਕਰ ਚੁੱਕਾ ਹੈ), ਕਿਤੇ ਜਰਖਰੀਦ ਅਖੌਤੀ ਲੀਡਰਸ਼ਿਪ ਰਾਹੀਂ ਹਮਲੇ ਹੋ ਰਹੇ ਹਨ, ਜਿਸਨੇ ਕੌਮ ਨੂੰ ਖਾਰੇ ਬਿਪਰਵਾਦੀ ਸਮੁੰਦਰ ਵਿਚ ਸੁੱਟਣ ਲਈ ਦਿਨ ਰਾਤ ਇੱਕ ਕੀਤਾ ਹੋਇਆ ਹੈ। ਕਿਤੇ ਸਭਿਆਚਾਰ ਦੇ ਨਾਂ ਥੱਲੇ ਵੱਧ ਰਿਹਾ ਲੱਚਰਵਾਦ, ਕਿਤੇ ਨਸ਼ਿਆਂ ਦੇ ਵਗਦੇ ਦਰਿਆ, ਜੋ ਕੌਮੀ-ਭਵਿੱਖ ਦੀ ਤਬਾਹੀ ਦਾ ਸੰਕੇਤ ਦੇ ਰਹੇ ਹਨ! ਪਰ ਅਸੀਂ ਸਭ ਖੁਦਗਰਜੀ ਦੀ ਚਾਦਰ ਤਾਣ ਕੇ ਗਫਲਤ ਦੀ ਡੂੰਘੀ ਨੀਂਦ ਵਿਚ ਸੁੱਤੇ ਪਏ ਹਾਂ।

## ਕਲਮ ਅਤੇ ਤੇਗ ਦੇ ਧਨੀ ਜਿਨ੍ਹਾਂ 'ਤੇ ਕੌਮ ਨੂੰ ਮਾਣ ਹੈ

(ਗਿਆਨੀ ਦਿੱਤ ਸਿੰਘ ਜੀ, ਪ੍ਰੋ. ਗੁਰਮੁਖ ਸਿੰਘ ਜੀ, ਮਹਾਨ ਸ਼ਹੀਦ ਬਾਬਾ ਜਰਨੈਲ ਸਿੰਘ ਜੀ ਭਿੰਡਰਾਂਵਾਲੇ)

ਖਾਲਸਾ ਜੀਓ! ਪੰਥ ਦੇ ਦਰਪੇਸ਼ ਮਸਲਿਆਂ ਨੂੰ ਵਿਚਾਰਨ ਅਤੇ ਸਮੂਹ ਸ਼ਹੀਦਾਂ ਦੀ ਯਾਦ ਨੂੰ ਤਾਜ਼ਾ ਕਰਨ ਲਈ ਅਮੈਰਿਕਨ ਸਿੱਖ ਆਰਗੇਨਾਈਜ਼ੇਸ਼ਨ (ASO) ਦੇ ਕੈਲੀਫੋਰਨੀਆ ਯੂਨਿਟ ਵਲੋਂ 8 ਨਵੰਬਰ, 2009 (ਦਿਨ ਐਤਵਾਰ) ਸਿੱਖ ਗੁਰਦੁਆਰਾ ਸੈਨ ਹੋਜ਼ੇ, ਕੈਲੀਫੋਰਨੀਆ ਵਿਖੇ ਇਕ ਵਿਸ਼ਾਲ ਪੰਥਕ ਇਕੱਠ ਉਲੀਕਿਆ ਗਿਆ ਹੈ। ਸਮੂਹ ਗੁਰੂ ਨਾਨਕ ਨਾਮਲੇਵਾ ਮਾਈ ਭਾਈ ਨੂੰ ਸਨਿਮਰ ਬੇਨਤੀ ਹੈ ਕਿ ਇਸ ਮਹਾਨ ਪੰਥਕ ਸਮਾਗਮ ਵਿਚ ਸ਼ਾਮਲ ਹੋਵੋ ਤਾਂ ਕਿ ਆਪਾਂ ਰਲ ਮਿਲ ਕੇ ਅਰਦਾਸ ਕਰੀਏ ਅਤੇ ਇਨ੍ਹਾਂ ਸਾਰੀਆਂ ਮੁਸ਼ਕਲਾਂ ਦਾ ਹੱਲ ਲੱਭਣ ਲਈ ਕੋਈ ਉਪਰਾਲਾ ਕਰ ਸਕੀਏ।

**8 November, 2009 (Sunday)**
12:10 PM to 1:40 PM

**Sikh Gurdwara San Jose**
3636 Murillo Ave, San Jose, CA 95148

ਪਹੁੰਚ ਰਹੇ ਬੁਲਾਰੇ: ਸ. ਗੰਗਾ ਸਿੰਘ ਢਿੱਲੋਂ, ਭਾਈ ਰਸ਼ਪਾਲ ਸਿੰਘ (ਰਿਵਰਸਾਈਡ), ਡਾ. ਗੁਰਚਰਨ ਸਿੰਘ ਢਿੱਲੋਂ, ਡਾ. ਤਰਲੋਚਨ ਸਿੰਘ, ਭਾਈ ਦਵਿੰਦਰ ਸਿੰਘ, ਭਾਈ ਦੀਦਾਰ ਸਿੰਘ, ਭਾਈ ਸੁਰਿੰਦਰ ਸਿੰਘ ਜੌਹਲ

### ਸਾਨ ਫਰਾਂਸਿਸਕੋ ਬੇਏਰੀਆ ਯੂਨਿਟ

ਜਸਦੇਵ ਸਿੰਘ, ਡਾ. ਤਰਲੋਚਨ ਸਿੰਘ, ਸੁਖਦੇਵ ਸਿੰਘ ਬੈਨੀਪਾਲ, ਰਜਿੰਦਰ ਸਿੰਘ, ਦਿਲਬਾਗ ਸਿੰਘ, ਪ੍ਰੋ. ਰਸ਼ਪਾਲ ਸਿੰਘ, ਹਰਪਾਲ ਸਿੰਘ ਸੰਘਰ, ਕੁਲਵੰਤ ਸਿੰਘ, ਸਤਵੰਤ ਸਿੰਘ, ਰਾਣਾ ਸਿੰਘ ਕਾਹਲੋਂ, ਪ੍ਰੋ. ਰਾਜਿੰਦਰਪਾਲ ਸਿੰਘ, ਗਿਆਨੀ ਗੁਰਮੀਤ ਸਿੰਘ, ਰਵਿੰਦਰ ਸਿੰਘ, ਕਮਲਜੀਤ ਸਿੰਘ ਗਿੱਲ, ਸਰਬਜੀਤ ਸਿੰਘ, ਕੁਲਦੀਪ ਸਿੰਘ ਸਿੱਧੂ

### ਬੇਕਰਜ਼ਫੀਲਡ ਯੂਨਿਟ

ਭਾਈ ਸਵਰਨ ਸਿੰਘ, ਰਣਜੀਤ ਸਿੰਘ, ਪਰਮਜੀਤ ਸਿੰਘ, ਮੱਖਣ ਸਿੰਘ, ਦਲਜੀਤ ਸਿੰਘ, ਗੁਰਵਿੰਦਰ ਸਿੰਘ, ਜਸਵੀਰ ਸਿੰਘ ਸੇਖੋਂ, ਡਾ. ਗੁਰਬਚਨ ਸਿੰਘ ਢਿੱਲੋਂ, ਬਲਜੀਤ ਸਿੰਘ ਜੌਹਲ, ਤਰਨਵੀਰ ਸਿੰਘ, ਸਰਦੂਲ ਸਿੰਘ, ਪਰਮਿੰਦਰ ਸਿੰਘ, ਗੁਰਿੰਦਰ ਸਿੰਘ ਲਾਲੀ, ਪਰਮਜੀਤ ਸਿੰਘ ਪੰਮਾ

### ਫਰਿਜ਼ਨੋ ਯੂਨਿਟ

ਭਾਈ ਸੁਰਿੰਦਰ ਸਿੰਘ ਜੌਹਲ, ਮਨਪ੍ਰੀਤ ਸਿੰਘ, ਪਰਮਜੀਤ ਸਿੰਘ ਖੇੜਾ, ਮਹਿੰਦਰ ਸਿੰਘ ਕਲੇਰ, ਗੁਰਮੁਖ ਸਿੰਘ ਭੰਡਾਲ, ਕਰਮਜੀਤ ਸਿੰਘ ਨਿੱਝਰ, ਨਿਰਮਲ ਸਿੰਘ ਬਦੇਸ਼ਾ, ਬਲਵੀਰ ਸਿੰਘ ਬਦੇਸ਼ਾ, ਮਨਮੋਹਨ ਸਿੰਘ ਢਿੱਲੋਂ, ਪਰਮਜੀਤ ਸਿੰਘ ਸ਼ੇਰਗਿੱਲ, ਨਿਰਮਲ ਸਿੰਘ ਕਾਹਲੋਂ, ਮੰਗਲ ਸਿੰਘ ਜੌਹਲ, ਜਸਦੀਪ ਸਿੰਘ ਜੌਹਲ, ਕੁਲਵੰਤ ਸਿੰਘ ਧਾਮੀ, ਗੁਰਮੇਜ ਸਿੰਘ, ਪਰਮਜੀਤ ਸਿੰਘ ਸੰਘੇੜਾ

### ਲਾਸ ਏਂਜਲਸ ਯੂਨਿਟ

ਬਲਵਿੰਦਰ ਸਿੰਘ, ਮਨੋਹਰ ਸਿੰਘ, ਸੁਖਪਾਲ ਸਿੰਘ, ਨਿਰਮਲ ਸਿੰਘ, ਰਸ਼ਪਾਲ ਸਿੰਘ, ਜਗਵੀਰ ਸਿੰਘ ਤੁੰਗ, ਕਰਨੈਲ ਸਿੰਘ, ਸੀਤਲ ਸਿੰਘ, ਬਲਜੀਤ ਸਿੰਘ, ਨਰਿੰਦਰ ਸਿੰਘ, ਦੀਦਾਰ ਸਿੰਘ, ਜਗੀਰ ਸਿੰਘ, ਅਵਤਾਰ ਸਿੰਘ ਲਾਲੀ, ਲਹਿੰਬਰ ਸਿੰਘ ਬੜੈਚ, ਉਜਾਗਰ ਸਿੰਘ ਉਪਲ, ਕਰਨੈਲ ਸਿੰਘ ਠੇਕੇਦਾਰ

### ਟਰਲੱਕ ਯੂਨਿਟ

ਸਵਿੰਦਰ ਸਿੰਘ, ਰਣਧੀਰ ਸਿੰਘ, ਬਲਜੀਤ ਸਿੰਘ, ਕੁਲਦੀਪ ਸਿੰਘ ਪੱਤੜ, ਅਵਤਾਰ ਸਿੰਘ ਧਾਮੀ, ਜਤਿੰਦਰ ਸਿੰਘ ਧਾਮੀ, ਕੁਲਵਿੰਦਰ ਸਿੰਘ ਦੋਸਾਂਝ, ਪਰਮਜੀਤ ਸਿੰਘ ਦੋਸਾਂਝ, ਸੁਖਵਿੰਦਰ ਸਿੰਘ, ਕੁਲਦੀਪ ਸਿੰਘ ਮਾਣਕ

### ਯੂਬਾ ਸਿਟੀ ਯੂਨਿਟ

ਜਗੀਰ ਸਿੰਘ, ਜਸਵੀਰ ਸਿੰਘ, ਕੁਲਵਿੰਦਰ ਸਿੰਘ, ਦਲਵੀਰ ਸਿੰਘ, ਕਰਮਜੀਤ ਜੌਹਲ, ਸਤਨਾਮ ਸਿੰਘ

**ਹੋਰ ਜਾਣਕਾਰੀ ਲਈ ਸੰਪਰਕ ਕਰੋ: 650-391-4408 ਜਾਂ 559-352-8687**

**ਜਾਰੀ ਕਰਤਾ: ਅਮੈਰਿਕਨ ਸਿੱਖ ਆਰਗੇਨਾਈਜੇਸ਼ਨ (ਕੈਲੀਫੋਰਨੀਆ ਯੂਨਿਟ)**

# ਪ੍ਰਮਾਣੂ ਬਿਜਲੀ ਪਲਾਂਟ ਦੇ ਮੁੱਦੇ ਤੇ ਕੈਪਟਨ ਤੇ ਬਾਦਲ ਵਿਚਾਲੇ ਬਹਿਸ

**ਪੰਜਾਬ ਟਾਈਮਜ਼ ਨਿਊਜ਼ ਸਰਵਿਸ**

**ਜਲੰਧਰ:** ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਬੀਤੇ ਦਿਨੀਂ ਕਿਹਾ ਕਿ ਪੰਜਾਬ ਵਿਚ ਬਿਜਲੀ ਦੀ ਕਿੱਲਤ ਨੂੰ ਮੁੱਖ ਰੱਖਦਿਆਂ ਰਾਜ ਵਿਚ ਪ੍ਰਮਾਣੂ ਪਲਾਂਟ ਲਗਾਉਣ ਲਈ ਯੋਜਨਾ ਬਣਾਈ ਜਾ ਰਹੀ ਹੈ। ਮੁੱਖ ਮੰਤਰੀ ਅਨੁਸਾਰ ਪ੍ਰਮਾਣੂ ਪਲਾਂਟ ਲਗਾਉਣ ਲਈ ਜਗ੍ਹਾ ਦੀ ਭਾਲ ਆਰੰਭ ਕਰ ਦਿੱਤੀ ਗਈ ਹੈ।

ਦੂਜੇ ਪਾਸੇ ਮਾਹਿਰਾਂ ਦਾ ਆਖਣਾ ਹੈ ਕਿ ਪੰਜਾਬ ਵਿਚ ਬਿਜਲੀ ਸੰਕਟ ਨੂੰ ਖਤਮ ਕਰਨ ਲਈ ਪਣ ਬਿਜਲੀ ਪ੍ਰਾਜੈਕਟ ਹੀ ਸੱਸਤੀ ਬਿਜਲੀ ਮੁਹਈਆ ਕਰਵਾ ਸਕਦੇ ਹਨ। ਕੈਪਟਨ ਅਮਰਿੰਦਰ ਸਿੰਘ ਪੰਜਾਬ ਵਿਚ ਪ੍ਰਮਾਣੂ ਪ੍ਰਾਜੈਕਟ ਦਾ ਜ਼ੋਰਦਾਰ ਵਿਰੋਧ ਕਰ ਰਹੇ ਹਨ। ਪ੍ਰਕਾਸ਼ ਸਿੰਘ ਬਾਦਲ ਵਲੋਂ ਦਿਤੇ ਗਏ ਇਸ ਬਿਆਨ ਪਿਛੋਂ ਸਿਆਸਤ ਗਰਮਾ ਗਈ ਹੈ। ਇਸ ਬਿਆਨ ਤੇ ਟਿੱਪਣੀ ਕਰਦਿਆਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਜਦੋਂ ਕੇਂਦਰ ਦੀ ਸ. ਮਨਮੋਹਣ ਸਿੰਘ ਦੀ ਅਗਵਾਈ ਵਿਚ ਯੂ.ਪੀ.ਏ. ਸਰਕਾਰ ਨੇ ਨਿਊਕਲੀਅਰ ਡੀਲ 'ਤੇ ਦਸਖਤ ਕਰਨ ਲਈ ਪਾਰਲੀਮੈਂਟ ਹਾਊਸ ਵਿਚ ਬਿਲ ਪੇਸ਼ ਕੀਤਾ ਸੀ ਤਾਂ ਉਸ ਵਕਤ ਇਸੇ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਦੇ ਪਾਰਲੀਮੈਂਟ ਮੈਂਬਰਾਂ ਨੇ ਪ੍ਰਮਾਣੂ ਊਰਜਾ ਸਮਝੌਤੇ ਦੇ ਵਿਰੋਧ ਵਿਚ ਵੋਟ ਪਾਉਣ ਲਈ ਆਪਣੇ ਪਾਰਲੀਮੈਂਟ ਮੈਂਬਰਾਂ ਲਈ ਵਿਪ੍ਹ ਜਾਰੀ ਕਰ ਦਿਤੀ ਸੀ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਦਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੋਹਰੇ ਮਾਪਦੰਡ ਅਪਨਾਉਣ ਵਾਲੀ ਨੀਤੀ ਤੇ ਚੱਲ ਰਿਹਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਹੈਰਾਨੀ ਪ੍ਰਗਟ ਕਰਦਿਆਂ ਕਿਹਾ ਕਿ ਕੇਂਦਰ ਦੀ ਭਾਰਤ ਅਮਰੀਕਾ ਪ੍ਰਮਾਣੂ ਸੰਧੀ ਦੀ ਲੋਕ ਸਭਾ 'ਚ ਵਿਰੋਧਤਾ ਪ੍ਰਗਟ ਕਰਨ ਵਾਲੇ ਪ੍ਰਕਾਸ਼ ਸਿੰਘ ਬਾਦਲ ਹੁਣ ਕਿਸ ਮੂੰਹ ਨਾਲ ਪੰਜਾਬ ਲਈ ਪ੍ਰਮਾਣੂ ਬਿਜਲੀ ਪਲਾਂਟ ਲਗਾਉਣ ਦੀ ਮੰਗ ਕਰ ਰਹੇ ਹਨ? ਪ੍ਰਮਾਣੂ ਸਮਝੌਤੇ ਦੀ ਲੋਕ ਸਭਾ ਦੇ ਅੰਦਰ ਅਤੇ ਬਾਹਰੋਂ ਵਿਰੋਧਤਾ ਕਰਨ ਵਾਲੇ ਸ. ਬਾਦਲ ਅਤੇ ਉਹਨਾਂ ਦੀ ਪਾਰਟੀ ਵਾਲਾ ਅਕਾਲੀ ਦਲ ਹੁਣ ਕਿਸ ਆਧਾਰ 'ਤੇ ਸੂਬੇ ਲਈ ਪ੍ਰਮਾਣੂ ਬਿਜਲੀ ਪਲਾਂਟ ਦੀ ਮੰਗ ਕਰ ਰਹੇ ਹਨ ? ਕੈਪਟਨ ਅਨੁਸਾਰ ਇਸ ਤੋਂ ਸ. ਬਾਦਲ ਦੀ ਕਥਿਤ ਦੂਰਅੰਦੇਸ਼ੀ ਅਤੇ ਦੋਗਲੇਪਨ ਦੀ ਝਲਕ ਸਪੱਸ਼ਟ ਨਜ਼ਰ ਆਉਂਦੀ ਰਹੀ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਪ੍ਰਕਾਸ਼ ਸਿੰਘ ਬਾਦਲ ਵਲੋਂ ਪੰਜਾਬ ਹਿਤਾਂ ਦਾ ਰਖਵਾਲਾ ਅਖਵਾਉਣਾ ਕੇਵਲ ਬਿਆਨਾਂ ਤਕ ਹੀ ਸੀਮਤ ਹੈ। ਅਸਲੀਅਤ ਇਹ ਹੈ ਆਪਣੀ ਸਿਆਸਤ ਅਤੇ ਨਿਜੀ ਹਿੱਤ ਹੀ ਹਰ ਪਾਸੇ ਅੱਗੇ ਰਖਦੇ ਰਹੇ ਹਨ।

ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਸੱਦਾ ਹੀ ਪੰਜਾਬ ਦੀ ਧਰਤੀ ਤੇ ਪ੍ਰਮਾਣੂ ਪਲਾਂਟ ਲਗਾਉਣ ਦਾ ਵਿਰੋਧ ਕੀਤਾ ਹੈ। ਉਹਨਾਂ ਦਾ ਖਿਆਲ ਹੈ ਕੇ ਪੰਜਾਬ ਵਿਚ ਵਧੇਰੇ ਸੰਘਣੀ ਵਸੋਂ ਹੋਣ ਕਾਰਨ ਅਜਿਹੇ ਪ੍ਰਮਾਣੂ ਪਲਾਂਟ ਪੰਜਾਬ ਦੀ ਧਰਤੀ ਤੇ ਨਹੀਂ ਲਗਣੇ ਚਾਹੀਦੇ। ਉਹਨਾਂ ਦਾ ਮੰਨਣਾ ਹੈ ਕਿ ਹਵਾ ਦੀ ਸਾਰਾ ਸਾਲ ਪਛਮੀ ਦਿਸ਼ਾ ਕਰਕੇ ਇਸ ਪ੍ਰਮਾਣੂ ਪਲਾਂਟਾ ਨੂੰ ਪੰਜਾਬ ਵਿਚ ਨਹੀਂ ਸਗੋਂ ਹਰਿਆਣਾ, ਦਿੱਲੀ, ਅਤੇ ਯੂ.ਪੀ. ਨੂੰ ਵੀ ਇਹ ਪ੍ਰਭਾਵਤ ਕਰ ਸਕਦੇ ਹਨ। ਉਹਨਾਂ ਨੇ ਪੰਜਾਬ ਦੇ ਮੁੱਖ ਮੰਤਰੀ ਬਾਦਲ ਨੂੰ ਕਿਹਾ ਅਜਿਹੇ ਪਲਾਂਟਾ ਨੂੰ ਰਾਜਸਥਾਨ ਦੇ ਮਾਰੂਥਲ ਵਾਲੇ ਇਲਾਕੇ ਵਿਚ ਲਗਾਉਣ ਦੀ ਮੰਗ ਕਰਨੀ ਚਾਹੀਦੀ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਜੇ ਬਾਦਲ ਪੰਜਾਬ ਵਿਚ ਪ੍ਰਮਾਣੂ ਬਿਜਲੀ ਪਲਾਂਟ ਲਗਾਉਣਾ ਚਾਹੁੰਦਾ ਹੈ ਤਾਂ ਕਿਸ ਥਾਂ ਤੇ ਲਗਾਵੇਗਾ।

# ਛੋਟੀਆਂ ਅਤੇ ਮੋਟੀਆਂ ਹੋਣਗੀਆਂ ਔਰਤਾਂ

**ਲੰਦਨ:** ਮਿਲੋ ਭਵਿੱਖ ਦੀਆਂ ਮਹਿਲਾਵਾਂ ਨੂੰ, ਜਿਆਦਾ ਛੋਟੀ, ਮੋਟੀ, ਘੱਟ ਕੋਲੈਸਟਰੋਲ ਅਤੇ ਸਿਹਤਮੰਦ ਦਿਲ ਵਾਲੀ। ਇਹੀ ਨਹੀਂ ਉਨਾਂ ਵਿਚ ਮੀਨੋਪੱਜ ਵੀ ਦੇਰ ਨਾਲ ਸ਼ੁਰੂ ਹੋਵੇਗਾ। ਮਹਿਲਾਵਾਂ ਵਿਚ ਹੋਣ ਵਾਲੇ ਇਸ ਬਦਲਾਅ ਨਾਲ ਇਸ ਗੱਲ ਦੇ ਪੱਕੇ ਸਬੂਤ ਹਨ ਕਿ ਮਾਨਵ ਜਾਤਿ ਦਾ ਵਿਕਾਸ ਹੁਣ ਵੀ ਹੋ ਰਿਹਾ ਹੈ।

ਕੁਝ ਜੀਵ ਵਿਗਿਆਨੀਆਂ ਦਾ ਤਰਕ ਹੈ ਕਿ ਸਾਡੀ ਜਾਤੀ ਦੇ ਵਿਕਾਸ ਨੂੰ ਕੁਦਰਤੀ ਚਯਨ ਪ੍ਰਭਾਵਿਤ ਨਹੀਂ ਕਰਦਾ, ਇਸਦਾ ਅਰਥ ਇਹ ਕਿ ਮਾਨਵ ਜਾਤੀ ਦਾ ਵਿਕਾਸ ਹੋਣਾ ਬੰਦ ਹੋ ਗਿਆ ਹੈ। ਯੇਲ ਯੂਨੀਵਰਸਿਟੀ ਕੇ ਏਲੋਲਯੂਸ਼ਨਰੀ ਬਾਯੋਲਾਜਿੱਸਟ ਡਾ. ਸਟੀਫਨ ਸਟੀਯਰਸ ਦਾ ਕਹਿਣਾ ਹੈ ਕਿ ਉਨਾਂ ਨੇ ਆਪਣੇ ਸ਼ੋਧ ਵਿਚ ਪਾਇਆ ਕਿ ਛੋਟੇ ਕਦ ਵਾਲੀ ਮੋਟੀਆਂ ਔਰਤਾਂ ਦੇ ਘੱਟ ਵਜਨ ਵਾਲੀ ਲੰਬੀਆਂ ਔਰਤਾਂ ਦੀ ਤੁਲਨਾ ਵਿਚ ਜਿਆਦਾ ਬੱਚੇ ਸੀ। ਘੱਟ ਬਲੱਡ ਪ੍ਰੈਸ਼ਰ ਅਤੇ ਘਟ ਕੋਲੈਸਟ੍ਰੋਲ ਵਾਲੀਆਂ ਔਰਤਾਂ ਦਾ ਪਰਿਵਾਰ ਵੀ ਵੱਡਾ ਸੀ। ਡਾ. ਸਟੀਫਨ ਕਹਿੰਦੇ ਹਨ ਕਿ ਜੇਕਰ ਇਹੀ ਚਰਣ ਅਗਲੇ 10 ਸਾਲਾਂ ਤੱਕ ਜਾਰੀ ਰਿਹਾ ਤਾਂ ਸਾਲ 2409 ਵਿਚ ਮਹਿਲਾਵਾਂ ਦਾ ਕਦ 2 ਸੈਂਟੀਮੀਟਰ ਘਟ ਹੋਵੇਗਾ ਅਤੇ ਵਜਨ ਔਸਤਨ ਤੋਂ 1 ਕਿਲੋ ਜਿਆਦਾ। ਇਹ ਮਹਿਲਾਵਾਂ ਪਹਿਲੇ ਬੱਚੇ ਨੂੰ ਘੱਟ ਉਮਰ ਵਿਚ ਪੈਦਾ ਕਰਨਗੀਆਂ ਅਤੇ ਇਨਾਂ ਨੂੰ ਮੀਨੋਪੱਜ ਵੀ 10 ਮਹੀਨੇ ਦੇਰ ਤੋਂ ਸ਼ੁਰੂ ਹੋਵੇਗਾ।

ਤਿੰਨ ਪੀੜ੍ਹੀਆਂ ਤੱਕ ਸ਼ੋਧ : ਡਾ. ਸਟੀਫਨ ਕਹਿੰਦੇ ਹਨ ਕਿ ਉਨ੍ਹਾਂ ਨੂੰ ਇਹੋ ਜਿਹੇ ਸਬੂਤ ਮਿਲ ਗਏ ਹਨ ਜਿਨਾਂ ਤੋਂ ਪਤਾ ਚਲਦਾ ਹੈ ਮਹਿਲਾ ਦਾ ਵਜਨ ਅਤੇ ਕਦ ਭਵਿੱਖ ਵਿਚ ਉਸਦੇ ਬੱਚਿਆਂ ਦੀ ਸੰਖਿਆ ਨੂੰ ਪ੍ਰਭਾਵਿਤ ਕਰਦਾ ਹੈ। ਉਨ੍ਹਾਂ ਨੇ ਸ਼ੋਧ ਵਿਚ ਪ੍ਰੈਮਿਨਘਮ ਦੀ 14 ਹਜ਼ਾਰ ਮਹਿਲਾਵਾਂ ਦੀ ਮੈਡੀਕਲ ਹਿਸਟਰੀ ਦੇਖੀ। ਇਨਾਂ ਮਹਿਲਾਵਾਂ ਵਿਚ ਕੁਝ 1948 ਵਿਚ ਪੈਦਾ ਹੋਈਆਂ ਔਰਤਾਂ ਸੀ,ਜਿਨਾਂ ਦੀਆਂ ਤਿੰਨ ਪੀੜੀਆਂ ਸ਼ਾਮਿਲ ਸਨ। ਇਸਦੇ ਇਲਾਵਾ ਉਨ੍ਹਾਂ ਅਧੇੜ ਉਮਰ ਤਕ ਜਾ ਪਹੁੰਚੀ 1 ਹਜਾਰ 238 ਔਰਤਾਂ ਦਾ ਮੈਡੀਕਲ ਰਿਕਾਰਡ ਵੀ ਜਾਂਚਿਆ।

## ਭਾਰਤੀਆਂ ਨੂੰ ਪਾਕਿਸਤਾਨ ਨਾ ਜਾਣ ਦੀ ਸਲਾਹ

**ਨਵੀਂ ਦਿੱਲੀ:** ਪਾਕਿਸਤਾਨ 'ਚ ਰੋਜ਼ਾਨਾ ਹੋ ਰਹੇ ਦਹਿਸ਼ਤਗਰਦੀ ਹਮਲਿਆਂ ਨੂੰ ਵੇਖਦਿਆਂ ਭਾਰਤ ਸਰਕਾਰ ਨੇ ਭਾਰਤੀ ਸ਼ਰਧਾਲੂਆਂ ਨੂੰ ਅਜੇ ਗੁਆਂਢੀ ਦੇਸ਼ ਖ਼ਾਸ ਕਰਕੇ ਪਾਕਿਸਤਾਨ ਨਾ ਜਾਣ ਦੀ ਸਲਾਹ ਦਿੱਤੀ ਹੈ। ਗ੍ਰਹਿ ਮੰਤਰਾਲੇ ਵੱਲੋਂ ਮੰਗਲਵਾਰ ਨੂੰ ਜਾਰੀ ਯਾਤਰੀ ਸਲਾਹ 'ਚ ਕਿਹਾ ਗਿਆ ਹੈ ਕਿ ਭਾਰਤ ਸਰਕਾਰ ਦੀ ਰਾਏ 'ਚ ਭਾਰਤੀ ਸ਼ਰਧਾਲੂਆਂ ਨੂੰ ਪਾਕਿਸਤਾਨ ਦੀ ਵਿਗੜਦੀ ਸਥਿਤੀ ਦੇ ਮੱਦੇਨਜ਼ਰ ਉਥੋਂ ਦੀ ਯਾਤਰਾ ਨਹੀਂ ਕਰਨੀ ਚਾਹੀਦੀ।


Security Cameras For Your Business
WWW.PROLYNKS.COM



ਕੀ ਤੁਹਾਨੂੰ ਆਪਣੇ ਬਿਜਨਸ ਦੀ ਚਿੰਤਾ ਰਹਿੰਦੀ ਹੈ
ਸੌ ਫੀਸਦੀ ਨਤੀਜੇ ਦੀ ਗਾਰੰਟੀ
• ਮੁਲਾਜ਼ਮਾਂ ਵਲੋਂ ਚੋਰੀ
• ਮੁਲਾਜ਼ਮਾਂ ਦੇ ਕੰਮ ਉਤੇ ਨਿਗਾਹ
• ਲੁੱਟ-ਖੋਹ
• ਟਰੈਸਪਾਸਿੰਗ ਦੀ ਸਮੱਸਿਆ
• ਗਾਹਕਾਂ ਵਲੋਂ ਚੋਰੀ
• ਹਥਿਆਰਬੰਦ ਡਾਕੇ ਤੇ ਚੋਰੀਆਂ
ਦੂਰ ਬੈਠਿਆਂ ਇੰਟਰਨੈਟ ਰਾਹੀਂ ਆਪਣੇ ਬਿਜਨਸ ਉਤੇ ਨਿਗਾਹ ਰੱਖੋ



We will beat any competitor prices!!!
4 Camera System Prices Starting At $59.99/mo*
FREE ESTIMATE
PROFESSIONAL INSTALLATION
408-294-9900
1-888-PRO-LYNK
Prolynks LINKING OUR WORLD
1194 S 2nd St.
San Jose, CA 95112
Serving Bay Area Businesses For Past 7 Years



G.M. Lawrence Insurance Brokerage ਅਤੇ Valley Truck Services

ਟਰੱਕ ਇੰਸ਼ੋਰੈਂਸ ਸੇਵਾਵਾਂ
• 28 Years of Experience in Truck Insurance Industry
• Appointed by 24 Top Rated US Insurance Companies
• All type of Trucking Coverage for Trucks, Container and Cargo
• Flexible Down Payment and Monthly Payment Options
• Quick Certificates & Excellent Services Guaranteed!

ਸਾਡੀਆਂ ਟਰੱਕਿੰਗ ਸੇਵਾਵਾਂ
• California DMV Services
» New License Plates & Renewals
• Interstate & Intrastate Permits
» DOT #, MC #, CA #
» IFTA, UCR, MCP
» NM, KY, NY, OR Permits
» Highway Use Tax(2290)
• Truck Financing
• Corporation Setup
• Document Typing



ਸਾਨੂੰ ਅੱਜ ਹੀ ਕਾਲ ਕਰੋ

ਟਰੱਕ ਇੰਸ਼ੋਰੈਂਸ ਵਾਸਤੇ
Daljit Singh Khehra,
License No: 0522491
Tel: 209-474-2771
Fax: 209-474-0215
Daljit@gmlawernceins.com

ਟਰਕਿੰਗ ਸੇਵਾਵਾਂ ਵਾਸਤੇ
Rajwinder Khehra and Daljit Kaur
Tel: 209-390-8800
Fax: 209-594-1380
Raj@valleytruckservices.com
www.valleytruckservices.com



ਟਰੱਕ ਇੰਸ਼ੋਰੈਂਸ ਵਿਚ ਲਗਭਗ 28 ਸਾਲ ਦਾ ਤਜਰਬਾ
ਟਰੱਕਿੰਗ ਬਿਜ਼ਨੈਸ ਨਾਲ ਸਬੰਧਿਤ ਹਰ ਤਰਾਂ ਦੀਆਂ ਸੇਵਾਵਾ ਇਕੋ ਜਗਾ ਤੇ
2403 Gilberte Street, Tracy, CA 95304
ਟਰੱਕਿੰਗ ਬਿਜ਼ਨੈਸ ਨਾਲ ਸਬੰਧਿਤ ਹਰ ਤਰਾਂ ਦੀਆਂ ਸੇਵਾਵਾ ਇਕੋ ਜਗਾ ਤੇ

We go Global with Indian Values & Life Skills

**CT Public School**
Pre Nry. to 10+2 (Affiliated to CBSE)
G.T. Road, Maqsudan, JALANDHAR (Pb.)

Teaching & Caring Together !



AIR CONDITIONED HOSTELS

- International Standards
- NRI Students pick up Indian Values
- Hundred percent Board Results of boarders
- Mint House for Doctors, Engineers and other upcoming fields
- Parental Attention to draw out the best

Learning Centre
For Bridging Sessional & Educational Gap of the NRI Students



Catering a Global Perspective with International Tours & Excursions

ਜਲੰਧਰ (ਪੰਜਾਬ) ਵਿੱਚ ਅੰਤਰਰਾਸ਼ਟਰੀ ਪੱਧਰ ਦਾ ਭਾਰਤੀ ਕਦਰਾਂ ਕੀਮਤਾਂ ਵਾਲਾ ਨਵੇਕਲਾ ਸਕੂਲ

PIVOTAL FEATURES :

1. Personalized attention
2. Dedicated Teaching Faculty
3. Hi Tech Audio Visual Lab for communication Skills
4. Well equipped Maths Lab
5. Emphasis on Personality Development
6. Regular Swimming and Skating Classes for Primary Wing
7. Seminars & Workshops for Parents

ASSOCIATE CT INSTITUTIONS
❖ Engineering ❖ Pharmacy
❖ Management & I.T. ❖ Education (B.Ed.)
❖ Polytechnic ❖ Hotel Management
❖ Insurance Mgt. ❖ Retail Mgt.

Charanjit Singh 'Channi' — Chairman, CT Group of Institutions
Mrs. Lakhvinder Kaur — Principal, CTPS
+ 91-181-2250775, 2258802-03
+ 91-98149-20839, 98760-62638
www.ctpublicschool.com www.ctgroup.in
E-mail : ctps_school@yahoo.co.in

Its worth your visit !



**Bob Lynn Edwards, Jr.**

Free Initial Consultation — Attorney at Law



Over 17 Years Handling Family Law Cases in Fremont, CA, All Aspects of Divorce Including Child Support, Child Custody, Spousal Support, Property Division, Restraining Orders, Modification of Support, Etc.

Ph:510-770-0500

www.BobEdwards.com
3869 Peralta Boulevard,
Fremont CA 94536-3712



**Attention Business Owners!!**



Are You Worried About Your Business When You`re Not There?

Are Worries Keeping You Awake?

Watch Your Business AnyTime Any Place.

NO PAYMENTS For 3 Months

Financing & Lease Options For 12, 24, 36 Months Available.

Promotion For July Free Cash Register Interface With Purchase Of Our DVR System

ਆਪਣੇ ਘਰ ਜਾਂ ਬਿਜਨਸ 'ਤੇ ਸਿਕਿਉਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ

ਵਾਜਬ ਕੀਮਤ, ਸਹੀ ਕੰਮ

DVR UNLIMITED

Call:1-800-780-0032 www.dvrunlimited.com






Stay connected to your roots with Punjabi Pack only on DISH Network!

Punjabi Pack $19.99/mo

Watch a wide variety of programming including live Gurbani from Harmandir Sahib and other cultural and religious programs with Punjabi Pack only on DISH Network.

Call to subscribe TODAY
1-888-242-2276

dish NETWORK INTERNATIONAL TV

All prices, packages and programming subject to change without notice. Local and state sales taxes may apply. Programming is available for single-family dwellings located in the continental United States. All DISH Network programming, and any other services that are provided, are subject to the terms and conditions of the promotional agreement and Residential Customer Agreement, which is available upon request. Hardware and programming sold separately. Customer must subscribe to minimum programming, including DishFAMILY, DishMÉXICO or a qualifying International package, or a $6.00/mo. Service Access fee will apply in addition to the monthly price for International programming. A second dish antenna may be required to view both International and American programming. All services marks and trademarks belong to their respective owners. ©2009, DISH Network L.L.C. All rights reserved.

# ਪੰਜਾਬੀ ਕਿਸਾਨਾਂ ਲਈ ਵਿਸ਼ੇਸ਼ ਰਿਆਇਤਾਂ ਦਾ ਹੁੰਗਾਰਾ ਭਰਿਆ ਪਵਾਰ ਨੇ

**ਚੰਡੀਗੜ੍ਹ:** ਕੇਂਦਰ ਸਰਕਾਰ ਨੇ ਪੰਜਾਬ ਦੇ ਕਿਸਾਨਾਂ ਨੂੰ ਵਿਸ਼ੇਸ਼ ਰਿਆਇਤਾਂ ਦੇਣ ਦਾ ਮਨ ਬਣਾਇਆ ਹੈ ਜਿਨ੍ਹਾਂ 'ਚ ਕੇਂਦਰ ਵਲੋਂ ਕਰਜ਼ੇ ਦੀ ਮੁਆਫ਼ੀ ਦੀਆਂ ਸ਼ਰਤਾਂ ਨੂੰ ਨਰਮ ਕਰਨਾ ਅਤੇ ਖ਼ੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਦੇ ਪਰਵਾਰਾਂ ਨੂੰ ਢੁਕਵਾਂ ਮੁਆਵਜ਼ਾ ਦੇਣਾ ਸ਼ਾਮਲ ਹੈ। ਕੇਂਦਰੀ ਖੇਤੀਬਾੜੀ ਮੰਤਰੀ ਸ਼ਰਦ ਪਵਾਰ ਨੇ 23 ਅਕਤੂਬਰ ਖੰਨਾ ਅਤੇ ਰਾਜਪੁਰਾ ਦੀਆਂ ਅਨਾਜ ਮੰਡੀਆਂ ਦਾ ਦੌਰਾ ਕਰਨ ਮਗਰੋਂ ਪ੍ਰੈੱਸ ਕਾਨਫ਼ਰੰਸ ਦੌਰਾਨ ਦੱਸਿਆ ਕਿ ਖ਼ਰੀਦੇ ਜਾ ਰਹੇ ਝੋਨੇ 'ਤੇ ਬਣਦਾ ਬੋਨਸ ਅਗਲੇ ਹਫ਼ਤੇ ਕੈਬਨਿਟ 'ਚੋਂ ਪਾਸ ਹੋਣ ਮਗਰੋਂ ਜ਼ਰੂਰ ਦਿਤਾ ਜਾਏਗਾ। ਕੈਬਨਿਟ ਮੀਟਿੰਗ 'ਚ ਹੀ ਆਉਂਦੀ ਹਾੜ੍ਹੀ ਦੀ ਕਣਕ ਵਾਸਤੇ ਘਟੋ ਘੱਟ ਸਮਰਥਨ ਮੁਲ ਤੈਅ ਕੀਤਾ ਜਾਏਗਾ।

ਬੋਨਸ ਐਲਾਨਣ ਵਿਚ ਦੇਰੀ ਬਾਰੇ ਸਫ਼ਾਈ ਦਿੰਦਿਆਂ ਉਨ੍ਹਾਂ ਕਿਹਾ ਕਿ ਹਰਿਆਣਾ ਤੇ ਮਹਾਰਾਸ਼ਟਰ 'ਚ ਵਿਧਾਨ ਸਭਾ ਚੋਣਾਂ ਕਰਕੇ ਥੋੜਾ ਵਧ ਵਕਤ ਲਗ ਗਿਆ। ਉਨ੍ਹਾਂ ਕਿਹਾ ਕਿ ਐਫ਼.ਸੀ.ਆਈ. ਅਤੇ ਹੋਰ ਖ਼ਰੀਦ ਏਜੰਸੀਆਂ ਨੇ ਵਧੀਆ ਰਿਕਾਰਡ ਕਾਇਮ ਰਖਿਆ ਹੈ ਜਿਸ ਕਰ ਕੇ ਬਾਅਦ ਵਿਚ ਕਿਸਾਨਾਂ ਨੂੰ ਬੋਨਸ ਦੀ ਅਦਾਇਗੀ ਕਰਨ ਵਿਚ ਬਹੁਤੀ ਮੁਸ਼ਕਲ ਨਹੀਂ ਆਏਗੀ। ਪਵਾਰ ਨੇ ਕਿਹਾ ਕਿ ਇਸ ਸਾਲ 140 ਲੱਖ ਟਨ ਝੋਨੇ ਤੋਂ ਇਲਾਵਾ 85 ਲੱਖ ਟਨ ਚੌਲਾਂ ਦੀ ਖ਼ਰੀਦ ਕਰਨ ਦਾ ਨਿਸ਼ਾਨਾ ਹੈ ਅਤੇ ਦੇਸ਼ ਵਾਸਤੇ ਐਤਕੀਂ ਸਟਾਕ ਵਿਚ ਵਾਧੂ ਅਨਾਜ ਰੱਖ ਕੇ ਕੀਮਤਾਂ 'ਤੇ ਕਾਬੂ ਪਾਇਆ ਜਾਏਗਾ। ਕਣਕ ਦੀ ਬਿਜਾਈ ਪੰਜਾਬ ਅੰਦਰ ਵਾਧੂ ਰਕਬੇ 'ਤੇ ਕਰਨ ਦੀ ਸਕੀਮ ਸਬੰਧੀ ਉਨ੍ਹਾਂ ਇਸ਼ਾਰਾ ਕੀਤਾ ਕਿ ਪੰਜਾਬ ਦੇ ਕਿਸਾਨਾਂ ਨੂੰ ਉਤਸ਼ਾਹਤ ਕਰਨ ਲਈ ਬਿਜਲੀ, ਪਾਣੀ, ਬੀਜ, ਖਾਦ ਅਤੇ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਲਈ ਵਾਧੂ ਰਿਆਇਤ ਜਾਂ ਸਹੂਲਤ ਕਿਸੇ ਨਾ ਕਿਸੇ ਰੂਪ ਵਿਚ ਦਿਤੀ ਜਾਵੇਗੀ। ਪੰਜਾਬ ਸਰਕਾਰ ਵਲੋਂ ਝੋਨੇ ਦੀ ਖ਼ਰੀਦ ਲਈ ਕੀਤੇ ਪ੍ਰਬੰਧਾਂ ਅਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਲੋਂ ਨਿਜੀ ਤੌਰ 'ਤੇ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦੀ ਸ਼ਲਾਘਾ ਕਰਦੇ ਹੋਏ ਪਵਾਰ ਨੇ ਕਿਹਾ ਕਿ ਪੰਜਾਬ ਤੇ ਹਰਿਆਣਾ ਸਰਕਾਰਾਂ ਵਲੋਂ ਬਿਜਲੀ ਸਬਸਿਡੀ ਸਬੰਧੀ ਕੇਂਦਰੀ ਸਹਾਇਤਾ ਵਾਸਤੇ ਪ੍ਰਸਤਾਵ ਆਏ ਹੋਏ ਹਨ ਜਿਨ੍ਹਾਂ 'ਤੇ ਵਿਚਾਰ ਕਰ ਕੇ ਅਗਲੇ ਹਫ਼ਤੇ ਕੁੱਝ ਨਾ ਕੁੱਝ ਐਲਾਨ ਜ਼ਰੂਰ ਹੋਏਗਾ।



ਕਿਸਾਨਾਂ ਵਲੋਂ ਆਰਥਕ ਤੰਗੀ ਅਤੇ ਮੰਦਹਾਲੀ ਕਾਰਨ ਖ਼ੁਦਕੁਸ਼ੀਆਂ ਕਰਨ ਬਾਰੇ ਪੁੱਛਣ 'ਤੇ ਪਵਾਰ ਨੇ ਮੰਨਿਆਂ ਕਿ ਕਿਸਾਨਾਂ ਨੂੰ ਲਾਗਤ ਮੁਤਾਬਕ ਫ਼ਸਲ ਦਾ ਸਹੀ ਮੁੱਲ ਨਹੀਂ ਮਿਲ ਰਿਹਾ ਪਰ ਨਾਲ ਹੀ ਉਨ੍ਹਾਂ ਕਿਹਾ ਕਿ ਦੇਸ਼ ਦੇ ਅੰਨ ਭੰਡਾਰ ਵਿਚ ਚੋਖਾ ਯੋਗਦਾਨ ਦੇਣ ਵਾਲੇ ਪੰਜਾਬ ਦੇ ਕਿਸਾਨਾਂ ਲਈ ਮਾਪ-ਦੰਡਾਂ ਵਿਚ ਢਿੱਲ ਦੇਣ ਦੀ ਕੋਸ਼ਿਸ਼ ਜਾਰੀ ਹੈ। ਉਨ੍ਹਾਂ ਪੰਜਾਬ ਦੇ ਫੂਡ ਸਪਲਾਈ ਮੰਤਰੀ ਆਦੇਸ਼ ਪ੍ਰਤਾਪ ਸਿੰਘ, ਪੰਜਾਬ ਮੰਡੀ ਬੋਰਡ ਦੇ ਚੇਅਰਮੈਨ, ਸੀਨੀਅਰ ਅਧਿਕਾਰੀਆਂ ਅਤੇ ਖ਼ਰੀਦ ਅਧਿਕਾਰੀਆਂ ਨਾਲ ਵੀ ਵਿਚਾਰ ਵਟਾਂਦਰਾ ਕੀਤਾ। ਇਸ ਤੋਂ ਪਹਿਲਾਂ ਕੇਂਦਰੀ ਖੇਤੀਬਾੜੀ ਮੰਤਰੀ ਸ਼ਰਦ ਪਵਾਰ ਨੇ ਏਸ਼ੀਆ ਦੀ ਸਭ ਤੋਂ ਵੱਡੀ ਅਨਾਜ ਮੰਡੀ ਖੰਨਾ ਅਤੇ ਰਾਜਪੁਰਾ ਦੀ ਮੰਡੀ ਵਿਖੇ ਝੋਨੇ ਦੀ ਫ਼ਸਲ ਦੇ ਖ਼ਰੀਦ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਖੰਨਾ ਵਿਖੇ ਉਨ੍ਹਾਂ ਕਿਹਾ ਕਿ ਕੇਂਦਰ ਕਿਸਾਨਾਂ ਨੂੰ ਮੰਡੀਆਂ ਵਿਚ ਕਿਸੇ ਕਿਸਮ ਦੀ ਕੋਈ ਮੁਸ਼ਕਲ ਨਹੀਂ ਆਉਣ ਦੇਵੇਗਾ ਅਤੇ ਮੰਡੀ ਵਿਚ ਲਿਆਂਦਾ ਇਕ-ਇਕ ਦਾਣਾ ਬਿਨਾਂ ਕਿਸੇ ਰੁਕਾਵਟ ਤੋਂ ਖ਼ਰੀਦਿਆ ਜਾਵੇਗਾ।

ਇਸ ਉਪਰੰਤ ਕੇਂਦਰੀ ਮੰਤਰੀ ਨੇ ਅਧਿਕਾਰੀਆਂ ਨਾਲ ਬੰਦ ਕਮਰਾ ਮੀਟਿੰਗ ਵੀ ਕੀਤੀ। ਰਾਜਪੁਰਾ ਦੀ ਅਨਾਜ ਮੰਡੀ ਦੇ ਦੌਰੇ ਸਮੇਂ ਪਵਾਰ ਨੇ ਕਿਹਾ ਕਿ ਕਿਸਾਨਾਂ ਨੂੰ ਉਨ੍ਹਾਂ ਦਾ ਬਣਦਾ ਪਿਛਲਾ ਅਤੇ ਹੁਣ ਵਾਲਾ ਬੋਨਸ ਜਲਦੀ ਹੀ ਦੇ ਦਿਤਾ ਜਾਵੇਗਾ। ਇਸ ਮੌਕੇ ਸ੍ਰੀ ਪਵਾਰ ਨਾਲ ਉਨ੍ਹਾਂ ਦੀ ਪਤਨੀ, ਖ਼ੁਰਾਕ ਤੇ ਸਪਲਾਈ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਅਤੇ ਮੁੱਖ ਸੰਸਦੀ ਸਕੱਤਰ ਰਾਜ ਖੁਰਾਣਾ ਵੀ ਮੌਜੂਦ ਸਨ। ਪ੍ਰੋ. ਚੰਦੂਮਾਜਰਾ ਨੇ ਕੇਂਦਰੀ ਮੰਤਰੀ ਤੋਂ ਮੰਗ ਕੀਤੀ ਕਿ ਪੰਜਾਬ ਦੇ ਕਿਸਾਨਾਂ ਨੂੰ ਝੋਨੇ ਦੀ ਫ਼ਸਲ 'ਤੇ 400 ਰੁਪਏ ਤੋਂ ਲੈ ਕੇ 500 ਰੁਪਏ ਪ੍ਰਤੀ ਕੁਇੰਟਲ ਤਕ ਬੋਨਸ ਦਿਤਾ ਜਾਵੇ।

ਉਨ੍ਹਾਂ ਇਹ ਵੀ ਮੰਗ ਕੀਤੀ ਕਿ ਝੋਨੇ ਦਾ ਸਮਰਥਨ ਮੁੱਲ 1400 ਰੁਪਏ ਪ੍ਰਤੀ ਕੁਇੰਟਲ ਕੀਤਾ ਜਾਵੇ। ਇਸ ਮੌਕੇ ਖ਼ੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਡਾਇਰੈਕਟਰ ਧਰਮਜੀਤ ਸਿੰਘ ਗਰੇਵਾਲ ਨੇ ਦਸਿਆ ਕਿ ਪੰਜਾਬ ਦੀਆਂ ਮੰਡੀਆਂ ਵਿਚ ਹੁਣ ਤਕ ਤਕਰੀਬਨ 70 ਲੱਖ ਟਨ ਝੋਨਾ ਆ ਚੁਕਿਆ ਹੈ ਜਿਸ ਦੀ ਅਦਾਇਗੀ ਵਜੋਂ 4500 ਕਰੋੜ ਰੁਪਏ ਦਿਤੇ ਗਏ ਹਨ।

## ਹੁਣ ਕੇਂਦਰ ਵਿਚ ਆ ਜਾਣ ਬਾਦਲ- ਪਵਾਰ

**ਚੰਡੀਗੜ੍ਹ:** ਸ਼ਰਦ ਪਵਾਰ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਕਿਸੇ ਵੀ ਸੂਬੇ ਦੇ ਲੋਕਾਂ ਵਲੋਂ ਅਪਣੀ ਭਾਸ਼ਾ ਅਤੇ ਸਭਿਆਚਾਰ ਵਾਸਤੇ ਸੰਘਰਸ਼ ਕਰਨਾ ਜਾਂ ਉਸ ਦੇ ਪੱਖ ਵਿਚ ਉਤਸ਼ਾਹ ਦਿਖਾਉਣਾ ਬੜੇ ਮਾਣ ਦੀ ਗੱਲ ਹੈ ਪਰ ਦੂਜੇ ਸੂਬਿਆਂ ਦੀਆਂ ਭਾਸ਼ਾਵਾਂ ਨਾਲ ਵੀ ਕਿਸੇ ਨੂੰ ਨਫ਼ਰਤ ਨਹੀਂ ਕਰਨੀ ਚਾਹੀਦੀ। ਅੱਜ ਇਥੇ ਪ੍ਰੈੱਸ ਕਾਨਫ਼ਰੰਸ 'ਚ ਮਹਾਰਾਸ਼ਟਰ ਦੀਆਂ ਚੋਣਾਂ ਵਿਚ ਬਾਲ ਠਾਕਰੇ, ਉਧਵ ਠਾਕਰੇ ਅਤੇ ਰਾਜ ਠਾਕਰੇ ਵਲੋਂ ਮਰਾਠੀ ਭਾਸ਼ਾ ਜਾਂ ਮਰਾਠੀ ਸਭਿਆਚਾਰ ਸਬੰਧੀ ਦਿਤੇ ਬਿਆਨਾਂ 'ਤੇ ਟਿਪਣੀ ਕਰਦਿਆਂ ਸ਼ਰਦ ਪਵਾਰ ਨੇ ਕਿਹਾ ਕਿ ਪੰਜਾਬੀਆਂ ਵਲੋਂ ਵੀ ਪੰਜਾਬੀ ਬੋਲੀ ਦਾ ਗੁਣਗਾਨ ਕਰਨਾ ਇਕ ਸਵੈਮਾਨ ਵਾਲੀ ਗੱਲ ਹੈ। ਉਨ੍ਹਾਂ ਨਸੀਹਤ ਦਿਤੀ ਕਿ ਦੂਜੀ ਭਾਸ਼ਾ ਅਤੇ ਕਿਸੇ ਸਭਿਆਚਾਰ ਦੀ ਜੀਵਨ ਸ਼ੈਲੀ ਨੂੰ ਨਫ਼ਰਤ ਨਹੀਂ ਕਰਨਾ ਚਾਹੀਦਾ। ਉਨ੍ਹਾਂ ਕਿਹਾ ਕਿ ਬਾਲ ਠਾਕਰੇ ਨੇ ਉੱਤਰੀ ਭਾਰਤ ਦੇ ਲੋਕਾਂ ਵਿਰੁਧ ਬਿਆਨ ਦਿਤੇ ਜੋ ਨਿੰਦਣਯੋਗ ਹਨ।

ਪਵਾਰ ਨੇ ਪ੍ਰਕਾਸ਼ ਸਿੰਘ ਬਾਦਲ ਦੀ ਸਿਫ਼ਤ ਕਰਦਿਆਂ ਕਿਹਾ ਕਿ ਅਸੀਂ ਸਾਰੇ ਕੋਸ਼ਿਸ਼ ਕਰ ਰਹੇ ਹਾਂ ਕਿ ਸ. ਬਾਦਲ ਕਿਸਾਨ ਹਿਤੈਸ਼ੀ ਹਨ ਅਤੇ ਉਨ੍ਹਾਂ ਨੂੰ ਕੇਂਦਰ ਦੀ ਸਿਆਸਤ ਵਿਚ ਆ ਜਾਣਾ ਚਾਹੀਦਾ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਸ. ਬਾਦਲ ਦਾ ਪੰਜਾਬੀ ਪ੍ਰਤੀ ਜਾਂ ਪੰਜਾਬੀ ਕਿਸਾਨਾਂ ਪ੍ਰਤੀ ਹਮਦਰਦ ਬਣਨਾ ਸੁਭਾਵਕ ਹੈ ਕਿਉਂਕਿ ਉਹ ਦਿੱਲੀ ਆ ਕੇ ਹਮੇਸ਼ਾ ਪੰਜਾਬ ਦੀਆਂ ਫ਼ਸਲਾਂ, ਅੰਨ, ਪਾਣੀ ਦੀ ਹੀ ਗੱਲ ਕਰਦੇ ਹਨ। ਜਦੋਂ ਉਨ੍ਹਾਂ ਨੂੰ ਇਹ ਪੁਛਿਆ ਗਿਆ ਕਿ ਕੀ ਉਨ੍ਹਾਂ ਦੀ ਯੋਜਨਾ ਸ. ਬਾਦਲ ਨੂੰ ਐਨ.ਸੀ.ਪੀ. ਵਿਚ ਲਿਆਉਣ ਦੀ ਹੈ? ਤਾਂ ਪਵਾਰ ਨੇ ਹੱਸ ਕੇ ਗੱਲ ਟਾਲ ਦਿਤੀ।

## ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਦੇ ਦਰਜੇ ਲਈ ਭੁੱਖ ਹੜਤਾਲ ਕਰੇ ਜੋਸ਼ੀ-ਭਾਈ ਮੋਹਕਮ ਸਿੰਘ

**ਅੰਮ੍ਰਿਤਸਰ:** ਖਾਲਸਾ ਐਕਸ਼ਨ ਕਮੇਟੀ ਦੇ ਕਨਵੀਨਰ ਤੇ ਦਮਦਮੀ ਟਕਸਾਲ ਦੇ ਆਗੂ ਭਾਈ ਮੋਹਕਮ ਸਿੰਘ ਨੇ ਭਾਜਪਾ ਦੇ ਵਿਧਾਇਕ ਸ੍ਰੀ ਅਨਿਲ ਜੋਸ਼ੀ ਨੂੰ ਕਿਹਾ ਹੈ ਕਿ ਉਹ ਸਮਾਜ ਵਿਰੋਧੀ ਅਨਸਰਾਂ ਦੇ ਹੱਕ ਵਿਚ ਭੁੱਖ ਹੜਤਾਲ 'ਤੇ ਬੈਠਣ ਦੀ ਬਜਾਏ ਅੰਮ੍ਰਿਤਸਰ ਸ਼ਹਿਰ ਨੂੰ ਪਵਿੱਤਰ ਦਰਜਾ ਕਰਾਰ ਦੇਣ ਲਈ ਭੁੱਖ ਹੜਤਾਲ 'ਤੇ ਬੈਠਣ। ਸਮੁੱਚੀਆਂ ਪੰਥਕ ਜਥੇਬੰਦੀਆਂ ਵੀ ਇਸ ਮੁੱਦੇ 'ਤੇ ਉਨ੍ਹਾਂ ਦਾ ਸਾਥ ਦੇਣਗੀਆਂ। ਉਨ੍ਹਾਂ ਕਿਹਾ ਕਿ ਭਾਜਪਾ ਵਿਧਾਇਕ ਨੂੰ ਜੁਆਰੀਆਂ, ਸਮੈਕੀਆਂ, ਭੂ-ਮਾਫ਼ੀਆ ਗਿਰੋਹ, ਨਸ਼ਈਆਂ, ਚੇਨ ਸਨੈਚਰਾਂ ਅਤੇ ਹੋਰ ਸਮਾਜ ਵਿਰੋਧੀ ਅਨਸਰਾਂ ਦੇ ਹੱਕ ਵਿਚ ਉਨ੍ਹਾਂ ਦੀਆਂ ਰਿਹਾਈਆਂ ਵਾਸਤੇ ਭੁੱਖ ਹੜਤਾਲ ਤੇ ਬੈਠਣਾ ਸ਼ੋਭਾ ਨਹੀਂ ਦਿੰਦਾ। ਉਨ੍ਹਾਂ ਹੈਰਾਨੀ ਪ੍ਰਗਟ ਕਰਦਿਆਂ ਕਿਹਾ ਕਿ ਜੋਸ਼ੀ ਜਾਣੇ-ਅਣਜਾਣੇ ਸਮਾਜ ਵਿਰੋਧੀ ਅਨਸਰਾਂ ਅਤੇ ਆਪਣੇ ਸਿਆਸੀ ਦੁਸ਼ਮਣਾਂ ਦੇ ਹੱਥਾਂ ਵਿਚ ਤੇ ਨਹੀਂ ਖੇਡ ਗਿਆ ਜਾਂ ਫਿਰ ਉਹ ਵੋਟ ਬੈਂਕ ਦੀ ਮਜਬੂਰੀ ਸਿਆਸਤ ਵਿਚ ਤਾਂ ਨਹੀਂ ਉਲਝ ਕੇ ਰਹਿ ਗਿਆ। ਉਨ੍ਹਾਂ ਭਾਜਪਾ ਵਿਧਾਇਕ ਅਨਿਲ ਜੋਸ਼ੀ ਨੂੰ ਕਿਹਾ ਕਿ ਉਹ ਆਪਣੇ ਫੈਸਲੇ 'ਤੇ ਮੁੜ ਵਿਚਾਰ ਕਰਕੇ ਅੰਮ੍ਰਿਤਸਰ ਸ਼ਹਿਰ ਨੂੰ ਪਵਿੱਤਰ ਦਰਜਾ ਕਰਾਰ ਦੇਣ ਅਤੇ ਅੰਮ੍ਰਿਤਸਰ ਦੇ ਵਿਕਾਸ ਲਈ ਭੁੱਖ ਹੜਤਾਲ 'ਤੇ ਬੈਠੇ ਤਾਂ ਜੋ ਉਹ ਸਮਾਜ ਵਿਰੋਧੀ ਹੱਥਾਂ ਵਿਚੋਂ ਬਾਹਰ ਨਿਕਲ ਸਕੇ।



## ਹਾਈਕਮਾਂਡ ਵਲੋਂ ਰੋਕਣ ਦੇ ਬਾਵਜੂਦ ਜੋਸ਼ੀ ਹੜਤਾਲ 'ਤੇ

**ਅੰਮ੍ਰਿਤਸਰ :** ਭਾਜਪਾ ਪੰਜਾਬ ਇੰਚਾਰਜ ਬਲਬੀਰ ਪੁੰਜ ਅਤੇ ਹੋਰ ਸੀਨੀਅਰ ਆਗੂਆਂ ਨੂੰ ਅੰਗੂਠਾ ਵਿਖਾਉਂਦਿਆਂ ਵਿਧਾਇਕ ਅਨਿਲ ਜੋਸ਼ੀ ਐਸ. ਐਸ. ਪੀ. ਸ਼ਹਿਰੀ ਨੂੰ ਬਦਲਵਾਉਣ ਦੀ ਮੰਗ ਦੇ ਐਲਾਨ ਅਨੁਸਾਰ ਬੀਤੇ ਦਿਨੀਂ ਆਪਣੇ ਸਾਥੀਆਂ ਨਾਲ ਹਾਲ ਗੇਟ ਵਿਖੇ ਭੁੱਖ ਹੜਤਾਲ 'ਤੇ ਬੈਠ ਗਏ। ਇਸ ਤੋਂ ਪਹਿਲਾਂ ਵਿਧਾਇਕ ਜੋਸ਼ੀ ਅਤੇ ਉਨ੍ਹਾਂ ਦੇ ਧੜੇ ਦੇ ਲੀਡਰਾਂ ਵਲੋਂ ਸਰਕਟ ਹਾਊਸ ਮੂਹਰੇ ਇਕੱਠ ਕੀਤਾ ਗਿਆ, ਜਿਥੇ ਪੁੰਜੇ ਹਜ਼ਾਰਾਂ ਵਰਕਰਾਂ ਨੇ ਐਸ. ਐਸ. ਪੀ. ਸ਼ਹਿਰ ਨੂੰ ਬਦਲਵਾਉਣ ਲਈ ਨਾਅਰੇਬਾਜ਼ੀ ਕੀਤੀ। ਇਸ ਮੌਕੇ ਸ਼ਹਿਰ ਦੇ ਵੱਖ ਵੱਖ ਹਲਕਿਆਂ 'ਚੋਂ ਆਏ ਭਾਜਪਾ ਅਕਾਲੀ ਗਠਜੋੜ ਦੇ ਜਨਸਮੂਹ ਨੂੰ ਸੰਬੋਧਨ ਕੀਤਾ।



ਯਾਦ ਰਹੇ ਭਾਰਤੀ ਜਨਤਾ ਪਾਰਟੀ ਦੇ ਕੌਮੀ ਜਨਰਲ ਸਕੱਤਰ ਅਤੇ ਪੰਜਾਬ ਦੇ ਮਾਮਲਿਆਂ ਬਾਰੇ ਪਾਰਟੀ ਇੰਚਾਰਜ ਬਲਬੀਰ ਪੁੰਜ ਦੀ ਦੋ ਦਿਨਾਂ ਅੰਮ੍ਰਿਤਸਰ ਫੇਰੀ ਨਾਲ ਪੰਜਾਬ ਭਾਜਪਾ ਦੀ ਅੰਦਰੂਨੀ ਲੜਾਈ ਰੱਤੀ ਭਰ ਵੀ ਮੱਠੀ ਨਹੀਂ ਪਈ।

ਪੰਜਾਬ ਭਾਜਪਾ ਵਿਚ ਧੜੇਬੰਦੀ ਪੱਖੋਂ ਸਭ ਤੋਂ ਮਾੜਾ ਹਾਲ ਅੰਮ੍ਰਿਤਸਰ ਵਿਚ ਹੈ। ਇਥੇ ਲੜਾਈ ਭਾਜਪਾ ਦੇ ਵਿਧਾਇਕ ਅਨਿਲ ਜੋਸ਼ੀ ਅਤੇ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਵਿਚਾਲੇ ਚੱਲ ਰਹੀ ਹੈ। ਜੋਸ਼ੀ ਵਲੋਂ ਅੰਮ੍ਰਿਤਸਰ ਦੇ ਸੀਨੀਅਰ ਪੁਲੀਸ ਕਪਤਾਨ ਕੰਵਰ ਵਿਜੈ ਪ੍ਰਤਾਪ ਸਿੰਘ ਦੇ ਤਬਾਦਲੇ ਲਈ ਕੀਤੀ ਮੰਗ ਦਾ ਨਵਜੋਤ ਸਿੱਧੂ ਵਲੋਂ ਡੱਟ ਕੇ ਵਿਰੋਧ ਕੀਤਾ ਜਾ ਰਿਹਾ ਹੈ। ਸਿੱਧੂ ਦਾ ਕਹਿਣਾ ਹੈ ਕਿ ਅਜਿਹਾ ਮੰਗ ਕਰਨ ਦਾ ਵਿਧਾਇਕ ਨੂੰ ਕੋਈ ਅਧਿਕਾਰ ਨਹੀਂ।

ਪਹਿਲਾਂ ਇਹ ਲੜਾਈ ਸਿੱਧੂ ਅਤੇ ਪੰਜਾਬ ਰਾਜ ਸਨਅਤੀ ਬਰਾਮਦ ਕੌਂਸਲ ਦੇ ਚੇਅਰਮੈਨ ਰਜਿੰਦਰ ਮੋਹਨ ਸਿੰਘ ਛੀਨਾ ਵਿਚਾਲੇ ਸੀ। ਸਿੱਧੂ ਆਪਣੇ ਹਲਕੇ ਅੰਮ੍ਰਿਤਸਰ ਵਿਚ ਛੀਨਾ ਨੂੰ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਦੇ ਅਹੁਦੇ ਤੋਂ ਹਟਾਉਣ ਤੋਂ ਬਾਅਦ ਹੀ ਆਏ ਹਨ। ਇਹ ਅਲੱਗ ਗੱਲ ਹੈ ਕਿ ਬਾਅਦ ਵਿਚ ਸ੍ਰੀ ਛੀਨਾ ਸੂਬਾਈ ਪੱਧਰ ਦੀ ਸੰਸਥਾ ਦੇ ਚੇਅਰਮੈਨ ਦਾ ਅਹੁਦਾ ਲੈਣ ਵਿਚ ਕਾਮਯਾਬ ਹੋ ਗਏ।

ਸ੍ਰੀ ਪੁੰਜ ਵਲੋਂ ਮਸਲਾ ਸੁਲਝਾਉਣ ਦੀਆਂ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਅਨਿਲ ਜੋਸ਼ੀ ਨੇ ਸੋਮਵਾਰ ਤੋਂ ਲੜੀਵਾਰ ਭੁੱਖ ਹੜਤਾਲ 'ਤੇ ਬੈਠਣ ਦਾ ਫੈਸਲਾ ਕਾਇਮ ਰੱਖਿਆ ਹੈ। ਉਹ ਐਸ.ਐਸ.ਪੀ. ਦੇ ਤਬਾਦਲੇ ਦੀ ਮੰਗ ਕਰ ਰਹੇ ਹਨ। ਦਿਲਚਸਪ ਗੱਲ ਹੈ ਕਿ ਸ੍ਰੀ ਪੁੰਜ ਨੇ ਸ਼ਨਿਚਰਵਾਰ ਨੂੰ ਸਪੱਸ਼ਟ ਕੀਤਾ ਸੀ ਕਿ ਜੋਸ਼ੀ ਧਰਨੇ 'ਤੇ ਨਹੀਂ ਬੈਠਣਗੇ ਅਤੇ ਪਾਰਟੀ ਆਗੂਆਂ ਅਤੇ ਅਧਿਕਾਰੀਆਂ ਵਿਚ ਮਤਭੇਦ ਆਮ ਗੱਲ ਹੈ। ਇਹ ਹੀ ਨਹੀਂ, ਜੋਸ਼ੀ ਦੇ ਭੜਕੇ ਹੋਏ ਸਮਰਥਕਾਂ ਨੇ ਐਸ.ਐਸ.ਪੀ. ਕੇਸ ਵਿਚ ਸਿੱਧੂ ਦੀ ਭੂਮਿਕਾ ਖਿਲਾਫ 'ਨਵਜੋਤ ਸਿੱਧੂ ਮੁਰਦਾਬਾਦ' ਦੇ ਨਾਅਰੇ ਵੀ ਲਾਏ ਉਨ੍ਹਾਂ ਐਸ.ਐਸ.ਪੀ. ਖਿਲਾਫ ਵੀ ਨਾਅਰੇਬਾਜ਼ੀ ਕੀਤੀ।ਇਸ ਦੌਰਾਨ ਛੀਨਾ ਨੇ ਵੀ ਉਨ੍ਹਾਂ ਦਾ ਸਾਥ ਦਿੱਤਾ।

## ਅਗਲੇ ਮਹੀਨੇ ਦਫਤਰਾਂ 'ਚ ਕੰਮਕਾਜ ਪੰਜਾਬੀ 'ਚ ਕਰਨ ਦੇ ਹੁਕਮ

**ਚੰਡੀਗੜ੍ਹ :** ਪੰਜਾਬ ਸਰਕਾਰ ਨੇ ਰਾਜ ਅੰਦਰ ਪੰਜਾਬੀ ਨੂੰ ਰਾਜ ਭਾਸ਼ਾ ਦਾ ਦਰਜਾ ਦੇਣ ਤੋਂ ਬਾਅਦ ਨਵੰਬਰ ਮਹੀਨੇ ਦੌਰਾਨ ਰਾਜ ਦੇ ਸਾਰੇ ਸਰਕਾਰੀ ਵਿਭਾਗਾਂ ਤੇ ਦਫ਼ਤਰਾਂ 'ਚ ਵੀ ਹਿੰਦੀ ਸਪਤਾਹ ਦੀ ਤਰ੍ਹਾਂ ਪੰਜਾਬੀ ਮਹੀਨਾ ਮਨਾਉਣ ਦਾ ਫ਼ੈਸਲਾ ਲਿਆ ਹੈ। ਇਸ ਸਬੰਧ 'ਚ ਸਾਰੇ ਵਿਭਾਗਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਜਾ ਰਹੀਆਂ ਹਨ ਕਿ ਨਵੰਬਰ ਮਹੀਨੇ ਨੂੰ ਪੰਜਾਬੀ ਮਹੀਨੇ ਦੇ ਤੌਰ 'ਤੇ ਜ਼ੋਰ-ਸ਼ੋਰ ਨਾਲ ਮਨਾਇਆ ਜਾਵੇ ਅਤੇ ਦਫ਼ਤਰਾਂ ਅੰਦਰ ਪੰਜਾਬੀ ਨੂੰ ਉਤਸ਼ਾਹਤ ਕਰਨ ਲਈ ਯੋਗ ਕਦਮ ਚੁੱਕੇ ਜਾਣ। ਇਸ ਸਬੰਧੀ ਸਿੱਖਿਆ ਮੰਤਰੀ ਡਾ. ਉਪਿੰਦਰਜੀਤ ਕੌਰ ਨੇ ਦੱਸਿਆ ਕਿ ਪੰਜਾਬੀ ਨੂੰ ਰਾਜ ਭਾਸ਼ਾ ਦਾ ਦਰਜਾ ਦੇ ਕੇ ਅਕਾਲੀ-ਭਾਜਪਾ ਸਰਕਾਰ ਨੇ ਇਕ ਇਤਿਹਾਸਕ ਕਦਮ ਚੁੱਕਿਆ ਹੈ ਅਤੇ ਮਾਂ ਬੋਲੀ ਦੇ ਪ੍ਰਚਾਰ-ਪਸਾਰ ਤੋਂ ਇਲਾਵਾ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਤ ਕਰਨ ਅਤੇ ਦਫ਼ਤਰੀ ਕੰਮਕਾਜ ਦੌਰਾਨ ਇਸ ਨੂੰ ਮੁਕੰਮਲ ਤੌਰ 'ਤੇ ਲਾਗੂ ਕਰਾਉਣਾ ਸਰਕਾਰ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਦੱਸਿਆ ਕਿ ਮੁੱਖ ਸਕੱਤਰ ਨੂੰ ਚਿੱਠੀ ਲਿਖ ਕੇ ਸਾਰੇ ਵਿਭਾਗਾਂ ਦੇ ਮੁਖੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਜਾ ਰਹੀਆਂ ਹਨ ਕਿ ਨਵੰਬਰ ਮਹੀਨੇ ਨੂੰ ਰਾਜ ਪੱਧਰ 'ਤੇ ਪੰਜਾਬੀ ਮਹੀਨੇ ਦੇ ਤੌਰ 'ਤੇ ਮਨਾਇਆ ਜਾਵੇ। ਰਾਜ ਅੰਦਰ ਇਹ ਪਹਿਲੀ ਵਾਰ ਹੋ ਰਿਹਾ ਹੈ ਜਦੋਂ ਸਰਕਾਰੀ ਦਫ਼ਤਰਾਂ 'ਚ ਪੰਜਾਬੀ ਮਹੀਨਾ ਵਿਸ਼ੇਸ਼ ਤੌਰ 'ਤੇ ਮਨਾਇਆ ਜਾਵੇਗਾ, ਜਿਸ ਨਾਲ ਰਾਜ ਅੰਦਰ ਪੰਜਾਬੀ ਲਾਗੂ ਕਰਨ ਦੇ ਫ਼ੈਸਲੇ ਨੂੰ ਹੋਰ ਉਤਸ਼ਾਹ ਮਿਲੇਗਾ। ਇਸ ਮਹੀਨੇ ਦੌਰਾਨ ਵਿਭਾਗਾਂ ਵਲੋਂ ਪੰਜਾਬੀ ਬਾਰੇ ਸਮਾਗਮ, ਗੋਸ਼ਟੀਆਂ, ਕਹਾਣੀ ਦਰਬਾਰ, ਨਾਟਕ ਤੇ ਸਭਿਆਚਾਰਕ ਮੁਕਾਬਲੇ, ਸੈਮੀਨਾਰ ਆਦਿ ਕਰਵਾਏ ਜਾਣ।



## ਸੁਪਰੀਮ ਕੋਰਟ ਵਲੋਂ ਨਾਜਾਇਜ਼ ਕਬਜ਼ਿਆਂ ਬਾਰੇ ਜਾਣਕਾਰੀ ਮੰਗਣ 'ਤੇ ਸਰਕਾਰ ਕਸੂਤੀ ਫਸੀ

**ਚੰਡੀਗੜ੍ਹ:** ਸੁਪਰੀਮ ਕੋਰਟ ਦੁਆਰਾ ਸਰਕਾਰੀ ਜਾਇਦਾਦਾਂ 'ਤੇ ਹੋਏ ਨਜਾਇਜ਼ ਕਬਜ਼ੇ ਨੂੰ ਹਟਾਉਣ ਸੰਬੰਧੀ ਸੂਬਾ ਸਰਕਾਰਾਂ ਨੂੰ ਦਿੱਤੇ ਆਦੇਸ਼ ਨਾਲ ਪੰਜਾਬ ਸਰਕਾਰ ਦੇ ਹੱਥ-ਪੈਰ ਫੂਲ ਗਏ ਹਨ। ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਨੂੰ ਦੋ ਹਫਤਿਆਂ ਵਿਚ ਠੋਸ ਜਵਾਬ ਦੇਣ ਲਈ ਕਿਹਾ ਹੈ।


ਪੰਜਾਬ ਸਰਕਾਰ ਕੋਲ ਸੂਬਾ ਪੱਧਰ ਉੱਤੇ ਕੋਈ ਅਜਿਹਾ ਰਿਕਾਰਡ ਮੌਜੂਦ ਨਹੀਂ ਹੈ, ਜਿਸ ਤੋਂ ਪਤਾ ਲੱਗ ਸਕੇ ਕਿ ਸਰਕਾਰੀ ਜਾਇਦਾਦਾਂ ਉੱਤੇ ਕਿੱਥੇ ਕਿੱਥੇ ਕਬਜ਼ੇ ਕੀਤੇ ਹੋਏ ਹਨ। ਸੁਪਰੀਮ ਕੋਰਟ ਨੇ ਆਪਣੇ ਆਦੇਸ਼ਾਂ ਵਿੱਚ ਨਜਾਇਜ਼ ਤੌਰ ਉੱਤੇ ਬਣੇ ਧਾਰਮਿਕ ਅਸਥਾਨਾਂ ਨੂੰ ਵੀ ਹਟਾਉਣ ਲਈ ਕਿਹਾ ਹੈ। ਸਰਕਾਰ ਦੇ ਕਈ ਅਹਿਮ ਵਿਭਾਗਾਂ ਦੇ ਚੰਡੀਗੜ੍ਹ ਹੈੱਡਕੁਆਰਟਰ 'ਤੇ ਅਜਿਹੀ ਕੋਈ ਜਾਣਕਾਰੀ ਨਾ ਹੋਣ ਕਰਕੇ ਸਰਕਾਰ ਜੁਆਬ ਬਣਾਉਣ ਲਈ ਕੁੜਿੱਕੀ ਵਿਚ ਫਸੀ ਹੋਈ ਹੈ। ਸਰਕਾਰ ਵਲੋਂ ਡਿਪਟੀ ਕਮਿਸ਼ਨਰਾਂ ਤੋਂ ਉਕਤ ਜਾਣਕਾਰੀ ਮੰਗੀ ਗਈ ਹੈ।


Realtor & Mortgage Specialist
Bay Area & Central Valley

ਚੰਗੀ ਜੁਗਤਤ-ਚਿੰਤਾ ਮੁਕਤਤ

ਪੰਜਾਬੀ 'ਚ ਪਹਿਲੀ ਵਾਰ ਪੜ੍ਹੋ ਰਾਜ ਸਿੰਘ ਦੀ ਪੁਸਤਕ 'ਅਮਰੀਕਾ ਵਿਚ ਘਰ ਤੇ ਜਾਇਦਾਦ ਦੀ ਖਰੀਦੋ-ਫਰੋਖ਼ਤ' (ਸੇਵਾ 10 ਡਾਲਰ)

ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ



ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।

Refinance, Home Loan, SBA Loan
(All at Best Rates)

RAJ SINGH
Cell:510-452-7370

Notary Free

30 ਸਾਲਾ ਲੋਨ 10 ਜਾਂ 15 ਸਾਲਾਂ ਵਿਚ ਖਤਮ ਕਰਕੇ ਤੁਹਾਨੂੰ ਛੇਤੀ ਸੁਰਖ਼ਰੂ ਕਰ ਸਕਦੇ ਹਾਂ।

MISSIONPEAK BROKERS, INC.
46560 Fremont Blvd.
Suite #111 Fremont,
CA 94538
singhrajpaul@yahoo.com


RAJ SINGH
M.A., M.Ed Retd. Principal
Realtor & Financial Adviser
Lic#01776459 & OG22467

# ਰਾਜਪਾਲ ਰੌਡਰਿਗਜ਼ ਦੇ ਭ੍ਰਿਸ਼ਟਾਚਾਰ ਵਾਲਾ ਮਾਮਲਾ ਹੋਰ ਭਖਿਆ

–ਪੰਜਾਬ ਟਾਈਮਜ਼ ਬਿਊਰੋ

**ਨਵੀਂ ਦਿੱਲੀ:** ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਤੋਂ ਮੈਂਬਰ ਪਾਰਲੀਮੈਂਟ ਪਵਨ ਕੁਮਾਰ ਬਾਂਸਲ ਤੇ ਅੰਬਿਕਾ ਸੋਨੀ ਵਿਚਾਲੇ ਮਾਮਲਾ ਹੋਰ ਉਲਝ ਗਿਆ ਹੈ।ਇਹ ਮਾਮਲਾ ਹੁਣ ਸਿਆਸੀ ਸ਼ੇਡ ਅਖਤਿਆਰ ਕਰਦਾ ਵਿਖਾਈ ਦੇ ਰਿਹਾ ਹੈ।ਭਾਰਤੀ ਜਨਤਾ ਪਾਰਟੀ ਨੇ ਵੀ ਮਾਮਲੇ ਵਿਚ ਦਖਲ ਦੇਣਾ ਸ਼ੁਰੂ ਕਰ ਦਿੱਤਾ ਹੈ। ਯਾਦ ਰਹੇ ਰਾਜਪਾਲ ਵਲੋਂ ਸ਼ੁਰੂ ਕੀਤੇ ਗਏ ਕੁਝ ਮੈਗਾ ਪ੍ਰਜੈਕਟਾਂ ਵਿਚ ਕੇਂਦਰ ਵਲੋਂ ਸੀ ਬੀ ਆਈ ਜਾਂਚ ਦੇ ਨਿਰਦੇਸ਼ ਦਿੱਤੇ ਗਏ ਹਨ ਜਦਕਿ ਰਾਜਪਾਲ ਦਾ ਆਖਣਾ ਹੈ ਕਿ ਉਨ੍ਹਾਂ ਨੇ ਸਾਰਾ ਕੁਝ ਕਾਨੂੰਨ ਅਨੁਸਾਰ ਕੀਤਾ ਗਿਆ ਹੈ। ਰੌਡਰਿਗਜ਼ ਦਾ ਆਖਣਾ ਹੈ ਕਿ ਉਨ੍ਹਾਂ ਦੇ ਖਿਲਾਫ ਚੰਡੀਗੜ੍ਹ ਤੋਂ ਕਾਂਗਰਸ ਐਮ ਪੀ ਸ਼੍ਰੀ ਪਵਨ ਕੁਮਾਰ ਬਾਂਸਲ ਅਤੇ ਸੀਨੀਅਰ ਕਾਂਗਰਸੀ ਲੀਡਰ ਅੰਬਿਕਾ ਸੋਨੀ ਵਲੋਂ ਮੁਹਿੰਮ ਚਲਾਈ ਜਾ ਰਹੀ ਹੈ।ਉਨ੍ਹਾਂ ਕਿਹਾ ਅੰਬਿਕਾ ਸੋਨੀ ਦੇ ਪ੍ਰਿਵਾਰ ਨੂੰ ਉਨ੍ਹਾਂ ਇਕ ਸਕੂਲ ਲਈ ਜ਼ਮੀਨ ਨਹੀਂ ਸੀ ਅਲਾਟ ਕੀਤੀ,ਇਸ ਲਈ ਉਸ ਦੇ ਖਿਲਾਫ ਹੋ ਗਏ ਹਨ।





ਕੇਂਦਰੀ ਮੰਤਰੀ ਅੰਬਿਕਾ ਸੋਨੀ ਨੇ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਕਿ ਪੰਜਾਬ ਦੇ ਰਾਜਪਾਲ ਐਸ.ਐਫ. ਰੌਡਰਿਗਜ਼ ਚੰਡੀਗੜ੍ਹ 'ਚ ਇਕ ਪਬਲਿਕ ਸਕੂਲ ਚਲਾਉਣ ਲਈ ਜ਼ਮੀਨ ਦੀ ਅਲਾਟਮੈਂਟ ਦੇ ਸਬੰਧ ਵਿਚ ਉਹਦੇ ਅਤੇ ਉਹਦੇ ਪਰਿਵਾਰ 'ਤੇ ਨਿਰਅਧਾਰ ਜਿਹੇ ਦੋਸ਼ ਲਾਈ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਰਾਜਪਾਲ ਦੇ ਬਿਆਨਾਂ 'ਤੇ ਕੋਈ ਵੀ ਟਿੱਪਣੀ ਕਰਨੋਂ ਆਪਣੇ ਆਪ ਨੂੰ ਰੋਕੀਂ ਰੱਖਿਆ ਸੀ, ਕਿਉਂਕਿ ਉਹ ਉੱਚੇ ਸੰਵਿਧਾਨਕ ਅਹੁਦੇ 'ਤੇ ਬੈਠੇ ਹਨ ਪਰ ਉਨ੍ਹਾਂ ਨੇ ਝੂਠੇ ਦੋਸ਼ ਲਾਉਣ 'ਚ ਕੋਈ ਕਸਰ ਬਾਕੀ ਨਹੀਂ ਛੱਡੀ।

ਮੰਤਰੀ ਨੇ ਦੱਸਿਆ ਕਿ ਸੱਤ ਸਾਲ ਪਹਿਲਾਂ ਚੰਡੀਗੜ੍ਹ 'ਚ ਸਕੂਲ ਚਲਾਉਣ ਲਈ 22 ਜਣਿਆਂ ਨੂੰ ਜ਼ਮੀਨ ਅਲਾਟ ਕੀਤੀ ਗਈ ਸੀ, ਜਿਸ ਮਗਰੋਂ ਇਹ ਮਾਮਲਾ ਹਾਈ ਕੋਰਟ 'ਚ ਉੱਠਿਆ ਸੀ। ਸ੍ਰੀਮਤੀ ਸੋਨੀ ਅਨੁਸਾਰ ਉਨ੍ਹਾਂ ਨੇ ਉਸ ਵੇਲੇ ਦੇ ਗ੍ਰਹਿ ਮੰਤਰੀ ਐਲ.ਕੇ.ਅਡਵਾਨੀ ਨੂੰ ਕਿਹਾ ਸੀ ਕਿ ਲੋੜ ਪੈਣ 'ਤੇ ਸੀ.ਬੀ.ਆਈ. ਤੋਂ ਸਾਰੀਆਂ ਅਲਾਟਮੈਂਟਾਂ ਦੀ ਪੂਰੀ ਜਾਂਚ ਕਰਾਈ ਜਾਵੇ ਤੇ ਜੇਕਰ ਇਸ ਮਾਮਲੇ 'ਚ ਕੁਝ ਵੀ ਗਲਤ ਵਾਪਰਿਆ ਸਾਹਮਣੇ ਆਉਂਦਾ ਹੈ ਤਾਂ ਸਭ ਤੋਂ ਜ਼ਮੀਨ ਵਾਪਸ ਲੈ ਲਈ ਜਾਵੇ। ਮੰਤਰੀ ਨੇ ਕਿਹਾ ਕਿ ਉਹ ਰਾਜਪਾਲ ਦੇ ਬਿਆਨ ਤੋਂ ਹੈਰਾਨ ਹੋ ਗਏ ਜਦਕਿ ਇਹ ਮਾਮਲਾ ਅਦਾਲਤ 'ਚ ਹੈ।

ਉਨ੍ਹਾਂ ਕਿਹਾ ਕਿ ਉਹ ਰਾਜਪਾਲ ਦੀ ਬਹੁ-ਮੰਜ਼ਿਲੇ ਅਪਾਰਟਮੈਂਟ ਕੰਪਲੈਕਸ ਬਣਾਉਣ, ਘਰਾਂ ਦੇ ਪਲਾਟਾਂ ਨੂੰ ਵੰਡਣ ਅਤੇ ਇਸ ਤਰ੍ਹਾਂ ਚੰਡੀਗੜ੍ਹ ਦਾ ਚਿਹਰਾ-ਮੋਹਰਾ ਬਦਲਣ ਦੀ ਤਜਵੀਜ਼ ਨਾਲ ਸਹਿਮਤ ਨਹੀਂ ਹਨ। ਉਨ੍ਹਾਂ ਕਿਹਾ ਕਿ ਉਹ ਲੋਕਾਂ ਦੀਆਂ ਥੋੜ੍ਹੀਆਂ-ਥੋੜ੍ਹੀਆਂ ਜ਼ਮੀਨਾਂ, ਘਰ ਐਕਵਾਇਰ ਕਰਕੇ ਉਨ੍ਹਾਂ ਨੂੰ ਅੱਧਾ ਅਧੂਰਾ ਮੁਆਵਜ਼ਾ ਦੇਣ ਦੇ ਵੀ ਖਿਲਾਫ ਹਨ।

ਇਸੇ ਦੌਰਾਨ ਕਾਂਗਰਸ ਨੇ ਪੰਜਾਬ ਦੇ ਰਾਜਪਾਲ ਵਲੋਂ ਦੋ ਕੇਂਦਰੀ ਮੰਤਰੀਆਂ ਅੰਬਿਕਾ ਸੋਨੀ ਤੇ ਪੀ.ਕੇ. ਬਾਂਸਲ ਵਿਰੁਧ ਲਾਏ ਜਾ ਰਹੇ ਦੋਸ਼ਾਂ ਸਬੰਧੀ ਪੱਲਾ ਝਾੜਦਿਆਂ ਕਿਹਾ ਕਿ ਸ੍ਰੀਮਤੀ ਸੋਨੀ ਪਹਿਲਾਂ ਹੀ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕਰ ਚੁੱਕੀ ਹੈ। ਪਾਰਟੀ ਦੀ ਤਰਜ਼ਮਾਨ ਜੈਅੰਤੀ ਨਟਰਾਜਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ੍ਰੀਮਤੀ ਸੋਨੀ ਪਹਿਲਾਂ ਹੀ ਸਪਸ਼ਟ ਕਰ ਚੁੱਕੇ ਹਨ ਕਿ ਉਨ੍ਹਾਂ ਵਿਰੁਧ ਲਾਏ ਗਏ ਦੋਸ਼ ਨਿਰਆਧਾਰ ਹਨ। ਇਸੇ ਦੌਰਾਨ ਕੇਂਦਰੀ ਸੰਸਦੀ ਮਾਮਲਿਆਂ ਬਾਰੇ ਮੰਤਰੀ ਪਵਨ ਕੁਮਾਰ ਬਾਂਸਲ ਨੇ ਵੀ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੇ ਰਾਜਪਾਲ ਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਜਨਰਲ (ਰਿਟਾ.) ਐਸ ਐਫ਼ ਰੌਡਰਿਗਜ਼ ਵਲੋਂ ਲਗਾਏ ਗਏ ਦੋਸ਼ ਨਕਾਰਾਤਮਕ ਸੋਚ ਰੱਖਣ ਵਾਲੇ ਵਿਅਕਤੀ ਦੇ ਮਨ ਦੀ ਭੜਾਸ ਹੈ।

ਸ੍ਰੀ ਬਾਂਸਲ ਨੇ ਕਿਹਾ ਕਿ ਜਨਰਲ ਰੌਡਰਿਗਜ਼ ਆਪਣੇ ਅਹੁਦੇ ਦੀ ਅਹਿਮੀਅਤ ਨੂੰ ਭੁੱਲ ਕੇ ਇੱਕ ਛੋਟੇ ਜਿਹੇ ਵਿਅਕਤੀ ਵਾਂਗ ਬੇ-ਬੁਨਿਆਦ ਦੋਸ਼ ਲਗਾ ਰਹੇ ਹਨ ਕਿ ਉਹ (ਬਾਂਸਲ) ਉਨ੍ਹਾਂ 'ਤੇ ਨਿੱਜੀ ਕੰਮ ਕਰਵਾਉਣ ਲਈ ਦਬਾਅ ਪਾ ਰਹੇ ਸਨ, ਪਰ ਉਹ ਇਹ ਗੱਲ ਅੱਜ ਤੱਕ ਸਾਬਤ ਨਹੀਂ ਕਰ ਸਕੇ। ਉਨ੍ਹਾਂ ਕਿਹਾ ਕਿ ਜੇਕਰ ਪ੍ਰਸ਼ਾਸਕ ਨੂੰ ਚੰਡੀਗੜ੍ਹ ਦੇ ਵਿਕਾਸ ਤੇ ਲੋਕਾਂ ਦੇ ਕੰਮ ਕਹਿਣਾ ਨਿੱਜੀ ਕੰਮ ਹੈ ਤਾਂ ਇਹ ਮੇਰੇ ਲਈ ਮਾਣ ਵਾਲੀ ਗੱਲ ਹੈ ਤੇ ਅਜਿਹੇ ਕੰਮ ਮੈਂ ਵਾਰ-ਵਾਰ ਕਰਾਂਗਾ। ਉਨ੍ਹਾਂ ਕਿਹਾ ਕਿ ਜਿਸ ਦਿੱਲੀ ਪਬਲਿਕ ਸਕੂਲ ਦੀ ਜ਼ਮੀਨ ਨੂੰ ਜਨਰਲ ਰੌਡਰਿਗਜ਼ ਮੇਰੇ ਜਾਂ ਅੰਬਿਕਾ ਸੋਨੀ ਖਿਲਾਫ਼ ਹਥਿਆਰ ਬਣਾ ਰਹੇ ਹਨ, ਇਸ ਨੂੰ ਮੁੱਦਾ ਬਣਾ ਕੇ ਲੋਕ ਸਭਾ ਚੋਣਾਂ 'ਚ ਭਾਜਪਾ ਬੁਰੀ ਤਰ੍ਹਾਂ ਹਾਰ ਚੁੱਕੀ ਹੈ। ਉਨ੍ਹਾਂ ਕਿਹਾ ਕਿ ਜੇਕਰ ਇਸ ਜ਼ਮੀਨ ਸਬੰਧੀ ਕੋਈ ਗੜਬੜ ਹੁੰਦੀ ਤਾਂ ਜਨਰਲ ਰੌਡਰਿਗਜ਼ ਇਸ ਨੂੰ ਕਦੋਂ ਦੇ ਰੱਦ ਕਰਵਾ ਦਿੰਦੇ। ਉਨ੍ਹਾਂ ਕਿਹਾ ਕਿ ਮੈਂ ਹੁਣ ਜਨਰਲ ਰੌਡਰਿਗਜ਼ ਦੇ ਪਿਛਲੇ ਪੰਜ ਸਾਲ ਦੇ ਘਪਲਿਆਂ ਨੂੰ ਮੀਡੀਆ ਰਾਹੀਂ ਲੋਕਾਂ ਸਾਹਮਣੇ ਰੱਖਾਂਗਾ। ਉਨ੍ਹਾਂ ਕਿਹਾ ਕਿ ਮੈਂ ਲੋਕ ਭਲਾਈ ਮੁੱਦਿਆਂ ਸਬੰਧੀ 60 ਤੋਂ ਵਧ ਪੱਤਰ ਪ੍ਰਸ਼ਾਸਕ ਨੂੰ ਲਿਖ ਚੁੱਕਾ ਹਾਂ, ਪ੍ਰੰਤੂ ਉਨ੍ਹਾਂ ਨੇ ਹਰ ਵਾਰ ਇਹੀ ਕਿਹਾ ਕਿ ਮੈਨੂੰ ਜੋ ਠੀਕ ਲੱਗੇਗਾ, ਮੈਂ ਉਹੀ ਕਰਾਂਗਾ। ਉਨ੍ਹਾਂ ਕਿਹਾ ਕਿ ਪਿਛਲੇ ਪੰਜ ਸਾਲਾਂ ਵਿਚ ਜੋ ਸ਼ਹਿਰ ਦਾ ਵਿਨਾਸ਼ ਹੋਇਆ ਹੈ, ਮੈਂ ਚਾਹੁੰਦਾ ਹਾਂ ਕਿ ਇਨ੍ਹਾਂ ਸਾਰੇ ਪ੍ਰੋਜੈਕਟਾਂ ਦੀ ਉਚ ਪੱਧਰੀ ਜਾਂਚ ਹੋਵੇ। ਚੰਡੀਗੜ੍ਹ 'ਚ ਚੀਫ਼ ਕਮਿਸ਼ਨਰ ਦੇ ਅਹੁਦੇ ਦੀ ਬਹਾਲੀ ਸਬੰਧੀ ਸ੍ਰੀ ਬਾਂਸਲ ਨੇ ਕਿਹਾ ਕਿ ਇਸ ਸਬੰਧੀ ਫੈਸਲਾ ਪ੍ਰਧਾਨ ਮੰਤਰੀ ਦੇ ਹੱਥ ਹੈ ਤੇ ਜੋ ਉਹ ਕਰਨਗੇ, ਉਹ ਮਨਜ਼ੂਰ ਹੋਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਵਲੋਂ ਪੰਜਾਬ ਦੇ ਰਾਜਪਾਲ ਨੂੰ ਚੰਡੀਗੜ੍ਹ ਦੇ ਪ੍ਰਸ਼ਾਸਕ ਦਾ ਅਹੁਦਾ ਦੇਣ ਸਬੰਧੀ ਸਿਫਾਰਸ਼ ਕਰਨਾ ਗਲਤ ਹੈ ਅਤੇ ਇਸ ਸਬੰਧੀ ਬੋਲਣ ਦਾ ਉਨ੍ਹਾਂ ਨੂੰ ਕੋਈ ਹੱਕ ਨਹੀਂ।

ਇਸ ਦੌਰਾਨ ਭਾਜਪਾ ਦੇ ਸੀਨੀਅਰ ਨੇਤਾ ਸੱਤਪਾਲ ਜੈਨ ਨੇ ਇੱਥੇ ਇੱਕ ਪੱਤਰਕਾਰ ਸੰਮੇਲਨ ਵਿਚ ਕਿਹਾ ਰੌਡਰਿਗਜ਼ ਤੇ ਬਾਂਸਲ ਇਕ ਦੂਸਰੇ 'ਤੇ ਘਪਲੇ ਦੇ ਦੋਸ਼ ਲਗਾ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਇਸ ਸਾਰੇ ਕੇਸ ਦੀ ਜੁਡੀਸ਼ੀਅਲ ਜਾਂਚ ਕਰਵਾਈ ਜਾਣੀ ਚਾਹੀਦੀ ਹੈ। ਉਨ੍ਹਾਂ ਨੇ ਕਿਹਾ ਕਿ ਬਾਂਸਲ ਨੇ ਦੋਸ਼ ਲਗਾਇਆ ਹੈ ਕਿ ਪ੍ਰਸ਼ਾਸਕ ਨੇ 2000 ਕਰੋੜ ਦਾ ਘਪਲਾ ਕੀਤਾ ਹੈ। ਜੈਨ ਨੇ ਕਿਹਾ ਕਿ ਪੂਰੀ ਜਾਂਚ ਪੜਤਾਲ ਦੇ ਬਾਅਦ ਹੀ ਇਹ ਸਾਰਾ ਪੈਸਾ ਜਨਤਾ ਨੂੰ ਵਾਪਸ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਬਾਂਸਲ ਦਾ ਇਹ ਕਹਿਣਾ ਗਲਤ ਹੈ ਕਿ ਅਸੀਂ ਜਨਰਲ ਰੌਡਰਿਗਜ਼ ਨੂੰ ਸ਼ਹਿ ਦਿੱਤੀ ਹੈ। ਭਾਜਪਾ ਦਾ ਇਸ ਪ੍ਰਕਾਰ ਦੇ ਕੰਮਾਂ ਵਿਚ ਕੋਈ ਹੱਥ ਨਹੀਂ ਹੈ।


## ਚਪੜਚਿੜੀ ਦੇ ਸ਼ਹੀਦਾਂ ਦੀ ਯਾਦਗਾਰ ਬਣਾਉਣ ਲਈ ਥਾਂ ਦੀ ਨਿਸ਼ਾਨਦੇਹੀ ਬਾਰੇ ਬਾਦਲ ਵਲੋਂ ਗਮਾਡਾ ਨੂੰ ਆਦੇਸ਼

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਤਿਹਾਸਿਕ ਪਿੰਡ ਚਪੜਚਿੜੀ ਵਿਖੇ ਮਹਾਨ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਬਹਾਦਰ ਸਿਪਾਹੀਆਂ ਦੀ ਯਾਦਗਾਰ ਬਣਾਉਣ ਲਈ ਗਰੇਟਰ ਮੁਹਾਲੀ ਏਰੀਆ ਡਿਵੈਲਮੈਂਟ ਅਥਾਰਟੀ (ਗਮਾਡਾ) ਨੂੰ 25-30 ਏਕੜ ਜ਼ਮੀਨ ਨਿਸ਼ਾਨਦੇਹੀ ਕਰਨ ਲਈ ਆਖਿਆ ਹੈ ਜਿਥੇ ਉਨ੍ਹਾਂ ਨੇ ਸਿੱਖਾਂ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਦੇ ਨਿੱਜੀ ਨਿਰਦੇਸ਼ਾਂ 'ਤੇ ਮੁਗਲਾਂ ਵਿਰੁਧ ਜੰਗ ਲੜੀ ਸੀ।

ਇਸ ਇਤਿਹਾਸਕ ਧਰੋਹਰ ਨੂੰ ਬਚਾਉਣ ਲਈ ਬਣੀ ਕਮੇਟੀ ਦੇ 11 ਮੈਂਬਰੀ ਵਫ਼ਦ ਨੇ ਮੁੱਖ ਮੰਤਰੀ ਨਾਲ ਮੁਲਾਕਾਤ ਕਰਕੇ ਇਸ ਥਾਂ 'ਤੇ ਗੋਲਫ ਕਲੱਬ ਦੀ ਉਸਾਰੀ ਰੋਕਣ ਅਤੇ ਯਾਦਗਾਰ ਦੀ ਉਸਾਰੀ ਕਰਨ ਦੀ ਮੰਗ ਕੀਤੀ ਸੀ। ਬੀਬੀ ਬਲਜੀਤ ਕੌਰ ਦੀ ਅਗਵਾਈ 'ਚ ਮਿਲੇ ਇਸ ਵਫ਼ਦ ਨਾਲ ਮੁਲਾਕਾਤ ਤੋਂ ਬਾਅਦ ਸ੍ਰੀ ਬਾਦਲ ਨੇ ਅਧਿਕਾਰੀਆਂ ਨੂੰ ਹੰਗਾਮੀ ਮੀਟਿੰਗ ਲਈ ਬੁਲਾ ਲਿਆ ਸੀ।

ਮੁੱਖ ਮੰਤਰੀ ਨੇ ਵਫ਼ਦ ਨੂੰ ਨਿਸ਼ਾਨਦੇਹੀ ਵਾਲੀ ਜ਼ਮੀਨ ਉਤੇ ਪ੍ਰਸਤਾਵਤ ਯਾਦਗਾਰ ਉਸਾਰਨ ਲਈ ਯਾਦਗਾਰੀ ਵਾਲੀ ਥਾਂ ਦੀ ਯੋਜਨਾ ਅਤੇ ਡਿਜ਼ਾਈਨ ਨੂੰ ਅੰਤਿਮ ਰੂਪ ਦੇਣ ਲਈ ਪਿੰਡ ਦੇ ਮੋਹਤਬਰਾਂ, ਪੰਚਾਇਤ ਅਤੇ ਸਾਬਕਾ ਸਰਪੰਚ ਨੂੰ ਸ਼ਾਮਲ ਕਰਕੇ ਇਕ ਮਾਹਿਰ ਕਮੇਟੀ ਬਣਾਉਣ ਲਈ ਵੀ ਆਖਿਆ। ਉਨ੍ਹਾਂ ਨੇ ਵਫਦ ਨੂੰ ਭਰੋਸਾ ਦਿਵਾਇਆ ਕਿ ਪੰਜਾਬ ਸਰਕਾਰ ਇਸ ਦੀ ਮਹਾਨ ਇਤਿਹਾਸਕ ਮਹੱਤਤਾ ਅਤੇ ਇਸ ਲੜਾਈ ਦੀ ਤੀਜੀ ਸ਼ਤਾਬਦੀ ਹੋਣ ਦੇ ਮੱਦੇਨਜ਼ਰ ਸਮੁੱਚੇ ਪ੍ਰਾਜੈਕਟ ਨੂੰ ਮੁਕੰਮਲ ਕਰਨ ਲਈ ਪੂਰੀ ਮਦਦ ਅਤੇ ਸਹਿਯੋਗ ਦੇਵੇਗੀ।


ਆਪਣੇ ਅਤੇ ਆਪਣੇ ਪਰਿਵਾਰ ਲਈ
ਵਧੀਆ ਕੁਆਲਿਟੀ ਅਤੇ ਸਸਤੀਆਂ ਦਰਾਂ ਤੇ
ਮੈਡੀਕਲ ਇੰਸ਼ੋਰੈਂਸ
ਲੈਣ ਲਈ ਇਕੋ ਇਕ ਭਰੋਸੇਮੰਦ ਨਾਮ
ਹਮੇਸ਼ਾ ਯਾਦ ਰੱਖੋ
ਮੇਜਰ ਸਿੰਘ ਚੌਹਾਨ



Major Singh Chauhan
AGENT
CA Ins. Lic #0D36632
New York Life Insurance Company

☞ **Sacramento Office :**
120 Hoxsie Ct,
Folsom CA 95630

☞ **Fremont Office :**
39650 Liberty St. #200
Fremont CA 94538

☞ **Bakersfield Office :**
PO Box 40728
Bakersfield CA 93384

Cell : 916-337-1683
Off : 916-983-4890
Off : 510-624-4190
Fax : 916-984-0110

mc101048@gmail.com
THE COMPANY YOU KEEP

GSR Business Services
242 N Sutter St#401 Stockton CA 95202

To make your business a corporation or LLC call us for best services and rock bottom prices.
We serve trucking Industry to get ICC Authority & DOT.




ਅਸੀਂ ਟਰਕਿੰਗ ਕੰਪਨੀਆਂ ਲਈ ਆਈ ਸੀ ਸੀ ਅਥਾਰਟੀ
ਅਤੇ ਡੀ ਓ ਟੀ ਲੈਣ ਲਈ ਵੀ ਮਦਦ ਕਰਦੇ ਹਾਂ

ਫੋਨ:209-547-0994, 707 688 6884
ਫੈਕਸ:209-465-2344

# ਪੰਜਾਬ ਟਾਈਮਜ਼

ਸਨਿਚਰਵਾਰ, 31 ਅਕਤੂਬਰ, 2009

*ਮੈਂ ਨਾ ਗੁਲਾਮ ਹੋਵਾਂਗਾ, ਨਾ ਮਾਲਕ, ਜਮਹੂਰੀਅਤ ਦੀ ਇਹੋ ਵਿਆਖਿਆ ਹੈ-ਇਬਰਾਹਿਮ ਲਿੰਕਨ*


## ਸੰਪਾਦਕੀ

# ਕਾਂਗਰਸ ਦਾ ਉਥਾਨ ਜਾਰੀ

ਤਿੰਨ ਰਾਜਾਂ ਵਿਚ ਹਾਲ ਹੀ ਵਿਚ ਹੋਈਆਂ ਚੋਣਾਂ ਨੇ ਇਕ ਗੱਲ ਮੋਟੇ ਰੂਪ ਵਿਚ ਸਾਹਮਣੇ ਲਿਆਂਦੀ ਹੈ ਕਿ ਭਾਜਪਾ ਦੇ ਪਤਨ ਅਤੇ ਕਾਂਗਰਸ ਦੇ ਪੁਨਰ-ਉਥਾਨ ਦਾ ਦੌਰ ਜਾਰੀ ਹੈ। ਤਿੰਨ ਰਾਜਾਂ ਮਹਾਰਾਸ਼ਟਰ, ਹਰਿਆਣਾ ਤੇ ਅਰੁਣਾਚਲ ਪ੍ਰਦੇਸ਼ ਵਿਚ 13 ਅਕਤੂਬਰ ਨੂੰ ਪਈਆਂ ਵੋਟਾਂ ਦੇ ਨਤੀਜੇ 22 ਅਕਤੂਬਰ ਨੂੰ ਸਾਹਮਣੇ ਆ ਗਏ ਹਨ। ਇਨ੍ਹਾਂ ਨਤੀਜਿਆਂ ਅਨੁਸਾਰ ਮਹਾਰਾਸ਼ਟਰ ਦੀ 288 ਮੈਂਬਰੀ ਅਸੈਂਬਲੀ ਵਿਚ ਕਾਂਗਰਸ ਅਤੇ ਮਹਾਰਾਸ਼ਟਰ ਨੈਸ਼ਨਲ ਕਾਂਗਰਸ ਪਾਰਟੀ ਨੇ 144 ਸੀਟਾਂ ਜਿੱਤੀਆਂ ਹਨ। ਇਸ ਦੇ ਮੁਕਾਬਲੇ ਭਾਰਤੀ ਜਨਤਾ ਪਾਰਟੀ 90 ਸੀਟਾਂ ਜਿੱਤਣ ਵਿਚ ਕਾਮਯਾਬ ਹੋਈ ਹੈ। ਰਾਜ ਠਾਕਰੇ ਦੀ ਅਗਵਾਈ ਵਾਲੀ ਸ਼ਿਵ ਸੈਨਾ ਨੂੰ 13 ਸੀਟਾਂ ਹਾਸਲ ਹੋਈਆਂ ਹਨ। ਇਸ ਤੋਂ ਇਲਾਵਾ ਆਜ਼ਾਦ ਅਤੇ ਹੋਰ 41 ਸੀਟਾਂ ਜਿੱਤਣ ਵਿਚ ਕਾਮਯਾਬ ਰਹੇ ਹਨ। 90 ਸੀਟਾਂ ਵਾਲੀ ਹਰਿਆਣਾ ਅਸੈਂਬਲੀ ਵਿਚ ਕਾਂਗਰਸ ਪਾਰਟੀ ਨੂੰ 40, ਓਮ ਪ੍ਰਕਾਸ਼ ਚੌਟਾਲਾ ਦੀ ਅਗਵਾਈ ਵਾਲੇ ਇੰਡੀਅਨ ਨੈਸ਼ਨਲ ਲੋਕ ਦਲ ਨੂੰ 31 ਸੀਟਾਂ ਪ੍ਰਾਪਤ ਹੋਈਆਂ ਹਨ। ਇਸ ਤੋਂ ਇਲਾਵਾ ਭਾਜਪਾ ਸਿਰਫ 4 ਸੀਟਾਂ ਜਿੱਤਣ ਵਿਚ ਕਾਮਯਾਬ ਹੋ ਸਕੀ ਹੈ। ਸਾਬਕਾ ਕਾਂਗਰਸੀ ਆਗੂ ਸ੍ਰੀ ਭਜਨ ਲਾਲ ਦੀ ਅਗਵਾਈ ਵਾਲੀ ਜਨਹਿਤ ਕਾਂਗਰਸ ਨੂੰ 6 ਸੀਟਾਂ ਪ੍ਰਾਪਤ ਹੋਈਆਂ ਹਨ। ਉਨ੍ਹਾਂ ਤੋਂ ਇਲਾਵਾ ਹਰਿਆਣਾ ਵਿਚ 9 ਦੇ ਕਰੀਬ ਆਜ਼ਾਦ ਉਮੀਦਵਾਰ ਜਿੱਤ ਗਏ ਹਨ ਜਿਨ੍ਹਾਂ ਵਿਚ ਬਸਪਾ ਦਾ ਇਕ ਅਸੈਂਬਲੀ ਮੈਂਬਰ ਵੀ ਸ਼ਾਮਲ ਹੈ। ਜਿਥੋਂ ਤੱਕ ਅਰੁਣਾਚਲ ਪ੍ਰਦੇਸ਼ ਦਾ ਸਵਾਲ ਹੈ, ਲੋਕਾਂ ਨੇ ਇਸ ਰਾਜ ਵਿਚ ਸੱਤਾ ਮੁੜ ਕਾਂਗਰਸ ਪਾਰਟੀ ਨੂੰ ਹੀ ਸੌਂਪ ਦਿੱਤੀ ਹੈ। 60 ਵਿਧਾਨ ਸਭਾ ਸੀਟਾਂ ਵਾਲੇ ਇਸ ਰਾਜ ਵਿਚ ਕਾਂਗਰਸ ਪਾਰਟੀ 42 ਸੀਟਾਂ ਜਿੱਤਣ ਵਿਚ ਕਾਮਯਾਬ ਹੋਈ ਹੈ ਜਦੋਂਕਿ ਐਨ.ਸੀ.ਪੀ. ਨੂੰ 6 ਅਤੇ ਭਾਜਪਾ ਨੂੰ 3 ਸੀਟਾਂ ਮਿਲੀਆਂ ਹਨ। ਇਸ ਤੋਂ ਇਲਾਵਾ 9 ਆਜ਼ਾਦ ਉਮੀਦਵਾਰ ਜਿੱਤਣ ਵਿਚ ਕਾਮਯਾਬ ਰਹੇ ਹਨ। ਸੋ ਸਮੁੱਚੇ ਤੌਰ 'ਤੇ ਦੇਖਿਆਂ ਸਿਰਫ ਮਹਾਰਾਸ਼ਟਰ ਹੀ ਹੈ, ਜਿਥੇ ਬਾਲ ਠਾਕਰੇ ਦੀ ਅਗਵਾਈ ਵਾਲੀ ਸ਼ਿਵ ਸੈਨਾ ਅਤੇ ਭਾਜਪਾ ਨੇ ਕੁਝ ਚੰਗੀ ਕਾਰਗੁਜ਼ਾਰੀ ਵਿਖਾਈ ਹੈ। ਬਾਕੀ 2 ਰਾਜਾਂ ਵਿਚ ਭਾਜਪਾ ਨੂੰ ਤਕਰੀਬਨ ਹੂੰਝਾ ਫਿਰ ਗਿਆ ਹੈ। ਹਰਿਆਣਾ ਵਿਚ ਤਾਂ ਇਸ ਪਾਰਟੀ ਦੀ ਕਾਫੀ ਜ਼ਿਆਦਾ ਦੁਰਗਤ ਹੋਈ ਹੈ। ਹਰਿਆਣਾ ਵਿਚ ਜਿਨ੍ਹਾਂ ਸੀਟਾਂ 'ਤੇ ਭਾਜਪਾ ਜਿੱਤਣ ਵਿਚ ਕਾਮਯਾਬ ਵੀ ਰਹੀ ਹੈ, ਉਥੇ ਅਸਲ ਵਿਚ ਇਨੈਲੋ ਅਤੇ ਅਕਾਲੀ ਦਲ ਨੇ ਭਾਜਪਾ ਦੀ, ਚੋਣ ਮੁਹਿੰਮ ਦੇ ਆਖਰੀ ਪੜਾਅ 'ਤੇ ਹੋਏ ਸਮਝੌਤੇ ਅਨੁਸਾਰ ਮਦਦ ਕੀਤੀ ਹੈ। ਹਰਿਆਣਾ 'ਚ ਤਾਂ ਤਕਰੀਬਨ ਸਾਰੀਆਂ ਪਾਰਟੀਆਂ ਨੇ ਹੀ ਇਹ ਮਹਿਸੂਸ ਕਰ ਲਿਆ ਸੀ ਕਿ ਸਥਿਤੀ ਉਨ੍ਹਾਂ ਦੇ ਪਕੜ ਵਿਚ ਨਹੀਂ ਹੈ ਅਤੇ ਵੋਟਰ ਦਾ ਮਨ ਪੜ੍ਹਿਆ ਨਹੀਂ ਜਾ ਰਿਹਾ। ਇਸ ਲਈ ਵੱਖ-ਵੱਖ ਪਾਰਟੀਆਂ ਨੇ ਇਕ ਦੂਜੇ ਦੀ ਮਦਦ ਕਰਨ ਦਾ ਫੈਸਲਾ ਕਰ ਲਿਆ ਸੀ। ਇਸ ਫੈਸਲੇ ਨੇ ਵੀ ਚੋਣ ਨਤੀਜਿਆਂ ਨੂੰ ਪ੍ਰਭਾਵਤ ਕੀਤਾ ਹੈ। ਇਸ ਤੋਂ ਇਲਾਵਾ ਚੋਣ ਵਿਸ਼ਲੇਸ਼ਕਾਂ ਵਲੋਂ ਇਹ ਵੀ ਕਿਹਾ ਜਾ ਰਿਹਾ ਹੈ ਕਿ ਭਜਨ ਲਾਲ ਦੀ ਪਾਰਟੀ ਵਲੋਂ ਵਿਖਾਈ ਗਈ ਮਾੜੀ ਕਾਰਗੁਜ਼ਾਰੀ ਅਸਲ 'ਚ ਓਮ ਪ੍ਰਕਾਸ਼ ਚੌਟਾਲਾ ਅਤੇ ਸ੍ਰੀ ਭੁਪਿੰਦਰ ਸਿੰਘ ਹੁਡਾ ਵਿਚਾਲੇ ਭਜਨ ਲਾਲ ਖਿਲਾਫ਼ ਹੋਏ ਸਮਝੌਤੇ ਦਾ ਨਤੀਜਾ ਹੈ।

ਇਸ ਤੋਂ ਇਲਾਵਾ ਹਰਿਆਣਾ ਵਿਚ ਜਾਤੀ ਸਮੀਕਰਨ ਹਮੇਸ਼ਾ ਹੀ ਚੋਣਾਂ ਨੂੰ ਪ੍ਰਭਾਵਤ ਕਰਦੇ ਹਨ। ਰਵਾਇਤੀ ਤੌਰ 'ਤੇ ਜਾਟ ਵੋਟ ਜ਼ਿਆਦਾ ਦੇਵੀ ਲਾਲ ਅਤੇ ਉਸ ਤੋਂ ਬਾਅਦ ਓਮ ਪ੍ਰਕਾਸ਼ ਚੌਟਾਲਾ ਦਾ ਪੱਖ ਪੂਰਦੀ ਰਹੀ ਹੈ ਪਰ ਭੁਪਿੰਦਰ ਸਿੰਘ ਹੁਡਾ ਵਲੋਂ ਹਰਿਆਣਾ ਕਾਂਗਰਸ ਦੀ ਅਗਵਾਈ ਸਾਂਭਣ ਨਾਲ ਜਾਟ ਵੋਟ ਵੰਡੀ ਗਈ ਸੀ ਅਤੇ ਇਹ ਇਸ ਵਾਰ ਵੀ ਵੰਡੀ ਗਈ ਹੈ। ਫਿਰ ਵੀ ਓਮ ਪ੍ਰਕਾਸ਼ ਚੌਟਾਲਾ ਇਸ ਵਾਰ ਜਾਟ ਵੋਟ ਖਿੱਚਣ ਵਿਚ ਕਾਮਯਾਬ ਰਹੇ ਹਨ ਅਤੇ ਉਹ ਹਰਿਆਣਾ ਵਿਚ ਕਾਂਗਰਸ ਤੋਂ ਬਾਅਦ 31 ਸੀਟਾਂ ਜਿੱਤ ਕੇ ਦੂਜੇ ਸਥਾਨ 'ਤੇ ਰਹੇ ਹਨ। ਹਰਿਆਣਾ ਵਿਚ ਕਾਂਗਰਸ ਦੀ ਮਾੜੀ ਹਾਲਤ ਦੇ ਉਲਟ ਮਹਾਰਾਸ਼ਟਰ ਵਿਚ ਨਤੀਜੇ ਅਸਲ ਵਿਚ ਲੋਕਾਂ ਨੇ ਦੁਹਰਾਏ ਹੀ ਹਨ ਅਤੇ ਕਾਂਗਰਸ ਨੂੰ ਸੱਤਾ ਸੌਂਪ ਦਿੱਤੀ ਹੈ। ਮਹਾਰਾਸ਼ਟਰ ਦੇ ਚੋਣ ਨਤੀਜੇ ਆਉਣ ਤੋਂ ਬਾਅਦ ਬਾਲ ਠਾਕਰੇ ਨੇ ਕਾਫੀ ਪਿੱਟ-ਸਿਆਪਾ ਕੀਤਾ ਹੈ। ਵਿਧਾਨ ਸਭਾ ਚੋਣਾਂ ਵਿਚ ਤੀਜੀ ਵਾਰ ਮਿਲੀ ਹਾਰ ਨੇ ਲਗਭਗ ਉਸ ਦਾ ਮਾਨਸਿਕ ਸੰਤੁਲਨ ਹੀ ਵਿਗਾੜ ਦਿੱਤਾ ਹੈ। ਉਨ੍ਹਾਂ ਦਾ ਆਖਣਾ ਹੈ ਕਿ ਕਾਂਗਰਸ ਅਤੇ ਨੈਸ਼ਨਲ ਕਾਂਗਰਸ ਪਾਰਟੀ ਨੂੰ ਜਿਤਾ ਕੇ ਇਸ ਰਾਜ ਦੇ ਲੋਕਾਂ ਨੇ ਮਹਾਰਾਸ਼ਟਰ ਨੂੰ ਅੰਨ੍ਹੇ ਖੂਹ ਵਿਚ ਧੱਕ ਦਿੱਤਾ ਹੈ। ਠਾਕਰੇ ਨੇ ਆਪਣੀ ਪਾਰਟੀ ਦੇ ਮੁੱਖ ਅਖ਼ਬਾਰ 'ਸਾਮਨਾ' ਵਿਚ ਲਿਖਿਆ ਹੈ ਕਿ ਮਹਾਰਾਸ਼ਟਰ ਵਿਚ ਪਿਛਲੇ ਸਾਲਾਂ ਵਿਚ ਭ੍ਰਿਸ਼ਟਾਚਾਰ ਸਿਖਰਾਂ ਨੂੰ ਪਹੁੰਚਿਆ ਹੈ, ਕਿਸਾਨਾਂ ਦੀਆਂ ਆਤਮਹੱਤਿਆਵਾਂ ਵਧੀਆਂ ਹਨ, ਉਨ੍ਹਾਂ ਕਿਹਾ ਕਿ ਅਜਿਹੀ ਸਰਕਾਰ ਮਹਾਰਾਸ਼ਟਰ ਨੂੰ ਅੱਗੇ ਕਿਵੇਂ ਲਿਜਾ ਸਕਦੀ ਹੈ। ਠਾਕਰੇ ਨੇ ਇਸ ਦੇ ਨਾਲ ਹੀ ਮਹਾਰਾਸ਼ਟਰ ਦੇ ਨੌਜਵਾਨਾਂ ਨੂੰ ਵੀ ਮਿਹਣਾ ਮਾਰਿਆ ਹੈ ਅਤੇ ਆਖਿਆ ਹੈ ਕਿ ਸ਼ਿਵ ਸੈਨਾ ਦੀ ਲੜਾਈ ਮਰਾਠਿਆਂ ਨਾਲ ਜੁੜੇ ਮੁੱਦਿਆਂ ਵਾਸਤੇ ਹੈ, ਜਿਸ ਦੀ ਜਾਣਕਾਰੀ ਅੱਜ ਦੇ ਨੌਜਵਾਨਾਂ ਨੂੰ ਨਹੀਂ ਹੈ, ਸਿਰਫ ਇਕ ਦਿਨ ਵਿਚ ਹੀ ਉਨ੍ਹਾਂ ਨੇ ਮਰਾਠੀ ਏਕਤਾ ਦੇ ਚੀਥੜੇ ਕਰ ਦਿੱਤੇ ਹਨ। ਉਂਜ ਭਾਰਤੀ ਜਨਤਾ ਪਾਰਟੀ ਨੇ ਸੰਬੰਧਤ ਰਾਜਾਂ ਵਿਚ ਹੋਈ ਹਾਰ ਨੂੰ ਸਵੀਕਾਰ ਕੀਤਾ ਹੈ ਅਤੇ ਪਾਰਟੀ ਨੂੰ ਮੁੜ ਪੈਰਾਂ ਸਿਰ ਕਰਨ ਦੀ ਵਚਨਬੱਧਤਾ ਦੁਹਰਾਈ ਹੈ। ਇਸ ਕਿਸਮ ਦੀ ਵਚਨਬੱਧਤਾ ਭਾਰਤੀ ਜਨਤਾ ਪਾਰਟੀ ਵਲੋਂ ਪਿਛਲੇ ਸਮੇਂ ਵਿਚ ਲਗਾਤਾਰ ਮਿਲੀਆਂ ਹਾਰਾਂ ਤੋਂ ਬਾਅਦ ਪ੍ਰਗਟਾਈ ਜਾ ਰਹੀ ਹੈ,ਪਰ ਹਾਲਤ ਬਦਲ ਨਹੀਂ ਰਹੀ।

ਸਵਾਲ ਉਠਦਾ ਹੈ ਕਿ ਭਾਰਤ ਵਿਚ ਮਹਿੰਗਾਈ, ਬੇਰੁਜ਼ਗਾਰੀ ਮਨੁੱਖੀ ਜੀਵਨ ਦੀ ਪਤਲੀ ਹਾਲਤ ਅਤੇ ਹੋਰ ਅਲਾਮਤਾਂ ਲਗਾਤਾਰ ਵਧ ਰਹੀਆਂ ਹਨ। ਹਰ ਦਿਨ ਮਨੁੱਖੀ ਜੀਵਨ ਔਖਾ ਵੀ ਹੋ ਰਿਹਾ ਹੈ ਅਤੇ ਇਹ ਸਾਰਾ ਕੁਝ ਕੇਂਦਰ ਅਤੇ ਹੋਰ ਵੱਖ-ਵੱਖ ਰਾਜਾਂ ਵਿਚ ਕਾਂਗਰਸ ਪਾਰਟੀ ਦੀ ਅਗਵਾਈ ਵਿਚ ਹੋ ਰਿਹਾ ਹੈ, ਫਿਰ ਵੀ ਲੋਕਾਂ ਨੇ ਕਾਂਗਰਸ ਪਾਰਟੀ ਨੂੰ ਹੀ ਤਰਜੀਹ ਦਿੱਤੀ ਹੈ। ਇਨ੍ਹਾਂ ਰਾਜਾਂ ਵਿਚ ਕਾਂਗਰਸ ਪਾਰਟੀ ਦੀ ਜਿੱਤ ਅਤੇ ਮਜ਼ਬੂਤੀ ਤੋਂ ਇਹੋ ਲੱਗਦਾ ਹੈ ਕਿ ਕਾਂਗਰਸ ਪਾਰਟੀ ਦਾ ਪੁਨਰਉਥਾਨ ਜਾਰੀ ਹੈ ਅਤੇ ਇਸ ਵਿਚ ਪ੍ਰਮੁੱਖ ਭੂਮਿਕਾ ਸ੍ਰੀਮਤੀ ਸੋਨੀਆ ਗਾਂਧੀ, ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਰਾਹੁਲ ਗਾਂਧੀ ਤਿੱਕੜੀ ਦੀ ਹੈ। ਅਸਲ ਵਿਚ ਇਨ੍ਹਾਂ ਤਿੰਨਾਂ ਆਗੂਆਂ ਦੀ ਲੀਡਰਸ਼ਿਪ ਦੇਸ਼ ਦੀ ਰਾਜਨੀਤੀ ਨੂੰ ਪਿਛਲੇ ਸਮੇਂ ਵਿਚ ਰਹੇ ਫਿਰਕੂ ਪੈਂਤੜਿਆਂ ਤੋਂ ਵੱਖ ਕਰਨ ਦੇ ਯਤਨ ਵਿਚ ਹੈ। ਕਾਂਗਰਸ ਇਤਿਹਾਸ ਤੋਂ ਸਬਕ ਸਿੱਖਦਿਆਂ ਆਪਣੇ ਸੈਕੂਲਰ ਸਿਆਸੀ ਅਕਸ ਨੂੰ ਮੁੜ ਸਥਾਪਤ ਕਰਨ ਵਿਚ ਰੁਝੀ ਹੋਈ ਹੈ। ਕਮਜ਼ੋਰੀਆਂ ਦੇ ਬਾਵਜੂਦ ਕਾਂਗਰਸ ਦੇ ਉਥਾਨ ਦਾ ਇਹੋ ਸਬੱਬ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਅਹੁਦੇ ਦੀ ਲੋੜ?*

ਕਹਿੰਦੇ ਝੂਠ ਦੇ ਨਹੀਂ ਕੋਈ ਪੈਰ ਹੁੰਦੇ,
ਆਪਾਂ ਝੂਠ ਦਾ ਸੱਚ ਬਣਾਈ ਜਾਣਾ।
ਬਿਆਨਬਾਜ਼ੀਆਂ ਕਰਨੀਆਂ ਸ਼ੌਕ ਮੇਰਾ,
ਜੋ ਮੂੰਹ ਆਇਆ ਸੋ ਬੋਲ ਸੁਣਾਈ ਜਾਣਾ।
ਛਾਇਆ ਰਹਿਣ ਲਈ ਸਦਾ ਹੀ ਮੀਡੀਏ 'ਚ,
ਰਾਗ ਆਪਣਾ ਵੱਖਰਾ ਗਾਈ ਜਾਣਾ।
ਚੌਧਰ ਮਿਲੇਗੀ? ਚੱਲੂਗਾ ਕੰਮ ਨਹੀਂ ਤਾਂ,
ਹੁੰਦੇ ਕੰਮ ਵਿਚ ਪੰਗਾ ਮੈਂ ਪਾਈ ਜਾਣਾ।
ਲਾ ਕੇ ਉਂਗਲੀ ਮਿੱਤਰਾਂ-ਦੋਸਤਾਂ ਦੇ,
ਰੌਲਾ ਪੌਣ ਲਈ ਐਵੇਂ ਭੜਕਾਈ ਜਾਣਾ।
ਅਹੁਦਾ ਜਿੰਨਾ ਚਿਰ ਮਿਲਦਾ ਨ੍ਹੀਂ ਕੋਈ ਮੈਨੂੰ,
ਕਾਨ੍ਹਾ ਟਿੰਡ ਵਿਚ ਇਵੇਂ ਅੜਾਈ ਜਾਣਾ!

# ਪੰਜਾਬ ਵਿਚਲੇ ਬਦਲ ਰਹੇ ਸਿਆਸੀ ਰੁਝਾਨ

**ਗੁਰਦੀਪ ਸਿੰਘ ਢੁੱਡੀ**




ਪੰਜਾਬ ਵਿਚ ਪਿਛਲੀ ਸਦੀ ਦੇ 8ਵੇਂ ਦਹਾਕੇ ਵਿਚ ਕਾਲੇ ਦਿਨਾਂ ਦੀ ਸ਼ੁਰੂਆਤ ਹੋਈ ਸੀ ਅਤੇ ਇਹ 9ਵੇਂ ਦਹਾਕੇ ਵਿਚ ਚਰਮਸੀਮਾ ਤੱਕ ਪਹੁੰਚੀ ਸੀ। ਇਹ ਕਾਲੇ ਦਿਨ ਪੰਜਾਬ ਤੱਕ ਹੀ ਸੀਮਤ ਨਾ ਰਹੇ, ਸਗੋਂ ਇਨ੍ਹਾਂ ਦਾ ਸੇਕ ਉਥੋਂ ਤੱਕ ਵੀ ਗਿਆ ਜਿੱਥੇ ਕਿਧਰੇ ਵੀ ਪੰਜਾਬੀ ਰਹਿੰਦੇ ਸਨ। 1 ਨਵੰਬਰ 1984 ਤੋਂ ਸ਼ੁਰੂ ਹੋਏ ਸਿੱਖ ਵਿਰੋਧੀ ਦੰਗੇ ਇਸ ਦੀ ਸਿਖਰ ਆਖੀ ਜਾ ਸਕਦੀ ਹੈ। ਪੰਜਾਬ ਵਿਚਲੇ ਖਾੜਕੂਵਾਦ ਦੇ ਅਧਿਐਨ ਕਰਤਾ ਇਹ ਸਿੱਟਾ ਕੱਢਦੇ ਹਨ ਕਿ ਪੰਜਾਬ ਵਿਚਲੇ ਖਾੜਕੂਵਾਦ ਦੇ ਜਿੱਥੇ ਹੋਰ ਵੀ ਕਾਰਨ ਬਣਦੇ ਹਨ ਉਥੇ ਪੰਜਾਬ ਦੀ ਸੌੜੀ ਸਿਆਸੀ ਪਹੁੰਚ ਇਕ ਸਿਖਰਲਾ ਕਾਰਨ ਵੀ ਹੈ।

ਵਿਕਾਸ ਅਤੇ ਪ੍ਰਤੀ ਵਿਅਕਤੀ ਆਮਦਨੀ ਪੱਖੋਂ ਕਦੇ ਭਾਰਤ ਦਾ ਮੋਹਰੀ ਸੂਬਾ ਅਖਵਾਉਣ ਵਾਲਾ ਪੰਜਾਬ ਹੁਣ ਦੀਵਾਲੀਆ ਪੰਜਾਬ ਬਣਦਾ ਜਾ ਰਿਹਾ ਹੈ। ਅੱਜ ਪੰਜਾਬ ਦਾ ਵਿਕਾਸ ਸੂਬਾਈ ਵਿਕਾਸ ਨਾ ਹੋ ਕੇ ਵਿਅਕਤੀਗਤ ਵਿਕਾਸ ਬਣ ਗਿਆ ਹੈ। ਅੱਜ ਪ੍ਰਤੀ ਵਿਅਕਤੀ ਆਮਦਨੀ ਦੀ ਥਾਂ 'ਤੇ ਪੰਜਾਬੀਆਂ ਦੇ ਪ੍ਰਤੀ ਵਿਅਕਤੀ ਕਰਜ਼ਾਈ ਹੋਣ ਦੇ ਅਧਿਐਨ ਕੀਤੇ ਜਾ ਰਹੇ ਹਨ। ਪੰਜਾਬ ਦੇ ਵਿਕਾਸ ਦਾ ਦਾਰੋਮਦਾਰ ਰਹੀ ਕਿਰਸਾਨੀ ਅੱਜ ਖੁਦਕੁਸ਼ੀਆਂ ਦੇ ਰਾਹ ਪੈ ਗਈ ਹੈ। "ਪੰਜਾਬ ਵੱਸਦਾ ਗੁਰਾਂ ਦੇ ਨਾਂ' ਦੀ ਥਾਂ ਅਸੀਂ ਵਿਅਕਤੀ ਵਿਸ਼ੇਸ਼ ਨੂੰ 'ਸ਼ੇਰ-ਏ-ਪੰਜਾਬ' ਆਖ ਕੇ ਸਾਡੇ ਕੁਝ ਸਿਆਸੀ ਨੇਤਾਵਾਂ ਦੇ ਗੁਣਗਾਨ ਕਰ ਰਹੇ ਹਾਂ। ਪੰਜਾਬ ਹੁਣ ਛੇ-ਆਬ ਅਖਵਾਉਂਦਾ ਹੈ ਅਤੇ ਇਥੇ ਛੇਵਾਂ ਦਰਿਆ ਹੁਣ ਨਸ਼ਿਆਂ ਦਾ ਵਗ ਰਿਹਾ ਹੈ। ਇਸ ਦੀ ਵਜ੍ਹਾ ਹੈ ਕਿ ਹੁਣ ਸੁਰੱਖਿਆ ਸੈਨਾਵਾਂ ਵਿਚ ਭਰਤੀ ਸਮੇਂ ਪੰਜਾਬੀ ਜਵਾਨ ਲੱਭਦੇ ਨਹੀਂ ਹਨ। ਹੁਣ ਜੇ ਪੰਜਾਬ ਦੇ ਇਸ ਵਿਗਾੜ ਦੇ ਕਾਰਨ ਜਾਣਨੇ ਹੋਣ ਤਾਂ ਸਿਆਸੀ ਧਿਰਾਂ ਇਸ ਵਿਗਾੜ ਨੂੰ ਪੈਦਾ ਵਾਲੀਆਂ ਲਗਦੀਆਂ ਹਨ ਅਤੇ ਘੱਟ ਅਸੀਂ ਆਮ ਲੋਕ ਵੀ ਕਿਧਰੇ ਨਹੀਂ ਹਾਂ। ਉਂਜ ਬੌਧਿਕ ਧਿਰਾਂ ਨੂੰ ਵੀ ਅਸੀਂ ਬਰੀ ਨਹੀਂ ਕਰ ਸਕਦੇ। ਸਾਡੀ ਬੌਧਿਕਤਾ ਵੀ ਵਿਕਾਊ ਹੋਣ ਦੇ ਇਲਜ਼ਾਮ ਤੋਂ ਬਚ ਨਹੀਂ ਸਕਦੀ ਹੈ।

ਕਦੇ ਸਾਡੇ ਬੌਧਿਕ ਹਲਕਿਆਂ ਵਿਚ ਸਿਆਸਤ ਦੇ 'ਬਿਹਾਰੀਕਰਨ' ਹੋਣ ਦੀ ਗੱਲ ਹੋਇਆ ਕਰਦੀ ਸੀ। ਪਿਛਲੇ ਸਮੇਂ ਵਿਚ ਵਿਧਾਨ ਸਭਾ ਦੀਆਂ ਹੋਈਆਂ ਜ਼ਿਮਨੀ ਚੋਣਾਂ ਸਮੇਤ ਇਥੇ ਸਥਾਨਕ ਸਰਕਾਰਾਂ (ਪੰਚਾਇਤਾਂ, ਨਗਰ ਪਾਲਿਕਾਵਾਂ, ਪੰਚਾਇਤ ਸਮਿਤੀਆਂ ਅਤੇ ਜ਼ਿਲਾ ਪ੍ਰੀਸ਼ਦਾਂ) ਦੀਆਂ ਚੋਣਾਂ ਜਿਸ ਤਰ੍ਹਾਂ ਹੋਈਆਂ ਹਨ ਉਹ ਕਿਸੇ ਲੋਕਤੰਤਰ ਦਾ 'ਪੰਜਾਬੀ ਰੂਪ' ਆਖੀਆਂ ਜਾ ਸਕਦੀਆਂ ਹਨ। ਇਸ 'ਪੰਜਾਬੀਕਰਨ' ਵਿਚ ਸਾਰੀਆਂ ਧਿਰਾਂ ਨੇ ਆਪਣਾ ਯੋਗਦਾਨ ਪਾਇਆ ਹੈ।

ਜਦੋਂ ਵੀ ਕੋਈ ਸਿਆਸੀ ਧਿਰ ਹਕੂਮਤ 'ਤੇ ਕਾਬਜ਼ ਹੁੰਦੀ ਹੈ ਤਾਂ ਉਸ ਦਾ ਪਹਿਲਾ ਕਦਮ ਸਰਕਾਰੀ ਤੰਤਰ ਨੂੰ ਆਪਣੀਆਂ ਸਿਆਸੀ ਗਰਜ਼ਾਂ ਦੀ ਪੂਰਤੀ ਕਰਨ ਵਾਲਾ ਬਣਾਉਣਾ ਹੁੰਦਾ ਹੈ। ਹੁਣ ਸਾਡੇ ਪੰਜਾਬ ਵਿਚ ਇਕ ਤੋਂ ਵਧ ਮੁੱਖ ਸਕੱਤਰ ਅਤੇ ਡਾਇਰੈਕਟਰ ਜਨਰਲ ਪੁਲਿਸ ਦੀਆਂ ਤਨਖਾਹਾਂ ਅਤੇ ਭੱਤੇ ਲੈ ਰਹੇ ਅਧਿਕਾਰੀ ਮਿਲਦੇ ਹਨ। ਕਾਰਨ ਇਹ ਹੈ ਕਿ ਹਕੂਮਤ 'ਤੇ ਕਾਬਜ਼ ਹੁੰਦਿਆਂ ਸਾਰ ਹੀ ਸਿਆਸੀ ਧਿਰ ਆਪਣੇ ਹਿੱਤਾਂ ਦੀ ਪੂਰਤੀ ਕਰਨ ਵਾਲੇ ਅਧਿਕਾਰੀ ਨੂੰ ਮੁੱਖ ਸਕੱਤਰ ਅਤੇ ਰਾਜ ਪੁਲਿਸ ਮੁਖੀ ਬਣਾਉਂਦੀ ਹੈ। ਜੂਨੀਅਰ-ਸੀਨੀਅਰ ਵਾਲੇ ਵੱਖਰੇਵੇਂ ਨੂੰ ਖਤਮ ਕਰਨ ਵਾਲੀ ਧਾਰਨਾ ਕੇਵਲ ਸਿਖਰਲੇ ਅਹੁਦੇ ਤੱਕ ਹੀ ਸੀਮਤ ਨਹੀਂ ਰਹਿੰਦੀ, ਸਗੋਂ ਇਹ ਹੇਠਲੇ ਕਰਮਚਾਰੀਆਂ ਅਤੇ ਅਧਿਕਾਰੀਆਂ ਤੱਕ ਵੀ ਚੱਲਦੀ ਹੈ। ਪੁਲਿਸ ਥਾਣੇ, ਦਫਤਰ ਅਤੇ ਦਫਤਰੀ ਸੀਟਾਂ ਸਿਆਸਤ ਦੀ ਭੇਟ ਚੜ੍ਹਦੀਆਂ ਹਨ। ਇਥੇ ਆ ਕੇ ਕੰਮ ਦੀ ਗੁਣਵਤਾ ਖਤਮ ਹੋ ਕੇ ਚਮਚਾਗਿਰੀ ਅਤੇ ਭ੍ਰਿਸ਼ਟਾਚਾਰ ਆਪਣੇ ਪੈਰ ਪਸਾਰਦਾ ਹੈ।

ਪੰਜਾਬ ਦੀ ਆਰਥਿਕ ਹਾਲਤ ਦੀ ਦੀਵਾਲੀਏਪਣ ਬਾਰੇ ਖੁਦ ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਮੰਨ ਚੁੱਕੇ ਹਨ। ਰੋਜ਼ਮੱਰ੍ਹਾ ਦੇ ਕਾਰਜਾਂ ਦਾ ਚੱਲਣਾ ਵੀ ਮੁਹਾਲ ਹੋਇਆ ਪਿਆ ਹੈ। ਇਸ ਦੀ ਵਜ੍ਹਾ ਇਹ ਨਹੀਂ ਹੈ ਕਿ ਪੰਜਾਬ ਵਿਚ ਆਮਦਨ ਦੇ ਸੋਮੇ ਨਹੀਂ ਹਨ ਅਤੇ ਇਥੇ ਕੇਵਲ ਖਰਚ ਹੀ ਹੁੰਦੇ ਹਨ। ਅਸਲ ਵਿਚ ਹਕੂਮਤੀ ਧਿਰਾਂ ਸਰਕਾਰੀ ਧਨ ਦੀ ਵਰਤੋਂ ਬੜੀ ਬੇਦਰਦੀ ਨਾਲ ਕਰਦੀਆਂ ਹਨ। ਜਨਤਾ ਨੂੰ ਦਿੱਤੀਆਂ ਜਾਣ ਵਾਲੀਆਂ ਰਿਆਇਤਾਂ ਦਾ ਆਧਾਰ ਕੇਵਲ ਸਿਆਸੀ ਬਣ ਚੁੱਕਿਆ ਹੈ। ਪੰਜਾਬ ਦੇ ਮੁੱਖ ਮੰਤਰੀ ਅਤੇ ਉਨ੍ਹਾਂ ਦੇ ਕੁਝ ਸਾਥੀ ਸੰਗਤ ਦਰਸ਼ਨਾਂ ਵਿਚ ਖਜ਼ਾਨਾ ਇਸ ਤਰ੍ਹਾਂ ਲੁਟਾਉਂਦੇ ਹਨ ਜਿਵੇਂ ਕੋਈ ਰਾਜਾ ਕਿਸੇ ਖੁਸ਼ੀ ਸਮੇਂ ਆਪਣੇ ਖਜ਼ਾਨੇ ਦੇ ਬੂਹੇ ਜਨਤਾ ਵਾਸਤੇ ਖੋਲ੍ਹਿਆ ਕਰਦਾ ਸੀ।

ਪੰਜਾਬ ਸਰਕਾਰ ਨੇ ਪੰਜਾਬ ਦੀਆਂ ਸੜਕਾਂ 'ਤੇ ਏ.ਸੀ. ਬੱਸਾਂ ਚਲਾਈਆਂ ਹਨ। ਹੁਣ ਅਸੀਂ ਜਾਣਦੇ ਹਾਂ ਕਿ ਏ.ਸੀ. ਕਮਰਿਆਂ, ਘਰਾਂ ਜਾਂ ਬੱਸਾਂ ਗੱਡੀਆਂ ਵਿਚ ਰਹਿਣ ਜਾਂ ਸਫਰ ਕਰਨ ਬਾਰੇ ਪੰਜਾਬ ਦੀ ਤਿੰਨ ਚੌਥਾਈ ਵਸੋਂ ਸੋਚ ਵੀ ਨਹੀਂ ਸਕਦੀ। ਅਜਿਹੀਆਂ ਸੁੱਖ-ਸਹੂਲਤਾਂ ਕੇਵਲ ਸਰਦੇ-ਪੁੱਜਦੇ ਲੋਕ ਹੀ ਮਾਣਦੇ ਹਨ। ਜੇ ਸਾਧਨ ਸੰਪਨ ਲੋਕ ਸਹੂਲਤ ਮਾਣਨ ਵੇਲੇ ਆਪਣੇ ਜਾਇਦਾਦ ਵਿਚੋਂ ਕੁਝ ਹਿੱਸਾ ਸੂਬੇ ਦੇ ਲੋਕਾਂ ਦੀ ਭਲਾਈ ਵਾਸਤੇ ਦੇ ਦੇਣਗੇ ਤਾਂ ਕੀ ਹਰਜ਼ ਵਾਲੀ ਗੱਲ ਹੈ? ਪਤਾ ਨਹੀਂ ਸਰਕਾਰ ਨੇ ਕੀ ਸੋਚ ਕੇ ਏ.ਸੀ. ਬੱਸਾਂ ਦਾ ਟੈਕਸ ਹੀ ਮੁਆਫ ਕਰ ਦਿੱਤਾ ਹੈ। ਇਸ ਤਰ੍ਹਾਂ ਦੀ ਗੱਲ ਦੂਸਰੀਆਂ ਰਿਆਇਤਾਂ ਬਾਰੇ ਵੀ ਆਖੀ ਜਾ ਸਕਦੀ ਹੈ। ਇਕ ਪਾਸੇ ਸਾਧਾਰਨ ਜਨਤਾ, ਗੁਰਬਤ ਦੀ ਚੱਕੀ ਵਿਚ ਪਿਸ ਰਹੀ ਹੈ ਅਤੇ ਸਾਡੇ ਹਾਕਮ ਮਾਲਾਂ, ਸਟਾਰ ਹੋਟਲਾਂ, ਹਵਾਈ ਅੱਡਿਆਂ ਅਤੇ ਮੈਟਰੋ ਰੇਲ ਗੱਡੀਆਂ ਦੀਆਂ ਸਕੀਮਾਂ ਬਣਾ ਰਹੇ ਹਨ।

ਪੰਜਾਬ ਵਿਚ ਨਸ਼ਿਆਂ ਦੀ ਤਸਕਰੀ, ਬਿਜਲੀ ਦੀ ਚੋਰੀ, ਸਰਕਾਰੀ ਥਾਵਾਂ 'ਤੇ ਕੀਤੇ ਜਾਣ ਵਾਲੇ ਕਬਜ਼ੇ, ਸਰਕਾਰੀ ਕੰਮਾਂ ਵਿਚ ਪਾਇਆ ਜਾਣ ਵਾਲਾ ਵਿਘਨ, ਟੈਕਸਾਂ ਦੀ ਉਗਰਾਹੀ ਦਾ ਨਾ ਹੋਣਾ, ਸਰਕਾਰੀ ਦਫਤਰਾਂ ਵਿਚ ਅੰਤਾਂ ਦੀ ਰਿਸ਼ਵਤਖੋਰੀ, ਸਰਕਾਰੀ ਸਕੂਲਾਂ ਅਤੇ ਕਾਲਜਾਂ ਵਿਚ ਪੜ੍ਹਾਈ ਨਾ ਹੋਣਾ, ਸਰਕਾਰੀ ਹਸਪਤਾਲਾਂ ਦਾ ਬਿਮਾਰ ਹੋਣਾ, ਸਰਕਾਰੀ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਨਿਯੁਕਤੀਆਂ ਅਤੇ ਬਦਲੀਆਂ ਵਿਚ ਅੰਤਾਂ ਦੀ ਸਿਆਸੀ ਦਖਲਅੰਦਾਜ਼ੀ ਵਰਗੇ ਸੰਕਲਪ ਅਤੇ ਵਿਹਾਰ ਹੁਣ ਆਮ ਗੱਲ ਬਣ ਗਈ ਹੈ। ਅਜਿਹੇ ਹਾਲਤਾਂ ਵਿਚ ਸੂਬੇ ਦਾ ਵਿਕਾਸ ਲੀਹ 'ਤੇ ਆ ਹੀ ਨਹੀਂ ਸਕਦਾ ਹੈ। ਇਸ ਸਾਰੇ ਵਰਤਾਰੇ ਵਾਸਤੇ ਕੇਵਲ ਸਿਆਸੀ ਧਿਰ ਹੀ ਜ਼ਿੰਮੇਵਾਰ ਨਹੀਂ ਹੈ। ਸਿਆਸੀ ਧਿਰਾਂ ਨੇ ਤਾਂ ਸਿਆਸਤ ਦਾ ਕੇਵਲ ਅਤੇ ਕੇਵਲ ਇਕ ਹੀ ਟੀਚਾ ਬਣਾ ਲਿਆ ਹੈ ਕਿ ਹਕੂਮਤ 'ਤੇ ਕਬਜ਼ਾ ਕਰੋ ਅਤੇ ਫਿਰ ਆਪਣੇ ਨਿੱਜੀ ਹਿੱਤਾਂ ਨੂੰ ਸੁਰੱਖਿਅਤ ਕਰਦੇ ਹੋਏ ਇਨ੍ਹਾਂ ਨੂੰ ਅੱਗੇ ਵਧਾਓ। ਬੌਧਿਕ ਹਲਕੇ ਵੀ ਇਸ ਇਲਜ਼ਾਮ ਤੋਂ ਬਰੀ ਨਹੀਂ ਕੀਤੇ ਜਾ ਸਕਦੇ। ਉਹ ਵੀ ਆਪਣੀ ਜ਼ਿੰਮੇਵਾਰੀ ਸਹੀ ਅਰਥਾਂ ਵਿਚ ਨਹੀਂ ਨਿਭਾ ਰਹੇ ਹਨ। ਬੌਧਿਕ ਹਲਕੇ ਜਨਤਾ ਨੂੰ ਸਚੇਤ ਕਰਨ ਵਿਚ ਆਪਣਾ ਫਰਜ਼ ਨਾ ਨਿਭਾਉਂਦੇ ਹੋਏ ਸੱਚ ਨੂੰ ਸੱਚ ਕਹਿਣ ਦੀ ਥਾਂ ਆਪਣੇ ਨਿੱਜੀ ਮੁਫ਼ਾਦਾਂ ਨੂੰ ਸਨਮੁਖ ਰੱਖ ਕੇ ਆਪਣੀ ਬੌਧਿਕਤਾ ਦੀ ਵਰਤੋਂ ਕਰਦੇ ਹਨ। ਜਨਤਾ ਵੀ ਆਪਣੇ ਨਿੱਜ ਵਿੱਚੋਂ ਬਾਹਰ ਝਾਤੀ ਮਾਰਦੀ ਹੀ ਨਹੀਂ ਹੈ ਕਿਉਂਕਿ ਲੋਕਤੰਤਰੀ ਰਾਜਪ੍ਰਣਾਲੀ ਵਿਚ ਕੋਈ ਸਿਆਸੀ ਧਿਰ ਆਪਣੇ-ਆਪ ਤਾਂ ਰਾਜਭਾਗ 'ਤੇ ਕਾਬਜ਼ ਹੋ ਹੀ ਨਹੀਂ ਸਕਦੀ ਹੈ। ਇਹ ਜਨਤਾ ਦੀਆਂ ਵੋਟਾਂ ਨਾਲ ਹੀ ਰਾਜ ਕਰਦੀ ਹੈ। ਇਸ ਲਈ ਜਨਤਾ ਵੀ ਬਰਾਬਰ ਦੀ ਦੋਸ਼ੀ ਹੈ।

# ਅਦਾਲਤੀ ਹੁਕਮਾਂ ਦੀ ਦੁਰਗਤ ਤੋਂ ਸੁਪਰੀਮ ਕੋਰਟ ਨਾਰਾਜ਼

ਸੁਪਰੀਮ ਕੋਰਟ ਨੇ ਚਿਤਾਵਨੀ ਦਿੱਤੀ ਹੈ ਕਿ ਪੰਜਾਬ ਸਮੇਤ ਦੇਸ਼ ਦੇ ਵੱਖ-ਵੱਖ ਰਾਜਾਂ ਵਲੋਂ ਅੰਤਰਾਜੀ ਪਾਣੀਆਂ ਦੇ ਝਗੜਿਆਂ ਬਾਰੇ ਵਿਧਾਨਕ ਰਾਹ ਅਖ਼ਤਿਆਰ ਕਰਕੇ ਅਦਾਲਤੀ ਫੈਸਲਿਆਂ ਨੂੰ ਲਾਗੂ ਕਰਨੋਂ ਰੋਕਣ ਲਈ ਪੁੱਟੇ ਜਾਂਦੇ ਕਦਮਾਂ ਦੇ ਗੰਭੀਰ ਸਿੱਟੇ ਨਿਕਲਣਗੇ। ਸੁਪਰੀਮ ਕੋਰਟ ਦੇ ਜਸਟਿਸ ਡੀ.ਕੇ. ਜੈਨ ਦੀ ਅਗਵਾਈ ਵਾਲੇ ਤਿੰਨ ਮੈਂਬਰੀ ਬੈਂਚ ਨੇ ਕਿਹਾ ਹੈ ਕਿ ਇਹ ਮੰਦਭਾਗੀ ਗੱਲ ਹੈ ਕਿ ਰਾਜ ਸਰਕਾਰਾਂ ਵਲੋਂ ਅਦਾਲਤੀ ਫ਼ੈਸਲੇ ਲਾਗੂ ਕਰਨ ਦੀ ਥਾਂ ਵਿਧਾਨ ਸਭਾਵਾਂ ਰਾਹੀਂ ਕਾਨੂੰਨ ਬਣਾ ਕੇ ਉਨ੍ਹਾਂ ਤੋਂ ਬਚਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਅਦਾਲਤ ਦਾ ਇਸ਼ਾਰਾ ਪੰਜਾਬ ਵਲੋਂ ਕਾਨੂੰਨੀ ਢੰਗ ਨਾਲ ਪਾਣੀਆਂ ਦੇ ਸਮਝੌਤੇ ਰੱਦ ਕੀਤੇ ਜਾਣ, ਕੇਰਲ ਵਲੋਂ ਮੁਲਾਪਰਿਆਰ ਡੈਮ ਬਾਰੇ ਕਾਨੂੰਨ ਬਣਾਏ ਜਾਣ ਤੇ ਕਾਵੇਰੀ ਜਲ ਵਿਵਾਦ ਸਬੰਧੀ ਕਰਨਾਟਕ ਤੇ ਤਾਮਿਲਨਾਡੂ ਵਲੋਂ ਕੀਤੀਆਂ ਗਈਆਂ ਵਿਦਾਨ ਸਭਾਈ ਕਾਰਵਾਈਆਂ ਵਲ ਸੀ। ਬੈਂਚ ਦੇ ਬਾਕੀ ਦੋ ਮੈਂਬਰਾਂ ਜਸਟਿਸ ਐਮ. ਸ਼ਰਮਾ ਤੇ ਆਰ.ਐਮ. ਲੋਧਾ ਨੇ ਵੀ ਕੇਰਲ ਸਰਕਾਰ ਵਲੋਂ ਸੁਪਰੀਮ ਕੋਰਟ ਦੇ ਹੁਕਮਾਂ ਵਿਰੁਧ ਵਿਧਾਨ ਸਭਾ ਵਿਚ ਕਾਨੂੰਨ ਪਾਸ ਕੀਤੇ ਜਾਣ ਦਾ ਹਵਾਲਾ ਦੇ ਕੇ ਹੈਰਾਨੀ ਪ੍ਰਗਟ ਕੀਤੀ ਕਿ ਅਜਿਹੇ ਮਾਮਲਿਆਂ ਵਿਚ ਦੇਸ਼ ਦੀ ਸਰਵਉੱਚ ਅਦਾਲਤ ਦੇ ਹੁਕਮਾਂ ਦੀ ਮਰਿਆਦਾ ਹੀ ਕੀ ਰਹਿ ਜਾਂਦੀ ਹੈ।

ਅਦਾਲਤ ਨੇ ਇਹ ਟਿੱਪਣੀ ਪੰਜਾਬ ਸਰਕਾਰ ਵਲੋਂ ਪਾਸ ਕੀਤੇ ਗਏ ਪੰਜਾਬ ਟਰਮੀਨੇਸ਼ਨਲ ਐਗਰੀਮੈਂਟ (ਪੀ.ਟੀ.ਏ.) ਐਕਟ-2004 ਬਾਰੇ ਵੀ ਕੀਤੀ, ਜਿਸ ਦਾ ਸਿੱਧਾ ਅਸਰ ਹਰਿਆਣਾ ਰਾਜ ਦੇ ਹੱਕ ਵਿਚ ਜਾਂਦਾ ਹੈ। ਬੈਂਚ ਨੇ ਇਸੇ ਸੰਦਰਭ 'ਚ ਕਿਹਾ ਕਿ ਹੁਣ ਫਿਰ ਕੇਰਲਾ ਅਤੇ ਤਾਮਿਲਨਾਡੂ ਵਲੋਂ ਵੀ ਅਜਿਹਾ ਹੀ ਕੀਤਾ ਗਿਆ।

ਅਦਾਲਤ ਵਲੋਂ ਇਹ ਟਿੱਪਣੀ ਤਾਮਿਲਨਾਡੂ ਤੇ ਕੇਰਲਾ ਦਰਮਿਆਨ ਮੁਲਾਪਰਿਆਰ ਡੈਮ ਸਬੰਧੀ ਛਿੜੇ ਹੋਏ ਵਿਵਾਦ ਸਬੰਧੀ ਦਲੀਲਾਂ ਸੁਣਦਿਆਂ ਕੀਤੀ ਗਈ। ਅਜਿਹੀ ਟਿੱਪਣੀ ਹੀ ਸੁਪਰੀਮ ਕੋਰਟ ਨੇ ਤਾਮਿਲਨਾਡੂ ਤੇ ਕਰਨਾਟਕ ਦਰਮਿਆਨ ਕਾਵੇਰੀ ਦੇ ਪਾਣੀ ਵਿਵਾਦ ਬਾਰੇ ਵੀ ਕੀਤੀ। ਦੱਸਣਯੋਗ ਹੈ ਕਿ ਪੰਜਾਬ ਸਰਕਾਰ ਵਲੋਂ ਵਿਸ਼ੇਸ਼ ਬਿੱਲ ਲਿਆ ਕੇ ਪਾਣੀਆਂ ਬਾਰੇ ਆਪਣੇ ਸਾਰੇ ਪਿਛਲੇ ਸਮਝੌਤੇ ਰੱਦ ਕਰ ਦਿੱਤੇ ਗਏ ਸਨ।




# ਗੱਲਬਾਤ ਹੀ ਭਾਰਤ-ਪਾਕਿ ਕਲੇਸ਼ ਨੂੰ ਖਤਮ ਕਰਨ ਦਾ ਇਕ ਰਾਹ

-ਸ੍ਰਵਣ ਗਰਗ

ਭਾਰਤ, ਪਾਕਿਸਤਾਨ ਅਤੇ ਅਫਗਾਨਿਸਤਾਨ ਦੇ ਕੁਝ ਸੀਨੀਅਰ ਪੱਤਰਕਾਰਾਂ, ਸੰਪਾਦਕਾਂ ਦੇ ਨਾਲ ਹਾਲ ਹੀ ਵਿਚ ਸਾਲਜਬਰਗ (ਆਸਟ੍ਰੀਆ) ਵਿਚ ਹੋਈ ਗੱਲਬਾਤ ਵਿਚ ਇਕ ਸਵਾਲ ਉਠਿਆ ਕਿ ਆਪਸੀ ਸੰਵਾਦ ਫਿਰ ਤੋਂ ਸ਼ੁਰੂ ਕਰਨ ਦੇ ਮੁੱਦੇ 'ਤੇ ਕੀ ਨਵੀਂ ਦਿੱਲੀ ਜਾਣਬੁਝ ਕੇ ਇਸਲਾਮਾਬਾਦ ਨੂੰ ਕੋਨੇ ਵਿਚ ਧੱਕ ਰਹੀ ਹੈ। ਸਵਾਲ ਦਾ ਸੰਬੰਧ ਭਾਰਤ ਦੇ ਇਸ ਐਲਾਨੀਆ ਰਵਈਏ ਨਾਲ ਵੀ ਸੀ ਕਿ ਪਾਕਿਸਤਾਨ ਜਦ ਤਕ ਮੁੰਬਈ 'ਤੇ ਅਤਿਵਾਦੀ ਹਮਲੇ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਦਾ ਕੰਮ ਨਹੀਂ ਕਰਦਾ, ਉਦੋਂ ਤੱਕ ਉਸਦੇ ਨਾਲ ਦੋ ਪੱਖੀ ਸੰਬੰਧਾਂ ਨੂੰ ਸਮਾਨਤਾ ਬਣਾਉਣ ਦੀ ਦਿਸ਼ਾ ਵਿਚ ਕੋਈ ਗੱਲਬਾਤ ਸ਼ੁਰੂ ਨਹੀ ਕੀਤੀ ਜਾ ਸਕਦੀ। ਸਵਾਲ ਦੀ ਜੜ੍ਹ ਵਿਚ ਇਹ ਡਰ ਵੀ ਸ਼ਾਮਿਲ ਸੀ ਕਿ ਮੁੰਬਈ ਤੇ ਹੋਏ ਅਤਿਵਾਦੀ ਹਮਲੇ ਨੂੰ ਲੈ ਕੇ ਪਾਕਿਸਤਾਨ ਹਾਲੇ ਵੀ ਭਾਰਤ ਦੁਆਰਾ ਦਿੱਤੀਆਂ ਗਈਆਂ ਸੂਚਨਾਵਾਂ ਨਾਲ ਸੰਤੁਸ਼ਟ ਨਾ ਹੋਣ ਦੀ ਗੱਲ ਕਰ ਰਿਹਾ ਹੈ। ਇੰਜ ਹੀ ਹਾਫਿਜ ਸਈਦ ਹੋਵੇ ਜਾਂ ਕੋਈ ਹੋਰ, ਇਸਲਾਮਾਬਾਦ ਉਨ੍ਹਾਂ ਦੇ ਖ਼ਿਲਾਫ ਕੋਈ ਕਾਰਵਾਈ ਨਹੀਂ ਕਰਨ ਵਾਲਾ ਹੈ। ਇਹੋ ਜਿਹੇ ਹਾਲਾਤ ਵਿਚ ਮੌਜੂਦਾ 'ਡੈਡ ਲਾਕ' ਕਦ ਤਕ ਜਾਰੀ ਰਹੇਗਾ? ਅਤੇ ਇਸ ਹਾਲਤ ਵਿਚ ਦੁਰਭਾਗ ਨਾਲ ਮੁੰਬਈ ਵਰਗੀ ਜਾਂ ਉਸ ਨਾਲ ਮਿਲਦੀ-ਜੁਲਦੀ ਕੋਈ ਘਟਨਾ ਫਿਰ ਤੋਂ ਹੋ ਜਾਵੇ ਤਾਂ ਉਸ ਸਥਿਤੀ ਵਿਚ ਪਾਕਿਸਤਾਨ ਦੇ ਖਿਲਾਫ ਭਾਰਤ ਦਾ ਪ੍ਰਤੀਕਰਮ ਕੀ ਰਹੇਗਾ? ਭਾਰਤ ਅਤੇ ਪਾਕਿਸਤਾਨ ਦੋਵੇਂ ਹੀ ਦੇਸ਼ਾਂ ਵਿਚ ਜੋ ਕਟੜਪੰਥੀ ਤਾਕਤਾਂ ਸਿਰਫ ਯੁੱਧ ਦੀ ਭਾਸ਼ਾ ਵਿਚ ਯਕੀਨ ਕਰਦੀਆਂ ਹਨ, ਕੀ ਫਿਰ ਉਨ੍ਹਾਂ ਦੀਆਂ ਇੱਛਾਵਾਂ ਪੂਰੀਆਂ ਹੋ ਜਾਣਗੀਆਂ? ਕੀ ਇਸ ਤਰ੍ਹਾਂ ਮੁਮਕਿਨ ਨਹੀਂ ਕਿ ਦੋਵਾਂ ਦੇਸ਼ਾਂ ਵਿਚਕਾਰ ਗੱਲਬਾਤ ਦੇ ਰਸਤੇ ਬੰਦ ਵੀ ਨਾ ਹੋਣ ਅਤੇ ਭਾਰਤ ਵਲੋਂ ਇਸਲਾਮਾਬਾਦ 'ਤੇ ਲਗਾਤਾਰ ਦਬਾਅ ਵੀ ਬਣਿਆ ਰਹੇ ਜਿਸ ਨਾਲ ਕਿ ਅਤਿਵਾਦੀ ਹਮਲੇ ਦੇ ਪਾਕਿਸਤਾਨੀ ਸਾਜ਼ਿਸ਼ਕਰਤਾਵਾਂ ਨੂੰ ਸਜ਼ਾ ਵੀ ਦਿੱਤੀ ਜਾ ਸਕੇ। ਭਾਵੇਂ ਕਿ ਇਹ ਕੋਈ ਆਸਾਨ ਕਸਰਤ ਨਹੀਂ ਹੋਵੇਗੀ।

ਪਾਕਿਸਤਾਨ ਦੇ ਨਾਲ ਭਾਰਤ ਦੇ ਬਣਦੇ-ਬਿਗੜਦੇ ਸੰਬੰਧਾਂ ਵਿਚ ਜੋ ਨਵਾਂ ਪੇਚ ਉੱਭਰ ਰਿਹਾ ਹੈ, ਉਹ ਨਵੀਂ ਦਿੱਲੀ ਅਤੇ ਕਾਬੁਲ ਵਿਚਕਾਰ ਲਗਾਤਾਰ ਗੂੜ੍ਹੇ ਹੋ ਰਹੇ ਸੰਬੰਧਾਂ ਦਾ ਹੈ। ਕੂਟਨੀਤਕ ਸੂਤਰਾਂ ਤੋਂ ਇਸ ਸੱਚਾਈ ਨੂੰ ਮੰਨਣਾ ਹਾਲੇ ਬਾਕੀ ਹੈ ਕਿ ਜਿਵੇਂ ਜਿਵੇਂ ਅਫਗਾਨਿਸਤਾਨ ਦੇ ਨਾਲ ਭਾਰਤ ਦੇ ਸੰਬੰਧ ਪ੍ਰਗਟ ਹੁੰਦੇ ਜਾਣਗੇ, ਨਵੀਂ ਦਿੱਲੀ ਅਤੇ ਇਸਲਾਮਾਬਾਦ ਦੇ ਵਿਚਕਾਰ ਦੂਰੀ ਉਨੀਂ ਹੀ ਵਧਦੀ ਜਾਵੇਗੀ। ਪਾਕਿਸਤਾਨ ਦੇ ਪ੍ਰਤੀ ਅਫਗਾਨਾਂ ਦੇ ਮਨ ਵਿਚ ਜੋ ਨਾਰਾਜ਼ਗੀ ਦਾ ਭਾਵ ਹੈ, ਉਸਦੇ ਪਿੱਛੇ ਕਈ ਕਾਰਨ ਹਨ। ਇਸ ਵਿਚੋਂ ਇਕ ਇਹ ਹੈ ਕਿ ਚਾਰੇ ਪਾਸਿਓਂ ਜ਼ਮੀਨ ਤੋਂ ਘਿਰੇ ਅਫਗਾਨਿਸਤਾਨ 'ਤੇ ਭਾਰਤ ਦੇ ਮੁਕਾਬਲੇ ਪਾਕਿਸਤਾਨ ਆਪਣਾ ਪਹਿਲਾ ਹੱਕ ਜਤਾਉਂਦਾ ਹੈ, ਜਿਸਨੂੰ ਕਿ ਕਾਬੁਲ ਮੰਨਣ ਨੂੰ ਤਿਆਰ ਨਹੀਂ ਹੈ। ਪਾਕਿਸਤਾਨ ਨੂੰ ਇਹ ਵੀ ਪਸੰਦ ਨਹੀਂ ਕਿ ਕਾਬੁਲ ਇਸਲਾਮਾਬਾਦ ਦੀ ਬਜਾਏ ਨਵੀਂ ਦਿੱਲੀ ਨੂੰ ਜ਼ਿਆਦਾ ਅਹਿਮੀਅਤ ਦਿੰਦਾ ਹੈ। ਦੂਜੇ ਪਾਸੇ ਅਫਗਾਨੀਆਂ ਦਾ ਮੰਨਣਾ ਹੈ ਕਿ ਤਾਲਿਬਾਨੀ ਅਤੇ ਹੋਰ ਕਈ ਪ੍ਰਕਾਰ ਦੀ ਹਿੰਸਾ ਦੇ ਕੇਂਦਰ ਪਾਕਿਸਤਾਨ-ਅਫਗਾਨਿਸਤਾਨ ਵਿਚ ਹਜ਼ਾਰਾਂ ਕਿਲੋਮੀਟਰ ਖੁੱਲ੍ਹੀ ਸੀਮਾ ਦੇ ਪਾਰ, ਦੱਖਣੀ-ਪੱਛਮੀ ਸੀਮਾ ਪ੍ਰਾਂਤ ਦੇ ਇਲਾਕਿਆਂ ਵਿਚ ਕਾਇਮ ਹਨ। ਅਤਿਵਾਦੀਆਂ ਨੇ ਪਾਕਿਸਤਾਨੀ ਜ਼ਮੀਨ 'ਤੇ ਹੀ ਆਪਣੇ ਠਿਕਾਣੇ ਕਾਇਮ ਕਰ ਰਖੇ ਹਨ। ਇਹ ਲੋਕ ਅਫਗਾਨਿਸਤਾਨ ਵਿਚ ਹਿੰਸਾ ਦੀਆਂ ਵਾਰਦਾਤਾਂ ਕਰਕੇ ਵਾਪਸ ਪਾਕਿਸਤਾਨ ਚਲੇ ਜਾਂਦੇ ਹਨ।

ਅਫਗਾਨਿਸਤਾਨ ਦਾ ਜਿਵੇਂ ਜਿਵੇਂ ਪ੍ਰਜਾਤੰਤਰੀਕਰਣ ਹੋ ਰਿਹਾ ਹੈ, ਪਾਕਿਸਤਾਨ ਦੇ ਲਈ ਉਸਦੀ ਨਾਰਾਜ਼ਗੀ ਵਿਚ ਵੀ ਵਾਧਾ ਹੁੰਦਾ ਜਾ ਰਿਹਾ ਹੈ। ਕਾਬੁਲ ਸਥਿਤ ਭਾਰਤੀ ਮਿਸ਼ਨ 'ਤੇ ਪਿਛਲੇ ਦਿਨਾਂ ਵਿਚ ਅਤਿਵਾਦੀ ਹਮਲੇ ਨੂੰ ਲੈ ਕੇ ਅਫਗਾਨ ਪ੍ਰਤੀਕ੍ਰਿਆ ਇਹ ਰਹੀ ਕਿ ਇਸਦੇ ਪਿੱਛੇ ਅਤਿਵਾਦੀਆਂ ਦੇ ਨਾਲ ਨਾਲ ਪਾਕਿਸਤਾਨੀ ਖੁਫੀਆ ਏਜੰਸੀ ਆਈ.ਐਸ.ਆਈ. ਦਾ ਹੱਥ ਹੈ। ਦੂਜੇ ਪਾਸੇ ਪਾਕਿਸਤਾਨ ਵੀ ਦੋਸ਼ ਲਗਾਉਣ ਤੋਂ ਪਿੱਛੇ ਨਹੀਂ ਹਟ ਰਿਹਾ ਕਿ ਅਫਗਾਨਿਸਤਾਨ ਵਿਚ ਆਪਣੀ ਹਾਜ਼ਰੀ ਦੇ ਰਾਹੀਂ ਭਾਰਤ, ਬਲੋਚਿਸਤਾਨ ਵਿਚ ਵਿਦਰੋਹ ਨੂੰ ਵਧਾ ਰਿਹਾ ਹੈ। ਸਵਾਲ ਇਹ ਨਹੀਂ ਹੈ ਕਿ ਭਾਰਤ ਵਿਚ ਪਾਕਿਸਤਾਨ ਦੇ ਮੁੱਦੇ ਨੂੰ ਉਸਦੀ (ਪਾਕਿਸਤਾਨ ਦੀ) ਹੈਸੀਅਤ ਨਾਲੋਂ ਜ਼ਿਆਦਾ ਮਹੱਤਵ ਦਿੱਤਾ ਜਾਂਦਾ ਹੈ। ਵਿਚਾਰ ਵਾਲੀ ਗੱਲ ਇਹ ਹੈ ਕਿ ਪਿਛਲੇ ਸੱਠ ਸਾਲਾਂ ਦੌਰਾਨ ਨਵੀਂ ਦਿੱਲੀ ਵਿਚ ਕਾਬਜ਼ ਅਲੱਗ-ਅਲੱਗ ਸਰਕਾਰਾਂ ਦੀਆਂ ਨੀਤੀਆਂ ਦੀ ਬਦੌਲਤ ਨਾਗਰਿਕਾਂ ਦੇ ਪੱਧਰ 'ਤੇ ਪਾਕਿਸਤਾਨ ਨੂੰ ਜੋ ਹੈਸੀਅਤ ਮਿਲ ਗਈ ਹੈ, ਉਸ ਨੂੰ ਹੁਣ ਘੱਟ ਕਰ ਕੇ ਦੇਖਣ ਦੀ ਮਿਹਨਤ ਕਰਨਾ ਇਕ ਵਿਅਰਥ ਯਤਨ ਹੀ ਸਾਬਿਤ ਹੋਵੇਗਾ। ਨਾਲ ਹੀ ਇਹ ਵੀ ਜਰੂਰੀ ਨਹੀਂ ਕਿ ਇਸਲਾਮਾਬਾਦ ਨੂੰ ਲੈ ਕੇ ਕਾਬੁਲ ਦਾ ਜੋ ਨਜ਼ਰੀਆ ਵਿਕਸਿਤ ਹੋ ਰਿਹਾ ਹੈ, ਉਸ ਨਾਲ ਨਵੀਂ ਦਿੱਲੀ ਵੀ ਇਤਫਾਕ ਰੱਖੇ। ਦੋਵਾਂ ਦੇਸ਼ਾਂ ਦੇ ਅਮਨ ਪਸੰਦ ਆਮ ਨਾਗਰਿਕਾਂ ਦੀ ਬੇਹਤਰੀ ਦੇ ਲਈ ਜ਼ਿਆਦਾ ਜਰੂਰੀ ਇਹ ਹੈ ਕਿ ਅਸੀਂ ਪਾਕਿਸਤਾਨ ਨੂੰ ਗੱਲਬਾਤ ਦੀ ਮੇਜ ਤੋਂ ਉੱਠਣ ਹੀ ਨਾ ਦਈਏ ਅਤੇ ਨਾਲ ਹੀ ਇਸਲਾਮਾਬਾਦ 'ਤੇ ਇਸ ਗੱਲ ਦੇ ਲਈ ਵੀ ਦਬਾਅ ਬਣਾ ਰਖੀਏ ਕਿ ਉਹ ਮੁੰਬਈ 'ਤੇ ਹੋਏ ਅਤਿਵਾਦੀ ਹਮਲੇ ਦੇ ਸਾਜ਼ਿਸ਼ਕਰਤਾਵਾਂ ਨੂੰ ਸਜ਼ਾ ਦੁਆਵੇ।

ਹਾਫਿਜ਼ ਸਈਦ ਅਤੇ ਪਾਕਿਸਤਾਨ ਦੀ ਆਮ ਜਨਤਾ ਦੇ ਵਿਚਕਾਰ ਫਰਕ ਕੀਤਾ ਜਾਣਾ ਜਰੂਰੀ ਹੈ। ਇਸ ਮਾਮਲੇ ਵਿਚ ਚੀਨ ਅਤੇ ਤਾਈਵਾਨ ਦੇ ਵਿਚਕਾਰ ਲਗਾਤਾਰ ਸਾਵੇਂ ਹੋ ਰਹੇ ਸੰਬੰਧਾਂ ਤੋਂ ਵੀ ਕੁਝ ਦਿਸ਼ਾ ਲਈ ਜਾ ਸਕਦੀ ਹੈ। ਬੀਜਿੰਗ ਅਤੇ ਤਾਈਪੇਹ ਦੇ ਵਿਚ ਲੜਾਈਆਂ ਅਤੇ ਕੁੜੱਤਣ ਦਾ ਇਤਿਹਾਸ ਵੀ ਲਗਭਗ ਭਾਰਤ ਅਤੇ ਪਾਕਿਸਤਾਨ ਜਿਹਾ ਹੀ ਰਿਹਾ ਹੈ। ਪਰ ਦੋਵਾਂ ਦੇਸ਼ਾਂ ਨੇ ਆਪਸੀ ਪਹਿਲ ਦੇ ਜ਼ਰੀਏ ਆਪਣੇ ਸਾਰੇ ਵਿਵਾਦਆਤਮਕ ਮੁੱਦਿਆਂ ਨੂੰ ਫਿਲਹਾਲ ਇਕ ਪਾਸੇ ਰਖ ਦਿੱਤਾ ਹੈ। ਉਹ ਆਪਸੀ ਵਪਾਰ ਵਧਾਉਣ ਅਤੇ ਨਾਗਰਿਕ ਪੱਧਰ 'ਤੇ ਚੰਗੇ ਅਦਾਨ-ਪ੍ਰਦਾਨ ਦੀ ਕੋਸ਼ਿਸ਼ਾਂ ਵਿਚ ਜੁਟ ਗਏ ਹਨ। ਬੀਜਿੰਗ ਅਤੇ ਤਾਈਪੇਹ ਦੇ ਵਿਚ ਕਿਸੇ ਜ਼ਮਾਨੇ ਵਿਚ ਕੋਈ ਹਵਾਈ ਸੰਪਰਕ ਨਹੀਂ ਸੀ, ਪਰ ਹੁਣ ਦੋਵਾਂ ਦੇਸ਼ਾਂ ਦੇ ਜਹਾਜ਼ ਹਰ ਮਹੀਨੇ ਲਗਭਗ ਇਕ ਹਜ਼ਾਰ ਉਡਾਣਾਂ ਭਰਦੇ ਹਨ। ਹਜ਼ਾਰਾਂ ਨਾਗਰਿਕ ਇਧਰ ਤੋਂ ਉਧਰ ਆਉਂਦੇ ਜਾਂਦੇ ਹਨ।

ਇਹੋ ਜਿਹੇ ਬਹੁਤ ਸਾਰੇ ਮੁਲਕ, ਜਮਾਤਾਂ ਅਤੇ ਸੰਗਠਨ ਹੋ ਸਕਦੇ ਹਨ ਜਿਨ੍ਹਾਂ ਦੀ ਰੁਚੀ ਇਸ ਗੱਲ ਨੂੰ ਪੱਕੀ ਕਰਨ ਵਿਚ ਹੋਵੇ ਕਿ ਨਵੀਂ ਦਿੱਲੀ ਅਤੇ ਇਸਲਾਮਾਬਾਦ ਦੇ ਵਿਚਾਲੇ ਦੂਰੀ ਲਗਾਤਾਰ ਵਧਦੀ ਜਾਵੇ। ਇਨ੍ਹਾਂ ਸਭਨਾਂ ਦੇ ਨਾਲ ਨਾਲ ਪਾਕਿਸਤਾਨ ਦੇ ਉਹ ਅਤਿਵਾਦੀ ਸੰਗਠਨ ਜੋ ਉਥੋਂ ਦੀ ਸੈਨਾ ਅਤੇ ਆਈ.ਐਸ.ਆਈ. ਜਿਹੀਆਂ ਏਜੰਸੀਆਂ ਦੇ ਸਮਰਥਨ ਨਾਲ ਆਪਣਾ ਵਜੂਦ ਬਣਾਈ ਰੱਖ ਰਹੇ ਹਨ, ਨਵੀਂ ਦਿੱਲੀ-ਇਸਲਾਮਾਬਾਦ ਦੇ ਵਿਚ ਕਿਸੇ ਵੀ ਤਰ੍ਹਾਂ ਦੀ ਦੋਸਤੀ ਨੂੰ ਆਪਣੇ ਲਈ ਖਤਰੇ ਦੇ ਰੂਪ ਵਿਚ ਦੇਖਦੇ ਹਨ।

ਇਹ ਵੀ ਮੰਨ ਲੈਣ ਵਿਚ ਕੋਈ ਹਰਜ਼ ਨਹੀਂ ਕਿ ਅਫਗਾਨਿਸਤਾਨ ਵੀ ਭਾਰਤ ਅਤੇ ਪਾਕਿਸਤਾਨ ਦੇ ਵਿਚਾਲੇ ਸੰਬੰਧਾਂ ਨੂੰ ਸਿਰਫ ਉਨਾ ਹੀ ਠੀਕ ਠਾਕ ਦੇਖਣਾ ਚਾਹੁੰਦਾ ਹੈ ਜਿਨਾ ਉਸ ਦੇ ਹਿੱਤ ਵਿਚ ਭੁਗਤਦਾ ਹੈ। ਮੁੰਬਈ ਦੀ ਜਨਤਾ ਹੁਣ ਹੌਲੀ ਹੌਲੀ ਮਹਾਨਗਰ 'ਤੇ ਹੋਏ ਅਤਿਵਾਦੀ ਹਮਲੇ ਦੇ ਜ਼ਖ਼ਮਾਂ ਤੋਂ ਉਭਰ ਰਹੀ ਹੈ ਅਤੇ ਹੁਣ ਤਾਂ ਮਹਾਰਾਸ਼ਟਰ ਵਿਚ ਵਿਧਾਨ ਸਭਾ ਚੋਣਾਂ ਵੀ ਠੀਕ ਤਰ੍ਹਾਂ ਨਾਲ ਖਤਮ ਹੋ ਗਈਆਂ ਹਨ। ਇਸ ਤਰ੍ਹਾਂ ਸਾਡੇ ਰਾਜਨੀਤਕ ਹਾਕਮ ਅਗਰ ਚਾਹੁਣ ਤਾਂ ਪਾਕਿਸਤਾਨ ਨੂੰ ਲੈ ਕੇ ਆਪਣੀ ਵਿਦੇਸ਼ ਨੀਤੀ ਦੀ ਭਾਸ਼ਾ ਦੇ ਬਾਰੇ ਵਿਚ ਸੋਧ ਕਰ ਸਕਦੇ ਹਨ।

ਅਤਿਵਾਦ ਨਾਲ ਮੁਕਾਬਲਾ ਨਾ ਤਾਂ ਇਕੱਲਾ ਭਾਰਤ ਕਰ ਸਕਦਾ ਹੈ ਅਤੇ ਨਾ ਹੀ ਪਾਕਿਸਤਾਨ। ਇਸਲਾਮਾਬਾਦ ਨੂੰ ਗੱਲਬਾਤ ਦੇ ਰਸਤੇ ਹੀ ਮਜਬੂਰ ਕੀਤਾ ਜਾ ਸਕਦਾ ਹੈ ਕਿ ਉਹ ਅਤਿਵਾਦ ਨਾਲ ਲੜਾਈ ਲੜਨ ਦੀ ਈਮਾਨਦਾਰ ਤਿਆਰੀ ਵੀ ਦਿਖਾਵੇ ਅਤੇ ਇਸ ਕੰਮ ਵਿਚ ਨਵੀਂ ਦਿੱਲੀ ਤੋਂ ਮਦਦ ਦੀ ਮੰਗ ਵੀ ਕਰੇ। ਤਾਲਿਬਾਨ ਅਤਿਵਾਦੀ ਅਗਰ ਅੰਮ੍ਰਿਤਸਰ ਤੋਂ ਕੇਵਲ 30 ਕਿਲੋਮੀਟਰ ਦੀ ਦੂਰੀ 'ਤੇ ਲਾਹੌਰ ਪਹੁੰਚ ਕੇ ਪਾਕਿਸਤਾਨੀ ਹਕੂਮਤ ਨੂੰ ਲਲਕਾਰ ਸਕਦੇ ਹਨ ਤਾਂ ਸਾਡੇ ਲਈ ਉਸ ਖਤਰੇ ਦੇ ਪ੍ਰਤੀ ਸੁਚੇਤ ਹੋਣਾ ਜ਼ਿਆਦਾ ਜ਼ਰੂਰੀ ਹੈ ਜੋ 26/11 ਤੋਂ ਜ਼ਿਆਦਾ ਖਤਰਨਾਕ ਸਾਬਿਤ ਹੋ ਸਕਦਾ ਹੈ। ਪਾਕਿਸਤਾਨ ਨੂੰ ਗੱਲਬਾਤ ਦੀ ਮੇਜ਼ 'ਤੇ ਲਿਆਉਣ ਦੀ ਪਹਿਲ ਵੀ ਭਾਰਤ ਨੂੰ ਹੀ ਕਰਨੀ ਹੋਵੇਗੀ।

# ਭਾਰਤੀ ਤੇ ਨਿਪਾਲੀ ਮਾਓਵਾਦੀਆਂ ਨੂੰ ਵੱਖ ਵੱਖ ਕਰਕੇ ਵੇਖਣ ਦੀ ਲੋੜ

-ਕੇ.ਦੀਕਸ਼ਤ

ਨਕਸਲੀਆਂ ਦੇ ਨਾਲ ਭਾਰਤ ਸਰਕਾਰ ਦੇ ਵਧਦੇ ਸੰਘਰਸ਼ ਦੇ ਵਿਚਕਾਰ ਸਭ ਤੋਂ ਮਹੱਤਵਪੂਰਣ ਗੱਲ ਇਹ ਹੈ ਕਿ ਨਵੀਂ ਦਿੱਲੀ ਜੋ ਵੀ ਰਣਨੀਤੀ ਅਪਨਾਏ, ਉਸ ਨਾਲ ਨੇਪਾਲ ਦੀ ਨਾਜ਼ੁਕ ਸ਼ਾਂਤੀ ਪ੍ਰਕ੍ਰਿਆ ਨੂੰ ਠੇਸ ਨਾ ਪਹੁੰਚੇ। ਨੇਪਾਲ ਦੇ ਮਾਓਵਾਦੀਆਂ ਤੇ ਰਾਜਨੀਤਕ ਦਲਾਂ ਵਿਚ ਸਮਝਬੂਝ ਬਣੀ ਹੋਈ ਹੈ ਅਤੇ ਸਮਝੌਤੇ ਹੋਏ ਹਨ। ਇਨ੍ਹਾਂ ਦੇ ਕੰਮਾਂ ਨੂੰ ਉਮੀਦ ਭਰੀਆਂ ਨਜ਼ਰਾਂ ਨਾਲ ਦੇਖਿਆ ਜਾ ਰਿਹਾ ਹੈ। ਨੇਪਾਲ ਵਿਚ ਅੰਦਰੂਨੀ ਸੰਘਰਸ਼ ਦੌਰਾਨ ਹੁਣ ਤਕ 16 ਹਜ਼ਾਰ ਨਾਗਰਿਕਾਂ ਦੀ ਜਾਨ ਜਾ ਚੁੱਕੀ ਹੈ। ਹੁਣ ਸ਼ਾਂਤੀ ਪ੍ਰਕ੍ਰਿਆ ਨਾਲ ਲੋਕਾਂ ਵਿਚ ਰਾਜਨੀਤਕ ਸਥਿਰਤਾ ਅਤੇ ਆਰਥਿਕ ਵਿਕਾਸ ਦੀਆਂ ਉਮੀਦਾਂ ਬੱਝੀਆਂ ਹਨ ਪਰ ਇਹ ਪ੍ਰਕ੍ਰਿਆ ਤਦ ਤਕ ਪੂਰੀ ਨਹੀਂ ਹੋਵੇਗੀ, ਜਦ ਤਕ ਕਿ 19 ਹਜ਼ਾਰ ਤੋਂ ਜ਼ਿਆਦਾ ਮਾਓਵਾਦੀ ਕੇਡਰ 'ਪੀਪਲਜ਼ ਵਾਰ' ਦੇ ਖਾਤਮੇ ਦੇ ਕਰੀਬ ਚਾਰ ਸਾਲ ਬਾਅਦ ਵੀ ਸ਼ਿਵਰਾਂ ਵਿਚ ਅਲੱਗ-ਥਲੱਗ ਪਏ ਰਹਿਣਗੇ। ਇਹ ਉਹੀ ਕੇਡਰ ਹਨ, ਜਿਨ੍ਹਾਂ ਨੂੰ ਸੰਯੁਕਤ ਰਾਸ਼ਟਰ ਨੇ 'ਪਰਾਣੇ ਲੜਾਕੂ' ਦਾ ਨਾਂ ਦਿੱਤਾ ਹੈ।

ਨੇਪਾਲ ਵਿਚ ਅਪਰੈਲ 2008 'ਚ ਸੰਵਿਧਾਨ ਸਭਾ ਲਈ ਹੋਈਆਂ ਚੋਣਾਂ ਦੌਰਾਨ ਵੀ ਮਾਓਵਾਦੀਆਂ ਦੀ ਲੜਾਕੂ ਤਿਆਰੀ ਮੌਜੂਦ ਸੀ ਅਤੇ ਇਸੇ ਲਈ ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਇਸ ਨਾਲ ਚੋਣ ਦੇ ਨਤੀਜਿਆਂ ਤੇ ਪੱਕੇ ਤੌਰ 'ਤੇ ਅਸਰ ਪਿਆ ਹੋਵੇਗਾ। ਚੋਣ ਪ੍ਰਚਾਰ ਦੌਰਾਨ ਮਾਓਵਾਦੀ ਨੇਤਾਵਾਂ ਨੇ ਖੁਲ੍ਹੇਆਮ ਧਮਕੀ ਦਿੱਤੀ ਸੀ ਕਿ ਜੇਕਰ ਉਹ ਚੋਣ ਹਾਰ ਜਾਂਦੇ ਹਨ ਤਾਂ ਫਿਰ ਤੋਂ ਜੰਗਲਾਂ ਵਿਚ ਚਲੇ ਜਾਣਗੇ। ਸਰਕਾਰੀ ਤੰਤਰ ਦੇ ਅਭਾਵ ਅਤੇ ਪਿੰਡਾਂ ਵਿਚ ਮਾਓਵਾਦੀਆਂ ਦੇ ਸੰਭਾਵਿਤ ਡਰ ਤੋਂ ਬਚਣ ਦੇ ਲਈ ਜ਼ਿਆਦਾਤਰ ਵੋਟਰਾਂ ਨੂੰ ਇਹੀ ਠੀਕ ਲੱਗਿਆ ਕਿ ਮਾਓਵਾਦੀਆਂ ਨੂੰ ਹੀ ਸੱਤਾ ਵਿਚ ਭੇਜ ਦਿੱਤਾ ਜਾਵੇ।

ਜਨਤਾ ਇਨ੍ਹਾਂ ਚੋਣਾਂ ਨੂੰ ਸ਼ਾਂਤੀ ਪ੍ਰਕ੍ਰਿਆ ਦਾ ਇਕ ਹਿੱਸਾ ਮੰਨ ਰਹੀ ਸੀ। ਉਸ ਦਾ ਸੋਚਣਾ ਸੀ ਕਿ ਇਸ ਨਾਲ ਮਾਓਵਾਦੀਆਂ ਨੂੰ ਮੁੱਖ ਧਾਰਾ ਵਿਚ ਲਿਆਉਣਾ ਸੰਭਵ ਹੋ ਸਕੇਗਾ। ਹਾਲਾਂਕਿ ਇਕ ਵੱਡਾ ਕੰਮ ਨਵੇਂ ਸੰਵਿਧਾਨ ਦਾ ਨਿਰਮਾਣ ਬਾਕੀ ਹੈ ਜਿਸਦੀ ਨਿਰਧਾਰਤ ਸੀਮਾ ਖਤਮ ਹੋਣ ਵਿਚ ਹੁਣ ਸਿਰਫ ਅੱਠ ਮਹੀਨੇ ਦਾ ਸਮਾਂ ਰਹਿ ਗਿਆ ਹੈ। ਸੰਵਿਧਾਨ ਸਭਾ ਵਿਚ ਸਭ ਤੋਂ ਵੱਡੇ ਦਲ ਦੇ ਕੋਲ ਹੁਣ ਵੀ ਆਪਣੇ ਲੜਾਕੂ ਦਸਤੇ ਮੌਜੂਦ ਹਨ। ਇਸ ਲਈ ਇਹ ਨਹੀਂ ਮੰਨਿਆ ਜਾ ਸਕਦਾ ਕਿ ਸੰਵਿਧਾਨ ਦਾ ਨਿਰਮਾਣ ਬਗੈਰ ਕਿਸੇ ਰੁਕਾਵਟ ਦੇ ਸੰਪੂਰਨ ਹੋ ਜਾਵੇਗਾ।

2006 ਦੇ ਮੱਧ ਵਿਚ ਸੰਸਦੀ ਦਲਾਂ ਅਤੇ ਮਾਓਵਾਦੀਆਂ ਦੇ ਵਿਚਕਾਰ ਸ਼ਾਂਤੀ ਸਮਝੌਤਾ ਹੋਇਆ ਸੀ। ਇਸਦੇ ਮੁਤਾਬਿਕ ਵੱਡੀ ਗਿਣਤੀ ਵਿਚ ਪਹਿਲੇ ਲੜਾਕੂਆਂ ਦਾ ਸੈਨਾ ਬਲ ਵਿਚ ਸੰਮਿਲਤ ਕੀਤਾ ਜਾਣਾ ਸੀ, ਤਾਂ ਕਿ ਵੱਡੀ ਸੰਖਿਆ ਵਿਚ ਪੁਰਾਣੇ ਲੜਾਕੂਆ ਦਾ ਪੁਨਰਵਾਸ ਕੀਤਾ ਜਾ ਸਕੇ। ਇਸਦੇ ਲਈ ਕੋਈ ਫਾਰਮੂਲਾ ਤਾਂ ਤੈਅ ਨਹੀਂ ਕੀਤਾ ਗਿਆ ਸੀ, ਪਰ ਚੋਣਾਂ ਦੇ ਪਹਿਲਾਂ ਵੱਖ-ਵੱਖ ਦਲਾਂ ਵਿਚ ਇਸ ਗੱਲ 'ਤੇ ਪਰੰਪਰਾਗਤ ਸੰਮਤੀ ਨਾਲ ਸਹਿਮਤੀ ਬਣੀ ਸੀ ਕਿ ਫੌਜ ਵਿਚ ਪੰਜ ਹਜ਼ਾਰ ਲੜਾਕੂਆਂ ਤੋਂ ਜ਼ਿਆਦਾ ਮਾਓਵਾਦੀ ਖਾੜਕੂਆਂ ਨੂੰ ਭਰਤੀ ਨਹੀਂ ਕੀਤਾ ਜਾਵੇਗਾ। ਇਸਦੇ ਰਾਹੀਂ ਜਿੱਥੇ ਮਾਓਵਾਦੀਆਂ ਨੂੰ ਕੋਈ ਸਨਮਾਨਜਨਕ ਰਾਹ ਮੁਹੱਈਆ ਕਰਾਉਣਾ ਸੀ, ਉਥੇ ਇਹ ਵੀ ਪੱਕਾ ਕਰਨਾ ਸੀ ਕਿ ਵਿਚਾਰਧਾਰਕ ਤੌਰ 'ਤੇ ਸੰਚਾਲਿਤ ਮਾਓਵਾਦੀ ਕੇਡਰ ਦੀ ਵਜ੍ਹਾ ਨਾਲ ਫੌਜੀ ਬਲ ਪ੍ਰਭਾਵਿਤ ਨਾ ਹੋਣ। ਦੁਰਭਾਗਵਸ ਸੰਮਿਲਨ ਦਾ ਮਸਲਾ ਇੰਨੇ ਲੰਬੇ ਸਮੇਂ ਤੋਂ ਲਟਕਿਆ ਹੋਇਆ ਹੈ ਕਿ ਹੁਣ ਇਸਨੂੰ ਲੈ ਕੇ ਕਈ ਤਰ੍ਹਾਂ ਦੀਆਂ ਵਿਰੋਧੀ ਆਵਾਜ਼ਾਂ ਉੱਠਣ ਲੱਗੀਆਂ ਹਨ। ਅਪਰੈਲ 2008 ਦੀਆਂ ਚੋਣਾਂ ਵਿਚ ਭਾਰੀ ਜਿੱਤ ਨਾਲ ਉਤਸ਼ਾਹਿਤ ਕੁਝ ਮਾਓਵਾਦੀ ਨੇਤਾ ਹੁਣ ਰਾਸ਼ਟਰੀ ਸੈਨਾ ਵਿਚ ਵਿਦਰੋਹੀਆਂ ਦੇ ਸੰਪੂਰਣ ਸੰਮਿਲਨ 'ਤੇ ਜੋਰ ਦੇਣ ਲੱਗੇ ਹਨ। ਮਾਓਵਾਦੀਆਂ ਵਿਚ ਵਧਦੇ ਮਤਭੇਦ ਅਤੇ ਆਪਸੀ ਕਲੇਸ਼ ਨਾਲ ਉਨ੍ਹਾਂ ਦੇ ਗੈਰ ਜ਼ਿੰਮੇਦਾਰ ਨੇਤਾਵਾਂ ਨੂੰ 'ਸਭ ਕੁਝ ਜਾਂ ਕੁਝ ਨਹੀਂ' ਦੇ ਫਾਰਮੂਲੇ 'ਤੇ ਅੜਨ ਦਾ ਮੌਕਾ ਮਿਲ ਗਿਆ ਹੈ। ਲੜਾਕੂਆਂ ਦੇ ਸੈਨਾ ਵਿਚ ਪੂਰੇ ਸੰਮਿਲਨ ਸੰਬੰਧੀ ਮੰਗ 'ਤੇ ਪ੍ਰਤੀਕ੍ਰਿਆ ਬਦਲੇ ਹੁਣ ਕੁਝ ਰਾਜ ਨੇਤਾ ਮਾਓਵਾਦੀਆਂ ਦੇ ਫੌਜ ਵਿਚ ਭਰਤੀ ਹੋਣ ਦੀ ਧਾਰਨਾ ਨੂੰ ਹੀ ਠੁਕਰਾਉਣ ਲੱਗੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਮਾਓਵਾਦੀਆਂ ਨੂੰ ਸਿਰਫ ਪੁਨਰਵਾਸ ਨਾਲ ਹੀ ਸੰਤੁਸ਼ਟ ਹੋ ਜਾਣਾ ਚਾਹੀਦਾ।




ਸ਼ਾਂਤੀ ਪ੍ਰਕ੍ਰਿਆ ਨੂੰ ਇਸ ਸਾਲ ਮਈ ਵਿਚ ਕਥਿਤ 'ਸ਼ਕਤੀਖੋਰ ਵੀਡੀਓ ਟੇਪ' ਦੇ ਉਜਾਗਰ ਹੋਣ ਨਾਲ ਜ਼ੋਰਦਾਰ ਧੱਕਾ ਪਹੁੰਚਿਆ ਸੀ। ਇਹ ਟੇਪ 2008 ਦੀ ਸ਼ੁਰੂਆਤ ਵਿਚ ਰਿਕਾਰਡ ਕੀਤੀ ਗਈ ਸੀ। ਇਸ ਵਿਚ ਕਈ ਹੋਰ ਗੱਲਾਂ ਦੇ ਇਲਾਵਾ ਮਾਓਵਾਦੀ ਚੇਅਰਮੈਨ ਪ੍ਰਸ਼ਪ ਕਮਲ ਦੇਹਲ (ਪ੍ਰਚੰਡ) ਨੂੰ ਸਾਰੇ ਵਿਦਰੋਹੀਆਂ ਨੂੰ ਰਾਸ਼ਟਰੀ ਸੈਨਾ ਵਿਚ ਜ਼ਬਰਦਸਤੀ ਸ਼ਾਮਿਲ ਕਰਨ ਦੀ ਯੋਜਨਾ ਦਾ ਖੁਲਾਸਾ ਕਰਦੇ ਦਿਖਾਇਆ ਗਿਆ ਸੀ। ਆਪਣੇ ਬਚਾਅ ਵਿਚ ਦੇਹਲ ਦਾ ਕਹਿਣਾ ਸੀ ਕਿ ਇਸ ਵੀਡੀਓ ਟੇਪ ਨੂੰ ਹੁਣ ਉਸਦੇ ਸੰਦਰਭਾਂ ਵਿਚ ਸਮਝਿਆ ਜਾਣਾ ਚਾਹੀਦਾ ਹੈ, ਪਰ ਇਸ ਨਾਲ ਮਾਓਵਾਦੀਆਂ ਦੇ ਇਰਾਦਿਆਂ 'ਤੇ ਤਾਂ ਸਵਾਲ ਖੜਾ ਹੋ ਹੀ ਗਿਆ ਹੈ। ਦੂਰਦ੍ਰਿਸ਼ਟ ਰਾਜਨੀਤੀ ਵਿਚ ਪਕੜ ਬਣਾਉਣ ਦੇ ਇੱਛੁਕ ਮਾਓਵਾਦੀ ਨੇਤਾ ਤਾਂ ਇਹੀ ਚਾਹੁਣਗੇ ਕਿ ਲੜਾਕੂਆਂ ਦੇ ਸੈਨਾ ਵਿਚ ਸੰਮਿਲਨ ਦਾ ਮਸਲਾ ਜਿੰਨੀ ਜਲਦੀ ਹੋ ਸਕੇ, ਸੁਲਝ ਜਾਏ। ਕੈਂਪਾਂ ਵਿਚ ਪਹਿਲਾਂ ਦੇ ਲੜਾਕੂਆਂ ਦੀ ਵਧਦੀ ਹਾਜ਼ਰੀ ਨਾ ਕੇਵਲ ਰਾਸ਼ਟਰੀ ਸਤਰ ਦੀ ਰਾਜਨੀਤੀ ਦੇ ਲਈ, ਬਲਕਿ ਖੁਦ ਮਾਓਵਾਦੀ ਪਾਰਟੀ ਵਿਚ ਲੋਕਤਾਂਤਰਿਕ ਉਭਾਰ ਦੇ ਲਈ ਵੀ ਵੱਡੀ ਚੁਣੌਤੀ ਹੈ। ਕਿਉਂਕਿ ਪਹਿਲੇ ਮਾਓਵਾਦੀ ਲੜਾਕੂਆਂ ਦਾ ਸੈਨਾ ਵਿਚ ਥੋੜ੍ਹਾ ਸੰਮਿਲਨ ਸ਼ਾਂਤੀ ਸਮਝੌਤੇ ਦਾ ਇਕ ਹਿੱਸਾ ਹੈ ਅਤੇ ਅੰਤਰਿਕ ਸੰਵਿਧਾਨ ਵਿਚ ਵੀ ਉਸ ਦਾ ਜ਼ਿਕਰ ਹੈ। ਇਸ ਲਈ ਇਸ ਸਮਝੌਤੇ ਦੇ ਨੂੰ ਅਮਲ ਵਿਚ ਲਿਆਉਣ ਦੀ ਪੂਰੀ ਜ਼ਿੰਮੇਵਾਰੀ ਨੇਪਾਲ ਦੀਆਂ ਰਾਜਨੀਤਕ ਤਾਕਤਾਂ ਦੀ ਬਣਦੀ ਹੈ। ਸਭ ਤੋਂ ਚੰਗਾ ਤਰੀਕਾ ਤਾਂ ਇਹੀ ਹੋਵੇਗਾ ਕਿ ਰਾਜਨੀਤਕ ਪਾਰਟੀਆਂ ਵਿਚ ਬਣੀ ਸਹਿਮਤੀ ਲਾਗੂ ਕੀਤੀ ਜਾਵੇ, ਤਾਂ ਕਿ ਮਾਓਵਾਦੀ ਨੇਤਾਵਾਂ ਨੂੰ ਸਨਮਾਨਜਨਕ ਰਸਤਾ ਮੁਹੱਈਆ ਕਰਵਾਇਆ ਜਾ ਸਕੇ। ਇਸ ਦੇ ਤਹਿਤ ਮਾਓਵਾਦੀਆਂ ਦਾ ਫੌਜੀ ਬਲਾਂ ਵਿਚ ਸੰਮਿਲਨ ਕੀਤਾ ਜਾਣਾ ਹੈ। ਇਥੇ ਫੌਜੀ ਬਲਾਂ ਦਾ ਮਤਲਬ ਨੇਪਾਲੀ ਸੈਨਾ, ਅਰਧ ਸੈਨਕ ਬਲਾਂ ਅਤੇ ਨੇਪਾਲ ਪੁਲਿਸ ਤੋਂ ਹੈ। ਭਰਤੀ ਪਹਿਲਾਂ ਦੇ ਲੜਾਕੂਆਂ ਦੀ ਪਸੰਦ ਅਤੇ ਨਾਲ ਹੀ ਫੌਜੀ ਬਲਾਂ ਵਿਚ ਭਰਤੀ ਦੇ ਮਾਨਦੰਡਾਂ ਤੇ ਆਧਾਰਿਤ ਹੋਵੇਗੀ। ਮੰਨਿਆ ਜਾ ਸਕਦਾ ਹੈ ਕਿ ਰਾਸ਼ਟਰੀ ਸੈਨਾ ਦੇ 93 ਹਜ਼ਾਰ ਜਵਾਨਾਂ ਵਿਚ ਪੰਜ ਹਜ਼ਾਰ ਮਾਓਵਾਦੀਆਂ ਦੇ ਸਮਾਉਣ ਨਾਲ ਬਹੁਤ ਜ਼ਿਆਦਾ ਮੁਸ਼ਕਿਲਾਂ ਨਹੀਂ ਆਉਣਗੀਆਂ ਪਰ ਸਵਾਲ ਇਹ ਹੈ ਕਿ ਇਸ ਪੂਰੇ ਮਸਲੇ 'ਤੇ ਭਾਰਤ ਦੀ ਪ੍ਰਤੀਕ੍ਰਿਆ ਕੀ ਹੋਵੇਗੀ? ਨੇਪਾਲ ਦੀ ਸ਼ਾਂਤੀ ਪ੍ਰਕ੍ਰਿਆ ਵਿਚ ਭਾਰਤ ਨੇ ਉਦੋਂ ਇਕ ਅਹਿਮ ਭੂਮਿਕਾ ਨਿਭਾਈ ਸੀ, ਜਦੋਂ 2005 ਵਿਚ ਨਵੀਂ ਦਿੱਲੀ ਵਿਚ ਨੇਪਾਲ ਦੇ ਸੱਤ ਰਾਜਨੀਤਕ ਦਲਾਂ ਨੇ ਮਾਓਵਾਦੀ ਨੇਤਾਵਾਂ ਦੇ ਨਾਲ ਗੁਪਤ ਵਾਰਤਾਵਾਂ ਕੀਤੀਆਂ ਸਨ। ਹਾਲਾਂਕਿ ਸੰਮਿਲਨ ਅਤੇ ਪੁਨਰਵਾਸ ਫਾਰਮੂਲੇ ਦੀ ਵਜ੍ਹਾ ਨਾਲ ਇਹ ਗੱਲਬਾਤ ਸ਼ਾਂਤੀ ਪ੍ਰਕ੍ਰਿਆ ਤੱਕ ਨਹੀਂ ਪਹੁੰਚ ਸਕੀ ਸੀ।

ਭਾਰਤ ਵਿਚ ਮਾਓਵਾਦੀਆਂ ਦੇ ਖਿਲਾਫ ਵਧਦੀ ਕਾਰਵਾਈ ਦੇ ਨਾਲ ਹੀ ਨਵੀਂ ਦਿੱਲੀ ਨੇਪਾਲ ਦੀ ਸ਼ਾਂਤੀ ਪ੍ਰਕ੍ਰਿਆ ਨੂੰ ਕਾਫੀ ਦਿਲਚਸਪੀ ਨਾਲ ਦੇਖ ਰਹੀ ਹੈ। ਭਾਰਤੀ ਸੈਨਾ ਨੇਪਾਲੀ ਸੈਨਾ ਨੂੰ ਇਕ ਤਰ੍ਹਾਂ ਨਾਲ ਗੰਭੀਰ ਰੂਪ ਵਿਚ ਦੇਖਦੀ ਹੈ ਅਤੇ ਇਸੇ ਲਈ ਉਹ ਇਹ ਨਹੀਂ ਚਾਵੇਗੀ ਕਿ ਨੇਪਾਲੀ ਫੌਜ ਮਾਓਵਾਦੀਆਂ ਦੇ ਨਾਲ ਮਿਲ ਕੇ ਅਪਵਿੱਤਰ ਹੋ ਜਾਵੇ। ਭਾਰਤੀ ਅਧਿਕਾਰੀਆਂ ਦੁਆਰਾ ਜਨਤਕ ਰੂਪ ਵਿਚ ਦਿੱਤੇ ਗਏ ਬਿਆਨ 'ਨੇਪਾਲੀ ਫੌਜ ਦੀ ਸ਼ੁੱਧਤਾ' ਬਣਾਏ ਰਖਣ ਦੀ ਜ਼ਰੂਰਤ ਤੇ ਜ਼ੋਰ ਦਿੰਦੇ ਹਨ। ਨੇਪਾਲ ਦੀ ਸ਼ਾਂਤੀ ਪ੍ਰਕ੍ਰਿਆ ਆਪਣੇ ਆਪ ਵਿਚ ਕਾਫੀ ਗਤੀਸ਼ੀਲ ਹੈ। ਇਸਨੂੰ ਭਾਰਤੀ ਮਾਓਵਾਦੀਆਂ ਦੇ ਖਿਲਾਫ ਨਵੀਂ ਦਿੱਲੀ ਦੀ ਮੁਹਿੰਮ ਪਰੇ ਖੁਦ ਅਗੇ ਵਧਣ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ। ਆਖਿਰਕਾਰ ਦੋਵੇਂ ਸੰਘਰਸ਼ਾਂ ਦੇ ਆਪਣੇ ਅਲੱਗ-ਅਲੱਗ ਰਸਤੇ ਹਨ। ਜੇਕਰ ਨੇਪਾਲ ਦੀ ਸ਼ਾਂਤੀ ਪ੍ਰਕ੍ਰਿਆ ਆਪਣੀ ਪੂਰੇ ਜੋਬਨ ਤੱਕ ਪਹੁੰਚਦੀ ਹੈ ਤਾਂ ਇਸ ਨਾਲ ਉਥੋਂ ਦੀ ਸਰਕਾਰ ਅਤੇ ਨਾਗਰਿਕ ਸਮਾਜ ਨੂੰ ਬਲ ਮਿਲੇਗਾ ਜਿਸ ਨਾਲ ਪੈਦਾ ਹੋਣ ਵਾਲੇ ਰਾਜਨੀਤਕ ਆਵੇਗ ਨਾਲ ਹੋਰ ਅਸਥਿਰਤਾਵਾਂ ਨਾਲ ਨਿਪਟਣ ਵਿਚ ਮਦਦ ਮਿਲੇਗੀ। ਨੇਪਾਲ ਵਿਚ ਮਾਓਵਾਦੀਆਂ ਦੇ ਕੈਂਪਾਂ ਨੂੰ ਖਤਮ ਕਰਨ ਨਾਲ ਸੰਵਿਧਾਨਕ ਨਿਰਮਾਣ ਦੇ ਲਈ ਵੀ ਇਕ ਸਾਵਾਂ ਮਾਹੌਲ ਮਿਲ ਸਕੇਗਾ। ਨੇਪਾਲ ਵਿਚ ਪੱਕੀ ਸ਼ਾਂਤੀ ਅਤੇ ਰਾਜਨੀਤਕ ਸਥਿਰਤਾ, ਇਕ ਇਹੋ ਜਿਹੇ ਖੇਤਰ ਵਿਚ ਹੋਰ ਮਹੱਤਵਪੂਰਣ ਹੈ, ਜੋ ਹਰ ਆਏ ਦਿਨ ਅਸਥਿਰ ਹੁੰਦਾ ਜਾ ਰਿਹਾ ਹੈ।

# ਤੀਸਰੇ ਤਲਾਬ ਵਿਚ ਤਾਰੀਆਂ!

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਕੈਲੀਫੋਰਨੀਆ ਦੇ ਕਰਮਨ ਸ਼ਹਿਰ ਵਿਚ ਖੁੱਲ੍ਹੀ ਡੁੱਲ੍ਹੀ ਲਾਇਬਰੇਰੀ ਬਣਾਈ ਬੈਠੇ, ਸਾਹਿਤਕਾਰਾਂ ਦੇ ਕਦਰਦਾਨ ਸ. ਜਗਜੀਤ ਸਿੰਘ ਥਿੰਦ ਨੇ ਮੈਨੂੰ ਇਕ ਖੂਬਸੂਰਤ ਕਿਤਾਬ ਦਾ ਤੋਹਫਾ ਭੇਜਿਆ। ਤਮਾਮ ਪੰਜਾਬੀ ਗ਼ਜ਼ਲਗੋਆਂ ਦੇ ਚੋਣਵੇਂ ਸਿੱਕੇਬੰਦ ਸ਼ਿਅਰਾਂ ਨਾਲ ਸ਼ਿੰਗਾਰੀ ਹੋਈ ਇਸ ਪੁਸਤਕ ਨੂੰ ਜੇ 'ਸ਼ਿਅਰਾਂ ਦੀ ਬਰਸਾਤ' ਕਹਿ ਲਿਆ ਜਾਵੇ ਤਾਂ ਗਲਤ ਗੱਲ ਨਹੀਂ ਹੋਵੇਗੀ। ਇਸ ਪਿਆਰੀ ਕਿਤਾਬ ਦੀ ਸੰਪਾਦਨਾ ਕੀਤੀ ਹੋਈ ਹੈ ਉਸਤਾਦ ਗ਼ਜ਼ਲਗੋ ਗੁਰਦਿਆਲ ਰੌਸ਼ਨ ਅਤੇ ਉਲਫਤ ਬਾਜਵਾ ਨੇ। ਇਹ ਨਾਯਾਬ 'ਗਿਫਟ' ਭੇਜਣ ਲਈ ਸ. ਥਿੰਦ ਨੂੰ ਸ਼ੁਕਰਾਨੇ ਵਜੋਂ ਖ਼ਤ ਲਿਖਿਆ। ਕਿਤਾਬ ਵਿਚ ਮਿਸ਼ਰੀ ਦੀਆਂ ਡਲੀਆਂ ਵਾਂਗ ਜੜੇ ਹੋਏ ਸ਼ਿਅਰ ਪੜ੍ਹਦਿਆਂ ਕੋਈ ਐਸੀਆਂ ਸਤਰਾਂ ਨਜ਼ਰੀਂ ਪਈਆਂ ਕਿ ਦਿਲ 'ਚ ਵਲਵਲਿਆਂ ਦਾ ਉਛਾਲਾ ਆ ਗਿਆ। ਉਸੇ ਪਲ ਸ੍ਰੀ ਗੁਰਦਿਆਲ ਰੌਸ਼ਨ ਦਾ ਲੁਧਿਆਣੇ ਵਾਲਾ ਫੋਨ ਘੁਮਾਇਆ। ਰਸਮੀ ਦੁਆ-ਸਲਾਮ ਤੋਂ ਬਾਅਦ ਖੂਬ ਗੱਲਾਂ-ਬਾਤਾਂ ਹੋਈਆਂ। ਪੁਰਾਤਨ ਤੇ ਮਾਡਰਨ ਗਜ਼ਲ ਤੋਂ ਲੈ ਕੇ ਪੰਜਾਬੀ ਸਾਹਿਤ ਦੇ ਹੋਰ ਕਈ ਪਹਿਲੂਆਂ 'ਤੇ ਦਿਲਚਸਪ ਜਾਣਕਾਰੀਆਂ ਦਾ ਅਦਾਨ-ਪ੍ਰਦਾਨ ਹੋਇਆ।

ਗੱਲਾਂ-ਗੱਲਾਂ ਵਿਚ ਉਨ੍ਹਾਂ ਮੈਨੂੰ ਪੁੱਛਿਆ ਕਿ ਅਮਰੀਕਾ ਜਿਹੇ ਦੇਸ਼ ਵਿਚ ਰੋਟੀ-ਪਾਣੀ ਦੇ ਜੁਗਾੜ ਲਈ 'ਕਾਰਜ' ਤਾਂ ਕੋਈ ਨਾ ਕੋਈ ਹਰੇਕ ਨੂੰ ਕਰਨਾ ਹੀ ਪੈਂਦਾ ਹੈ, ਇਹਦੇ ਬਾਰੇ ਤਾਂ ਮੈਂ ਨਾ ਹੀ ਪੁੱਛਾਂ, ਪਰ ਤੁਸੀਂ ਇਸ ਤੋਂ ਇਲਾਵਾ 'ਸਾਹਿਤਕ ਕਾਰਜ' ਵੀ ਜ਼ਰੂਰ ਕਰਦੇ ਹੋਵੋਗੇ? ਉਨ੍ਹਾਂ ਦੇ ਇਸ ਸਵਾਲ ਦਾ ਜਵਾਬ ਦੇਣ ਲੱਗਿਆਂ ਮੈਨੂੰ ਅਖਾਣ ਯਾਦ ਆ ਗਿਆ 'ਕਿਆ ਨੰਗੀ ਨੇ ਨ੍ਹਾਉਣਾ, ਤੇ ਕੀ ਨਿਚੋੜਨਾ?'-ਜਕਦਿਆਂ ਜਕਦਿਆਂ ਆਖਿਆ ਕਿ ਚੌਹ ਕੁ ਸਾਲਾਂ ਤੋਂ ਹਫਤਾਵਾਰੀ ਅਖ਼ਬਾਰੀ 'ਕਾਲਮ' ਲਿਖ ਰਿਹਾ ਹਾਂ। ਬਹੁਤ ਖੂਬ, ਬਹੁਤ ਖੂਬ ਕਹਿ ਕੇ ਉਨ੍ਹਾਂ ਮੈਨੂੰ ਭਰਪੂਰ ਦਾਦ ਦਿੰਦਿਆਂ ਹੋਇਆਂ ਸਥਾਈ ਹਫਤਾਵਾਰੀ ਕਾਲਮ ਲਿਖਣ ਨੂੰ ਬੜਾ 'ਔਖਾ ਕੰਮ' ਬਖਾਨਿਆ।

''ਹਫਤਾ ਤਾਂ ਯਾਰ, ਝੱਟ ਖ਼ਤਮ ਹੋ ਜਾਂਦੈ! ਹਰ ਅੱਠੀਂ ਦਿਨੀਂ ਨਵੇਂ ਤੋਂ ਨਵੇਂ ਵਿਸ਼ੇ ਕਿੱਥੋਂ ਕੱਢ ਕੱਢ ਲਿਆਈ ਜਾਏ ਬੰਦਾ?...ਮੈਂ ਵੀ 'ਅਜੀਤ' ਲਈ ਸਥਾਈ ਫੀਚਰ ਲਿਖਦਾ ਰਿਹੈਂ...ਕਈ ਦਫ਼ਾ ਕੋਈ ਨਵਾਂ ਟਾਪਿਕ ਸੁੱਝਦਾ ਈ ਨਹੀਂ ਹੁੰਦਾ!...ਕਦੇ ਕਦੇ ਉਈਂ ਘੇਸਲ ਵੱਟੀ ਜਾਂਦੀ ਐ, ਦਿਲ ਈ ਨਹੀਂ ਕਰਦਾ ਹੁੰਦਾ ਲਿਖਣ ਨੂੰ!!''

ਰੌਸ਼ਨ ਜੀ ਦੀਆਂ ਇਹ ਗੱਲਾਂ ਸੁਣ ਕੇ ਉਤੋਂ ਉਤੋਂ ਤਾਂ ਮੈਂ ਉਲਫਤ ਬਾਜਵਾ ਬਾਰੇ ਉਨ੍ਹਾਂ ਨੂੰ ਪੁੱਛਣ ਲੱਗ ਪਿਆ, ਲੇਕਿਨ ਮੇਰੇ ਸਿਰ 'ਚ ਖੁਰਕ ਹੋਈ ਕਿ ਮਨਾ! ਇਸ ਹਫਤੇ ਲਈ ਕਾਲਮ ਲਿਖਣ ਦਾ ਤਾਂ ਇੱਕੋ ਦਿਨ ਰਹਿ ਗਿਆ। ਆਮ ਦੀ ਤਰ੍ਹਾਂ ਅੱਧ-ਪਚੱਧਾ ਆਰਟੀਕਲ ਤਾਂ ਮੈਂ ਸਮਾਂ ਰਹਿੰਦਿਆਂ ਹੀ ਲਿਖ ਲਿਆ ਕਰਦਾ ਹਾਂ। ਐਤਕੀਂ ਕਿਸ ਵਿਸ਼ੇ 'ਤੇ ਲਿਖਾਂ? ਸੁਰਤੀ ਦੇ ਘੋੜੇ ਇੱਧਰ ਉਧਰ ਦੌੜਨ ਲੱਗ ਪਏ। ਹੁਣੇ ਹੁਣੇ ਰੌਸ਼ਨ ਵਲੋਂ ਆਖੇ ਗਏ ਫਿਕਰੇ 'ਬੜਾ ਔਖਾ ਕੰਮ ਹੈ ਹਫਤਾਵਾਰੀ ਕਾਲਮ ਲਿਖਣਾ...ਨਵੇਂ ਵਿਸ਼ੇ ਕਿੱਥੋਂ ਕੱਢ ਕੱਢ ਲਿਆਵੇ ਬੰਦਾ?' ਮੇਰੀ ਸੋਚਣੀ ਨੂੰ ਜਿੰਦਰੇ ਵੱਜ ਗਏ! ਇਸੇ ਉਧੇੜ-ਬੁਣ ਵਿਚ ਉਲਝਦਿਆਂ ਮੈਨੂੰ ਇਕ ਕਾਲਮ-ਨਵੀਸ ਦਾ 'ਫਾਰਮੂਲਾ' ਯਾਦ ਆਇਆ। ਉਹ ਆਖਦਾ ਹੁੰਦਾ ਸੀ ਕਿ ਜਦੋਂ ਸਿਮਰਤੀ ਵਿਚ ਕੋਈ ਫੁਰਨੇ ਹੀ ਨਾ ਉਠਣ, ਕਾਗਜ਼ 'ਤੇ ਕੋਈ ਹਰਫ ਪਾਉਣ ਨੂੰ ਵੱਢੀ ਰੂਹ ਨਾ ਕਰੇ ਤਾਂ ਐਸੀ ਹਾਲਤ ਵਿਚ ਲੇਖਕ ਨੂੰ ਤੀਸਰੇ ਤਲਾਬ ਵਿਚ ਇਸ਼ਨਾਨ ਕਰ ਲੈਣਾ ਚਾਹੀਦਾ ਹੈ।

''ਹਾਂ, ਉਲਫਤ ਬਾਜਵਾ ਹੁਣੀਂ ਬਹਿਰਾਮ ਲਾਗੇ ਇੱਕ ਪਿੰਡ ਵਿਚ ਕੁੜੀਆਂ ਦੇ ਕਾਲਜ 'ਚ ਪੜ੍ਹਾਉਂਦੇ ਰਹੇ ਐ...ਉਥੇ ਰਹਿੰਦਿਆਂ ਉਨ੍ਹਾਂ ਨੇ ਬਾ-ਕਮਾਲ ਗਜ਼ਲਾਂ ਕਹੀਆਂ...!'' ਗੁਰਦਿਆਲ ਰੌਸ਼ਨ ਦੀਆਂ ਗੱਲਾਂ ਸੁਣਦਿਆਂ ਮੈਂ ਮੂੰਹੋਂ ਤਾਂ 'ਅੱਛਾ ਜੀ-ਆਹੋ ਜੀ' ਕਹੀ ਜਾ ਰਿਹਾ ਸਾਂ। ਪਰ ਅੰਦਰੋ ਅੰਦਰ ਮੈਂ 'ਤੀਸਰੇ ਤਲਾਬ' ਨੂੰ ਢੂੰਡ ਰਿਹਾ ਸਾਂ। ਬਾਜਵਾ ਸਾਹਿਬ ਵਲੋਂ ਬਹਿਰਾਮ ਨੇੜੇ ਦੇ ਪਿੰਡ ਵਿਚ ਪੜ੍ਹਾਉਣ ਵਾਲੀ ਜਾਣਕਾਰੀ ਵਿਚੋਂ ਮੈਨੂੰ ਮਨ-ਇੱਛਤ 'ਤੀਸਰਾ ਤਲਾਬ' ਲੱਭ ਪਿਆ-ਬਹਿਰਾਮ!

ਮੇਰੇ ਪਿੰਡੋਂ ਵੀਹ-ਬਾਈ ਮੀਲਾਂ ਦੀ ਵਿੱਥ ਉਪਰ ਨਵਾਂ ਸ਼ਹਿਰ-ਫਗਵਾੜਾ ਮਾਰਗ 'ਤੇ ਸਥਿਤ ਇੱਕ ਪ੍ਰਸਿੱਧ ਕਸਬਾ। ਬਹਿਰਾਮ ਦੇ ਕਿਸੇ ਵੀ ਚੁਬਾਰੇ ਉਪਰ ਚੜ੍ਹ ਕੇ ਜੇ ਪਹਾੜ ਦੀ ਗੁੱਠ ਵਲ ਨਜ਼ਰ ਘੁਮਾਈ ਜਾਵੇ ਤਾਂ ਸੱਤਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਦੇ ਇਤਿਹਾਸ ਨਾਲ ਸਬੰਧਿਤ ਗੁਰਦੁਆਰਾ ਡੰਡਾ ਸਾਹਿਬ ਦਾ ਕੇਸਰੀ ਫਰੇਰਾ ਝੂਲ ਰਿਹਾ ਦਿਖਾਈ ਦਿੰਦਾ ਹੈ। ਪੰਜਾਬੀ ਅਖਬਾਰਾਂ ਅਤੇ ਰਚੇ ਜਾ ਰਹੇ ਪੰਜਾਬੀ ਸਾਹਿਤ ਦੀਆਂ ਦੋ ਚਾਰ ਗੱਲਾਂ ਹੋਰ ਕਰਕੇ ਗੁਰਦਿਆਲ 'ਰੌਸ਼ਨ' ਨਾਲ ਹੋ ਰਹੀ ਫੋਨ-ਵਾਰਤਾ ਤਾਂ ਸਮਾਪਤ ਹੋ ਗਈ ਲੇਕਿਨ ਮੈਂ ਤੁਰ ਪਿਆ ਬਹਿਰਾਮ ਤੋਂ ਦੱਖਣ ਵਲ ਪਿੰਡ ਚੱਕ ਰਾਮੂੰ ਨੂੰ ਜਾ ਰਹੀ ਸੜਕ ਉਪਰ। ਰੇਲਵੇ ਲਾਈਨ ਟੱਪ ਕੇ ਇਕ ਪਿੰਡ ਆਉਂਦਾ ਹੈ ਤਲਵੰਡੀ ਜੱਟਾਂ। ਇਸ ਪਿੰਡ ਵਿਚ ਹੋਏ ਇਕ ਝਗੜੇ ਦੇ ਨਿਪਟਾਰੇ ਲਈ ਮੈਂ ਇੱਕ ਡੈਪੂਟੇਸ਼ਨ ਵਿਚ ਸ਼ਾਮਲ ਹੋ ਕੇ ਉਥੇ ਪਹੁੰਚਿਆ ਸਾਂ। ਉਥੇ ਇਕ ਗਰੀਬੜੇ ਜਿਹੇ ਬੰਦੇ ਵਲੋਂ ਕਹੀ ਗਈ ਕਮਾਲ ਦੀ ਗੱਲ ਮੈਨੂੰ ਕਦੇ ਨਹੀਂ ਭੁੱਲਦੀ।

ਤਲਵੰਡੀ ਜੱਟਾਂ ਤੋਂ ਮੰਢਾਲੀ ਵਾਲੇ ਪਾਸੇ ਪਿੰਡੋਂ ਬਾਹਰਵਾਰ ਦਰਖਤਾਂ ਦੇ ਝੁਰਮਟ ਵਿਚ ਇਕ ਗੁਰਦੁਆਰਾ ਸਥਿਤ ਹੈ। ਦੱਸਿਆ ਜਾਂਦਾ ਹੈ ਕਿ ਬਾਬਾ ਗੋਦੜੀਆ ਸਿੰਘ ਅਠਾਰਵੀਂ ਸਦੀ ਵਿਚ ਮੁਗ਼ਲਾਂ ਨਾਲ ਟੱਕਰ ਲੈ ਰਹੇ ਸਿੰਘ ਸੂਰਮਿਆਂ ਨੂੰ ਕਿਰਪਾਨਾਂ, ਗੰਡਾਸੇ, ਨੇਜੇ, ਟਕੂਏ, ਬਰਛੇ ਵਗੈਰਾ ਸਪਲਾਈ ਕਰਦਾ ਹੁੰਦਾ ਸੀ। ਪੁਰਾਣੇ ਜਾਂ ਖੁੰਢੇ ਹੋ ਚੁੱਕੇ ਹਥਿਆਰਾਂ ਦੀ ਚੰਡ-ਚੰਡਾਈ ਕਰਕੇ ਉਹ ਫਿਰ ਤੋਂ ਕਾਰ-ਆਮਦ ਬਣਾ ਕੇ ਸਿੰਘਾਂ ਨੂੰ ਸੌਂਪ ਦਿਆ ਕਰਦਾ ਸੀ। ਮੁਗ਼ਲ ਹਕੂਮਤ ਨੂੰ ਪਤਾ ਲੱਗਣ 'ਤੇ ਇਸੇ ਭਿੜੀ ਵਿਚ ਉਸਨੂੰ ਬੇ-ਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਉਸੇ ਸ਼ਹੀਦ ਬਾਬਾ ਗੋਦੜੀਆ ਸਿੰਘ ਦੇ ਨਾਂ 'ਤੇ ਇਹ ਗੁਰਦੁਆਰਾ ਬਣਿਆ ਹੋਇਆ ਹੈ।

ਫਗਵਾੜੇ ਦੇ ਕੁੱਝ ਸੱਜਣ, ਜੋ ਆਪਣੇ ਆਪ ਨੂੰ ਬਾਬਾ ਗੋਦੜੀਆ ਸਿੰਘ ਦੀ ਬਰਾਦਰੀ ਨਾਲ ਸਬੰਧਿਤ ਹੋਣ ਦਾ ਦਾਅਵਾ ਕਰਦੇ ਸਨ, ਇਸ ਗੁਰਦੁਆਰੇ ਦੇ ਪ੍ਰਬੰਧਕ ਸਨ। ਤਲਵੰਡੀ ਜੱਟਾਂ ਦੇ ਕੁਝ ਵਿਅਕਤੀਆਂ ਨੇ ਗੁਰਦੁਆਰੇ ਦਾ ਪ੍ਰਬੰਧ ਆਪਣੇ ਹੱਥਾਂ 'ਚ ਲੈ ਲਿਆ। ਉਨ੍ਹਾਂ ਨੇ ਪਿੰਡ ਦੇ ਉਸ ਸੱਜਣ ਨੂੰ ਪ੍ਰਧਾਨ ਥਾਪ ਦਿੱਤਾ, ਜਿਸ ਨੇ ਆਪਣਾ ਮੂੰਹ-ਸਿਰ ਹੀ ਮੁਨਾਇਆ ਹੋਇਆ ਸੀ। ਪਹਿਲੀ ਕਮੇਟੀ ਵਾਲੇ ਜਥੇਦਾਰ ਤਲਵੰਡੀ ਪਾਸ ਜਾ ਪਹੁੰਚੇ ਜੋ ਉਦੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਨ। ਤਲਵੰਡੀ ਸਾਹਿਬ ਨੇ ਐਗਜ਼ੈਕਟਿਵ ਤੋਂ ਮਤਾ ਪਾਸ ਕਰਵਾ ਕੇ, ਇੱਕ ਸਕੱਤਰ ਸਮੇਤ ਤਿੰਨ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਤਲਵੰਡੀ ਜੱਟਾਂ ਭੇਜਿਆ। ਇਸ ਡੈਪੂਟੇਸ਼ਨ ਵਿਚ ਹਲਕਾ ਮੈਂਬਰ ਹੋਣ ਕਰਕੇ ਮੈਂ ਵੀ ਸ਼ਾਮਲ ਸਾਂ।

ਇਹ ਝਗੜਾ ਮੁੱਕਿਆ ਕਿ ਨਹੀਂ, ਪੂਰੀ ਰਾਮ-ਕਥਾ ਇੱਕ ਪਾਸੇ ਰੱਖ ਕੇ, ਉਸ ਮੌਕੇ ਦੀ ਇੱਕ ਦਿਲਚਸਪ ਗੱਲ ਸੁਣਾਉਂਦਾ ਹਾਂ। ਅਸੀਂ ਤਿੰਨੇ-ਚਾਰੇ ਜਣੇ ਉੱਥੇ ਪਹੁੰਚੇ। ਗੁਰਦੁਆਰੇ ਦੇ ਸਾਹਮਣੇ ਵੱਡੇ ਸਾਰੇ ਬੋਹੜ ਥੱਲੇ ਕੁਝ ਮੰਜੇ ਅਤੇ ਚਾਰ ਪੰਜ ਕੁਰਸੀਆਂ ਡਾਹੀਆਂ ਹੋਈਆਂ ਸਨ। ਆਲੇ-ਦੁਆਲੇ ਸ਼ਹਿਦ ਵਾਲੀਆਂ ਮੱਖੀਆਂ ਦੇ ਪੰਜਾਹ ਸੱਠ ਬਕਸੇ ਥੋੜ੍ਹੀ ਥੋੜ੍ਹੀ ਵਿੱਥ 'ਤੇ ਰੱਖੇ ਹੋਏ ਸਨ। ਫੁੱਲ-ਫੁਲਾਕੇ ਦੀ ਰੁੱਤ ਹੋਣ ਕਾਰਨ ਮੱਖੀਆਂ ਵਾਹੋਦਾਹੀ ਉਡਦੀਆਂ ਫਿਰਦੀਆਂ ਸਨ। ਭਿਣ-ਭਿਣ ਕਰਦੀਆਂ ਮੋਟੀਆਂ ਮੋਟੀਆਂ ਮੱਖੀਆਂ ਦੇਖ ਕੇ ਮੈਨੂੰ ਸਕੂਲ ਟਾਈਮ ਦੀ ਘਟਨਾ ਚੇਤੇ ਆ ਗਈ। ਕਿਵੇਂ ਮੈਂ ਨਿਆਣ-ਬੁੱਧ ਨੇ ਬੋਹੜ 'ਤੇ ਲੱਗੇ ਡੂਮਣੇ 'ਤੇ ਰੋੜਾ ਵਗਾਹ ਮਾਰਿਆ ਸੀ। ਫਿਰ ਕਿਵੇਂ ਮੱਖੀਆਂ ਨੇ ਮੇਰਾ ਬੁਰਾ ਹਾਲ ਕੀਤਾ ਸੀ। ਕਈ ਦਿਨ ਹਨੂੰਮਾਨ ਵਰਗਾ ਮੂੰਹ ਲੈ ਕੇ ਮੈਂ ਬਿਸਤਰੇ 'ਤੇ ਪਿਆ ਰਿਹਾ ਸਾਂ।

ਪੁਰਾਣਾ ਡੂੰਮਣਾ-ਕਾਂਡ ਚੇਤੇ ਕਰਕੇ ਮੈਂ ਡਰਦੇ ਨੇ ਮੰਜੇ ਕੁਰਸੀਆਂ ਡਾਹੁਣ ਵਾਲੇ ਸੇਵਾਦਾਰਾਂ ਨੂੰ ਕਿਹਾ ਕਿ ਬਹਿਣ ਦਾ ਇੰਤਜ਼ਾਮ ਕਿਸੇ ਹੋਰ ਪਾਸੇ ਕਰੋ। ਇੱਥੇ ਇਹ ਮੱਖੀਆਂ ਹਮਲਾ ਕਰ ਸਕਦੀਆਂ ਨੇ। ਉਹ ਸੇਵਾਦਾਰ ਉੱਥੇ ਨਿੱਤ ਦੇ ਰਹਿਣ ਵਾਲੇ ਸਨ। ਮੇਰੀ ਗੱਲ ਸੁਣ ਕੇ ਬੜੇ ਵਿਸ਼ਵਾਸ ਨਾਲ ਕਹਿੰਦੇ, ''ਜਥੇਦਾਰ ਜੀ ਤੁਸੀਂ ਡਰੋ ਨਾ, ਇਹ ਵਿਚਾਰੀਆਂ ਸ਼ਹਿਦ 'ਕੱਠਾ ਕਰਨ ਦਾ ਆਪਣਾ ਕੰਮ ਚੁੱਪ-ਚੁਪੀਤੇ ਕਰੀ ਜਾਂਦੀਐਂ... ਇਹ ਕਿਸੇ ਨੂੰ ਕੁਛ ਨ੍ਹੀਂ ਕਹਿੰਦੀਆਂ, ਜਿੰਨਾ ਚਿਰ ਇਨ੍ਹਾਂ ਨੂੰ ਨ੍ਹੀਂ ਛੇੜੋ ਨਾ!''

''ਜੇ ਛੇੜ ਦੇਈਏ ਫੇਰ ਕੀ ਆਹੰਦੀਆਂ ਨੇ?'' ਅੰਮ੍ਰਿਤਸਰੀਏ ਮਝੈਲ ਸਕੱਤਰ ਨੇ ਮਖੌਲ ਨਾਲ ਪੁੱਛਿਆ।

''ਬਾਹਲੀ ਛੇੜ-ਖਾਨੀ ਕਰੀਏ ਫੇ ਇਹ ਜਿੱਥੇ ਡੰਗ ਮਾਰਦੀਆਂ ਉੱਥੇ ਈ ਆਪ ਮਰ ਜਾਂਦੀਆਂ!'' ਸੇਵਾਦਾਰਾਂ ਮੂੰਹੋਂ ਇਨ੍ਹਾਂ ਮੱਖੀਆਂ ਦੇ ਅਜੀਬ ਸੁਭਾਅ ਬਾਰੇ ਸੁਣ ਕੇ ਹੋਰ ਤਾਂ ਕੋਈ ਨਾ ਬੋਲਿਆ, ਲੇਕਿਨ ਬੋਹੜ ਦੇ ਚੌਂਤੇ ਉਪਰ ਬੈਠੇ ਤਮਾਸ਼-ਬੀਨਾਂ ਵਿਚ ਫਟੇ ਪੁਰਾਣੇ ਕੱਪੜਿਆਂ ਵਾਲਾ ਇੱਕ ਗਰੀਬੜਾ ਜਿਹਾ ਬੰਦਾ ਕਹਿਣ ਲੱਗਾ, ''ਫੇਰ ਤਾਂ ਬਈ ਖਾਲਸਿਉ ਇਹ ਮੱਖੀਆਂ ਵੀ ਤੁਹਾਡੀ ਕੌਮ ਵਿਚੋਂ ਈ ਹੋਈਆਂ!...ਪਹਿਲਾਂ ਕਿਸੇ ਨੂੰ ਕੁਛ ਕਹਿਣਾ ਨਹੀਂ, ਪਰ ਨਿਉਂਦਾ ਪਾਉਣ ਵਾਲੇ ਨੂੰ ਸੁੱਕਾ ਜਾਣ ਨ੍ਹੀਂ ਦੇਣਾ....ਆਪਣੀ ਭਾਵੇਂ ਜਾਨ ਚਲੀ ਜਾਵੇ!!''

ਚਲੋ ਹੁਣ ਬਹਿਰਾਮ ਦੇ ਦੂਸਰੇ ਪਾਸੇ ਸੰਧਵਾਂ-ਫਰਾਲੇ ਵੀ ਗੇੜਾ ਮਾਰ ਲਈਏ। ਕਈ ਵਰ੍ਹੇ ਪਹਿਲਾਂ ਮੈਂ ਆਪਣੇ ਦੋਸਤ ਦੀ ਬਰਾਤੇ ਸੰਧਵਾਂ ਪਹੁੰਚਿਆ ਹੋਇਆ ਸਾਂ। ਉਦੋਂ ਹਾਲੇ ਪੇਂਡੂ-ਸਾਂਝ ਅਤੇ ਅਪਣੱਤ ਭਰੀ ਸਹਿਜ-ਸਾਦਗੀ ਦੇ ਵਿਰਸੇ ਨੂੰ ਹੜੱਪਣ ਵਾਲੇ ਅਜਗਰ, ਭਾਵ ਮੈਰਿਜ ਪੈਲਿਸ ਹੋਂਦ ਵਿਚ ਨਹੀਂ ਸਨ ਆਏ। ਕਿਸੇ ਦੀ ਹਵੇਲੀ ਵਿਚ ਡਾਹੇ ਹੋਏ ਮੰਜਿਆਂ 'ਤੇ ਬੈਠੇ ਬਰਾਤੀ, ਦੁਪਹਿਰ ਦੀ ਰੋਟੀ ਦੇ ਸੱਦੇ ਦੀ ਉਡੀਕ ਕਰ ਰਹੇ ਸਨ। ਦੋ ਭੰਡ ਪਤਾ ਨਹੀਂ ਕਿੱਧਰੋਂ ਆ ਕੇ ਬਰਾਤੀਆਂ ਦਾ ਮਨੋਰੰਜਨ ਕਰਨ ਲੱਗ ਪਏ। ਪੁਰਾਣੇ ਭੰਡ-ਸਟਾਈਲ ਅਨੁਸਾਰ ਇੱਕ ਜਣਾ ਸਵਾਲ ਕਰਦਾ ਤਾਂ ਦੂਜਾ ਅਗਿਉਂ ਅਵੈੜਾ ਜਿਹਾ ਜਵਾਬ ਦਿੰਦਾ। ਹਾਸੋ ਹੀਣਾ ਜਿਹਾ ਜਵਾਬ ਸੁਣ ਕੇ ਪਹਿਲਾ, ਦੂਸਰੇ ਦੇ ਚਟਾਕੀਆਂ ਮਾਰਦਾ।

ਉਹ ਕੁੱਝ ਇਹੋ ਜਿਹੇ ਟੋਟਕੇ ਸੁਣਾ ਰਹੇ ਸਨ ਕਿ ਇੱਕ ਫਲਾਣੀ ਚੀਜ਼ ਅਸਮਾਨ ਵਿਚ ਹੈ ਨਹੀਂ, ਧਿੰਗਾਣੀ ਚੀਜ਼ ਸਮੁੰਦਰ ਵਿਚ ਹੈ ਨਹੀਂ... ਇਨ੍ਹਾਂ ਬਰਾਤੀਆਂ ਕੋਲ ਭੰਡਾਂ ਨੂੰ ਪੈਸੇ ਦੇਣ ਤੋਂ ਇਨਕਾਰ ਹੈ ਨਹੀਂ... ਭੰਡਾਂ ਕੋਲ ਸਬਰ ਹੈ ਨਹੀਂ... ਵਗੈਰਾ ਵਗੈਰਾ। ਸਾਰੀ ਬਰਾਤ ਦਾ ਧਿਆਨ ਉਨ੍ਹਾਂ ਆਪਣੇ ਵਲ ਖਿੱਚਿਆ ਹੋਇਆ ਸੀ। ਸਾਡਾ ਮਨੋਰੰਜਨ ਕਰਦਿਆਂ ਕਰਦਿਆਂ ਉਹ ਕੁਝ ਏਸ ਤਰ੍ਹਾਂ ਦਾ ਟੋਟਕਾ ਸੁਣਾਉਣ ਲੱਗ ਪਏ-

''ਓਏ ਭੰਡਾ!...ਹਾਂ ਓਏ!!''

''ਓਏ ਐਹ ਜਿਹੜੇ ਸਰਦਾਰ ਬਰਾਤੀ ਆਏ ਹੋਏ ਐ, ਓਏ ਇਹ ਕਹਿੰਦੇ ਐ ਕਿ ਸਾਡੇ ਗੁਰੂ ਗ੍ਰੰਥ ਸਾਹਿਬ ਵਿਚ ਸਭ ਕੁੱਛ ਹੈਗਾ!''

''ਓਏ ਆਹੋ, ਠੀਕ ਈ ਕਹਿੰਦੇ ਐ ਗੁਰੂ ਮਹਾਰਾਜ ਸਰਬ ਕਲਾ ਸਮਰੱਥ ਹੈ ਓਏ!''

''ਓਏ ਨਹੀਂ ਭੰਡਾ! ਮੈਂ ਨਹੀਂ ਮੰਨਦਾ... ਇੱਕ ਚੀਜ਼ ਓਹਦੇ ਵਿਚ ਵੀ ਹੈ ਨਹੀਂ!''

...ਜਦ ਭੰਡਾਂ ਦਾ ਨਾਟਕੀ ਵਾਰਤਾਲਾਪ ਇੱਥੇ ਕੁ ਤੱਕ ਪਹੁੰਚ ਗਿਆ ਤਾਂ ਮੇਰਾ ਖੂਨ ਖੌਲਣ ਲੱਗ ਪਿਆ। ਭਰ ਜਵਾਨੀ ਦੀ ਮੁੱਛਿਆਂ ਖੁੱਛਿਆਂ ਵਾਲੀ ਤੱਤ-ਭੜੱਤ ਫੈਸਲੇ ਲੈਣ ਵਾਲੀ ਉਮਰ! ਇਹ ਸੋਚਦਿਆਂ ਕਿ ਜੇ ਇਨ੍ਹਾਂ ਮੂਰਖਾਂ ਨੇ ਗੁਰੂ ਮਹਾਰਾਜ ਦੀ ਸ਼ਾਨ ਤੋਂ ਖਿਲਾਫ ਕੋਈ ਗੱਲ ਮੂੰਹੋਂ ਕੱਢ'ਤੀ-ਫੇਰ ਮੈਂ ਕੀ ਕਰਾਂਗਾ?...ਮੈਂ ਹੌਲੀ ਹੌਲੀ ਇਰਾਕੀ ਪੱਤਰਕਾਰ ਮੁੰਤਜ਼ਰ ਜ਼ੈਦੀ ਵਾਂਗ ਆਪਣੇ ਇੱਕ ਪੈਰ 'ਚੋਂ ਜੁੱਤੀ ਲਾਹੁਣ ਲੱਗ ਪਿਆ!! ਫਿਰ ਮੇਰਿਆਂ ਕੰਨਾਂ ਨੇ ਸੁਣਿਆਂ, ''ਓਏ ਭੰਡਾ, ਲਗਦੈ ਤੇਰੇ ਦਿਨ ਥੋੜੇ ਰਹਿ ਗਏ ਆ! ਓਏ ਐ ਸਰਦਾਰ ਸਭ ਕੁਝ ਕਰ ਲੈਣਗੇ ਪਰ ਸੱਚੇ ਪਾਤਸ਼ਾਹ ਖਿਲਾਫ ਰਾਈ ਜਿੰਨੀ ਗੱਲ ਨਹੀਂ ਸੁਣ ਸਕਦੇ!!''

''ਓਏ ਆਹੋ ਭੰਡਾ ਪਤੈ ਮੈਨੂੰ, ਪਰ ਮੈਂ ਸੱਚ ਕਹਿਨੈਂ!''

''ਓਏ ਭੰਡਾ! ਆਪਣੇ ਟੱਬਰ-ਟੀਹਰ 'ਤੇ ਤਰਸ ਕਰਕੇ ਬੋਲੀਂ ਕਿ ਗੁਰੂ ਗ੍ਰੰਥ ਸਾਹਿਬ ਵਿਚ ਕਿਹੜੀ ਚੀਜ਼ ਹੈ ਨਹੀਂ!''

''ਓਏ ਭੰਡਾ, ਉਹਦੇ ਵਿਚ ਰੀਣ ਮਾਤਰ ਵੀ ਝੂਠ ਹੈ ਨਹੀਂ!!''

ਅਖੀਰਲੀ ਗੱਲ ਸੁਣ ਕੇ ਮੇਰੇ ਸਾਹ ਵਿਚ ਸਾਹ ਆਇਆ! ਜਿਸਦੇ ਮੂੰਹ 'ਤੇ ਜੁੱਤੀ ਵਗਾਹ ਕੇ ਮਾਰਨ ਦੀ ਸੋਚ ਰਿਹਾ ਸਾਂ, ਉਸਨੂੰ ਇਨਾਮ ਵਜੋਂ ਜੇਬ੍ਹ 'ਚੋਂ ਕੱਢ ਕੇ ਰੁਪਏ ਫੜਾਉਣੇ ਪਏ।

ਕੁਝ ਵੀ ਲਿਖਣ ਨੂੰ ਦਿਲ ਨਾ ਕਰਨ ਤੇ ਤੀਜੇ ਤਲਾਬ ਦੇ ਇਸ਼ਨਾਨ ਵਾਲੀ ਬੁਝਾਰਤ ਦਾ ਕਿੱਸਾ ਵੀ ਸੁਣ ਲਉ। ਕਹਿੰਦੇ ਕੋਈ ਸ਼ੇਖ ਚਿਲੀ ਡੀਂਗਾਂ ਮਾਰ ਰਿਹਾ ਸੀ ਕਿ ਸਾਡੇ ਘਰ ਵਿਚ ਨਹਾਉਣ ਵਾਸਤੇ ਤਿੰਨ ਤਲਾਬ ਬਣੇ ਹੋਏ ਨੇ! ਸੁਣਨ ਵਾਲਿਆਂ ਨੇ ਪੁੱਛਿਆ, ਐਨੇ ਤਲਾਬ ਕਾਹਦੇ ਲਈ ਬਣਾਏ ਹੋਏ ਨੇ? ਸ਼ੇਖ ਜੀ ਕਹਿੰਦੇ ਕਿ ਇੱਕ ਤਾਂ ਠੰਢੇ ਪਾਣੀ ਵਾਲਾ-ਠੰਢੇ ਪਾਣੀ ਨਾਲ ਨੌਣ੍ਹ ਨੂੰ ਚਿੱਤ ਕਰੇ ਤਾਂ ਉਹਦੇ ਵਿਚ ਨਹਾ ਲਈਦਾ ਐ। ਦੂਸਰਾ ਹੈ ਜੀ ਗਰਮ ਪਾਣੀ ਦਾ-ਜੇ ਗਰਮ ਪਾਣੀ ਨਾਲ ਨੌਣ੍ਹ ਨੂੰ ਦਿਲ ਕਰੇ ਤਾਂ ਉਹਦੇ 'ਚ ਚੁੱਭੀ ਮਾਰ ਲਈਦੀ ਐ!'' ਇੰਨਾ ਕਹਿ ਕੇ ਜਦ ਉਹ ਚੁੱਪ ਕਰ ਗਿਆ ਤਾਂ ਸੁਣਨ ਵਾਲਿਆਂ ਨੇ ਸਵਾਲ ਕੀਤਾ ਕਿ ਤੀਜੇ ਤਲਾਬ ਬਾਰੇ ਦੱਸਿਆ ਈ ਨਹੀਂ, ਉਹਦੇ ਵਿਚ ਕੀ ਏ?

''ਉਹ ਤਾਂ ਸੁੱਕ-ਮ-ਸੁੱਕਾ ਈ ਐ, ਜੇ ਨੌਣ੍ਹ ਨੂੰ ਜਮਾਂ ਈ ਦਿਲ ਨਾ ਕਰੇ ਤਾਂ ਫੇ' ਤੀਜੇ ਤਲਾਬ 'ਚ ਤਾਰੀਆਂ ਮਾਰ ਲਈਦੀਆਂ ਐਂ!''

ਲਉ ਜੀ, ਦਿਲ ਦੇ 'ਨਾਂਹ ਨਾਂਹ' ਕਰਦਿਆਂ ਵੀ ਕੁੱਝ ਸਤਰਾਂ ਜੋੜੀਆਂ ਗਈਆਂ ਨੇ। ਇਹ ਫੈਸਲਾ ਹੁਣ ਪਾਠਕਾਂ ਦੀ ਕਚਹਿਰੀ ਨੇ ਹੀ ਕਰਨਾ ਹੈ ਕਿ ਗੱਲ ਕੁਝ ਬਣੀ ਵੀ ਹੈ ਯਾ ਇਹ ਲਿਖਤ ਮਹਿਜ਼ ਤੀਸਰੇ ਤਲਾਬ ਦੀਆਂ ਤਾਰੀਆਂ ਹੀ ਨੇ? ਉਮੀਦ ਹੈ ਕਿ ਦੱਸੋਗੇ ਜ਼ਰੂਰ!

# ਇਹੋ ਜਿਹੇ ਮਜ਼ਾਕ ਅੱਜ ਹੋਣ ਤਾਂ ਸਿਰ ਖੁੱਲ੍ਹ ਜਾਣ

-ਦਰਸ਼ਨ ਸੰਧੂ

ਕਿੰਨਾ ਭਲਾ ਜ਼ਮਾਨਾ ਸੀ ਕਿ ਲੋਕ ਇਕ ਦੂਜੇ ਨਾਲ ਕਿੰਨੀਆਂ ਖਰਮਸਤੀਆਂ ਤੇ ਹਾਸਾ-ਮਜ਼ਾਕ ਕਰੀ ਜਾਂਦੇ ਸਨ, ਪਰ ਕੋਈ ਕਿਸੇ ਦਾ ਗੁੱਸਾ ਨਹੀਂ ਸੀ ਮਨਾਉਂਦਾ। ਮੈਨੂੰ ਆਪਣੇ ਇਕ ਅਜਿਹੇ ਰਿਸ਼ਤੇਦਾਰ ਦੀ ਗੱਲ ਯਾਦ ਆਉਂਦੀ ਹੈ, ਪਿਆਰਾ ਸਿੰਘ ਕਿਸੇ ਜ਼ਮਾਨੇ ਵਿਚ ਦਾਰੂ ਪੀ ਕੇ ਹੋਰ ਵੀ 'ਸ਼ੇਰ' ਬਣ ਜਾਂਦਾ ਸੀ। ਸੁਭਾਅ ਦਾ ਵੀ ਪੂਰਾ ਮਖੌਲੀਆ, ਇਸ ਲਈ ਲੋਕ ਉਹਦੇ ਹਾਸੇ-ਮਜ਼ਾਕ ਦਾ ਗੁੱਸਾ ਨਹੀਂ ਸਨ ਕਰਦੇ। ਇਕ ਵਾਰ ਉਹਦੀ ਦਾਰੂ ਪੀਤੀ ਹੋਈ ਤੇ ਉਹ ਆਪਣੇ ਖੇਤੋਂ ਪਿੰਡ ਨੂੰ ਜਾ ਰਿਹਾ ਸੀ ਕਿ ਰਸਤੇ ਵਿਚ ਉਸਨੂੰ ਇਕ 'ਕਾਲਾ ਸੱਪ' ਮਰਿਆ ਪਿਆ ਦਿੱਸਿਆ ਜੋ ਕਰੀਬ ਢਾਈ-ਤਿੰਨ ਫੁੱਟ ਲੰਬਾ ਸੀ। ਉਸਨੇ ਸੱਪ ਚੁੱਕ ਲਿਆ ਤੇ ਆਪਣੇ ਉਤੇ ਲਈ ਚਾਦਰ ਦੀ ਬੁੱਕਲ ਵਿਚ ਲੁਕਾ ਲਿਆ। ਤੁਰੇ-ਤੁਰੇ ਆਉਂਦੇ ਉਸਨੂੰ ਸ਼ਰਾਰਤਾਂ ਸੁੱਝਣੀਆਂ ਸ਼ੁਰੂ ਹੋ ਗਈਆਂ। ਉਸ ਦੇ ਮਨ ਵਿਚ ਚੁੱਕੇ ਹੋਏ ਮਰੇ ਸੱਪ ਪ੍ਰਤੀ ਦਿਲ ਵਿਚ ਕੋਈ ਕਚਿਆਣ ਜਾਂ ਡਰ ਵੀ ਨਹੀਂ ਸੀ।

ਉਹ ਆਪਣੇ ਸ਼ਰੀਕੇ ਵਿਚੋਂ ਆਪਣੇ ਚਾਚੇ ਦੇ ਮੁੰਡੇ ਦੇ ਘਰ ਗਿਆ। ਮੁੰਡਾ ਵਿਹੜੇ ਵਿਚ ਬੈਠਾ ਰੋਟੀ ਖਾ ਰਿਹਾ ਸੀ ਤੇ ਉਸ ਦੇ ਘਰ ਵਾਲੀ ਉਸ ਦੇ ਮੰਜੇ ਦੀ ਪੈਂਦ 'ਤੇ ਬੈਠੀ ਸੀ। ਪਿਆਰਾ ਸਿੰਘ ਨੇ ਬੂਹੇ 'ਚ ਖਲੋ ਕੇ ਆਵਾਜ਼ ਮਾਰੀ, ''ਉਏ ਕੈਲਿਆ, ਕੀ ਕਰਦੈਂ?''

ਕਰਨੈਲ ਨੇ ਕਿਹਾ, ''ਤੈਨੂੰ ਨਹੀਂ ਦੀਂਹਦਾ, ਕੀ ਕਰਦੈਂ? ਰੋਟੀ ਖਾ ਰਿਹਾਂ...ਆ ਜਾ, ਤੂੰ ਵੀ ਖਾ ਲੈ ਰੋਟੀ।'' ਪਿਆਰੇ ਨੇ ਕਿਹਾ, ਕਾਹਦੇ ਨਾਲ ਖਾਨੈ ਰੋਟੀ?'' ''ਆਲੂਆਂ ਦੀ ਸਬਜ਼ੀ ਬਣੀ ਆ।'' ਕੈਲੇ ਨੇ ਬੁਰਕੀ ਮੂੰਹ 'ਚ ਪਾਉਂਦਿਆਂ ਕਿਹਾ। ਪਿਆਰੇ ਨੇ ਯਕਦਮ ਆਪਣੀ ਬੁੱਕਲ ਵਿਚੋਂ ਮਰਿਆ ਉਹ ਸੱਪ ਕੱਢਿਆ ਤੇ ਕਰਨੈਲ ਦੇ ਮੰਜੇ ਉਤੇ ਸੁੱਟ ਦਿੱਤਾ, ''ਲੈ ਭਾਊ, ਅੱਜ ਇਹਦੇ ਨਾਲ ਖਾਹ ਰੋਟੀ।'' ਮੰਜੇ ਉਤੇ ਸੱਪ ਦੇਖ ਕੇ ਕਰਨੈਲ ਦੀ ਜ਼ੋਰ ਦੀ ਚੀਕ ਨਿਕਲ ਗਈ।

ਉਹ ਮੰਜੇ ਉਤੋਂ ਪਿਛਾਂਹ ਕੰਡ ਪਰਨੇ ਡਿੱਗ ਪਿਆ। ਉਹਦੇ ਘਰ ਵਾਲੀ ਵੀ ਹੱਕੀ-ਬੱਕੀ ਹੋਈ ਇੱਧਰ-ਉੱਧਰ ਭੱਜਣ ਲੱਗੀ। ਸੱਪ ਦੇਖ ਕਰਨੈਲ ਦੀਆਂ ਲੱਤਾਂ ਕੰਬ ਰਹੀਆਂ ਸਨ ਪਰ ਉਹ ਕੀ ਕਹਿਣ ਪਿਆਰੇ ਨੂੰ?

ਪਿਆਰੇ ਨੇ ਮੰਜੇ ਉਤੋਂ ਸੱਪ ਚੁੱਕਿਆ ਤੇ ਬੁੱਕਲ ਵਿਚ ਲੁਕਾ ਕੇ ਉਥੋਂ ਤੁਰ ਪਿਆ। ਪਿੰਡ ਵਿਚ ਇਕ ਬਾਣੀਏ ਦੀ ਹੱਟੀ 'ਤੇ ਜਾ ਕੇ ਆਖਣ ਲੱਗਿਆ, ''ਮੈਨੂੰ ਇਕ ਚਾਦਰ ਦਾ ਕੱਪੜਾ ਦੇ।'' ਸੇਠ ਮੁੰਡਾ ਬੋਲਿਆ, ''ਚਾਚਾ, ਨਾ ਤੂੰ ਚਾਦਰ ਲੈਣੀ ਆਂ...ਨਾ ਕੋਈ ਵਾਹ-ਵਾਸਤਾ...ਐਵੇਂ ਮਖੌਲ ਨਾ ਕਰ।'' ਪਿਆਰਾ ਬੋਲਿਆ, ''ਨਹੀਂ ਭਤੀ, ਅੱਜ ਮੈਂ ਪੰਜ ਮੀਟਰ ਚਾਦਰ ਲੈਣੀ ਤੈਥੋਂ।'' ਕੋਲ ਸੇਠ ਦੀ ਮਾਂ ਵੀ ਬੈਠੀ ਸੁਣ ਰਹੀ ਸੀ। ਉਹ ਆਖਣ ਲੱਗੀ, ''ਵੇ ਦੇ ਦੇ ਚਾਦਰ, ਤੇਰਾ ਚਾਚਾ ਮੰਗਦਾ ਏ।'' ਤਾਂ ਸੇਠ ਦਾ ਮੁੰਡਾ ਗਜ਼ ਲੱਭਣ ਲੱਗਿਆ। ਪਿਆਰੇ ਨੇ ਕਿਹਾ, ''ਪੁੱਤਰਾ ਜੇ ਗਜ਼ ਨਹੀਂ ਲੱਭਦਾ ਤਾਂ ਆਹ ਮੈਥੋਂ ਲੈ ਲੈ।'' ਉਹਨੇ ਬੁੱਕਲ ਵਿਚੋਂ ਸੱਪ ਕੱਢ ਦੇ ਗੱਦੀ ਉਤੇ ਸੁੱਟ ਦਿੱਤਾ। ਸੇਠ ਤੇ ਉਹ ਦੀ ਮਾਂ ਚਾਂਗਰਾਂ ਮਾਰਦੇ ਹੱਟੀ ਵਿਚੋਂ ਭੱਜ ਤੁਰੇ, ''ਹਾਏ ਨੀ ਮਾਂ ਸੱਪ...ਹਾਏ ਵੇ ਪੁੱਤ ਸੱਪ।'' ਕਰਦੇ ਹੋਏ। ਪਿਆਰੇ ਨੇ ਉਹ ਸੱਪ ਚੁੱਕਿਆ ਤੇ ਅੱਗੇ ਤੁਰ ਪਿਆ। ਪਿੰਡ ਦੀ ਮੁੱਖ-ਫਿਰਨੀ 'ਤੇ ਆ ਗਿਆ। ਅੱਗੇ ਇਕ ਕਿਸਾਨ ਅਨੋਖ ਸਿੰਘ ਫਿਰਨੀ-ਫਿਰਨੀ ਗੱਡੇ 'ਤੇ ਬੈਠਾ ਆਉਂਦਾ ਸੀ। ਪਿਆਰਾ ਗੱਡੇ ਦੇ ਅੱਗੇ ਹੋ ਕੇ ਖਲੋ ਗਿਆ। ਅਨੋਖ ਨੇ ਦੇਖਿਆ ਕਿ ਇਹ ਸ਼ਰਾਬੀ ਲੱਗਦਾ ਹੈ, ''ਪਿਆਰ ਸਿੰਆਂ..ਜ਼ਰਾ ਰਾਹ ਦੇਅ ਖਾਂ।'' ਪਿਆਰੇ ਨੇ ਅੱਗੋਂ ਬੜਾ ਬਣਾ-ਸੰਵਾਰ ਕੇ ਕਿਹਾ, ''ਬਈ ਮੈਂ ਤਾਂ ਤੇਰੇ ਵਾਸਤੇ ਇਕ ਵਧੀਆ ਜਿਹੀ ਪਰਾਣੀ ਲਿਆਂਦੀ ਐ...!'' ਅਨੋਖ ਨੇ ਪੁੱਛਿਆ, ''ਕਿੱਥੇ ਆ?'' ਤਾਂ ਪਿਆਰੇ ਨੇ ਸੱਪ ਕੱਢ ਕੇ ਗੱਡੇ ਉਤੇ ਸੁੱਟ ਦਿੱਤਾ। ਅਨੋਖ ਨੇ ਗੱਡੇ ਉਤੋਂ ਛਾਲ ਮਾਰ ਦਿੱਤੀ। ਪਿਆਰੇ ਨੇ ਸੱਪ ਚੁੱਕਿਆ ਤੇ ਫਿਰ ਟੋਆ ਪੁੱਟ ਕੇ ਦੱਬ ਦਿੱਤਾ।

ਮਰੇ ਹੋਏ ਸੱਪ ਦੇ ਮੂੰਹ ਵਿਚੋਂ ਨਿਕਲੀ ਜ਼ਹਿਰ ਪਿਆਰੇ ਦੀ ਕਲਾਈ ਉਤੇ ਲੱਗ ਗਈ ਸੀ। ਇਸ ਗੱਲ ਨੂੰ ਬਹੁਤ ਵਰ੍ਹੇ ਬੀਤ ਗਏ ਹਨ, ਪਰ ਪਿਆਰਾ ਸਿੰਘ ਦੀ ਕਲਾਈ ਉਤੇ ਸੱਪ ਦੀ ਜ਼ਹਿਰ ਦੇ ਅਸਰ ਨਾਲ ਹੋਏ ਜ਼ਖਮ ਦੀ ਨਿਸ਼ਾਨੀ ਹਾਲੇ ਵੀ ਮੌਜੂਦ ਹੈ। ਪਿਆਰਾ ਸਿੰਘ ਕਦੇ-ਕਦੇ ਇਹ ਜ਼ਖਮ ਵਿਖਾਉਂਦਿਆਂ ਕਹਿੰਦਾ ਹੈ, ''ਬਈ ਆਹ ਵੇਖ...ਏਹ ਆ 'ਖਰਮਸਤੀਆਂ ਦੇ ਰੰਗ'..!''

## ਬਾਬੇ ਨਾਨਕ ਆਖਿਆ...

ਬਾਬੇ ਆਖਿਆ, ਸੁਣ ਐ ਸਿੱਖਾ!
ਪੜ੍ਹ ਕੇ ਸ਼ਬਦ ਵਿਚਾਰ!
ਸ਼ਬਦ ਗੁਰੂ ਹੈ, ਸ਼ਬਦ ਹੀ ਚੇਲਾ,
ਸ਼ਬਦ ਹੀ ਚੱਜ ਅਚਾਰ।
ਬਾਬੇ ਆਖਿਆ, ਸੁਣ ਐ ਸਿੱਖਾ!
ਸ਼ਬਦ ਹੀ ਕਰਮ ਉਧਾਰ!
ਨਾ ਇਹ ਜਲੇ ਨ ਡੋਬੇ ਪਾਣੀ,
ਸ਼ਬਦ ਹੀ ਜੀਵਨ ਸਾਰ।
ਬਾਬੇ ਆਖਿਆ, ਸੁਣ ਐ ਸਿੱਖਾ!
ਸ਼ਬਦ ਸਾਚਾ ਵਪਾਰ!
ਸ਼ਾਮ-ਸਵੇਰੇ ਜਦ ਮਨ ਚਾਹੇ,
ਸਾਚਾ ਸ਼ਬਦ ਉਚਾਰ।
ਬਾਬੇ ਆਖਿਆ, ਸੁਣ ਐ ਸਿੱਖਾ!
ਸ਼ਬਦ ਹੀ ਅੰਦਰ ਬਾਹਰ!
ਨਾ ਇਹ ਦੇਖਤ ਨਾ ਇਹ ਭੇਖਤ,
ਨਾ ਇਹ ਪਕੜਨ ਸਾਰ।
ਪਰ... ਪਰ ਤੂੰ ਸਿੱਖਾ!
ਮਨ ਦੇ ਪਿੱਛੇ ਬਾਬਾ ਲਿਆ ਵਿਸਾਰ!
ਮਾਇਆ ਪਿੱਛੇ ਪੂਜੇਂ ਪੱਥਰ
ਜੋ ਹੁਕਮੋਂ ਤੋਂ ਬਾਹਰ।
ਪਰ... ਪਰ ਤੂੰ ਸਿੱਖਾ ਜੋ
ਮਨ ਦੇ ਪਿੱਛੇ ਝੂਠੀ ਕਰਦੈਂ ਕਾਰ।
ਦੂਰ ਰਜ਼ਾ ਤੋਂ ਕਰਦੈਂ ਮਰਜ਼ੀ,
ਜੋ ਨਰਕਾਂ ਦੀ ਗਾਰ।
ਪਰ... ਪਰ ਤੂੰ ਸਿੱਖਾ!
ਮਨ ਦੇ ਪਿੱਛੇ ਹੋਇਆ ਫਿਰੇਂ ਲਾਚਾਰ।
ਸਿੱਖ ਕਹਾਵੇਂ ਭੇਦ ਨਾ ਪਾਵੇਂ,
ਅੰਦਰ ਹੋ ਜਾਂ ਬਾਹਰ।
ਪਰ... ਪਰ ਤੂੰ ਸਿੱਖਾ!
ਮਨ ਦੇ ਪਿੱਛੇ ਰਿਹਾ ਹੈਂ ਬਾਜੀ ਹਾਰ।
ਸੱਚਾ ਬਣ ਸਾਚੇ ਦਾ ਹੋ ਕੇ,
ਕਰ ਭਵ ਸਾਗਰ ਪਾਰ।

*ਜਗਜੀਤ ਸਿੰਘ*
*ਪਿੰਡ ਮਾਨੂੰਪੁਰ (ਲੁਧਿਆਣਾ)*

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰ ਨਾਨਕ ਜਗਿ ਮਾਹਿ ਪਠਾਇਆ।
ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾ ਪਿਲਾਇਆ।
–ਭਾਈ ਗੁਰਦਾਸ

## ਗਿੱਲ ਇੰਸ਼ੋਰੈਂਸ ਦੇ ਮਾਲਕਾਂ ਹੈਰੀ ਗਿੱਲ ਅਤੇ ਅਵਤਾਰ ਗਿੱਲ ਵਲੋਂ

## ਦੁਨੀਆਂ ਦੇ ਹਰ ਕੋਨੇ ਵਿਚ ਵਸਦੀ ਸਮੂਹ ਸਿਖ ਸੰਗਤ ਨੂੰ ਸਿੱਖ ਪੰਥ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 540ਵੇਂ ਆਗਮਨ ਪੁਰਬ ਦੀ

# ਲੱਖ ਲੱਖ ਵਧਾਈ



ਹੈਰੀ ਗਿੱਲ



ਅਵਤਾਰ ਗਿੱਲ

**ਹੁਣ ਪੂਰੇ ਅਮਰੀਕਾ ਵਿਚ ਇੰਸ਼ੋਰੈਂਸ ਕਰਨ ਲਈ ਲਾਈਸੈਂਸਸ਼ੁਦਾ**

ਅਸੀਂ ਮੁਕਾਬਲੇ ਦੀ ਇੰਸ਼ੋਰੈਂਸ ਦੇ ਕਿਸੇ ਵੀ ਰੇਟ ਨੂੰ ਮਾਤ ਪਾਵਾਂਗੇ

**ਹਰ ਤਰ੍ਹਾਂ ਦੀ ਕਮਰਸ਼ੀਅਲ ਇੰਸ਼ੋਰੈਂਸ–ਗੈਸ ਸਟੇਸ਼ਨ, ਹੋਟਲ–ਮੋਟਲ, ਲਿਕਰ ਸਟੋਰ, ਰੈਸਟੋਰੈਂਟ ਅਤੇ ਵਰਕਮੈਨ ਕੌਂਪ।**

**We will meet or beat any competetors quote**

## For All Your Insurance Needs Please Call

# Gill Insurance & Properties


**2452 W Tahoe, PO Box 67 Caruthers, CA 93609**
**Ph: 559-864-8800 or 1-800-348-Crop (2767)Cell: 559-352-9222**
**Fax: 559-864-8688**

# ਚੋਣਾਂ:ਪੁਰਾਣੇ ਸਿਆਸੀ ਖਿਡਾਰੀਆਂ ਦੀ ਹੀ ਮੁੜ ਸੁਣੀ ਗਈ

## ਤਿੰਨ ਰਾਜਾਂ ਵਿਚਲੇ ਚੋਣ ਨਤੀਜਿਆਂ ਤੋਂ ਬਾਅਦ ਦੀ ਸਥਿਤੀ 'ਤੇ ਇਕ ਝਾਤ

-ਪੰਜਾਬ ਟਾਈਮਜ਼ ਬਿਊਰੋ

**ਨਵੀਂ ਦਿੱਲੀ:** ਬੀਤੀ 25-26 ਅਕਤੂਬਰ ਦੀ ਰਾਤ ਨੂੰ ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਵਲੋਂ ਹਰੀ ਝੰਡੀ ਮਿਲਣ 'ਤੇ ਜਿਥੇ ਸ੍ਰੀ ਭੁਪਿੰਦਰ ਸਿੰਘ ਹੁੱਡਾ ਨੇ ਦੂਜੀ ਮਿਆਦ ਲਈ ਹਰਿਆਣਾ ਦੇ ਮੁੱਖ ਮੰਤਰੀ ਵਜੋਂ ਅਹੁਦਾ ਸੰਭਾਲ ਲਿਆ ਹੈ, ਉਥੇ ਰਾਜਪਾਲ ਜਰਨਲ ਜੇ ਜੇ ਸਿੰਘ ਵਲੋਂ ਦੋਰਜੀ ਖਾਂਡੂ ਨੂੰ ਅਰੁਣਾਚਲ ਪ੍ਰਦੇਸ਼ ਦੇ ਮੁੱਖਮੰਤਰੀ ਵਜੋਂ ਸਹੁੰ ਚੁਕਾਈ ਗਈ ਹੈ, ਜਦਕਿ ਮਹਾਰਾਸ਼ਟਰ ਦੇ ਮੁੱਖ ਮੰਤਰੀ ਅਸ਼ੋਕ ਚਵਾਨ ਵਲੋਂ ਇਸ ਰਿਪੋਰਟ ਦੇ ਛਪਣ ਤੋਂ ਪਹਿਲਾਂ ਅਹੁਦਾ ਸੰਭਾਲ ਲਏ ਜਾਣ ਦੀ ਸੰਭਾਵਨਾ ਹੈ।


ਭੁਪਿੰਦਰ ਸਿੰਘ ਹੁਡਾ


ਦੋਰਜੀ ਖਾਂਡੂ


ਅਸ਼ੋਕ ਚਵਾਨ

ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਵਲੋਂ ਕੇਂਦਰੀ ਅਬਜ਼ਰਵਰਾਂ ਵਜੋਂ ਹਰਿਆਣਾ ਅਤੇ ਮਹਾਰਾਸ਼ਟਰ ਗਏ ਸੀਨੀਅਰ ਪਾਰਟੀ ਆਗੂਆਂ ਤੋਂ ਵਿਧਾਇਕਾਂ ਦੀ ਰਾਏ ਬਾਰੇ ਜਾਣਕਾਰੀ ਹਾਸਲ ਕਰਨ ਮਗਰੋਂ ਸ੍ਰੀ ਭੁਪਿੰਦਰ ਸਿੰਘ ਹੁੱਡਾ ਅਤੇ ਅਸ਼ੋਕ ਚਵਾਨ ਨੂੰ ਹਰਿਆਣਾ ਅਤੇ ਮਹਾਰਾਸ਼ਟਰ ਦਾ ਮੁੱਖ ਮੰਤਰੀ ਬਣਾਏ ਜਣ ਲਈ ਵਿਧਾਨਕਾਰ ਪਾਰਟੀਆਂ ਦਾ ਆਗੂ ਚੁਣ ਲਿਆ ਗਿਆ। ਸ੍ਰੀਮਤੀ ਗਾਂਧੀ ਦੀ ਰਿਹਾਇਸ਼ 10 ਜਨਪਥ 'ਤੇ ਲੰਮੇ ਵਿਚਾਰ ਵਟਾਂਦਰੇ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਾਰਟੀ ਦੇ ਸੀਨੀਅਰ ਆਗੂਆਂ ਸ੍ਰੀ ਏ. ਕੇ. ਐਂਟਨੀ ਅਤੇ ਪ੍ਰਿਥਵੀ ਰਾਜ ਚੌਹਾਨ ਨੇ ਦੱਸਿਆ ਕਿ 51 ਸਾਲਾ ਅਸ਼ੋਕ ਚਵਾਨ ਮਹਾਰਾਸ਼ਟਰ ਅਤੇ 62 ਸਾਲਾ ਭੁਪਿੰਦਰ ਸਿੰਘ ਹੁੱਡਾ ਹਰਿਆਣਾ ਦੇ ਅਗਲੇ ਮੁਖ ਮੰਤਰੀ ਹੋਣਗੇ।

ਉਧਰ 54 ਸਾਲਾ ਦੋਰਜੀ ਖਾਂਡੂ, ਜਿਨ੍ਹਾਂ ਦੀ ਅਗਵਾਈ ਹੇਠ ਚੋਣ ਲੜ ਕੇ ਕਾਂਗਰਸ ਨੇ ਦੋ-ਤਿਹਾਈ ਬਹੁਮਤ ਹਾਸਲ ਕੀਤਾ, ਨੂੰ ਅਰੁਣਾਚਲ ਪ੍ਰਦੇਸ਼ ਦੇ ਪੰਜਵੇਂ ਮੁੱਖ ਮੰਤਰੀ ਵਜੋਂ ਸਹੁੰ ਚੁਕਾਈ ਗਈ। ਰਾਜਪਾਲ ਜਨਰਲ ਰਿਟਾ. ਸ੍ਰੀ ਜੇ. ਜੇ. ਸਿੰਘ ਵਲੋਂ ਈਟਾਨਗਰ 'ਚ ਹੋਏ ਇਕ ਸਮਾਰੋਹ 'ਚ ਖਾਂਡੂ ਨੂੰ ਅਹੁਦੇ ਅਤੇ ਸਰਕਾਰੀ ਭੇਦ ਗੁਪਤ ਰੱਖਣ ਦੀ ਸਹੁੰ ਚੁਕਾਈ ਗਈ। ਫੌਜ ਦੀ ਇੰਟੈਲੀਜੈਂਸ 'ਚ ਅਧਿਕਾਰੀ ਵਜੋਂ ਕੰਮ ਕਰਨ ਪਿਛੋਂ ਸਿਆਸਤ 'ਚ ਆਏ ਖਾਂਡੂ ਦੂਜੀ ਵਾਰ ਸੂਬੇ ਦੇ ਮੁੱਖ ਮੰਤਰੀ ਬਣੇ ਹਨ।

ਉਧਰ ਹੁਡਾ ਦੀ ਅਗਵਾਈ 'ਚ ਪਾਰਟੀ 90 ਮੈਂਬਰੀ ਵਿਧਾਨ ਸਭਾ 'ਚ ਸਪੱਸ਼ਟ ਬਹੁਮਤ ਤੋਂ 6 ਸੀਟਾਂ ਪਿੱਛੇ ਰਹਿ ਗਈ ਪਰ 7 ਆਜ਼ਾਦ ਵਿਧਾਇਕਾਂ ਦੀ ਹਮਾਇਤ ਨਾਲ ਪਾਰਟੀ ਬਹੁਮਤ ਦਾ ਜੁਗਾੜ ਕਰਨ 'ਚ ਸਫਲ ਹੋ ਗਈ। ਪਾਰਟੀ ਸੂਤਰਾਂ ਅਨੁਸਾਰ ਸ੍ਰੀ ਚਵਾਨ ਮੰਗਲਵਾਰ ਤੋਂ ਬਾਅਦ ਹੀ ਆਪਣਾ ਅਹੁਦਾ ਸੰਭਾਲਣਗੇ, ਕਿਉਂਕਿ ਉਸ ਦਿਨ ਭਾਈਵਾਲ ਪਾਰਟੀ ਐਨ. ਸੀ. ਪੀ. ਵਲੋਂ ਆਪਣੇ ਆਗੂ ਦੀ ਚੋਣ ਕੀਤੀ ਜਾਣੀ ਹੈ, ਜਿਹੜੇ ਸੂਬੇ ਦੇ ਡਿਪਟੀ ਮੁਖ ਮੰਤਰੀ ਹੋਣਗੇ।

ਜ਼ਿਕਰਯੋਗ ਹੈ ਕਿ ਸ੍ਰੀ ਐਨਟੋਨੀ, ਦਿਗਵਿਜੈ ਸਿੰਘ ਅਤੇ ਕੇ. ਰਹਿਮਾਨ ਖਾਨ ਨੇ ਲੀਡਰਸ਼ਿਪ ਦੇ ਮੁੱਦੇ 'ਤੇ ਪਾਰਟੀ ਦੇ ਸਾਰੇ 82 ਵਿਧਾਇਕਾਂ ਨਾਲ ਵੱਖ ਵੱਖ ਗੱਲ ਕੀਤੀ ਸੀ ਪਰ ਉਨ੍ਹਾਂ 'ਚੋਂ ਜ਼ਿਆਦਾਤਰ ਨੇ ਮਾਮਲਾ ਪਾਰਟੀ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ 'ਤੇ ਛੱਡ ਦਿੱਤਾ। ਸੂਬੇ 'ਚ ਮੁੱਖ ਮੰਤਰੀ ਅਹੁਦੇ ਲਈ ਅਸ਼ੋਕ ਚਵਾਨ ਦੇ ਨਾਲ ਨਾਲ ਕੇਂਦਰੀ ਮੰਤਰੀ ਵਿਲਾਸ ਰਾਓ ਦੇਸ਼ਮੁਖ ਅਤੇ ਨਾਰਾਇਣ ਰਾਣੇ ਦੀ ਦੌੜ 'ਚ ਸਨ ਪਰ ਸੋਨੀਆ ਗਾਂਧੀ ਨੇ ਇਕ ਵਾਰ ਫਿਰ ਅਸ਼ੋਕ ਚਵਾਨ 'ਤੇ ਆਪਣਾ ਭਰੋਸਾ ਪ੍ਰਗਟਾਇਆ। ਚਵਾਨ ਦੂਜੀ ਵਾਰ ਸੂਬੇ ਦੇ ਮੁਖ ਮੰਤਰੀ ਵਜੋਂ ਅਹੁਦਾ ਸੰਭਾਲਣਗੇ।ਪਿਛਲੇ ਸਾਲ ਨਵੰਬਰ 'ਚ ਮੁੰਬਈ 'ਚ ਅੱਤਵਾਦੀ ਹਮਲਿਆਂ ਮਗਰੋਂ ਸ੍ਰੀ ਵਿਲਾਸ ਰਾਓ ਦੇਸ਼ਮੁਖ ਵਲੋਂ ਅਸਤੀਫਾ ਦਿੱਤੇ ਜਾਣ ਮਗਰੋਂ ਉਨ੍ਹਾਂ ਨੇ ਸੂਬੇ ਦੇ ਮੁੱਖ ਮੰਤਰੀ ਦਾ ਅਹੁਦਾ ਸੰਭਾਲਿਆ ਸੀ। ਉਨ੍ਹਾਂ ਦੀ ਅਗਵਾਈ ਹੇਠ ਵਧੀਆ ਪ੍ਰਦਰਸ਼ਨ ਕਰਦਿਆਂ ਪਾਰਟੀ ਨੇ ਨਾ ਸਿਰਫ ਪਿਛਲੀਆਂ ਚੋਣਾਂ ਦੇ ਮੁਕਾਬਲੇ ਵਧੀਆ ਕਾਰਗੁਜ਼ਾਰੀ ਦਿਖਾਈ ਸਗੋਂ ਪਾਰਟੀ ਆਪਣੀ ਭਾਈਵਾਲ ਨੈਸ਼ਨਲਿਸਟ ਕਾਂਗਰਸ ਪਾਰਟੀ ਨਾਲੋਂ ਆਪਣੇ ਵਿਧਾਇਕਾਂ ਦੀ ਗਿਣਤੀ ਵਧਾਉਣ 'ਚ ਵੀ ਸਫਲ ਰਹੀ।

ਕਾਂਗਰਸ ਵਿਧਾਨਕਾਰ ਪਾਰਟੀ ਦਾ ਆਗੂ ਚੁਣੇ ਜਾਣ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਮਹਾਰਾਸ਼ਟਰ ਵਰਗੇ ਸੂਬੇ ਦੀ ਕਮਾਂਡ ਸੰਭਾਲਣ ਲਈ ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਦਾ ਧੰਨਵਾਦ ਕੀਤਾ। ਜ਼ਿਕਰਯੋਗ ਹੈ ਕਿ ਦੋਵਾਂ ਰਾਜਾਂ ਦੇ ਨਵੇਂ ਚੁਣੇ ਗਏ ਵਿਧਾਇਕਾਂ ਵਲੋਂ ਆਗੂਆਂ ਦੀ ਚੋਣ ਦਾ ਅਧਿਕਾਰ ਸ੍ਰੀਮਤੀ ਸੋਨੀਆ ਗਾਂਧੀ ਨੂੰ ਦਿੱਤੇ ਜਾਣ ਮਗਰੋਂ ਉਨ੍ਹਾਂ ਦੋਵਾਂ ਰਾਜਾਂ ਬਾਰੇ ਸੀਨੀਅਰ ਆਗੂਆਂ ਨਾਲ ਵੱਖ ਵੱਖ ਮੀਟਿੰਗਾਂ ਕਰਕੇ ਪੁਰਾਣੇ ਮੁੱਖ ਮੰਤਰੀਆਂ ਨੂੰ ਹੀ ਅਹੁਦੇ 'ਤੇ ਕਾਇਮ ਰੱਖਣ ਦਾ ਫੈਸਲਾ ਕੀਤਾ।

7 ਆਜ਼ਾਦ ਵਿਧਾਇਕਾਂ ਤੇ ਬਸਪਾ ਦੇ ਇੱਕੋ-ਇੱਕ ਵਿਧਾਇਕ ਵਲੋਂ ਹਮਾਇਤ ਦੇਣ ਦੇ ਨਾਲ ਬਹੁਮਤ ਤੋਂ ਘੱਟ ਸੀਟਾਂ ਹਾਸਲ ਕਰਨ ਵਾਲੀ ਕਾਂਗਰਸ ਪਾਰਟੀ ਆਖਰਕਾਰ ਸਰਕਾਰ ਬਣਾਉਣ ਵਿਚ ਕਾਮਯਾਬ ਹੋ ਹੀ ਗਈ। ਕਾਂਗਰਸ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਵਲੋਂ ਹਰੀ ਝੰਡੀ ਮਿਲਣ ਤੋਂ ਬਾਅਦ ਭੁਪਿੰਦਰ ਸਿੰਘ ਹੁੱਡਾ ਨੇ ਦੂਜੀ ਵਾਰ ਸੂਬੇ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ।

ਹਰਿਆਣਾ ਰਾਜ ਭਵਨ ਵਿਚ ਕਰਵਾਏ ਇੱਕ ਸਾਦੇ ਸਮਾਰੋਹ ਦੌਰਾਨ ਸੂਬੇ ਦੇ ਰਾਜਪਾਲ ਜਗਨ ਨਾਥ ਪਹਾੜੀਆ ਨੇ ਸ੍ਰੀ ਹੁੱਡਾ ਨੂੰ ਅਹੁਦੇ ਦੇ ਭੇਦ ਗੁਪਤ ਰੱਖਣ ਲਈ ਸਹੁੰ ਚੁਕਾਈ। ਰਾਜਪਾਲ ਨੇ ਮੁੱਖ ਮੰਤਰੀ ਨੂੰ ਵਿਧਾਨ ਸਭਾ ਵਿਚ ਬਹੁਮਤ ਸਿੱਧ ਕਰਨ ਲਈ ਇੱਕ ਹਫ਼ਤੇ (31 ਅਕਤੂਬਰ ਤੱਕ) ਦਾ ਸਮਾਂ ਦਿੱਤਾ ਹੈ। ਸੂਤਰਾਂ ਮੁਤਾਬਕ ਬਹੁਮਤ ਸਿੱਧ ਕਰਨ ਤੋਂ ਬਾਅਦ ਹੀ ਸ੍ਰੀ ਹੁੱਡਾ ਨਵੇਂ ਮੰਤਰੀ ਮੰਡਲ ਦਾ ਗਠਨ ਕਰਨਗੇ। ਸਹੁੰ ਚੁੱਕ ਸਮਾਗਮ ਦੌਰਾਨ ਸ੍ਰੀ ਹੁੱਡਾ ਤੋਂ ਇਲਾਵਾ ਕਿਸੇ ਹੋਰ ਮੰਤਰੀ ਨੂੰ ਸਹੁੰ ਨਹੀਂ ਚੁਕਾਈ ਗਈ। ਇਸ ਸਹੁੰ ਚੁੱਕ ਸਮਾਗਮ ਵਿਚ ਜਿੱਥੇ ਕਾਂਗਰਸ ਦੇ ਕੌਮੀ ਆਗੂ ਪ੍ਰਿਥਵੀ ਰਾਜ ਚੌਹਾਨ, ਹਰਿਆਣਾ ਦੇ ਸਾਰੇ ਕਾਂਗਰਸੀ ਵਿਧਾਇਕ ਅਤੇ ਹਜ਼ਾਰਾਂ ਹੁੱਡਾ ਸਮਰਥਕ ਹਾਜ਼ਰ ਸਨ, ਉਥੇ ਕੁਮਾਰੀ ਸ਼ੈਲਜਾ ਤੇ ਕਾਂਗਰਸੀ ਆਗੂ ਅਵਤਾਰ ਭੜਾਣਾ ਦੀ ਗੈਰ ਹਾਜ਼ਰੀ ਸਾਰਿਆਂ ਨੂੰ ਰੜਕਦੀ ਰਹੀ।

ਸ੍ਰੀ ਹੁੱਡਾ ਨੇ ਸ਼ਾਮ ਨੂੰ ਤਕਰੀਬਨ ਸਵਾ ਚਾਰ ਵਜੇ ਹਿੰਦੀ 'ਚ ਅਹੁਦੇ ਦੀ ਸਹੁੰ ਚੁੱਕੀ। ਵੱਡੀ ਗਿਣਤੀ ਵਿਚ ਪਹੁੰਚੇ ਕਾਂਗਰਸੀ ਵਰਕਰ ਸਖ਼ਤ ਸੁਰੱਖਿਆ ਪ੍ਰਬੰਧਾਂ ਦੇ ਬਾਵਜੂਦ ਰਾਜ ਭਵਨ ਵਿਚ ਜਬਰੀ ਦਾਖਲ ਹੋ ਗਏ। ਕਾਂਗਰਸੀ ਵਰਕਰਾਂ ਦੇ ਰਾਜ ਭਵਨ ਵਿਚ ਦਾਖਲ ਹੋਣ ਕਾਰਨ ਇੰਨੀ ਭੀੜ ਵਧ ਗਈ ਕਿ ਉਥੇ ਵਿਸ਼ੇਸ਼ ਮਹਿਮਾਨਾਂ ਤੇ ਸੀਨੀਅਰ ਅਧਿਕਾਰੀਆਂ ਤੱਕ ਨੂੰ ਬੈਠਣ ਦੀ ਥਾਂ ਨਹੀਂ ਮਿਲੀ। ਜ਼ਿਕਰਯੋਗ ਹੈ ਕਿ ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਬਸਪਾ ਦੀ ਟਿਕਟ ਤੇ ਜਿੱਤੇ ਇੱਕੋ-ਇੱਕ ਵਿਧਾਇਕ ਅਕਰਮ ਖਾਨ ਨੇ ਕਾਂਗਰਸ ਨੂੰ ਹਮਾਇਤ ਦੇਣ ਸਬੰਧੀ ਇੱਕ ਪੱਤਰ ਸੂਬੇ ਦੇ ਰਾਜਪਾਲ ਨੂੰ ਸੌਂਪਿਆ। ਜਨਾਬ ਖਾਨ ਨੇ ਕਿਹਾ ਕਿ ਬਸਪਾ ਸੁਪਰੀਮੋ ਮਾਇਆਵਤੀ ਵਲੋਂ ਫਿਰਕੂ ਤਾਕਤਾਂ ਨੂੰ ਸੱਤਾ ਤੋਂ ਦੂਰ ਰੱਖਣ ਲਈ ਕਾਂਗਰਸ ਨੂੰ ਹਮਾਇਤ ਦੇਣ ਦਾ ਫੈਸਲਾ ਲਿਆ ਗਿਆ ਹੈ, ਜਿਸ ਦੀ ਪਾਲਣਾ ਕਰਦਿਆਂ ਉਨ੍ਹਾਂ ਰਾਜਪਾਲ ਨੂੰ ਇਹ ਪੱਤਰ ਸੌਂਪਿਆ।

ਇਸ ਦੇ ਨਾਲ ਹਰਿਆਣਾ ਜਨਹਿੱਤ ਕਾਂਗਰਸ ਦੇ ਸੀਨੀਅਰ ਆਗੂ ਕੁਲਦੀਪ ਬਿਸ਼ਨੋਈ ਨੇ ਵੀ ਕਾਂਗਰਸ ਨੂੰ ਸਮਰਥਨ ਦੇਣ ਦਾ ਸੰਕੇਤ ਦਿੱਤਾ। ਸ੍ਰੀ ਬਿਸ਼ਨੋਈ ਨੇ ਕਿਹਾ ਕਿ ਉਹ ਇਸ ਬਾਰੇ ਵਿਚਾਰ ਰਹੇ ਹਨ ਤੇ ਜਲਦ ਹੀ ਇਸ ਸਬੰਧ ਵਿਚ ਕੋਈ ਨਾ ਕੋਈ ਐਲਾਨ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਅਸੀਂ ਜਨਤਾ ਨੂੰ ਕਈ ਵਾਅਦੇ ਕੀਤੇ ਸਨ, ਜੋ ਅਸੀਂ ਪੂਰੇ ਕਰਨਾ ਚਾਹੁੰਦੇ ਹਾਂ। ਦੂਜੇ ਪਾਸੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਮੁੜ ਐਲਾਨ ਕੀਤਾ ਕਿ ਜੇਕਰ ਕੋਈ ਵੀ ਉਨ੍ਹਾਂ ਨੂੰ ਬਿਨਾਂ ਸ਼ਰਤ ਸਮਰਥਨ ਦੇਣਾ ਚਾਹੁੰਦਾ ਹੈ ਤਾਂ ਉਹ ਲੈਣ ਲਈ ਤਿਆਰ ਹਨ।

## ਠਾਕਰੇ ਨੇ ਹਾਰ ਲਈ ਲੋਕਾਂ ਨੂੰ ਦੋਸ਼ੀ ਠਹਿਰਾਇਆ

**ਮੁੰਬਈ:** ਸ਼ਿਵ ਸੈਨਾ ਦੇ ਆਗੂ ਬਾਲ ਠਾਕਰੇ ਨੇ ਵਿਧਾਨ ਸਭਾ ਚੋਣਾਂ ਵਿਚ ਲਗਾਤਾਰ ਤੀਜੀ ਵਾਰ ਹਾਰ ਹੋਣ ਮਗਰੋਂ ਸੂਬੇ ਦੇ ਲੋਕਾਂ ਨੂੰ ਇਸ ਲਈ ਜ਼ਿੰਮੇਵਾਰ ਠਹਿਰਾਉਂਦਿਆ ਕਿਹਾ ਕਿ ਉਨ੍ਹਾਂ ਕਾਂਗਰਸ- ਐਨ.ਸੀ.ਪੀ. ਗਠਜੋੜ ਨੂੰ ਮੁੜ ਚੁਣ ਕੇ ਮਹਾਰਾਸ਼ਟਰ ਨੂੰ ਖੂਹ ਵਿਚ ਧੱਕ ਦਿੱਤਾ ਹੈ।

ਠਾਕਰੇ ਨੇ ਪਾਰਟੀ ਦੇ ਮੁੱਖ ਅਖ਼ਬਾਰ ਸਾਮਨਾ ਵਿਚ ਲਿਖੇ ਸੰਪਾਦਕੀ ਵਿਚ ਕਿਹਾ ਕਿ ਕਾਂਗਰਸ ਐਨ ਸੀ ਪੀ ਦੇ ਰਾਜ ਵਿਚ ਭ੍ਰਿਸ਼ਟਾਚਾਰ ਵਧਿਆ, ਕਿਸਾਨਾਂ ਨੇ ਆਤਮ ਹੱਤਿਆਵਾਂ ਕੀਤੀਆਂ, ਮੁੰਬਈ 'ਤੇ ਅਤਿਵਾਦੀ ਹਮਲਾ ਹੋਇਆ ਅਤੇ ਮਾਓਵਾਦੀਆਂ ਨੇ ਪੁਲਸ ਵਾਲਿਆਂ ਨੂੰ ਗੋਲੀਆਂ ਨਾਲ ਭੁੰਨ ਦਿਤਾ।ਅਜਿਹੀ ਸਰਕਾਰ ਸੂਬੇ ਨੂੰ ਅੱਗੇ ਕਿਵੇਂ ਲਿਜਾ ਸਕਦੀ ਹੈ। ਠਾਕਰੇ ਨੇ ਸ਼ਿਵ ਸੈਨਾ ਭਾਜਪਾ ਦੀ ਹਾਰ ਲਈ ਲੋਕਾਂ ਨੂੰ ਜ਼ਿੰਮੇਵਾਰ ਠਹਿਰਾਉਂਦਿਆ ਕਿਹਾ ਕਿ ਉਹ ਨਾਲਾਇਕਾਂ ਦੀ ਸਰਕਾਰ ਵਾਪਸ ਲਿਆਏ ਹਨ। ਮੌਜੂਦਾ ਚੋਣਾਂ ਦੀ ਮਹਾਂਭਾਰਤ ਨਾਲ ਤੁਲਨਾ ਕਰਦਿਆਂ ਉਨ੍ਹਾਂ ਕਿਹਾ ਕਿ ਇਨ੍ਹਾਂ ਵਿਚ ਫਰਕ ਸਿਰਫ ਇੰਨਾ ਹੈ ਕਿ ਉਸ ਸਮੇਂ ਸਚਾਈ ਦੀ ਜਿੱਤ ਹੋਈ ਸੀ ਪਰ ਇਸ ਵਾਰ ਝੂਠ ਜਿੱਤਿਆ ਹੈ। ਉਨ੍ਹਾਂ ਕਿਹਾ ਕਿ ਨੌਜਵਾਨ ਪੀੜੀ ਮਹਾਰਾਸ਼ਟਰ ਦੇ ਇਤਿਹਾਸ ਬਾਰੇ ਨਹੀਂ ਜਾਣਦੀ। ਸਿਰਫ ਇਕ ਦਿਨ ਵਿਚ ਹੀ ਉਨ੍ਹਾਂ ਨੇ ਮਰਾਠੀ ਏਕਤਾ ਦੇ ਚੀਥੜੇ ਉਡਾ ਦਿਤੇ। ਸ਼ਿਵ ਸੈਨਾ ਮੁਖੀ ਨੇ ਲਿਖਿਆ ਹੈ ਕਿ ਪਾਰਟੀ ਦੀ ਹਾਰ ਦਾ ਦਰਦ ਮਹਾਰਾਸ਼ਟਰ ਅੰਦੋਲਨ ਦੇ ਸ਼ਹੀਦ ਮਹਿਸੂਸ ਕਰਨਗੇ ਕਿਉਂਕਿ ਉਹ ਜਾਣਦੇ ਹਨ ਕਿ ਮਰਾਠੀ ਲੋਕਾਂ ਲਈ ਸ਼ਿਵ ਸੈਨਾ ਨੇ ਕਿੰਨੀ ਮਿਹਨਤ ਕੀਤੀ।

# ਝਾਰਖੰਡ ਵਿਚ ਚੋਣ ਸਰਗਰਮੀਆਂ ਸ਼ੁਰੂ

-ਪੰਜਾਬ ਟਾਈਮਜ਼ ਬਿਊਰੋ

**ਨਵੀਂ ਦਿੱਲੀ :** ਝਾਰਖੰਡ ਵਿਚ ਵਿਧਾਨ ਸਭਾ ਚੋਣਾਂ ਦੇ ਐਲਾਨ ਦੇ ਨਾਲ ਹੀ ਰਾਜ ਵਿਚ ਸਿਆਸੀ ਸਰਗਰਮੀਆਂ ਤੇਜ਼ ਹੋ ਰਹੀਆਂ ਹਨ। ਰਾਜ ਦੇ ਮੁੱਖ ਖਿਡਾਰੀ ਕਾਂਗਰਸ, ਭਾਜਪਾ, ਝਾਰਖੰਡ ਮੁਕਤੀ ਮੋਰਚਾ ਅਤੇ ਜਨਤਾ ਦਲ ਯੂ ਆਦਿ ਜਿੱਤਣਯੋਗ ਉਮੀਦਵਾਰਾਂ ਦੀ ਤਲਾਸ਼ ਸਮੇਤ ਹਿਸਾਬ-ਕਿਤਾਬ ਵਿਚ ਲੱਗ ਗਏ ਹਨ। ਹੁਣ ਇਹ ਹਿਸਾਬ-ਕਿਤਾਬ ਲਾਇਆ ਜਾ ਰਿਹਾ ਹੈ ਕਿ ਕਿਹੜੀ ਪਾਰਟੀ ਨਾਲ ਮਿਲਣ ਅਤੇ ਕਿਹੜੀ ਕੋਲੋਂ ਖਹਿੜਾ ਛੁਡਾਉਣ ਵਿਚ ਕੀ ਲਾਭ-ਹਾਨੀ ਹੋਵੇਗੀ। ਕਾਂਗਰਸ ਨੇ ਝਾਰਖੰਡ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਵਿਚ ਬੀਤੇ ਦਿਨੀਂ ਛੇ ਕਮੇਟੀਆਂ ਗਠਿਤ ਕਰ ਦਿੱਤੀਆਂ। ਉਨ੍ਹਾਂ ਨੇ ਸੂਬਾ ਪਾਰਟੀ ਪ੍ਰਧਾਨ ਅਹੁਦੇ 'ਤੇ ਪ੍ਰਦੀਪ ਬਾਲਮੂਚੂ ਨੂੰ ਬਣਾਏ ਰੱਖਣ ਦਾ ਐਲਾਨ ਕਰਕੇ ਉਨ੍ਹਾਂ ਨੂੰ ਹਟਾਉਣ ਦੀ ਮੰਗ ਲਈ ਫੈਲੀਆਂ ਅਫਵਾਹਾਂ ਨੂੰ ਰੋਕ ਦਿੱਤਾ ਹੈ। ਇਸ ਤੋਂ ਇਲਾਵਾ ਨਰਾਜ਼ਾਂ ਨੂੰ ਸ਼ਾਂਤ ਕਰਨ ਅਤੇ ਸੰਤੁਲਨ ਬਣਾਉਣ ਦੀ ਕਾਰਵਾਈ ਤਹਿਤ ਪਾਰਟੀ ਨੇ ਗੋਡਾ ਦੇ ਸਾਬਕਾ ਸਾਂਸਦ ਫੁਰਕਾਨ ਅੰਸਾਰੀ ਤੇ ਸੀਨੀਅਰ ਆਗੂ ਰਜਿੰਦਰ ਪ੍ਰਸਾਦ ਸਿੰਘ ਨੂੰ ਸੂਬਾ ਕਾਂਗਰਸ ਦਾ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤਾ ਹੈ। ਸੰਤੁਲਨ ਬਣਾਉਣ ਦੀ ਕੋਸ਼ਿਸ਼ ਤਹਿਤ ਕਾਂਗਰਸ ਕਮੇਟੀ ਵਿਚ ਦੋ ਕਾਰਜਕਾਰੀ ਪ੍ਰਧਾਨਾਂ ਦੀ ਨਿਯੁਕਤੀ ਕੀਤੀ ਗਈ ਅਤੇ ਵਿਧਾਨ ਸਭਾ ਚੋਣਾਂ ਦੇ ਲਈ ਗਠਿਤ 6 ਕਮੇਟੀਆਂ ਵਿਚ ਬਾਲਮੂਚੂ ਵਿਰੋਧੀ ਧੜੇ ਦੇ ਆਗੂਆਂ ਨੂੰ ਵੀ ਪ੍ਰਤੀਨਿਧਤਾ ਦਿੱਤੀ ਗਈ ਹੈ।

ਝਾਰਖੰਡ ਚੋਣਾਂ ਵਿਚ ਕਾਂਗਰਸ ਲਾਲੂ ਪ੍ਰਸਾਦ ਦੀ ਪਾਰਟੀ ਆਰ. ਜੇ. ਡੀ. ਨੂੰ ਨਾਲ ਲੈ ਕੇ ਚੱਲੇਗੀ। ਇਹ ਲੱਗਭਗ ਸਾਫ ਲੱਗ ਰਿਹਾ ਹੈ ਪਰ ਝਾਰਖੰਡ ਮੁਕਤੀ ਮੋਰਚੇ ਦੇ ਨਾਲ ਗਠਜੋੜ ਨੂੰ ਲੈ ਕੇ ਪਾਰਟੀ ਦੀ ਸਥਿਤੀ ਸਾਫ ਨਹੀਂ ਹੈ। ਬਿਹਾਰ ਵਿਚ ਗਠਜੋੜ ਸਰਕਾਰ ਚਲਾ ਰਹੀ ਭਾਜਪਾ, ਜਨਤਾ ਦਲ ਯੂ ਦੇ ਵੀ ਝਾਰਖੰਡ ਵਿਚ ਮਿਲ ਕੇ ਚੋਣਾਂ ਲੜਨ ਦੀ ਸੰਭਾਵਨਾ ਨਹੀਂ ਹੈ। ਲੋਕ ਸਭਾ ਚੋਣਾਂ ਝਾਰਖੰਡ ਵਿਚ ਕਾਂਗਰਸ ਨੇ ਆਰ. ਜੇ. ਡੀ. ਦੇ ਨਾਲ ਮਿਲ ਕੇ ਨਹੀਂ ਲੜੀਆਂ ਸਨ ਪਰ ਕਾਂਗਰਸ ਨੇ ਝਾਰਖੰਡ ਮੁਕਤੀ ਮੋਰਚੇ ਨਾਲ ਸਮਝੌਤਾ ਕੀਤਾ ਸੀ।

ਉਨ੍ਹਾਂ ਚੋਣਾਂ ਵਿਚ ਕਾਂਗਰਸ ਨੂੰ ਇਕ ਸੀਟ ਮਿਲੀ ਸੀ ਅਤੇ ਆਰ. ਜੇ. ਡੀ. ਦਾ ਖਾਤਾ ਵੀ ਨਹੀਂ ਖੁੱਲ੍ਹਿਆ ਸੀ। ਸਾਲ 2000 ਵਿਚ ਝਾਰਖੰਡ ਦੇ ਗਠਨ ਤੋਂ ਬਾਅਦ ਉਥੇ ਕਾਂਗਰਸ ਆਪਣੀ ਸਰਕਾਰ ਬਣਾਉਣ ਵਿਚ ਅਸਫਲ ਹੋਈ ਹੈ। ਇਸ ਵਾਰ ਪਾਰਟੀ ਪੂਰੇ ਜੋਸ਼ੋ ਖਰੋਸ਼ ਨਾਲ ਚੋਣਾਂ ਲੜਨ ਦੇ ਮੂਡ ਵਿਚ ਹੈ। ਪਾਰਟੀ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਉਮੀਦਵਾਰਾਂ ਦੀ ਚੋਣ ਲਈ ਛਾਣਬੀਣ ਕਮੇਟੀ ਦੇ ਗਠਨ ਦਾ ਐਲਾਨ ਪਹਿਲਾਂ ਹੀ ਕਰ ਚੁੱਕੀ ਹੈ।

ਹਾਲ ਹੀ ਵਿਚ ਪਾਰਟੀ ਦੇ ਸੀਨੀਅਰ ਆਗੂਆਂ ਦੀ ਇਕ ਟੀਮ ਨੇ ਰਾਜ ਦਾ ਦੌਰਾ ਕੀਤਾ ਸੀ ਅਤੇ ਰਾਜ ਦੀ ਅਸਲ ਸਿਆਸੀ ਸਥਿਤੀ ਦਾ ਜਾਇਜ਼ਾ ਲਿਆ ਸੀ। ਇਸ ਟੀਮ ਵਿਚ ਪਾਰਟੀ ਮੁੱਖ ਸਕੱਤਰ ਮੁਕਲ ਵਾਸਨਿਕ, ਰਾਜ ਦੇ ਇੰਚਾਰਜ ਕੇਸ਼ਵ ਰਾਓ ਅਤੇ ਸੀਨੀਅਰ ਆਗੂ ਸ਼ਕੀਲ ਅਹਿਮਦ ਸ਼ਾਦਲ ਸਨ। ਇਸ ਟੀਮ ਨੇ ਆਪਣੀ ਰਿਪੋਰਟ ਸੋਨੀਆ ਗਾਂਧੀ ਨੂੰ ਸੌਂਪ ਦਿੱਤੀ ਹੈ। ਪਿਛਲੇ ਦਿਨੀਂ ਪਾਰਟੀ ਮੁੱਖ ਸਕੱਤਰ ਰਾਹੁਲ ਗਾਂਧੀ ਨੇ ਵੀ ਰਾਜ ਦਾ ਦੌਰਾ ਕੀਤਾ ਸੀ।

ਯਾਦ ਰਹੇ ਚੋਣ ਕਮਿਸ਼ਨ ਨੇ ਝਾਰਖੰਡ 'ਚ 27 ਨਵੰਬਰ ਤੋਂ 18 ਦਸੰਬਰ ਤੱਕ 5 ਗੇੜਾਂ 'ਚ ਵਿਧਾਨ ਸਭਾ ਚੋਣਾਂ ਕਰਾਉਣ ਦਾ ਐਲਾਨ ਕੀਤਾ ਹੈ। ਮੁੱਖ ਚੋਣ ਕਮਿਸ਼ਨਰ ਨਵੀਨ ਚਾਵਲਾ ਨੇ ਝਾਰਖੰਡ ਦੀ 81 ਮੈਂਬਰੀ ਵਿਧਾਨ ਸਭਾ ਦੀਆਂ ਚੋਣਾਂ ਬਾਰੇ ਤਰੀਕਾਂ ਦਾ ਐਲਾਨ ਕਰਦਿਆਂ ਕਿਹਾ ਕਿ ਪਹਿਲੇ ਗੇੜ ਦੀ ਚੋਣ 27 ਨਵੰਬਰ, ਦੂਜੇ ਦੀ 2 ਦਸੰਬਰ, ਤੀਜੇ ਦੀ 8 ਦਸੰਬਰ, ਚੌਥੇ ਦੀ 12 ਦਸੰਬਰ ਅਤੇ ਪੰਜਵੇਂ ਗੇੜ ਦੀ ਚੋਣ 18 ਦਸੰਬਰ ਨੂੰ ਹੋਵੇਗੀ। ਉਨ੍ਹਾਂ ਦੱਸਿਆ ਕਿ ਵੋਟਾਂ ਦੀ ਗਿਣਤੀ 23 ਦਸੰਬਰ ਨੂੰ ਹੋਵੇਗੀ ਅਤੇ ਪੂਰੀ ਚੋਣ ਪ੍ਰਕਿਰਿਆ 31 ਦਸੰਬਰ ਤੱਕ ਪੂਰੀ ਕਰ ਲਈ ਜਾਵੇਗੀ। ਚੋਣ ਤਰੀਕਾਂ ਦੇ ਐਲਾਨ ਦੇ ਨਾਲ ਹੀ ਸੂਬੇ 'ਚ ਚੋਣ ਜ਼ਾਬਤਾ ਵੀ ਲਾਗੂ ਹੋ ਗਿਆ। ਜ਼ਿਕਰਯੋਗ ਹੈ ਕਿ ਝਾਰਖੰਡ ਵਿਧਾਨ ਸਭਾ ਦਾ ਕਾਰਜਕਾਲ 9 ਮਾਰਚ, 2010 ਨੂੰ ਖ਼ਤਮ ਹੋਣਾ ਸੀ ਪਰ ਇਸ ਸਾਲ 19 ਜਨਵਰੀ ਤੋਂ ਹੀ ਇੱਥੇ ਰਾਸ਼ਟਰਪਤੀ ਰਾਜ ਲਾਗੂ ਹੋ ਗਿਆ ਸੀ। ਇਸ ਰਾਸ਼ਟਰਪਤੀ ਰਾਜ ਦੀ ਮਿਆਦ 18 ਜਨਵਰੀ, 2010 ਨੂੰ ਖ਼ਤਮ ਹੋ ਰਹੀ ਹੈ।


ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਗੇਂਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਨ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ

ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖ਼ਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।


ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜ਼ਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)

MANUFACTURE & EXPORTER OF HERBAL PRODUCTS

25, New Model Town, Jalandhar (Punjab) INDIA.

Contact : Dr. Shweat Oberoi E-mail : shweat077@yahoo.com

Mobile : 98155-33933 Fax : 0091-181-5062627

ੴ ੴ

ਬਾਬੇ ਕੀਤੀ ਸਿਧਿ ਗੋਸਟਿ ਸਬਦ ਸਾਤਿ ਸਿਧੀ ਵਿਚ ਆਈ।
ਜਿਣਿ ਮੇਲਾ ਸਿਵਰਾਤਿ ਦਾ ਖਟ ਦਰਸਨ ਆਦੇਸਿ ਕਰਾਈ।
-ਭਾਈ ਗੁਰਦਾਸ

# ਸੱਚ ਦਾ ਹੋਕਾ ਦੇਣ ਵਾਲੇ ਪ੍ਰਥਮ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ

# ਲਖ ਲਖ ਵਧਾਈ ਹੋਵੇ ਜੀ




*9059 ਬਰੂਸਵਿਲ ਰੋਡ (ਨੇੜੇ ਬਿਗ ਹੌਰਨ) ਸਾਹਮਣੇ ਪਾਰਕ*

## ਐਲਕਗਰੋਵ (ਸੈਕਰਾਮੈਂਟੋ) ਵਿਚ ਸਭ ਤੋਂ ਵੱਡਾ ਸਾਫ ਸੁਥਰਾ ਤੇ ਖੁੱਲ੍ਹਾ ਡੁੱਲ੍ਹਾ ਦੇਸੀ ਸਟੋਰ

*ਗੁਰਦੁਆਰਾ ਸਾਹਿਬ ਲੰਗਰ ਜਾਂ ਹੋਰ ਧਾਰਮਿਕ ਸਮਾਗਮਾਂ ਦੀ ਗਰੌਸਰੀ 'ਤੇ 15% ਛੋਟ*

*ਉਚ ਕੋਟੀ ਦੀ ਕਸਟਮਰ ਸਰਵਿਸ ਦਾ ਵਾਅਦਾ*

*ਕਰੈਡਿਟ ਕਾਰਡ ਤੇ ਫੂਡ ਸਟੈਂਪ ਵਾਲਾ ਕਾਰਡ ਵੀ ਸਵੀਕਾਰ ਕਰਦੇ ਹਾਂ।*

*ਹਿੰਦੀ ਪੰਜਾਬੀ ਗੀਤ-ਸੰਗੀਤ ਅਤੇ ਨਵੀਂਆਂ ਪੁਰਾਣੀਆਂ ਫਿਲਮਾਂ ਦਾ ਵੱਡਾ ਭੰਡਾਰ*

**ਹੁਣ ਡਿਜ਼ਾਈਨਰ ਲੇਡੀਜ਼ ਸੂਟ ਅਤੇ ਜਿਊਲਰੀ ਦਾ ਵੱਖਰਾ ਸੈਕਸ਼ਨ**



ਗੁਰਬਖਸ਼ੀਸ਼ ਸਿੰਘ ਗਰੇਵਾਲ

**ਸਮਾਂ : ਹਫਤੇ ਦੇ ਸੱਤੇ ਦਿਨ 10 ਵਜੇ ਸਵੇਰ ਤੋਂ 8 ਵਜੇ ਰਾਤ**

# 916-691-1110, 916-716-9400

# ਘਰ ਕਿਰਾਏ 'ਤੇ ਲੈਣ ਦੀ ਥਾਂ ਖਰੀਦਣਾ ਅਜੇ ਵੀ ਸਿਆਣਪ ਵਾਲੀ ਗੱਲ ਹੈ?

**ਬੀ.ਜੇ. ਸਿੰਘ**



**ਬੀ.ਜੇ. ਸਿੰਘ**

ਅਜੇ ਵੀ ਇਕ ਤਿਹਾਈ ਪਰਿਵਾਰ ਐਸੇ ਹਨ ਜੋ ਕਿਰਾਏ 'ਤੇ ਘਰ ਲੈ ਕੇ ਰਹਿ ਰਹੇ ਹਨ। ਜੇ ਤੁਸੀਂ ਵੀ ਉਨ੍ਹਾਂ ਵਿਚੋਂ ਇਕ ਹੋ ਤਾਂ ਤੁਸੀਂ ਅੱਛੀ ਖਾਸੀ ਕੀਮਤ ਅਦਾ ਕਰ ਰਹੇ ਹੋ। ਮੈਨੂੰ ਅਕਸਰ ਲੋਕਾਂ ਦੇ ਫੋਨ ਆਉਂਦੇ ਰਹਿੰਦੇ ਹਨ ਤੇ ਮੈਂ ਘਰ ਖਰੀਦਾਂ ਜਾਂ ਕਿਰਾਏ 'ਤੇ ਲਵਾਂ? ਮੈਂ ਹਮੇਸ਼ਾ ਉਨ੍ਹਾਂ ਨੂੰ ਕਹਿੰਦਾ ਹਾਂ ਕਿ ਇਹ ਤੁਹਾਡਾ ਨਿਜੀ ਫੈਸਲਾ ਹੈ। ਇਕ ਪੇਸ਼ੇਵਰ ਮਾਹਿਰ ਦੇ ਨਾਤੇ ਇਸ ਲੇਖ ਰਾਹੀਂ ਮੈਂ ਤੁਹਾਡੇ ਨਾਲ ਕੁਝ ਤੱਥ ਸਾਂਝੇ ਕਰਨੇ ਚਾਹੁੰਦਾ ਹਾਂ। ਇਹ ਤੱਥ ਪੜ੍ਹ ਕੇ ਤੁਸੀਂ ਆਪ ਹੀ ਫੈਸਲਾ ਕਰ ਲੈਣਾ ਕਿ ਤੁਹਾਨੂੰ ਘਰ ਖਰੀਦਣਾ ਚਾਹੀਦਾ ਹੈ ਜਾਂ ਫਿਰ ਕਿਰਾਏ 'ਤੇ ਲੈਣਾ ਚਾਹੀਦਾ ਹੈ।

ਘਰ ਖਰੀਦਣ ਵੱਲ ਤੁਰਨ ਤੋਂ ਪਹਿਲਾਂ ਦੋ ਗੱਲਾਂ ਦਾ ਵਿਸ਼ੇਸ਼ ਤੌਰ 'ਤੇ ਧਿਆਨ ਰੱਖਣ ਦੀ ਲੋੜ ਹੈ। ਪਹਿਲੀ ਗੱਲ ਜੋ ਕਿ ਬਹੁਤ ਹੀ ਜ਼ਰੂਰੀ ਵੀ ਹੈ, ਘਰਾਂ ਦੀ ਮਾਰਕਿਟ ਹਰ ਸ਼ਹਿਰ ਵਿਚ ਅਲੱਗ ਅਲੱਗ ਹੈ। ਕਹਿਣ ਦਾ ਭਾਵ ਇਹ ਹੈ ਕਿ ਤੁਹਾਡੇ ਆਪਣੇ ਸ਼ਹਿਰ ਵਿਚ ਘਰਾਂ ਦੀ ਮਾਰਕਿਟ ਦੀ ਹਾਲਤ ਬਿਲਕੁਲ ਅਲੱਗ ਹੋ ਸਕਦੀ ਹੈ ਅਤੇ ਕਿਸੇ ਦੂਜੇ ਸ਼ਹਿਰ ਜਾਂ ਕਿਸੇ ਦੂਜੀ ਸਟੇਟ ਜਾਂ ਦੇਸ਼ ਦੇ ਕਿਸੇ ਹੋਰ ਹਿੱਸੇ ਵਿਚ ਬਿਲਕੁਲ ਅਲੱਗ। ਦੂਜੀ ਗੱਲ ਇਹ ਹੈ ਕਿ ਘਰਾਂ ਦੀਆਂ ਕੀਮਤਾਂ ਰੁਜ਼ਗਾਰ ਨਾਲ ਜੁੜੀਆਂ ਹੋਈਆਂ ਹਨ। ਮਿਸਾਲ ਦੇ ਤੌਰ 'ਤੇ ਜੇ ਕਿਸੇ ਨੂੰ ਇਹ ਜਾਪੇ ਕਿ ਉਸ ਦੀ ਨੌਕਰੀ ਖਤਰੇ ਵਿਚ ਹੈ ਤਾਂ ਇਹ ਉਸ ਨੂੰ ਘਰ ਖਰੀਦਣ ਦੇ ਰਾਹ ਤੁਰਨ ਤੋਂ ਹਟਕਣ ਲਈ ਕਾਫੀ ਹੈ। ਮੁੱਕਦੀ ਗੱਲ ਕਿ ਜੇ ਤੁਹਾਡੇ ਇਲਾਕੇ ਵਿਚ ਨੌਕਰੀਆਂ ਦਾ ਹਾਲ ਬਹੁਤਾ ਚੰਗਾ ਨਹੀਂ ਤਾਂ ਫਿਰ ਘਰਾਂ ਦੀਆਂ ਕੀਮਤਾਂ ਵੀ ਮੰਦੇ ਵਿਚ ਹੀ ਹੋਣਗੀਆਂ।

ਪਰ ਇਨ੍ਹਾਂ ਸਾਰੀਆਂ ਗੱਲਾਂ ਦੇ ਬਾਵਜੂਦ ਇਹ ਗੱਲ ਨਿਸ਼ਚੇ ਨਾਲ ਕਹੀ ਜਾ ਸਕਦੀ ਹੈ ਕਿ ਕਿਰਾਏ 'ਤੇ ਲੈਣ ਨਾਲੋਂ ਘਰ ਖਰੀਦਣਾ ਬਿਹਤਰ ਹੈ। ਦਰਅਸਲ ਘਰ ਕਿਰਾਏ 'ਤੇ ਲੈਣਾ ਤੁਹਾਨੂੰ ਕਾਫੀ ਮਹਿੰਗਾ ਵੀ ਪੈ ਸਕਦਾ ਹੈ। ਜੇ ਤੁਸੀਂ ਇਸ ਵੇਲੇ ਘਰ ਖਰੀਦਣ ਦੇ ਯੋਗ ਹੋ ਅਤੇ ਤੁਹਾਡੀ ਆਰਥਿਕ ਹਾਲਤ ਘਰ ਖਰੀਦਣਾ ਸਿਆਣਪ ਦੱਸਦੀ ਹੈ ਤੇ ਤੁਸੀਂ ਇਸ ਘਰ ਵਿਚ ਪੰਜ ਸਾਲ ਰਹਿਣ ਲਈ ਤਿਆਰ ਹੋ ਤਾਂ ਫਿਰ ਇਹ ਵਧੀਆ ਸੌਦਾ ਕਰਨ ਤੋਂ ਤੁਹਾਨੂੰ ਰੋਕਣ ਲਈ ਕੋਈ ਖਾਸ ਕਾਰਨ ਨਜ਼ਰ ਨਹੀਂ ਆਉਂਦਾ।

## ਦੀਰਘਕਾਲੀ ਅਤੇ ਲਘੂਕਾਲੀ ਟੈਕਸ ਫਾਇਦੇ

**ਦੀਰਘਕਾਲੀ ਟੈਕਸ ਫਾਇਦੇ:** ਆਓ ਇਕ ਮਿਸਾਲ ਲੈਂਦੇ ਹਾਂ। ਜੇ ਤੁਸੀਂ 1500 ਡਾਲਰ ਮਾਸਿਕ ਕਿਰਾਇਆ ਦੇ ਰਹੇ ਹੋ ਅਤੇ ਤੁਹਾਡਾ ਮਕਾਨ ਮਾਲਕ ਹਰ ਸਾਲ 5% ਕਿਰਾਇਆ ਵਧਾਉਂਦਾ ਹੈ ਤਾਂ ਪੰਜ ਸਾਲ ਦੇ ਸਮੇਂ ਅੰਦਰ ਤੁਸੀਂ ਇਕ ਲੱਖ ਡਾਲਰ ਅਦਾ ਕਰ ਚੁੱਕੇ ਹੋਵੋਗੇ। ਇਸ ਤੋਂ ਵੀ ਮਾੜੀ ਗੱਲ ਇਹ ਕਿ ਇਕ ਲੱਖ ਡਾਲਰ ਖਰਚਣ ਤੋਂ ਬਾਅਦ ਵੀ ਤੁਹਾਡੇ ਪਾਸ ਦਿਖਾਉਣ ਨੂੰ ਕੁਝ ਵੀ ਨਹੀਂ।

ਅਤੇ ਜੇ ਗੱਲ ਦਿਖਾਉਣ ਜੋਗਾ ਕੁਝ ਵੀ ਨਾ ਹੋਣ ਦੀ ਕਰੀਏ ਤਾਂ ਫਿਰ ਭਲਾ ਕਿਰਾਏ 'ਤੇ ਲਏ ਘਰ ਵਿਚ ਜਿਹੜੇ ਵਾਧੇ ਘਾਟੇ ਤੁਸੀਂ ਕੀਤੇ ਸੀ ਉਨ੍ਹਾਂ ਦਾ ਕੀ ਬਣੇਗਾ? ਅਕਸਰ ਕਿਰਾਏਦਾਰ ਆਪਣੇ ਘਰ ਨਵਾਂ ਰੰਗ ਰੋਗਨ ਕਰ ਲੈਂਦੇ ਹਨ, ਨਵੀਆਂ ਲਾਈਟਾਂ ਲਗਾ ਦਿੰਦੇ ਹਨ, ਕਈ ਵਾਰ ਕਾਰਪੈਟ ਵੀ ਨਵਾਂ ਪਵਾ ਲੈਂਦੇ ਹਨ, ਕੁਝ ਖ਼ੂਬਸੂਰਤ ਫੁੱਲ ਬੂਟੇ ਲਗਾ ਲੈਂਦੇ ਹਨ ਪਰ ਸੋਚੋ ਲਾਇਆ ਪੈਸਾ, ਕੀਤੀ ਮਿਹਨਤ ਅਤੇ ਘਰ ਨੂੰ ਚੰਗਾ ਬਣਾਉਣ ਦਾ ਲਾਭ ਕਿਸ ਨੂੰ ਹੁੰਦਾ ਹੈ? ਤੁਹਾਨੂੰ ਨਹੀਂ ਬਲਕਿ ਮਕਾਨ ਮਾਲਕ ਨੂੰ। ਯੋਗ ਖਰੀਦਦਾਰਾਂ ਨੂੰ ਉਪਲਬਧ ਆਸਾਨ ਕਿਸ਼ਤਾਂ ਅਤੇ ਘੱਟ ਡਾਊਨ ਪੇਮੈਂਟ, ਘਰਾਂ ਦੀਆਂ ਘਟੀਆਂ ਕੀਮਤਾਂ ਅਤੇ ਸਸਤੀਆਂ ਵਿਆਜ਼ ਦਰਾਂ ਦੇ ਹੁੰਦਿਆਂ ਤੁਸੀਂ ਇਸੇ ਰਕਮ ਨੂੰ ਘਰ ਦੀ ਮਾਲਕੀ ਵਿਚ ਬਦਲ ਸਕਦੇ ਸੀ।

ਜੇ 30 ਸਾਲ ਦਾ ਫਿਕਸਡ ਪ੍ਰੋਗਰਾਮ ਵੀ ਲਈਏ, 20% ਡਾਊਨ ਦੇ ਕੇ ਢਾਈ ਲੱਖ ਡਾਲਰ 5.5% ਵਿਆਜ ਦਰ ਨਾਲ ਪ੍ਰਾਪਰਟੀ ਟੈਕਸ ਅਤੇ ਇੰਸ਼ੋਰੈਂਸ ਪਾ ਕੇ ਮਾਹਵਾਰ ਕਿਸ਼ਤ 1850 ਡਾਲਰ ਬਣੇਗੀ। 25% ਦੀ ਟੈਕਸ ਬਰੈਕਿਟ ਨੂੰ ਆਧਾਰ ਮੰਨਦਿਆਂ ਆਪਣਾ ਟੈਕਸ ਲਾਭ ਲੈਣ ਤੋਂ ਬਾਅਦ ਇਹ ਇਸੇ ਹੀ ਸਮੇਂ ਦੌਰਾਨ ਖਰਚੀ ਗਈ ਕਿਰਾਏ ਦੀ ਰਕਮ ਦੇ ਬਰਾਬਰ ਹੋਵੇਗੀ। ਘਰ ਦੇ ਮਾਲਕ ਹੋਣ ਦੇ ਲਾਭ ਕਿਸੇ ਨੂੰ ਦੱਸਣ ਦੀ ਲੋੜ ਨਹੀਂ ਕਿ ਬਹੁਤ ਹੁੰਦੇ ਹਨ। ਕਿਉਂਕਿ ਮਾਰਟਗੇਜ ਹਰ ਮਹੀਨੇ ਦਿੱਤੀ ਜਾ ਰਹੀ ਹੈ ਤਾਂ ਤੁਹਾਡੇ ਨਾਂ ਕੁਝ ਨਾ ਕੁਝ ਰਕਮ ਜ਼ਰੂਰ ਜੁੜਦੀ ਜਾਂਦੀ ਹੈ। ਪੰਜ ਸਾਲ ਦੇ ਅਰਸੇ ਬਾਅਦ ਢਾਈ ਲੱਖ ਡਾਲਰ ਦੀ ਮਾਰਟਗੇਜ ਘਟ ਕੇ 231,150 ਡਾਲਰ ਰਹਿ ਜਾਂਦੀ ਹੈ। ਅਰਥਾਤ 18,850 ਡਾਲਰ ਤੁਹਾਡੇ ਨਾਂ ਜੁੜ ਜਾਂਦੇ ਹਨ।

ਪਰ ਜੇ ਗੱਲ ਕਰੀਏ ਸ਼ੁਰੂ ਦੀ ਮਾਸਿਕ ਅਦਾਇਗੀ ਵਿਚ ਹੋਏ ਵਾਧੇ ਦੀ ਅਤੇ ਅਗਲੇ ਅਪਰੈਲ ਮਹੀਨੇ ਜਾ ਕੇ ਮਿਲਣ ਵਾਲੇ ਟੈਕਸ ਲਾਭ ਦੀ ਤਾਂ ਫਿਰ ਗੱਲ ਕੁਝ ਔਖੀ ਜਾਪਦੀ ਹੈ। ਆਈ.ਆਰ.ਐਸ. ਤੋਂ ਟੈਕਸ ਮਿਲੇਗਾ ਤਾਂ ਜ਼ਰੂਰ ਪਰ ਉਡੀਕ ਕਰਨੀ ਪਵੇਗੀ। ਪਰ ਇਸ ਦਾ ਵੀ ਇਕ ਰਾਹ ਹੈ। ਆਪਣੇ ਖਰੀਦੇ ਨਵੇਂ ਘਰ ਉਤੇ ਮਿਲਣ ਵਾਲੇ ਟੈਕਸ ਲਾਭ ਨੂੰ ਉਡੀਕਣ ਦੀ ਥਾਂ ਤੁਸੀਂ ਇਸ ਨੂੰ ਆਪਣੇ ਪੇਸ਼ਗੀ ਆਮਦਨ ਟੈਕਸ ਵਿਚੋਂ ਘਟਾ ਸਕਦੇ ਹੋ। ਇਸ ਤਰ੍ਹਾਂ ਤੁਹਾਡੇ ਹਰ ਤਨਖਾਹ ਚੈਕ ਵਿਚੋਂ ਟੈਕਸ ਦੀ ਰਕਮ ਘੱਟ ਕੱਟੀ ਜਾਏਗੀ ਅਤੇ ਇੰਜ ਤੁਸੀਂ ਆਪਣੀ ਮਾਰਟਗੇਜ ਦੀ ਨਵੀਂ ਕਿਸ਼ਤ ਨੂੰ ਸਾਲ ਦੇ ਆਉਣ ਵਾਲੇ ਮਹੀਨਿਆਂ ਵਿਚ ਸੌਖਿਆਂ ਅਦਾ ਕਰ ਸਕੋਗੇ। ਕਹਿਣ ਦਾ ਭਾਵ ਇਹ ਹੈ ਕਿ ਅੰਕਲ ਸੈਮ ਨੇ ਤੁਹਾਡਾ ਟੈਕਸ ਲਾਭ ਜੋ ਸਾਲ ਭਰ ਬਿਨਾ ਵਿਆਜ ਰੋਕੀ ਰੱਖਣਾ ਸੀ ਉਹ ਹੁਣ ਤੁਸੀਂ ਨਾਲੋ ਨਾਲ ਕਿਸ਼ਤਾਂ ਵਿਚ ਲਈ ਜਾ ਰਹੇ ਹੋ। ਸੋ ਮੇਰੀ ਤੁਹਾਨੂੰ ਰਾਏ ਇਹ ਹੈ ਕਿ ਘਰ ਖਰੀਦਣ ਤੋਂ ਤੁਰਤ ਬਾਅਦ ਆਪਣੀ ਕੰਪਨੀ ਦੇ ਅਮਲਾ (ਪਰਸੋਨਲ) ਜਾਂ ਲੇਖਾ ਵਿਭਾਗ ਨਾਲ ਗੱਲ ਕਰਕੇ ਆਪਣੇ ਟੈਕਸ ਵਿਦਹੋਲਡਿੰਗ ਦੀ ਰਕਮ ਜ਼ਰੂਰ ਘਟਾ ਲਵੋ ਅਤੇ ਜੇ ਤੁਹਾਡੇ ਤੋਂ ਉਹ ਕਾਰਨ ਪੁੱਛਣ ਤਾਂ ਦੱਸ ਦਿਓ ਕਿ ਤੁਸੀਂ ਹਾਲ ਹੀ ਵਿਚ ਘਰ ਖਰੀਦਿਆ ਹੈ।

ਆਪਣੇ ਟੈਕਸ ਦੀ ਵਿਦਹੋਲਡਿੰਗ ਜਾਂ ਪੇਸ਼ਗੀ ਕਟੌਤੀ ਦਾ ਤੁਸੀਂ ਇਕ ਹੋਰ ਤਰੀਕੇ ਨਾਲ ਵੀ ਪਤਾ ਲਾ ਸਕਦੇ ਹੋ। ਇਹ ਹੈ ਆਮਦਨ ਕਰ ਵਿਭਾਗ ਦੀ ਵੈਬਸਾਈਟ www.irs.gov ਅਤੇ ਤੁਸੀਂ ਇਸ ਸਾਈਟ 'ਤੇ ਆਈ.ਆਰ.ਐਸ. ਦਾ ਪੇਸ਼ਗੀ ਟੈਕਸ ਕਟੌਤੀ ਕੈਲਕੂਲੇਟਰ ਵਰਤ ਸਕਦੇ ਹੋ। ਇਸ ਸੌਖੇ ਜਿਹੇ ਟੂਲ ਦੇ ਜ਼ਰੀਏ ਤੁਸੀਂ ਇਹ ਪਤਾ ਲਾ ਸਕਦੇ ਹੋ ਕਿ ਅਗਾਊਂ ਟੈਕਸ ਕਟੌਤੀ ਵਿਚ ਪਾਏ ਗਏ ਫਰਕ ਨਾਲ ਤੁਹਾਡੇ ਅਗਲੇ ਪੇਅਚੈਕ ਵਿਚ ਕਿੰਨਾ ਵਾਧਾ ਹੋਵੇਗਾ। ਯਾਦ ਰੱਖੋ ਕਿ ਤੁਸੀਂ ਇਸ ਨੂੰ ਆਉਣ ਵਾਲੇ ਰਿਫੰਡ ਦੇ ਨਾਲ ਮੇਚਣਾ ਹੈ ਅਤੇ ਆਪਣੇ ਟੈਕਸ ਸਲਾਹਕਾਰ ਨਾਲ ਇਸ ਬਾਰੇ ਸਲਾਹ ਮਸ਼ਵਰਾ ਕਰ ਲੈਣਾ ਹਮੇਸ਼ਾ ਲਾਹੇਵੰਦ ਰਹਿੰਦਾ ਹੈ।

**ਲਘੂਕਾਲੀ ਲਾਭ:** ਇਸ ਸਮੇਂ ਫੈਡਰਲ ਸਰਕਾਰ ਵਲੋਂ ਉਨ੍ਹਾਂ ਖਰੀਦਦਾਰਾਂ ਨੂੰ 8 ਹਜ਼ਾਰ ਡਾਲਰ ਦਾ ਟੈਕਸ ਕਰੈਡਿਟ ਦਿੱਤਾ ਜਾ ਰਿਹਾ ਹੈ ਜਿਨ੍ਹਾਂ ਨੇ ਘੱਟੋ ਘੱਟ ਪਿਛਲੇ ਤਿੰਨ ਸਾਲਾਂ ਵਿਚ ਕੋਈ ਘਰ ਨਹੀਂ ਖਰੀਦਿਆ। ਇਸ ਬਾਰੇ ਮੈਂ ਆਪਣੇ ਪਿਛਲੇ ਲੇਖ ਵਿਚ ਤਫਸੀਲ ਨਾਲ ਦੱਸ ਚੁੱਕਿਆ ਹਾਂ। ਇਸ ਵੇਲੇ ਜਿਹੜੀ ਬਹੁਤ ਅਹਿਮ ਗੱਲ ਮੈਂ ਤੁਹਾਡੇ ਨਾਲ ਸਾਂਝੀ ਕਰਨੀ ਚਾਹੁੰਦਾ ਹਾਂ ਉਹ ਇਹ ਹੈ ਕਿ ਇਹ ਕਰੈਡਿਟ 30 ਨਵੰਬਰ, 2009 ਤੱਕ ਹੀ ਹੈ।

ਨੈਸ਼ਨਲ ਐਸੋਸੀਏਸ਼ਨ ਆਫ ਰਿਐਲਟਰਜ਼ ਦੇ ਹਾਊਸ ਅਫੋਰਡੇਬਿਲਟੀ ਇੰਡੈਕਸ ਅਨੁਸਾਰ 1970 ਵਿਚ ਇਹ ਸੂਚਕ ਅੰਕ ਸ਼ੁਰੂ ਕੀਤੇ ਜਾਣ ਦੇ ਸਮੇਂ ਤੋਂ ਲੈ ਕੇ ਹੁਣ ਤੱਕ ਘਰ ਇਸ ਸਮੇਂ ਸਭ ਤੋਂ ਵੱਧ ਪਹੁੰਚ ਵਿਚ ਹਨ। ਪਹੁੰਚ ਦਾ ਸੂਚਕ ਅੰਕ ਘਰਾਂ ਦੀਆਂ ਕੀਮਤਾਂ, ਮਾਰਟਗੇਜ ਦੀਆਂ ਵਿਆਜ ਦਰਾਂ ਅਤੇ ਪਰਿਵਾਰਾਂ ਦੀ ਆਮਦਨ ਵਿਚਾਲੇ ਰਿਸ਼ਤੇ ਨੂੰ ਨਾਪਣ ਦਾ ਤਰੀਕਾ ਹੈ। ਮੂਡੀ'ਜ਼ ਇਕਾਨਮੀ ਡਾਟ ਕਾਮ ਦੀ ਇਕ ਰਿਪੋਰਟ ਅਨੁਸਾਰ ਘਰਾਂ ਦੀਆਂ ਕੀਮਤਾਂ ਇਸ ਸਾਲ ਦੇ ਅਖੀਰ ਤੱਕ ਟਿਕ ਜਾਣਗੀਆਂ। ਇਸ ਰਿਪੋਰਟ ਅਨੁਸਾਰ ਦੇਸ਼ ਦੇ 381 ਮੈਟਰੋ ਇਲਾਕਿਆਂ ਵਿਚੋਂ ਕਰੀਬ 62% ਵਿਚ ਘਰਾਂ ਦੀਆਂ ਕੀਮਤਾਂ ਆਪਣੇ ਸਿਖਰ ਤੋਂ ਹੇਠਲੇ ਪੱਧਰ ਤੱਕ ਲਗਾਤਾਰ 10 ਫੀਸਦ ਤੋਂ 30 ਫੀਸਦ ਤੱਕ ਹੇਠਾਂ ਡਿੱਗਦੀਆਂ ਆਈਆਂ ਹਨ। ਜੇ ਤੁਸੀਂ ਕੈਲੀਫੋਰਨੀਆ, ਫਲੋਰਿਡਾ, ਐਰੀਜ਼ੋਨਾ ਅਤੇ ਨੇਵਾਡਾ ਵਿਚ ਘਰ ਖਰੀਦਣਾ ਚਾਹੁੰਦੇ ਹੋ ਤਾਂ ਫਿਰ ਉਥੇ ਪਿਛਲੇ ਕੁਝ ਸਾਲਾਂ ਦੇ ਮੁਕਾਬਲੇ ਪਹੁੰਚ ਯੋਗਤਾ ਕਿਤੇ ਜ਼ਿਆਦਾ ਹੈ।

**ਪਸੰਦ ਕਰਨ ਲਈ ਬਹੁਤੇ ਘਰ:** ਬਹੁਤੇ ਇਲਾਕਿਆਂ ਵਿਚ ਘਰ ਵੇਚਣ ਵਿਚ ਮਹੀਨਿਆਂ ਦਾ ਸਮਾਂ ਲੱਗਦਾ ਹੈ ਜਿਸ ਕਰਕੇ ਵਿਕਣਯੋਗ ਘਰਾਂ ਦੀ ਗਿਣਤੀ ਕਾਫੀ ਜ਼ਿਆਦਾ ਰਹਿੰਦੀ ਹੈ। ਮੰਗ ਅਤੇ ਸਪਲਾਈ ਦੇ ਸਿਧਾਂਤ ਕਰਕੇ ਪਿਛਲੇ ਸਮੇਂ ਵਿਚ ਵਿਕਣ ਲਈ ਘਰ ਬਹੁਤੇ ਰਹੇ ਹਨ ਅਤੇ ਖਰੀਦਦਾਰ ਥੋੜ੍ਹੇ। ਇਸ ਦੀ ਇਕ ਵਜ੍ਹਾ ਲੈਂਡਿੰਗ ਅਦਾਰਿਆਂ ਅਤੇ ਬੈਂਕਾਂ ਵਲੋਂ ਕਰਜ਼ੇ ਦੇਣ ਵਿਚ ਦਿਖਾਇਆ ਜਾ ਰਿਹਾ ਸੰਕੋਚ ਵੀ ਹੈ। ਲੈਂਡਿੰਗ ਅਦਾਰਿਆਂ ਨੂੰ ਮੈਂ ਇਸ ਕਰਕੇ ਕੋਸ ਰਿਹਾ ਹਾਂ ਕਿ ਉਹ ਕਰਜ਼ਦਾਰ ਨੂੰ ਪੈਸਾ ਦੇਣ ਵਿਚ ਬਹੁਤ ਹੀ ਜ਼ਿਆਦਾ ਸੰਕੋਚ ਵਰਤ ਰਹੇ ਹਨ। ਇਨ੍ਹਾਂ ਸ਼ਾਹੂਕਾਰਾਂ ਦੀਆਂ ਸ਼ਰਤਾਂ ਇੰਨੀਆਂ ਸਖ਼ਤ ਹਨ ਕਿ ਇਕ ਅਨੁਭਵੀ ਲੋਨ ਅਫਸਰ ਹੋਣ ਦੇ ਬਾਵਜੂਦ ਕਈ ਵਾਰ ਮੈਂ ਵੀ ਬੈਂਕਾਂ ਵਲੋਂ ਰੱਖੀਆਂ ਗਈਆਂ ਸ਼ਰਤਾਂ ਉਤੇ ਖਫਾ ਹੋ ਜਾਂਦਾ ਹਾਂ। ਪਰ ਜੇ ਤੁਸੀਂ ਕਰਜ਼ਾ ਲੈਣ ਦੇ ਯੋਗ ਹੋ ਤਾਂ ਫਿਰ ਤੁਹਾਨੂੰ ਕਿਸੇ ਨਾ ਕਿਸੇ ਲੈਂਡਿੰਗ ਅਦਾਰੇ ਤੋਂ ਕਰਜ਼ਾ ਮਿਲ ਹੀ ਜਾਏਗਾ। ਸਾਡੀ ਮਾਰਟਗੇਜ ਸਨਅਤ ਵਿਚ ਅੱਜ ਕੱਲ ਇਹ ਖਬਰ ਵੀ ਫਿਰ ਰਹੀ ਹੈ ਕਿ ਲੈਂਡਰ ਘਰਾਂ ਦੀ ਫੋਰਕਲੋਜ਼ਿੰਗ ਕਰਨ ਲਈ ਕਾਹਲੇ ਨਹੀਂ ਹਨ ਕਿਉਂਕਿ ਉਨ੍ਹਾਂ ਪਾਸ ਫੋਰਕਲੋਜ਼ ਕੀਤੇ ਘਰਾਂ ਦੀ ਸਾਂਭ ਸੰਭਾਲ ਲਈ ਲੋੜੀਂਦਾ ਸਟਾਫ ਨਹੀਂ ਹੈ। ਇਸ ਕਰਕੇ ਲੈਂਡਰ ਘਰ ਦੇ ਮਾਲਕ ਨੂੰ ਵੱਧ ਤੋਂ ਵੱਧ ਸਮਾਂ ਘਰ ਵਿਚ ਰੱਖੀ ਰੱਖਣਾ ਚਾਹੁੰਦੇ ਹਨ। ਇਸ ਨਾਲ ਕੁਝ ਇਲਾਕਿਆਂ ਵਿਚ ਵਿਕਰੀਯੋਗ ਘਰਾਂ ਦੀ ਗਿਣਤੀ ਘਟ ਜਾਏਗੀ ਜਿਸ ਨਾਲ ਕੀਮਤਾਂ ਵਧ ਸਕਦੀਆਂ ਹਨ। ਸੋ ਮੁੱਦੇ ਦੀ ਗੱਲ ਇਹ ਹੈ ਕਿ ਜੇ ਤੁਹਾਡੇ ਪਾਸ ਬੱਝਵੀਂ ਆਮਦਨ ਹੈ ਅਤੇ ਤੁਹਾਡੇ ਪਾਸ ਡਾਊਨ ਪੇਮੈਂਟ ਦੇਣ ਲਈ ਕੁਝ ਰਕਮ ਮੌਜੂਦ ਹੈ ਤਾਂ ਫਿਰ ਕਿਰਾਏ 'ਤੇ ਘਰ ਲੈਣ ਦੀ ਥਾਂ ਘਰ ਖਰੀਦਣ ਵਿਚ ਹੀ ਸਿਆਣਪ ਹੈ।

ਇਹ ਲੇਖ ਖਤਮ ਕਰਨ ਤੋਂ ਪਹਿਲਾਂ ਮੈਂ ਤੁਹਾਨੂੰ ਇਕ ਖੁਸ਼ਖਬਰੀ ਦੇਣਾ ਚਾਹੁੰਦਾ ਹਾਂ। ਮੈਨੂੰ ਹਾਲ ਹੀ ਵਿਚ ਪਤਾ ਲੱਗਾ ਹੈ ਕਿ ਵਿਧਾਨਕਾਰ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਮਿਲਣ ਵਾਲਾ 8 ਹਜ਼ਾਰ ਡਾਲਰ ਦਾ ਫੈਡਰਲ ਟੈਕਸ ਕਰੈਡਿਟ 30 ਜੂਨ, 2010 ਤੱਕ ਵਧਾਉਣਾ ਚਾਹੁੰਦੇ ਹਨ। ਉਂਜ ਇਹ ਕਰੈਡਿਟ 30 ਨਵੰਬਰ, 2009 ਨੂੰ ਖਤਮ ਹੋ ਜਾਣਾ ਹੈ। ਅਗਲੇ ਲੇਖ ਵਿਚ ਮੈਂ ਹੋਰ ਵਿਸਥਾਰ ਨਾਲ ਲਿਖਾਂਗਾ, ਪੰਜਾਬ ਟਾਈਮਜ਼ ਪੜ੍ਹਨਾ ਜਾਰੀ ਰੱਖੋ।

ਜੇ ਕਿਸੇ ਨੂੰ ਇਸ ਲੇਖ ਬਾਰੇ ਕੋਈ ਸਵਾਲ ਹੋਵੇ ਤਾਂ ਮੇਰੇ ਨਾਲ ਫੋਨ 559-908-6070 ਜਾਂ ਹੇਠਾਂ ਦਿੱਤੇ ਈ-ਮੇਲ ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ:

bj@usmortgagecenter.com


**Homeopathic Systems for Health Treatment**

**When you are tired of all treatments for any disease at any age**

**Try homeopathic, systems of treatment**

ਅਰਥਰਾਈਟਸ, ਦਮਾ, ਸੁਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ

You can get all Homeopathic, Ayurvedic, Biochemic medicines at economical prices.

www.homeomedicine.net

Consultant /Practitioner

**GURDIP SINGH SANDHU**

DHMS, Hons, BAMS, MDEH, 30 Years experience

Working as per ACT.SB-577 State of CA.

CALL: TOLL FREE: 877-OK-HOMEO

(877-654-6636)OFFICE: 408-729-6691

E-mail: Homeomedicine@yahoo.com



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ




# ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

**ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ**

**ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ**

**ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ**

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



**Global Multi Services**

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



*Rajinder Singh*

Insurance Lic No. 0G73739

**RAM Commercial Insurance**

High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant

Financing Available For Buying Trucks

**Cell:(510) 557-6988, Ph:209-982-9996**

ੴ ੴ

ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ
ਹਿੰਦੂ ਮੁਸਲਮਾਨ ਦੁਹਿ ਦਰਗਹਿ ਅੰਦਰ ਲਹਨਿ ਨ ਢੋਈ
–ਭਾਈ ਗੁਰਦਾਸ

# 'ਪੰਜਾਬ ਟਾਈਮਜ਼' ਦੇ ਪਾਠਕਾਂ ਨੂੰ ਸੱਚ ਦਾ ਹੋਕਾ ਦੇਣ ਵਾਲੇ ਪ੍ਰਥਮ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦੀ

# ਲੱਖ–ਲੱਖ ਵਧਾਈ

**For All Your Mortgage Needs and Informed Decisions Contact:**

**Baljeet "BJ" Singh**
**Vice President**
**Phone: (559) 222-3100**
**Fax: (559) 222-4791**
**Toll Free: (888) 224-8762**
**Cell: (559) 908-6070**



# US MORTGAGE CENTER


**1241 E. Shaw Avenue, Fresno, CA 93710**

bj@usmortgagecenter.com www.usmortgagecenter.com

# ਬੇਕਰਜ਼ਫੀਲਡ ਵਿਚ ਸਜਿਆ ਸ਼ਾਨਦਾਰ ਨਗਰ ਕੀਰਤਨ

**ਬੇਕਰਜ਼ਫੀਲਡ (ਮਨਦੀਪ ਮਾਨ):** ਪੰਜਾਬੀਆਂ ਅਤੇ ਖਾਸ ਕਰ ਸਿੱਖਾਂ ਦੀ ਸੰਘਣੀ ਵਸੋਂ ਵਾਲੇ ਕੈਲੀਫੋਰਨੀਆ ਦੇ ਇਸ ਸ਼ਹਿਰ ਵਿਚ ਲੰਘੇ ਐਤਵਾਰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਮੁੱਖ ਰੱਖ ਕੇ ਨਗਰ ਕੀਰਤਨ ਸਜਾਇਆ ਗਿਆ ਜਿਸ ਵਿਚ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀਆਂ ਭਰ ਕੇ ਜੀਵਨ ਸਫਲਾ ਕੀਤਾ। ਗੁਰਦੁਆਰਾ ਸਾਹਿਬ ਵਿਲਸਨ ਰੋਡ ਵਲੋਂ ਕਰਵਾਏ ਗਏ ਇਸ ਨਗਰ ਕੀਰਤਨ ਦੀ ਅਗਵਾਨੀ ਇਕ ਸਜੀ ਹੋਈ ਪਾਲਕੀ ਵਿਚ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਕਰ ਰਹੇ ਸਨ। ਪੰਜ ਪਿਆਰੇ ਅੱਗੇ ਅੱਗੇ ਚੱਲ ਰਹੇ ਸਨ। ਇਲਾਹੀ ਬਾਣੀ ਦਾ ਕੀਰਤਨ ਮਾਹੌਲ ਨੂੰ ਵਿਸਮਾਦੀ ਬਣਾ ਰਿਹਾ ਸੀ। ਸੰਗਤਾਂ ਵਾਹਿਗੁਰੂ ਦਾ ਜਾਪ ਕਰਦਿਆਂ ਗੁਰੂ ਮਹਾਰਾਜ ਦੇ ਪਿਛੇ ਚੱਲ ਰਹੀਆਂ ਸਨ।

ਨਗਰ ਕੀਰਤਨ ਵਿਚ ਗੁਰਦੁਆਰਾ ਪ੍ਰਬੰਧਕਾਂ ਤੋਂ ਇਲਾਵਾ ਪੰਜਾਬੀ ਭਾਈਚਾਰੇ ਦੇ ਬਹੁਤ ਸਾਰੇ ਆਗੂ ਅਤੇ ਵੱਖ ਵੱਖ ਸਰਕਾਰੀ ਮਹਿਕਮਿਆਂ ਦੇ ਅਧਿਕਾਰੀ ਵੀ ਸ਼ਾਮਲ ਹੋਏ। ਗਤਕੇ ਦੀਆਂ ਟੀਮਾਂ ਮਾਰਸ਼ਲ ਆਰਟ ਦੇ ਜੌਹਰ ਵਿਖਾ ਕੇ ਸੰਗਤਾਂ ਦਾ ਮਨ ਮੋਹ ਰਹੀਆਂ ਸਨ। ਸੰਗਤਾਂ ਦੀ ਸੇਵਾ ਲਈ ਸ਼ਰਧਾਲੂਆਂ ਵਲੋਂ ਥਾਂ ਥਾਂ 'ਤੇ ਵੱਖ ਵੱਖ ਭੋਜਨ ਪਦਾਰਥਾਂ ਦੇ ਲੰਗਰ ਲਾਏ ਗਏ ਸਨ।





ਨਗਰ ਕੀਰਤਨ ਤੋਂ ਪਹਿਲਾਂ ਸਵੇਰ ਵੇਲੇ ਸਜੇ ਦੀਵਾਨ ਵਿਚ ਭਾਈ ਗੁਰਮੁਖ ਸਿੰਘ, ਭਾਈ ਗੁਰਮੇਜ ਸਿੰਘ, ਭਾਈ ਰਾਜਿੰਦਰ ਸਿੰਘ ਦੇ ਰਾਗੀ ਜਥਿਆਂ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਭਾਈ ਗੁਰਪ੍ਰੀਤ ਸਿੰਘ ਅਤੇ ਭਾਈ ਜਸਮੇਰ ਸਿੰਘ ਦੇ ਜਥਿਆਂ ਨੇ ਵੀ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਗੁਰਨਾਮ ਸਿੰਘ ਭੰਡਾਲ ਦੇ ਢਾਡੀ ਜਥੇ ਭਾਈ ਮਨਮੋਹਨ ਸਿੰਘ ਅਤੇ ਸੁਰਿੰਦਰ ਸਿੰਘ ਗਰੇਵਾਲ ਨੇ ਸਿੱਖ ਸ਼ਹੀਦਾਂ ਦੀਆਂ ਵਾਰਾਂ ਗਾ ਕੇ ਸੰਗਤਾਂ ਨੂੰ ਆਪਣਾ ਵਿਰਸਾ ਚੇਤੇ ਕਰਾਇਆ। ਸ੍ਰੀ ਅਨੰਦਪੁਰ ਸਾਹਿਬ ਦੀ ਖਾਲਸਾ ਅਕੈਡਮੀ ਦੇ ਮੁਖੀ ਭਾਈ ਇੰਦਰਪਾਲ ਸਿੰਘ ਖਾਲਸਾ ਅਤੇ ਅਕੈਡਮੀ ਦੇ ਵਿਦਿਆਰਥੀਆਂ ਨੇ ਵੀ ਸ਼ਬਦ ਕੀਰਤਨ ਰਾਹੀਂ ਹਾਜ਼ਰੀ ਲਵਾਈ। ਸਥਾਨਕ ਆਗੂ ਸ. ਨਾਜਰ ਸਿੰਘ ਕੂਨਰ ਨੇ ਸੰਗਤਾਂ ਨੂੰ ਗੁਰਪੁਰਬ ਦੀ ਵਧਾਈ ਦਿੰਦਿਆਂ ਗੁਰੂ ਸਾਹਿਬ ਵਲੋਂ ਦਰਸਾਏ ਗਏ ਰਾਹ 'ਤੇ ਚੱਲਣ ਲਈ ਸਮੂਹ ਸੰਗਤਾਂ ਨੂੰ ਅਪੀਲ ਕੀਤੀ। ਮੰਚ ਸੰਚਾਲਨ ਭਾਈ ਮਨਜੀਤ ਸਿੰਘ ਨੇ ਕੀਤਾ। ਇਸ ਮੌਕੇ ਗੁਰੂ ਘਰ ਦੇ ਸੇਵਾਦਾਰ ਸਿਕੰਦਰ ਸਿੰਘ ਜੱਸੜ, ਰਾਜਿੰਦਰ ਸਿੰਘ ਗਿੱਲ, ਸਿਕੰਦਰ ਸਿੰਘ ਗਰੇਵਾਲ, ਰਾਜਿੰਦਰ ਸਿੰਘ ਢਿੱਲੋਂ, ਤੇਜਿੰਦਰ ਸਿੰਘ ਢਿੱਲੋਂ, ਦਲਜੀਤ ਸਿੰਘ ਕੰਗ, ਦਲਜੀਤ ਸਿੰਘ ਸੰਧੂ, ਗੁਰਮੀਤ ਸਿੰਘ ਸਿੱਧੂ ਅਤੇ ਗੁਰਦਿਆਲ ਸਿੰਘ ਮੱਲ੍ਹੀ ਹਾਜ਼ਰ ਸਨ।

ਨਗਰ ਕੀਰਤਨ ਵਿਚ ਸ਼ਾਮਲ ਹੋਣ ਵਾਲੇ ਪਤਵੰਤੇ ਸੱਜਣਾਂ ਵਿਚ ਬਲਜੀਤ ਸਿੰਘ ਭੁੱਟੋ, ਬਲਜੀਤ ਸਿੰਘ ਨਿਰਵਾਣ, ਭਰਪੂਰ ਸਿੰਘ ਬਰਾੜ, ਸੁੱਖੀ ਘੁੰਮਣ, ਬਹਾਦਰ ਸਿੰਘ ਸ਼ੇਰਗਿੱਲ, ਵਿਨੋਦ ਕੰਬੋਜ, ਬਲਵਿੰਦਰ ਸਿੰਘ ਬਰਾੜ, ਡਾ. ਧੰਨਾ ਸਿੰਘ ਬਾਜਵਾ, ਮੇਜਰ ਸਿੰਘ ਚੌਹਾਨ, ਮਨਮੀਤ ਸਿੰਘ, ਤਨਜੀਤ ਸਿੰਘ, ਜੋਬਨਜੀਤ ਸਿੰਘ, ਬੌਬੀ ਸਿੰਘ, ਜਗਦੀਸ਼ ਸਿੰਘ ਢਿੱਲੋਂ, ਹਰਿੰਦਰ ਸਿੰਘ ਬੈਂਸ, ਸੁਖਵਿੰਦਰ ਕੰਬੋਜ, ਰਵਿੰਦਰ ਕੰਬੋਜ ਅਤੇ ਹੋਰ ਬਹੁਤ ਸਾਰੇ ਸੱਜਣ ਸ਼ਾਮਲ ਸਨ।

ਨਗਰ ਕੀਰਤਨ ਨੂੰ ਮੁੱਖ ਰੱਖਦਿਆਂ ਗੁਰੂ ਘਰ ਦੇ ਅਹਾਤੇ ਵਿਚ ਵੱਖ ਵੱਖ ਤਰ੍ਹਾਂ ਦੇ ਸਟਾਲ ਲੱਗੇ ਹੋਏ ਸਨ ਜਿਨ੍ਹਾਂ ਤੋਂ ਕਿਤਾਬਾਂ, ਕੜਿਆਂ, ਕੰਬਲਾਂ, ਚੂੜੀਆਂ ਅਤੇ ਤਸਵੀਰਾਂ ਦੀ ਖਰੀਦੋ ਫਰੋਖਤ ਲੋਕਾਂ ਨੇ ਕੀਤੀ।






















# ਪੰਜਾਬੀਆਂ ਦੀ ਸੰਘਣੀ ਵਸੋਂ ਵਾਲਾ ਸ਼ਹਿਰ ਬੇਕਰਜ਼ਫੀਲਡ

**ਮਨਦੀਪ ਮਾਨ**

ਬੇਕਰਜ਼ਫੀਲਡ ਅਮਰੀਕਾ ਦੇ ਉਨ੍ਹਾਂ ਸ਼ਹਿਰਾਂ ਵਿਚੋਂ ਇਕ ਹੈ ਜਿਥੇ ਪੰਜਾਬੀਆਂ ਦੀ ਸੰਘਣੀ ਵਸੋਂ ਹੈ। ਬੇਕਰਜ਼ਫੀਲਡ ਸ਼ਹਿਰ 1858 ਵਿਚ ਹੋਂਦ ਵਿਚ ਆਇਆ ਅਤੇ ਇਸ ਦਾ ਨਾਂ ਕਰਨਲ ਥਾਮਸ ਬੇਕਰ ਨੇ ਰੱਖਿਆ। 1776 ਵਿਚ ਮੈਕਸਿਕਨ ਮਿਸ਼ਨਰੀ ਫਾਦਰ ਪੀਦਰੋ ਫਰਾਂਸਿਸਕੋ ਨੇ ਸੈਂਟਰ ਵੈਲੀ ਦੀ



*ਮਨਦੀਪ ਮਾਨ*

ਖੋਜ ਕੀਤੀ ਅਤੇ ਇਸ ਇਲਾਕੇ ਵਿਚ ਮਨੁੱਖੀ ਵਸੋਂ ਦੇ ਨਿਸ਼ਾਨ ਲੱਭੇ। ਕਰਨਲ ਥਾਮਸ ਵਲੋਂ ਸ਼ਹਿਰ ਦਾ ਨਾਂ ਰੱਖੇ ਜਾਣ ਤੋਂ ਬਾਅਦ ਇਥੇ ਇਕ ਟੈਲੀਗ੍ਰਾਫ ਦਫਤਰ, ਦੋ ਸਟੋਰ, ਇਕ ਡਾਕਟਰ, ਇਕ ਵਕੀਲ, ਇਕ ਵੈਗਨ ਸ਼ਾਪ, ਇਕ ਨਾਈ ਦੀ ਦੁਕਾਨ ਅਤੇ ਪੰਜਾਹ ਬੱਚਿਆਂ ਦੀ ਪੜ੍ਹਾਈ ਲਈ ਇਕ ਸਕੂਲ ਹੋਂਦ ਵਿਚ ਆਇਆ। ਉਸ ਤੋਂ ਬਾਅਦ ਇਹ ਸ਼ਹਿਰ ਲਗਾਤਾਰ ਤਰੱਕੀ ਦੀਆਂ ਪੌੜੀਆਂ ਚੜ੍ਹਦਾ ਗਿਆ ਅਤੇ ਇਸ ਵੇਲੇ ਕੈਲੀਫੋਰਨੀਆ ਦਾ 13ਵਾਂ ਵੱਡਾ ਸ਼ਹਿਰ ਹੈ। ਇਸ ਸਮੇਂ ਇਸ ਦੀ ਆਬਾਦੀ 406,000 ਦੇ ਕਰੀਬ ਹੈ ਅਤੇ ਇਹ 110 ਵਰਗ ਮੀਲ ਵਿਚ ਫੈਲਿਆ ਹੋਇਆ ਹੈ।

ਬੇਕਰਜ਼ਫੀਲਡ ਦਾ ਪੌਣ-ਪਾਣੀ ਬਿਲਕੁਲ ਪੰਜਾਬ ਵਰਗਾ ਹੈ। ਇਸੇ ਕਰਕੇ ਇਥੇ ਪੰਜਾਬੀਆਂ ਦੀ ਵੱਸੋਂ ਇਕ ਦਮ ਵਧੀ ਸੀ ਪਰ ਇਥੇ ਫਸਲਾਂ ਪੰਜਾਬ ਨਾਲੋਂ ਅਲੱਗ ਤਰ੍ਹਾਂ ਦੀਆਂ ਹੁੰਦੀਆਂ ਹਨ ਜਿਵੇਂ ਬਦਾਮ, ਪਿਸਤਾ, ਅੰਗੂਰ, ਸੰਤਰਾ, ਅਨਾਰ, ਟਮਾਟਰ ਆਲੂ ਆਦਿ।

ਬੇਕਰਜ਼ਫੀਲਡ ਸ਼ਹਿਰ ਕਰਨ ਕਾਊਂਟੀ ਦਾ ਇਕ ਹਿੱਸਾ ਹੈ ਅਤੇ ਪੂਰੀ ਕਰਨ ਕਾਊਂਟੀ ਵਿਚ ਕੋਈ 10-11 ਸ਼ਹਿਰ ਹਨ। ਇਨ੍ਹਾਂ ਵਿਚੋਂ ਪੰਜਾਬੀਆਂ ਦੀ ਵਸੋਂ ਸਭ ਤੋਂ ਵੱਧ ਬੇਕਰਜ਼ਫੀਲਡ ਵਿਚ ਹੈ। ਇਸ ਸਮੇਂ ਇਥੇ ਕੋਈ 17000 ਪੰਜਾਬੀ ਵੱਸਦੇ ਹਨ। ਪੰਜਾਬੀਆਂ ਨੇ ਇਥੇ ਵੀ ਆਪਣੇ ਸੁਭਾਅ ਮੁਤਾਬਕ ਮਿਹਨਤ ਅਤੇ ਤਰੱਕੀ ਕੀਤੀ। ਇਸ ਸਮੇਂ ਬੇਕਰਜ਼ਫੀਲਡ ਵਿਚ ਕਰੀਬ 60 ਫੀਸਦ ਗੈਸ ਸਟੇਸ਼ਨ, ਲਿਕਰ ਸਟੋਰ ਅਤੇ ਹੋਰ ਸਟੋਰ ਪੰਜਾਬੀਆਂ ਦੀ ਮਾਲਕੀ ਵਾਲੇ ਹਨ। ਇਸ ਤੋਂ ਇਲਾਵਾ ਪੰਜਾਬੀ ਖੇਤੀਬਾੜੀ ਅਤੇ ਟਰੱਕਿੰਗ ਦੇ ਬਿਜਨਸ ਵਿਚ ਵੀ ਕਾਫੀ ਅੱਗੇ ਹਨ। ਇਥੋਂ ਦੀਆਂ ਦੋ ਗਾਜਰ ਫੈਕਟਰੀਆਂ ਗਰਿਮਬੇ ਅਤੇ ਬੋਲਟ ਹਾਊਸ ਵੀ ਮਸ਼ਹੂਰ ਹਨ ਜਿਨ੍ਹਾਂ ਨੇ 2500 ਤੋਂ ਵੱਧ ਪੰਜਾਬੀਆਂ ਨੂੰ ਰੁਜ਼ਗਾਰ ਦਿੱਤਾ ਹੋਇਆ ਹੈ।


ਜੇ ਬੇਕਰਜ਼ਫੀਲਡ ਵਿਚ ਪੰਜਾਬੀ ਬਥੇਰੇ ਹਨ ਅਤੇ ਇਨ੍ਹਾਂ 'ਚੋਂ ਬਹੁਤੀ ਗਿਣਤੀ ਸਿੱਖਾਂ ਦੀ ਹੈ ਤਾਂ ਫਿਰ ਇਥੇ ਗੁਰਦੁਆਰੇ ਵੀ ਹੋਣੇ ਹੀ ਸਨ। ਇਸ ਸਮੇਂ ਸ਼ਹਿਰ ਵਿਚ ਚਾਰ ਗੁਰੂ ਘਰ ਹਨ। ਜਿਥੇ ਆਮ ਕਰਕੇ ਅਮਨ ਅਮਾਨ ਰਹਿੰਦਾ ਹੈ ਪਰ ਕਈ ਵਾਰ ਚੌਧਰ ਪਿਛੇ ਡਾਂਗ ਸੋਟਾ ਵੀ ਖੜ੍ਹਕ ਜਾਂਦਾ ਹੈ ਜੋ ਪੰਜਾਬੀਆਂ ਦੇ ਸੁਭਾਅ ਦੀ ਨਿਸ਼ਾਨੀ ਹੈ। ਹਰ ਸਾਲ ਇਥੇ ਵੱਖੋ ਵੱਖ ਗੁਰਪੁਰਬਾਂ ਮੌਕੇ ਨਗਰ ਕੀਰਤਨ ਵੀ ਕੱਢੇ ਜਾਂਦੇ ਹਨ। ਸ਼ਹਿਰ ਵਿਚ ਸ਼ਾਮ ਨੂੰ ਤਫਰੀਹ ਲਈ ਮਿੰਗ ਲੇਕ ਨਾਂ ਦੀ ਜਗ੍ਹਾ ਹੈ ਜਿਥੇ ਅਕਸਰ ਪ੍ਰੇਮੀ ਵੀ ਮਿਲਣ ਲਈ ਇਕੱਠੇ ਹੁੰਦੇ ਹਨ। ਕਈ ਪਾਰਕਾਂ ਵੀ ਹਨ ਜਿਥੇ ਪੰਜਾਬੀ ਬਜ਼ੁਰਗ ਅਕਸਰ ਤਾਸ਼ ਕੁੱਟਦੇ ਵੇਖੇ ਜਾ ਸਕਦੇ ਹਨ। ਪੰਜਾਬੀਆਂ ਵਲੋਂ ਸਭਿਆਚਾਰਕ ਪ੍ਰੋਗਰਾਮ ਵੀ ਵੱਖੋ ਵੱਖ ਮੌਕਿਆਂ 'ਤੇ ਕਰਵਾਏ ਜਾਂਦੇ ਹਨ।

ਪ੍ਰਥਮ ਪਾਤਸ਼ਾਹੀ ਦੇ ਪ੍ਰਕਾਸ਼ ਪੁਰਬ 'ਤੇ ਪੰਜਾਬ ਟਾਈਮਜ਼ ਵਲੋਂ ਖਾਸ ਬੇਕਰਜ਼ਫੀਲਡ ਲਈ ਕੱਢੇ ਗਏ ਇਸ ਸਪਲੀਮੈਂਟ ਦੌਰਾਨ ਬਿਜਨਸਮੈਨ ਸੱਜਣਾਂ ਵਲੋਂ ਮਿਲੇ ਸਹਿਯੋਗ ਲਈ ਮੈਂ ਬਹੁਤ ਧੰਨਵਾਦੀ ਹਾਂ। ਉਮੀਦ ਕਰਦਾ ਹਾਂ ਕਿ ਇਹ ਸਹਿਯੋਗ ਇਸੇ ਤਰ੍ਹਾਂ ਜਾਰੀ ਰਹੇਗਾ। ਮੇਰੇ ਨਾਲ ਸੰਪਰਕ ਫੋਨ 661-889-1927 'ਤੇ ਕੀਤਾ ਜਾ ਸਕਦਾ ਹੈ।










ਸਤਿਗੁਰੁ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ ॥
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਿਪੇ ਅੰਧੇਰੁ ਪਲੋਆ ॥
ਧੰਨ ਧੰਨ
ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਪ੍ਰਕਾਸ਼ ਉਤਸਵ ਤੇ
ਸਮੂਹ ਸਿੱਖ ਜਗਤ ਅਤੇ
ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ
ਲੱਖ ਲੱਖ ਵਧਾਈ
• Decals • Color Poster • Banner • Vehicle Wraps • Full Color Digital Printing
• Magnetic Sign • Store Front • Logo Design • Truck Trip Sheet • Restaurant Menus
• Image Editing Invitation Cards & All kinds of Advertisement Printing
ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ, ਲੋਗੋ ਡਿਜ਼ਾਇਨ, ਫੁੱਲ ਕਲਰ ਪਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ ।
ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ
Specialized in English, Spanish, Hindi & Punjabi
Quik Signs
Signs * Graphics * Wraps
*661-703-8795 *661-900-7357
tanjit5020@yahoo.com manmit5020@yahoo.com
WWW.QUIKSIGNS.US



ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਜਨਮ ਦਿਹਾੜੇ ਤੇ
ਸਮੂਹ ਸਿੱਖ ਸੰਗਤਾਂ ਨੂੰ
ਲੱਖ ਲੱਖ ਵਧਾਈ
Hardam Aulakh
L&R TRUCK LINE
6802 Grasstknob St. Bakersfield CA 93313
(C):661.496.2536 (O):661.663.3338


ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ
ਤੇ ਸਾਰੀਆਂ ਸਿੱਖ ਸੰਗਤਾਂ ਨੂੰ ਲੱਖ ਲੱਖ ਵਧਾਈ
PAL
DIAMOND TRANSPORT
11813 Stonington St.
Bakersfield CA 93312
661.979.7337


ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਤੇ ਸਮੂਹ ਸਿੱਖ ਸੰਗਤਾਂ
ਲੱਖ ਲੱਖ ਵਧਾਈ ਹੋਵੇ ਜੀ
NEW YORK LIFE
ਆਪਣੇ ਅਤੇ ਆਪਣੇ ਪਰਿਵਾਰ ਲਈ
ਵਧੀਆ ਕੁਆਲਿਟੀ ਅਤੇ
ਸਸਤੀ ਦਰਾਂ ਤੇ
ਲਾਈਫ ਅਤੇ ਮੈਡੀਕਲ ਇੰਸ਼ੋਰੈਂਸ
ਲੈਣ ਲਈ
ਹਮੇਸ਼ਾ ਯਾਦ ਰੱਖੋ
ਮੇਜਰ ਸਿੰਘ ਚੌਹਾਨ
(ਨਿਊਯਾਰਕ ਲਾਈਫ ਇੰਸ਼ੋਰੈਂਸ)
Major Singh Chauhan
AGENT
CA Ins. Lic #0D36632
New York Life Insurance Company
Cell : 916-337-1683
Off : 510-624-4190
: 916-983-4890
Fax : 916-984-0110
39650 Liberty St. #200 Fremont CA 94538
mschauhan@ft.newyorklife.com
The Company You Keep



ੴ ਸਤਿਗੁਰ ਪ੍ਰਸਾਦਿ
ਦੁਨੀਆਂ ਦੇ ਕੋਨੇ ਕੋਨੇ ਵਿਚ ਵੱਸਦੀ ਸਮੂਹ ਸਿੱਖ ਸੰਗਤ ਨੂੰ
ਸ੍ਰੀ ਗੁਰੂ ਨਾਨਕ ਦੇਵ ਜੀ ਦੇ 540ਵੇਂ ਆਗਮਨ ਪੁਰਬ ਦੀ
ਲੱਖ ਲੱਖ ਵਧਾਈ ਹੋਵੇ
Rajinder Gill
661-703-6832
Ranjit Singh Mundi
661-706-8385
2401 A White Ln., Bakersfield CA 93304
Tel: 661-834-1900
Fax: 661-396-1949


ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਜਨਮ ਦਿਹਾੜੇ ਤੇ
ਸਮੂਹ ਸਿੱਖ ਸੰਗਤਾਂ ਨੂੰ
ਲੱਖ ਲੱਖ ਵਧਾਈ
ALL INDIA
Sweets & Groceries
Vegetarian Lunch & dinner buffet
Specializing in All Indian Mithais
Sukwinder Kamboj
1715 S. Real Road
Bakersfield CA 93309
661.832.3900
Freshly prepared everday!
Ravinder Kamboj
3150 Panama Lane Suite K
Bakersfield CA 93313
661.835.8930


ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਜਨਮ ਦਿਹਾੜੇ ਤੇ ਸਮੂਹ ਸਿੱਖ ਜਗਤ ਨੂੰ
ਲੱਖ ਲੱਖ ਵਧਾਈ
DOSANJH BROTHERS FARMS
BAKERSFIELD CA
DOSANJH
BROS. & SONS
Parmjit S. Dosanjh ◎ Kulwinder S. Dosanjh
Baljit S. Dosanjh ◎ Narinder S. Dosanjh
661.333.2005


ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣੁ ਹੋਆ
ਜਿਉ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਦੇਰ ਪਲੋਆ
ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਤੇ ਪੰਜਾਬ ਟਾਈਮਜ਼ ਦੇ ਪਾਠਕਾਂ
ਅਤੇ ਸਮੂਹ ਸਿੱਖ ਸੰਗਤਾਂ ਨੂੰ ਲੱਖ ਲੱਖ ਵਧਾਈ
ਵਲੋਂ
Raj Bhalwaan
513.478.4701
Sandeep Dhaliwal
513.226.0020
Jassa Nahal
513.435.1095
CINCINNATI-OH


ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਤੇ
ਪੰਜਾਬ ਟਾਈਮਜ਼ ਦੇ ਪਾਠਕਾਂ ਅਤੇ
ਸਮੂਹ ਸਿੱਖ ਸੰਗਤਾਂ ਨੂੰ ਲੱਖ ਲੱਖ ਵਧਾਈ
LOS AMIGOS LIQUOR
350 Central Ave
Shafter CA
661.746.4584
DOLLAR FOR LESS
252 Central Ave
Shafter CA
661.746.6393
Bharpur Brar
661.910.3677
Babbu Brar
661.330.1921


ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਜਨਮ ਦਿਹਾੜੇ ਤੇ ਸਮੂਹ ਸਿੱਖ ਸੰਗਤਾਂ ਨੂੰ
ਲੱਖ ਲੱਖ ਵਧਾਈ
Sunny Bathh & Jessy Bathh
BRIGHT TOUCH
New Fashion
Draperies
Curtains
Fabrics
Jewelry
Alterations
3400 Panama Ln. # E (Near Albertsons)
Bakersfield CA 93313
661.832.1095 661.978.4491


TRUE ALL IN ONE MACHINE
SMART MONEY EPS
Agents Wanted
FREE
TERMINAL INSTALLATION PROGRAMMING 24/7 SUPPORT
INTRODUCING CONTACTLESS PIN PAD
FREE ATM PLACEMENT
BILL PAYMENT CENTER
PG&E
dish NETWORK
Southern California Gas Company
at&t
bright house
SOUTHERN CALIFORNIA EDISON
comcast
T-Mobile
PREPAID CELLULAR CARD
at&t
Virgin mobile
verizon wireless
T-Mobile
TRACFONE
boost mobile
O2
túyo
0% Activation Fee
PREPAID MASTER CARD
GIFT AND LOYALTY CARD
SMART MONEY EPS & TMS IS A REGISTERED ISO/ISP FOR HSBC BANK USA, NATIONAL ASSOCIATION BUFFALO, NY
CREDIT & DEBIT CARD, FOOD STAMP PROCESSING & CASH BACK OPTION
SMART MONEY EPS.
Cell: 661-364-1942, 661-374-0618, 661-873-8063 Fax: 661-873-8063
sean@smartmoneyeps.com
BAKERSFIELD CA 93306
www.smartmoneyeps.com

ਆਸੀਆਨ ਸੰਮੇਲਨ ਸਮੇਂ ਭਾਰਤ ਅਤੇ ਚੀਨ ਦੇ ਪ੍ਰਧਾਨ ਮੰਤਰੀਆਂ ਦੀ ਮੁਲਾਕਾਤ


# ਆਪਸੀ ਸਬੰਧਾਂ 'ਚ ਮਤਭੇਦ ਨੂੰ ਅੜਿੱਕਾ ਨਾ ਬਣਨ ਦੇਣ ਦਾ ਵਚਨ

-ਪੰਜਾਬ ਟਾਈਮਜ਼ ਨਿਊਜ਼ ਸਰਵਿਸ

ਹੂਆ ਹਿਨ (ਥਾਈਲੈਂਡ) :ਦੋਨਾਂ ਦੇਸ਼ਾਂ ਦਰਮਿਆਨ ਤਕਰਾਰ ਦੀਆਂ ਤਮਾਮ ਕਿਆਸਅਰਾਈਆਂ ਨੂੰ ਦਰਕਿਨਾਰ ਕਰਦਿਆਂ ਭਾਰਤ ਅਤੇ ਚੀਨ ਨੇ ਸਹਿਯੋਗ ਵਲ ਵਧਣ ਦੀ ਵਚਨਬੱਧਤਾ ਦੁਹਰਾਈ ਹੈ।

ਅਰੁਣਾਚਲ ਪ੍ਰਦੇਸ਼ ਦੇ ਮੁੱਦੇ 'ਤੇ ਭਾਰਤ-ਚੀਨ ਦਰਮਿਆਨ ਚੱਲ ਰਹੀ ਸ਼ਬਦੀ ਜੰਗ ਨੂੰ ਦਰਕਿਨਾਰ ਕਰਦਿਆਂ ਭਾਰਤੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਚੀਨ ਦੇ ਪ੍ਰਧਾਨ ਮੰਤਰੀ ਵੇਨ ਜਿਆਬਾਓ ਨੇ ਸ਼ਨੀਵਾਰ ਨੂੰ ਸਪਸ਼ਟ ਕੀਤਾ ਕਿ ਦੋਹਾਂ ਦੇਸ਼ਾਂ ਦੇ ਆਪਸੀ ਸਬੰਧਾਂ ਵਿਚ ਕਿਸੇ ਵੀ ਤਰ੍ਹਾਂ ਦੇ ਮਤਭੇਦਾਂ ਨੂੰ ਅੜਿੱਕਾ ਨਾ ਬਣਨ ਦਿੱਤਾ ਜਾਵੇ। ਆਸੀਆਨ ਸੰਮੇਲਨ ਵਿਚ ਦੋਹਾਂ ਦੇਸ਼ਾਂ ਦੇ ਆਗੂਆਂ ਦੀ ਵਧੀਆ ਮਾਹੌਲ ਵਿਚ ਗੱਲਬਾਤ ਹੋਈ। ਇਸ ਮੁਲਾਕਾਤ ਦੌਰਾਨ ਦੋਹਾਂ ਆਗੂਆਂ ਨੇ ਆਪਸੀ ਵਿਸ਼ਵਾਸ, ਸ਼ਾਂਤੀ ਤੇ ਆਪਸੀ ਸਮਝ ਨੂੰ ਮਹੱਤਵ ਦੇਣ ਦੀ ਗੱਲ 'ਤੇ ਜ਼ੋਰ ਦਿੱਤਾ। ਇੱਕ ਘੰਟੇ ਤੱਕ ਚੱਲੀ ਮੀਟਿੰਗ ਵਿਚ ਦੋਹਾਂ ਆਗੂਆਂ ਨੇ ਅਰੁਣਾਚਲ ਪ੍ਰਦੇਸ਼ ਤੇ ਤਿੱਬਤੀ ਆਗੂ ਦਲਾਈਲਾਮਾ ਦੀ ਅਗਲੇ ਮਹੀਨੇ ਪ੍ਰਸਤਾਵਿਤ ਅਰੁਣਾਚਲ ਯਾਤਰਾ ਵਰਗੇ ਮੁੱਦਿਆਂ ਦਾ ਜ਼ਿਕਰ ਵੀ ਨਹੀਂ ਕੀਤਾ। ਡਾ. ਸਿੰਘ ਨੇ ਕਿਹਾ ਕਿ ਦੋਹਾਂ ਧਿਰਾਂ ਨੂੰ ਆਪਣੇ ਸਬੰਧ ਮਜ਼ਬੂਤ ਕਰਨ ਲਈ ਮਜ਼ਬੂਤ ਤੇ ਸਪਸ਼ਟ ਸੋਚ ਦਾ ਪ੍ਰਗਟਾਵਾ ਕਰਨਾ ਚਾਹੀਦਾ ਹੈ।

ਇਸੇ ਦੌਰਾਨ ਭਾਰਤੀ ਵਿਦੇਸ਼ ਮੰਤਰਾਲੇ (ਪੂਰਬੀ) ਦੇ ਸਕੱਤਰ ਐਨ ਰਵੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਦੋਵੇਂ ਆਗੂ ਦੁਵੱਲੇ ਸਬੰਧਾਂ ਦਰਮਿਆਨ ਆ ਰਹੀਆਂ ਮੁਸ਼ਕਲਾਂ ਨਾਲ ਨਜਿੱਠਣ ਲਈ ਆਪਸੀ ਸਬੰਧਾਂ ਨੂੰ ਮਜ਼ਬੂਤ ਕਰਨ 'ਤੇ ਸਹਿਮਤ ਹਨ। ਇਸ ਦੇ ਨਾਲ ਹੀ ਇਨ੍ਹਾਂ ਮਸਲਿਆਂ ਨੂੰ ਗੱਲਬਾਤ ਰਾਹੀਂ ਨਜਿੱਠਣਾ ਵੀ ਦੋਹਾਂ ਦੇਸ਼ਾਂ ਦੀ ਮੁੱਢਲੀ ਲੋੜ ਹੈ। ਦੂਜੇ ਪਾਸੇ ਸ੍ਰੀ ਵੇਨ ਨੇ ਡਾ. ਸਿੰਘ ਤੇ ਚੀਨ ਦੇ ਰਾਸ਼ਟਰਪਤੀ ਹੂ ਜਿਨ ਤਾਓ ਦਰਮਿਆਨ 10 ਸੂਤਰੀ ਰਣਨੀਤੀ 'ਤੇ ਪਿਛਲੇ ਸਾਲ ਜਾਰੀ ਵਿਜ਼ਨ ਦਸਤਾਵੇਜ਼ ਦਾ ਜ਼ਿਕਰ ਵੀ ਕੀਤਾ। ਇਹ ਦਸਤਾਵੇਜ਼ ਸਬੰਧਾਂ ਵਿਚ ਸੁਧਾਰ, ਮੁੱਖ ਰੂਪ ਨਾਲ ਵਪਾਰ ਤੇ ਵਣਜ ਤੇ



ਦੋਨੋਂ ਦੇਸ਼ ਸ਼ਾਂਤੀ ਕਾਇਮ ਰੱਖਣ ਦੇ ਇੱਛੁਕ

ਸਰਹੱਦ 'ਤੇ ਸ਼ਾਂਤੀ ਕਾਇਮ ਰੱਖਣ ਬਾਰੇ ਸੀ। ਸ੍ਰੀ ਵੇਨ ਦੀ ਇਸ ਟਿੱਪਣੀ ਦੇ ਸਬੰਧ ਵਿਚ ਡਾ. ਸਿੰਘ ਨੇ ਕਿਹਾ ਕਿ ਇਸ ਸਮਝੌਤੇ ਨੂੰ ਲਾਗੂ ਕਰਨਾ ਬਹੁਤ ਜ਼ਰੂਰੀ ਹੈ। ਚੀਨ ਦੇ ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ ਦੋਹਾਂ ਧਿਰਾਂ ਨੂੰ ਕੂਟਨੀਤਕ ਸਬੰਧਾਂ ਦੀ 60ਵੀਂ ਵਰ੍ਹੇਗੰਢ ਮੌਕੇ ਦੁਵੱਲੇ ਸਬੰਧਾਂ ਨੂੰ ਉਚਾਈਆਂ 'ਤੇ ਲੈ ਜਾਣ ਲਈ ਵਰਤਣਾ ਚਾਹੀਦਾ ਹੈ। ਡਾ. ਸਿੰਘ ਨੇ ਕਿਹਾ ਕਿ ਦੋਹਾਂ ਦੇਸ਼ਾਂ ਨੂੰ ਕੂਟਨੀਤਕ ਸਬੰਧਾਂ ਦੀ 60ਵੀਂ ਵਰ੍ਹੇਗੰਢ ਉਚਿਤ ਤਰੀਕੇ ਨਾਲ ਮਨਾਉਣੀ ਚਾਹੀਦੀ ਹੈ। ਜਦੋਂ ਕਿ ਸ੍ਰੀ ਵੇਨ ਨੇ ਕਿਹਾ ਕਿ 21ਵੀਂ ਸਦੀ ਏਸ਼ੀਆ ਦੀ ਸਦੀ ਬਣ ਚੁੱਕੀ ਹੈ ਤੇ ਇਸ ਸਦੀ 'ਚ ਵਧ ਤੋਂ ਵਧ ਤਰੱਕੀ ਕਰਨ ਲਈ ਭਾਰਤ ਤੇ ਚੀਨ ਨੂੰ ਇਕਜੁੱਟ ਹੋ ਕੇ ਕੰਮ ਕਰਨਾ ਚਾਹੀਦਾ ਹੈ। ਮੀਟਿੰਗ ਦੌਰਾਨ ਦੋਵਾਂ ਦੇਸ਼ਾਂ ਦੇ ਆਗੂਆਂ ਨੇ ਮੌਸਮੀ ਤਬਦੀਲੀਆਂ, ਵਿਸ਼ਵ ਵਪਾਰ ਤੇ ਵਿੱਤੀ ਸੰਕਟ ਵਰਗੇ ਮੁੱਦਿਆਂ 'ਤੇ ਕੰਮ ਕਰਨ ਦਾ ਇਰਾਦਾ ਵੀ ਪ੍ਰਗਟਾਇਆ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਇਸ ਮੌਕੇ ਚੀਨ ਦੇ ਆਗੂਆਂ ਨਾਲ ਆਪਣੀਆਂ ਪੁਰਾਣੀਆਂ ਮੁਲਾਕਾਤਾਂ ਦਾ ਜ਼ਿਕਰ ਵੀ ਕੀਤਾ ਤੇ ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਆਉਣ ਵਾਲੇ ਸਮੇਂ ਵਿਚ ਵੀ ਸਾਡੇ ਦਰਮਿਆਨ ਇਸ ਤਰ੍ਹਾਂ ਦੇ ਸਬੰਧ ਬਣੇ ਰਹਿਣਗੇ।

ਚੀਨ ਦੀ ਸਰਹੱਦ ਨਾਲ ਜੁੜੇ ਸਵਾਲ ਨੂੰ ਗੁੰਝਲਦਾਰ ਮਾਮਲਾ ਕਰਾਰ ਦਿੰਦਿਆਂ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਇਸ ਮਸਲੇ ਦੇ ਹੱਲ ਤੱਕ ਦੋਹਾਂ ਦੇਸ਼ਾਂ ਨੂੰ ਸ਼ਾਂਤੀ ਤੇ ਜ਼ਿੰਮੇਵਾਰੀ ਵਾਲਾ ਰੁਖ ਅਪਣਾਉਣਾ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਦੋਵਾਂ ਦੇਸ਼ਾਂ ਦਾ ਫਰਜ਼ ਵੀ ਹੈ। ਭਾਰਤ ਤੇ ਪੂਰਬੀ ਏਸ਼ੀਆਈ ਸਿਖਰ ਸੰਮੇਲਨ ਆਸੀਆਨ, 'ਚ ਚੀਨ ਦੇ ਪ੍ਰਧਾਨ ਮੰਤਰੀ ਵੇਨ ਜਿਆਬਾਓ ਨਾਲ ਮੁਲਾਕਾਤ ਕਰਨ ਤੇ ਸਰਹੱਦੀ ਵਿਵਾਦ ਬਾਰੇ ਗੱਲਬਾਤ ਤੋਂ ਇੱਕ ਦਿਨ ਬਾਅਦ ਡਾ. ਸਿੰਘ ਨੇ ਕਿਹਾ ਕਿ ਦੋਵਾਂ ਦੇਸ਼ਾਂ ਦੇ ਵਿਦੇਸ਼ ਮੰਤਰੀ ਇਸ ਮੁੱਦੇ ਨੂੰ ਗੰਭੀਰਤਾ ਨਾਲ ਵਿਚਾਰਨਗੇ। ਆਪਣੀ ਦੋ ਰੋਜ਼ਾ ਯਾਤਰਾ ਦੀ ਸਮਾਪਤੀ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ. ਸਿੰਘ ਨੇ ਕਿਹਾ ਕਿ ਇਸ ਮੁਲਾਕਾਤ ਦੌਰਾਨ ਉਨ੍ਹਾਂ ਚੀਨ ਦੇ ਪ੍ਰਧਾਨ ਮੰਤਰੀ ਨਾਲ ਸਰਹੱਦੀ ਵਿਵਾਦ, ਸਾਂਝੀਆਂ ਨਦੀਆਂ ਨਾਲ ਜੁੜੀਆਂ ਸਮੱਸਿਆਵਾਂ ਤੇ ਤਿੱਬਤੀ ਆਗੂ ਦਲਾਈਲਾਮਾ ਨਾਲ ਸਬੰਧਤ ਮੁੱਦਿਆਂ ਸਮੇਤ ਕਈ ਅਹਿਮ ਮਸਲਿਆਂ ਨੂੰ ਵਿਚਾਰਿਆ ਹੈ। ਡਾ. ਸਿੰਘ ਤੇ ਵੇਨ ਜਿਆਬਾਓ ਦਰਮਿਆਨ ਸ਼ਨੀਵਾਰ ਨੂੰ ਹੋਈ ਮੀਟਿੰਗ ਤੋਂ ਬਾਅਦ ਭਾਰਤੀ ਅਧਿਕਾਰੀਆਂ ਵਲੋਂ ਮੁਹੱਈਆ ਕਰਵਾਈ ਗਈ ਜਾਣਕਾਰੀ ਤੋਂ ਉਲਟ ਪੈਂਤੜਾ ਅਪਣਾਉਂਦਿਆਂ ਡਾ. ਸਿੰਘ ਨੇ ਕਿਹਾ ਕਿ ਦਲਾਈਲਾਮਾ ਭਾਰਤ ਦੇ ਸਨਮਾਨਤ ਮਹਿਮਾਨ ਹਨ, ਜਦੋਂ ਕਿ ਸ਼ਨੀਵਾਰ ਨੂੰ ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਉਨ੍ਹਾਂ ਮੁਲਾਕਾਤ ਦੌਰਾਨ ਦਲਾਈਲਾਮਾ ਦਾ ਮੁੱਦਾ ਨਹੀਂ ਉਠਾਇਆ। ਪਰ ਨਾਲ ਹੀ ਡਾ. ਸਿੰਘ ਨੇ ਕਿਹਾ ਕਿ ਅਸੀਂ ਚੀਨ ਨੂੰ ਸਪਸ਼ਟ ਕਰ ਦਿੱਤਾ ਹੈ ਕਿ ਦਲਾਈਲਾਮਾ ਇਕ ਧਾਰਮਿਕ ਆਗੂ ਹਨ ਤੇ ਅਸੀਂ ਉਨ੍ਹਾਂ ਨੂੰ ਤਿੱਬਤੀ ਸ਼ਰਨਾਰਥੀਆਂ ਦੀਆਂ ਸਿਆਸੀ ਸਰਗਰਮੀਆਂ ਵਿਚ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਦੇਵਾਂਗੇ।

ਡਾ. ਸਿੰਘ ਨੇ ਕਿਹਾ ਕਿ ਅਸੀਂ ਪਿਛਲੇ ਸਾਲ ਓਲੰਪਿਕ ਮਸਾਲ ਰੈਲੀ ਦੌਰਾਨ ਗੜਬੜੀ ਕਰਨ ਦੀ ਯੋਜਨਾ ਬਣਾ ਰਹੇ ਤਿੱਬਤੀ ਸ਼ਰਨਾਰਥੀਆਂ ਖਿਲਾਫ਼ ਸਖਤ ਕਾਰਵਾਈ ਕੀਤੀ ਸੀ, ਜੇਕਰ ਅੱਗੇ ਤੋਂ ਇਸ ਤਰ੍ਹਾਂ ਦੀ ਗੱਲ ਸਾਹਮਣੇ ਆਉਂਦੀ ਹੈ ਤਾਂ ਅਸੀਂ ਦ੍ਰਿੜਤਾ ਨਾਲ ਕਾਰਵਾਈ ਕਰਾਂਗੇ। ਅਰੁਣਾਚਲ ਪ੍ਰਦੇਸ਼ ਵਿਚ ਦਲਾਈਲਾਮਾ ਦੀ ਅਗਲੇ ਮਹੀਨੇ ਹੋਣ ਵਾਲੀ ਪ੍ਰਸਤਾਵਤ ਯਾਤਰਾ ਬਾਰੇ ਪੁੱਛੇ ਜਾਣ 'ਤੇ ਡਾ. ਸਿੰਘ ਨੇ ਕਿਹਾ ਕਿ ਸਾਨੂੰ ਦਲਾਈਲਾਮਾ ਦੀਆਂ ਯੋਜਨਾਵਾਂ ਬਾਰੇ ਕੋਈ ਜਾਣਕਾਰੀ ਨਹੀਂ ਹੈ। ਡਾ. ਸਿੰਘ ਨੇ ਕਿਹਾ ਕਿ ਇਸ ਸੰਮੇਲਨ ਦੌਰਾਨ ਚੀਨ ਦੇ ਪ੍ਰਧਾਨ ਮੰਤਰੀ ਸਾਹਮਣੇ ਬ੍ਰਹਮਪੁੱਤਰ ਨਦੀ 'ਤੇ ਚੀਨ ਵਲੋਂ ਕਥਿਤ ਤੌਰ 'ਤੇ ਬਣਾਏ ਜਾ ਰਹੇ ਬੰਨ੍ਹ ਦਾ ਮੁੱਦਾ ਵੀ ਉਠਾਇਆ ਗਿਆ ਹੈ।

## ਚੀਨ ਨਾਲ ਮਸਲੇ ਨਿਪਟੇ ਜਾ ਸਕਦੇ-ਪ੍ਰਨੀਤ



ਨਿਊਯਾਰਕ: ਭਾਰਤ ਅਤੇ ਇਸ ਦੇ ਗੁਆਂਢੀ ਦੇਸ਼ਾਂ ਵਿਚਾਲੇ ਤਣਾਅ ਨੂੰ ਮੀਡੀਆ ਵਲੋਂ ਵਧਾਅ ਚੜਾਅ ਕੇ ਪੇਸ਼ ਕਰਨ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਵਿਦੇਸ਼ ਰਾਜ ਮੰਤਰੀ ਪ੍ਰਨੀਤ ਕੌਰ ਨੇ ਕਿਹਾ ਹੈ ਕਿ ਭਾਰਤ ਚੀਨ ਅਤੇ ਸਰਹੱਦੀ ਵਿਵਾਦ ਤੋਂ ਡਰਦਾ ਨਹੀਂ ਹੈ ਅਤੇ ਇਨ੍ਹਾਂ ਮੁੱਦਿਆਂ ਨੂੰ ਗੱਲਬਾਤ ਰਾਹੀਂ ਸੁਲਝਾਇਆ ਜਾ ਸਕਦਾ ਹੈ। ਬੀਤੇ ਦਿਨੀਂ ਨਿਊਯਾਰਕ ਦੀ ਸਰਕਾਰੀ ਯਾਤਰਾ 'ਤੇ ਆਈ ਪ੍ਰਨੀਤ ਨੇ ਕਿਹਾ , "ਅਸੀਂ ਚੀਨ ਤੋਂ ਡਰੇ ਨਹੀਂ ਹਾਂ, ਫਿਰ ਵੀ ਮੇਰਾ ਮੰਨਣਾ ਹੈ ਕਿ ਅਸੀਂ ਆਪਣੀ ਤਾਕਤ ਨੂੰ ਲੈ ਕੇ ਬਹੁਤ ਭਰੋਸੇਮੰਦ ਹਾਂ ਪਰ ਨਿਸ਼ਚਿਤ ਤੌਰ 'ਤੇ ਅਸੀਂ ਇਸ ਗੱਲ ਪ੍ਰਤੀ ਵੀ ਭਰੋਸੇਮੰਦ ਹਾਂ ਕਿ ਇਸ ਮੁੱਦੇ ਨੂੰ ਗੱਲਬਾਤ ਜ਼ਰੀਏ ਸੁਲਝਾਇਆ ਜਾ ਸਕਦਾ ਹੈ।" ਵਿਦੇਸ਼ ਰਾਜ ਮੰਤਰੀ ਨੇ ਕਿਹਾ ਕਿ ਚੀਨ ਜੋ ਕੁਝ ਵੀ ਕਰ ਰਿਹਾ ਹੈ, ਉਸ ਨੂੰ ਮੀਡੀਆ ਨੇ ਬਹੁਤ ਵਧਾਅ-ਚੜਾਅ ਕੇ ਪੇਸ਼ ਕੀਤਾ ਹੈ।

ਪ੍ਰਨੀਤ ਨੇ ਇਨ੍ਹਾਂ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰ ਦਿਤਾ ਕਿ ਵਧ ਰਹੇ ਤਣਾਅ 'ਤੇ ਸਖ਼ਤ ਪ੍ਰਤੀਕਿਰਿਆ ਪ੍ਰਗਟ ਨਾ ਕਰ ਕੇ ਭਾਰਤ ਚੀਨ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਉਨ੍ਹਾਂ ਨੇ ਪੱਤਰਕਾਰਾਂ ਨੂੰ ਕਿਹਾ ਕਿ ਸਾਡੇ ਸਬੰਧ ਇੰਨੇ ਵਧੀਆ ਹਨ ਕਿ ਇਨ੍ਹਾਂ ਮੁੱਦਿਆਂ ਨੂੰ ਗੱਲਬਾਤ ਰਾਹੀਂ ਸੁਲਝਾਇਆ ਜਾ ਸਕਦਾ ਹੈ ਅਤੇ ਇਹ ਹੋ ਰਿਹਾ ਹੈ। ਚੀਨ ਵਲੋਂ ਨਕਸ਼ਿਆਂ ਅਤੇ ਮੀਡੀਆ ਕਿੱਟ 'ਚ ਜੰਮੂ-ਕਸ਼ਮੀਰ ਨੂੰ ਵੱਖ ਦੇਸ਼ ਦੇ ਤੌਰ 'ਤੇ ਦਿਖਾਏ ਜਾਣ ਸਬੰਧੀ ਉਨ੍ਹਾਂ ਕਿਹਾ ਕਿ ਕਸ਼ਮੀਰ ਬਾਰੇ ਅਪਣੇ ਖ਼ੁਦਮੁਖ਼ਤਿਆਰੀ ਅਧਿਕਾਰਾਂ ਨੂੰ ਛੱਡਣ ਦਾ ਕਦੇ ਸਵਾਲ ਹੀ ਪੈਦਾ ਨਹੀਂ ਹੋਇਆ। ਅਰੁਣਾਚਲ ਬਾਰੇ ਵੀ ਅਪਣੇ ਅਧਿਕਾਰਾਂ ਨੂੰ ਛੱਡਣ ਦਾ ਸਵਾਲ ਹੀ ਨਹੀਂ ਹੈ। ਮੰਤਰੀ ਨੇ ਕਿਹਾ ਕਿ ਭਾਰਤ ਦੇ ਪ੍ਰਧਾਨ ਮੰਤਰੀਆਂ ਅਤੇ ਵਿਦੇਸ਼ ਮੰਤਰੀਆਂ ਨੇ ਵਾਰ-ਵਾਰ ਦੁਹਰਾਇਆ ਹੈ ਕਿ ਇਹ ਭਾਰਤ ਦਾ ਅਟੁੱਟ ਹਿੱਸਾ ਹੈ ਅਤੇ ਹਮੇਸ਼ਾ ਰਹੇਗਾ।

## ਮਨਮੋਹਨ ਸਿੰਘ ਪਰਿਵਾਰਕ ਮੈਂਬਰਾਂ ਵਾਂਗ : ਓਬਾਮਾ



ਵਾਸ਼ਿੰਗਟਨ :ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਦਾ ਕਹਿਣਾ ਹੈ ਕਿ ਉਹ ਅਗਲੇ ਮਹੀਨੇ ਅਪਣੇ ਪਹਿਲੇ ਸਰਕਾਰੀ ਮਹਿਮਾਨ ਡਾ. ਮਨਮੋਹਨ ਸਿੰਘ ਦੀ ਮੇਜ਼ਬਾਨੀ ਕਰਨ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹਨ ਅਤੇ ਉਹ ਡਾ. ਮਨਮੋਹਨ ਸਿੰਘ ਤੇ ਭਾਰਤ ਨੂੰ ਅਪਣੇ ਪਰਵਾਰ ਦਾ ਹਿੱਸਾ ਮੰਨਦੇ ਹਨ। ਓਬਾਮਾ ਨੇ ਭਾਰਤੀ ਮੂਲ ਦੇ ਅਮਰੀਕੀ ਕਾਰੋਬਾਰੀ ਸੰਤ ਸਿੰਘ ਛਤਵਾਲ ਨੂੰ ਦਸਿਆ ਕਿ ਵਾਈਟ ਹਾਊਸ 24 ਨਵੰਬਰ ਨੂੰ ਡਾ. ਮਨਮੋਹਨ ਸਿੰਘ ਦੀ ਮੇਜ਼ਬਾਨੀ ਦੀਆਂ ਤਿਆਰੀਆਂ 'ਚ ਲੱਗਾ ਹੋਇਆ ਹੈ। ਸੈਨੇਟ ਇੰਡੀਆ ਕਾਕਸ ਦੇ ਮੁਖੀ ਡੈਮੋਕ੍ਰੇਟਿਕ ਸੰਸਦ ਮੈਂਬਰ ਕ੍ਰਿਸਟੋਫ਼ਰ ਡਾਡ ਨਾਲ ਅਮਰੀਕਾ ਦੇ ਰਾਸ਼ਟਰਪਤੀ ਨਾਲ ਮੁਲਾਕਾਤ ਕਰਨ ਵਾਲੇ ਸੰਤ ਸਿੰਘ ਛਤਵਾਲ ਨੇ ਓਬਾਮਾ ਦੇ ਹਵਾਲੇ ਨਾਲ ਕਿਹਾ,"ਇਸੇ ਕਾਰਨ ਡਾ. ਮਨਮੋਹਨ ਸਿੰਘ ਜਿਨ੍ਹਾਂ ਦੀ ਮੈਂ ਬਹੁਤ ਪ੍ਰਸ਼ੰਸਾ ਕਰਦਾ ਹਾਂ, ਨੂੰ ਅਪਣੇ ਪ੍ਰਸ਼ਾਸਨ ਦੇ ਪਹਿਲੇ ਸਰਕਾਰੀ ਮਹਿਮਾਨ ਵਜੋਂ ਸੱਦਾ ਦਿਤਾ ਹੈ।" ਛਤਵਾਲ ਨੇ ਦਸਿਆ, "ਓਬਾਮਾ ਨੇ ਮੈਨੂੰ ਕਿਹਾ ਕਿ ਉਹ ਭਾਰਤ ਅਤੇ ਡਾ. ਮਨਮੋਹਨ ਸਿੰਘ ਨੂੰ ਅਪਣੇ ਪਰਵਾਰ ਦਾ ਹਿੱਸਾ ਮੰਨਦੇ ਹਨ। ਇਹ ਅਜਿਹਾ ਹੈ, ਜਿਸ ਨੂੰ ਸੁਣ ਕੇ ਮੈਨੂੰ ਬਹੁਤ ਹੀ ਮਾਣ ਮਹਿਸੂਸ ਹੋਇਆ। ਉਨ੍ਹਾਂ ਮੈਨੂੰ ਕਿਹਾ ਕਿ ਇਹ ਸਿਰਫ਼ ਪਹਿਲਾ ਸਰਕਾਰੀ ਰਾਤ ਦਾ ਖਾਣਾ ਨਹੀਂ ਹੋਵੇਗਾ ਸਗੋਂ ਪਰਵਾਰਕ ਰਾਤ ਦਾ ਖਾਣਾ ਹੋਵੇਗਾ।" ਅਮਰੀਕੀ ਸਭਿਆਚਾਰ ਵਿਚ ਸਿਰਫ਼ ਪਰਵਾਰਕ ਮੈਂਬਰਾਂ ਨੂੰ "ਥੈਂਕਸ ਗਿਵਿੰਗ ਡੇ" ਮੌਕੇ ਰਾਤ ਦੇ ਖਾਣੇ 'ਤੇ ਸੱਦਿਆ ਜਾਂਦਾ ਹੈ। ਇਹ ਦਿਨ ਨਵੰਬਰ ਦੇ ਚੌਥੇ ਵੀਰਵਾਰ ਨੂੰ ਮਨਾਇਆ ਜਾਂਦਾ ਹੈ। ਛਤਵਾਲ ਨੇ ਦਸਿਆ ਕਿ ਥੈਂਕਸ ਗਿਵਿੰਗ ਡੇ ਤੋਂ ਇਕ ਦਿਨ ਪਹਿਲਾਂ ਹੀ ਡਾ. ਮਨਮੋਹਨ ਸਿੰਘ ਨੇ ਅਮਰੀਕਾ ਪੁੱਜਣਾ ਹੈ। ਛਤਵਾਲ ਨੇ ਕਿਹਾ, "ਓਬਾਮਾ ਨੇ ਇਹ ਵੀ ਦਸਿਆ ਕਿ ਅਮਰੀਕਾ ਦੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਦੀ ਇਸ ਸਾਲ ਦੇ ਸ਼ੁਰੂ ਵਿਚ ਹੋਈ ਭਾਰਤ ਯਾਤਰਾ ਬੇਹੱਦ ਸਫ਼ਲ ਰਹੀ।"

## ਜ਼ਰਦਾਰੀ ਤੇ ਸ਼ਰੀਫ ਵਿਚਾਲੇ ਸੁਲ੍ਹਾ ਹੋਣ ਲਗੀ

ਇਸਲਾਮਾਬਾਦ: ਅਮਰੀਕੀ ਮਦਦ ਦੇ ਵਿਵਾਦਾਂ ਵਿਚ ਘਿਰੇ ਪੈਕੇਜ ਦੇ ਮੱਦੇਨਜ਼ਰ ਵਧੇ ਦਬਾਅ ਤੇ ਵੱਢੀਖੋਰੀ ਦੇ ਮਾਮਲਿਆਂ ਦੇ ਮੁੜ ਉੱਠਣ ਦੀ ਸੰਭਾਵਨਾ ਕਾਰਨ ਮੁਸ਼ਕਿਲ ਵਿਚ ਫਸੇ ਪਾਕਿਸਤਾਨ ਦੇ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨੇ ਅਗਲੇ ਹਫਤੇ ਪੀ.ਐਮ.ਐਲ.ਐਨ. ਮੁਖੀ ਨਵਾਜ਼ ਸ਼ਰੀਫ ਨੂੰ ਭੋਜ ਦਾ ਸੱਦਾ ਦਿੱਤਾ ਹੈ ਜਿਸ ਦੌਰਾਨ ਦੋਵਾਂ ਵਿਚਾਲੇ ਸੁਲ੍ਹਾ ਹੋਣ ਦੀ ਚਰਚਾ ਦੇ ਬਾਜ਼ਾਰ ਗਰਮ ਹੋ ਗਏ ਹਨ।

ਸ਼ਰੀਫ ਨੇ ਤੁਰਕੀ ਦੇ ਪ੍ਰਧਾਨ ਮੰਤਰੀ ਰੇਸੇਪ ਏਰਡੋਗਨ ਦੇ ਸਨਮਾਨ ਵਿਚ ਦਿੱਤੇ ਜਾਣ ਵਾਲੇ ਭੋਜ ਵਿਚ ਸ਼ਾਮਲ ਹੋਣ ਦਾ ਜ਼ਰਦਾਰੀ ਦਾ ਸੱਦਾ ਸਵੀਕਾਰ ਕਰ ਲਿਆ ਹੈ। ਭੋਜ ਤੋਂ ਪਹਿਲਾਂ ਜਾਂ ਬਾਅਦ ਦੋਵਾਂ ਆਗੂਆਂ ਵਿਚਾਲੇ ਅਹਿਮ ਮੁੱਦਿਆਂ 'ਤੇ ਅਲੱਗ ਗੱਲਬਾਤ ਹੋਣ ਦੀ ਸੰਭਾਵਨਾ ਹੈ। ਇਸ ਵਿਚ ਕੈਰੀ ਲੁਗਰ ਬਿੱਲ ਤੇ ਸੰਸਦ ਦੇ ਕੌਮੀ ਪੁਨਰ ਮੇਲ-ਮਿਲਾਪ ਆਰਡੀਨੈਂਸ ਨੂੰ ਪ੍ਰਵਾਨ ਕਰਨ ਦਾ ਮੁੱਦਾ ਸ਼ਾਮਲ ਹੋਵੇਗਾ।

## ਬੱਸ ਬਾਰੂਦੀ ਸੁਰੰਗ ਦੀ ਲਪੇਟ 'ਚ ਆਉਣ ਨਾਲ 18 ਮੌਤਾਂ

ਇਸਲਾਮਾਬਾਦ : ਪਾਕਿਸਤਾਨ ਦੇ ਅਸ਼ਾਂਤ ਮੋਹਮੰਦ ਕਬਾਇਲੀ ਖੇਤਰ 'ਚ ਲੰਘੇ ਦਿਨੀਂ ਇਕ ਬੱਸ ਦੇ ਬਾਰੂਦੀ ਸੁਰੰਗ ਦੀ ਲਪੇਟ 'ਚ ਆਉਣ ਨਾਲ 18 ਵਿਅਕਤੀਆਂ ਦੀ ਮੌਤ ਹੋ ਗਈ ਅਤੇ 6 ਜ਼ਖ਼ਮੀ ਹੋ ਗਏ। ਮ੍ਰਿਤਕਾਂ 'ਚ ਔਰਤਾਂ ਤੇ ਬੱਚੇ ਸ਼ਾਮਲ ਹਨ। ਮੋਹਮੰਦ ਏਜੰਸੀ ਦੀ ਲਾਕਾਰੋ ਸਬ ਡਵੀਜ਼ਨ 'ਚ ਇਹ ਹਾਦਸਾ ਹੋਇਆ, ਜਿੱਥੇ ਦਹਿਸ਼ਤਗਰਦਾਂ ਖ਼ਿਲਾਫ਼ ਪਾਕਿ ਫੌਜ ਮੁਹਿੰਮ ਚਲਾ ਰਹੀ ਹੈ। ਦੱਸਿਆ ਗਿਆ ਹੈ ਕਿ ਬੱਸ 'ਚ ਸਵਾਰ ਲੋਕ ਵਿਆਹ 'ਚ ਸ਼ਾਮਲ ਹੋਣ ਲਈ ਜਾ ਰਹੇ ਸਨ।

# ਅਫਗਾਨਿਸਤਾਨ 'ਚ ਨਾਟੋ ਫੌਜਾਂ ਲਈ ਇਹ ਵਰ੍ਹਾ ਖੂਨੀ ਰਿਹਾ

-ਪੰਜਾਬ ਟਾਈਮਜ਼ ਨਿਊਜ਼ ਸਰਵਿਸ

ਇਸਲਾਮਾਬਾਦ :ਅਫਗਾਨਿਸਤਾਨ ਵਿਚ ਮੌਜੂਦ ਨਾਟੋ ਸੂਤਰਾਂ ਦਾ ਆਖਣਾ ਹੈ ਕਿ ਪਿਛਲੇ ਕੁਝ ਹੀ ਸਮੇਂ ਵਿਚ ਨਾਟੋ ਫੌਜਾਂ 'ਤੇ ਹੋਏ ਹਮਲਿਆਂ ਵਿਚ 14 ਅਮਰੀਕਨ ਫੌਜੀ ਮਾਰੇ ਗਏ ਹਨ ਅਤੇ ਤਕਰੀਬਨ ਇਨੇ ਹੀ ਜ਼ਖ਼ਮੀ ਹੋਏ ਹਨ। ਪਰ ਦੱਖਣ ਵਿਚ ਹੋਈਆਂ ਫੌਜੀ ਮੌਤਾਂ ਬਾਰੇ ਨਾਟੋ ਫੌਜੀ ਸੂਤਰਾਂ ਦਾ ਆਖਣਾ ਹੈ ਕਿ ਇਹ ਫੌਜੀ ਹੈਲੀਕਾਪਟਰ ਨਾਲ ਹੋਏ ਹਾਦਸੇ ਕਾਰਨ ਮਾਰੇ ਗਏ ਹਨ ਜਦੋਂ ਕਿ ਤਾਲਿਬਾਨ ਆਖ ਰਹੇ ਹਨ ਕਿ ਇਹ ਜਹਾਜ਼ ਉਨ੍ਹਾਂ ਨੇ ਫੁੰਡਿਆ ਸੀ। ਇਸ ਤੋਂ ਇਲਾਵਾ ਦੱਖਣ ਵਿਚ ਹੋਏ ਇਕ ਹਵਾਈ ਹਾਦਸੇ ਵਿਚ ਚਾਰ ਫੌਜੀਆਂ ਦੇ ਮਾਰੇ ਜਾਣ ਦੀ ਖ਼ਬਰ ਹੈ।ਇਸ ਦੌਰਾਨ ਤਾਲਿਬਾਨ ਦੇ ਬੁਲਾਰੇ ਕਾਰੀ ਯੂਸਫ ਅਹਿਮਦੀ ਨੇ ਕਿਹਾ ਹੈ ਕਿ ਦਰਬਾਮ ਜ਼ਿਲ੍ਹੇ ਵਿਚ ਤਾਲਿਬਾਨ ਖਾੜਕੂਆਂ ਨੇ ਇਕ ਹੈਲੀਕਾਪਟਰ ਫੁੰਡ ਲਿਆ ਹੈ। ਫੌਜੀ ਸੂਤਰਾਂ ਦਾ ਆਖਣਾ ਹੈ ਕਿ 2001 ਵਿਚ ਜਦੋਂ ਤੋਂ ਤਾਲਿਬਾਨ ਦਾ ਤਖ਼ਤਾ ਪਲਟਿਆ ਗਿਆ ਇਸ ਵਰ੍ਹੇ ਹੁਣ ਤੱਕ ਸਭ ਤੋਂ ਜ਼ਿਆਦਾ 7 ਮੌਤਾਂ ਹੋ ਚੁੱਕੀਆਂ ਹਨ। ਯਾਦ ਰਹੇ ਤਾਲਿਬਾਨ ਦੀ ਹਕੂਮਤ ਦੇ ਜਾਣ ਤੋਂ ਬਾਅਦ 2005 ਵਿਚ ਸਭ ਤੋਂ ਭਿਆਨਕ ਹਮਲਾ ਹੋਇਆ ਸੀ ਜਦੋਂ ਚਿਨੂਕ ਵਿਚ ਇਕ ਹੈਲੀਕਾਪਟਰ ਗਿਰਾ ਲਿਆ ਗਿਆ ਸੀ ਅਤੇ ਜਿਸ ਵਿਚ 16 ਫੌਜੀ ਮਾਰੇ ਗਏ ਸਨ।

ਇਸ ਦੌਰਾਨ ਪਾਕਿਸਤਾਨ ਤੋਂ ਮਿਲੀਆਂ ਖ਼ਬਰਾਂ ਅਨੁਸਾਰ ਪਾਕਿਸਤਾਨੀ ਫੌਜੀ ਹੈਡਕੁਆਟਰ 'ਤੇ ਬੀਤੇ ਦਿਨੀਂ ਹੋਏ ਹਮਲਿਆਂ ਤੋਂ ਬਾਅਦ ਇਸ ਦੇ ਪ੍ਰਤੀਕਰਮ ਸਾਹਮਣੇ ਆਉਣ ਲਗੇ ਹਨ। ਅੱਠ ਦਿਨਾਂ ਦੀ ਭਾਰੀ ਮੁਸ਼ੱਕਤ ਤੋਂ ਬਾਅਦ ਲੰਘੀ 23 ਅਕਤੂਬਰ ਨੂੰ ਪਾਕਿਸਤਾਨੀ ਫੌਜ ਨੇ ਦਹਿਸ਼ਤਗਰਦ ਜਥੇਬੰਦੀ ਤਹਿਰੀਕ-ਏ-

### ਡਰੋਨ ਹਮਲੇ 'ਚ 18 ਕਬਾਈਲੀ ਮਰੇ

ਤਾਲਿਬਾਨ ਦੇ ਮੁਖੀ ਹਕੀਮਉਲਾ ਦੇ ਪਿੰਡ ਕੋਟਕਈ ਨੂੰ ਦੁਬਾਰਾ ਆਪਣੇ ਕਬਜ਼ੇ ਵਿਚ ਲੈ ਲਿਆ। ਇਸ ਦੇ ਨਾਲ ਹੀ ਹਕੀਮਉੱਲਾ ਦੇ ਨਜ਼ਦੀਕੀ ਸਹਿਯੋਗੀ ਕਾਰੀ ਹੁਸੈਨ ਦੇ ਗ੍ਰਹਿ ਨਗਰ ਨੂੰ ਵੀ ਫੌਜ ਨੇ ਆਪਣੇ ਕਬਜ਼ੇ ਵਿਚ ਲੈ ਲਿਆ। ਇਸੇ ਦੌਰਾਨ ਅਮਰੀਕੀ ਫੌਜ ਨੇ ਇਕ ਅਹਿਮ ਕਾਰਵਾਈ ਕਰਦਿਆਂ ਮਨੁੱਖ ਰਹਿਤ ਡਰੋਨ ਹਮਲੇ ਵਿਚ 18 ਪਾਕਿਸਤਾਨੀ ਦਹਿਸ਼ਤਗਰਦਾਂ ਨੂੰ ਮਾਰ ਮੁਕਾਇਆ।

ਜ਼ਿਕਰਯੋਗ ਹੈ ਕਿ ਦੱਖਣੀ ਵਜ਼ੀਰਿਸਤਾਨ ਵਿਚ ਤਾਲਿਬਾਨ ਦਹਿਸ਼ਤਗਰਦਾਂ ਖਿਲਾਫ਼ ਮੁਹਿੰਮ ਚਲਾ ਰਹੀ ਪਾਕਿਸਤਾਨੀ ਫੌਜ ਨੂੰ ਤਾਲਿਬਾਨ ਵਲੋਂ ਵੱਡੀ ਚੁਣੌਤੀ ਮਿਲ ਰਹੀ ਹੈ। ਇਸ ਦੇ ਬਾਵਜੂਦ ਫੌਜ ਨੇ ਇਸ ਖੇਤਰ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ। ਇਹ ਵੀ ਦੱਸਣਾ ਬਣਦਾ ਹੈ ਕਿ ਕੁਝ ਦਿਨ ਪਹਿਲਾਂ ਵੀ ਫੌਜ ਇਸ ਪਿੰਡ ਵਿਚ ਵੜ ਗਈ ਸੀ ਪਰ ਉਸ ਸਮੇਂ ਤਾਲਿਬਾਨ ਨੇ ਫੌਜ ਨੂੰ ਪਿੱਛੇ ਹਟਣ ਲਈ ਮਜਬੂਰ ਕਰ ਦਿੱਤਾ ਸੀ। ਬੀਤੀ 23 ਅਕਤੂਬਰ ਨੂੰ ਦੇਰ ਰਾਤ ਤੱਕ ਫੌਜ ਨੇ ਪਿੰਡ ਵਿਚ ਜ਼ਬਰਦਸਤ ਗੋਲੀਬਾਰੀ ਕੀਤੀ ਤੇ ਸ਼ਨੀਵਾਰ ਸਵੇਰੇ ਹੀ ਉਸ ਦਾ ਪਿੰਡ 'ਤੇ ਕਬਜ਼ਾ ਹੋ ਗਿਆ।

ਫੌਜ ਦੀ ਇਸ ਕਾਰਵਾਈ ਨੂੰ ਬਹੁਤ ਹੀ ਅਹਿਮ ਮੰਨਿਆ ਜਾ ਰਿਹਾ ਹੈ ਕਿਉਂਕਿ ਹੁਣ ਫੌਜ ਨੂੰ ਸਾਰਾਗੋਹਾ ਤੇ ਜੰਦੋਲਾ ਵਰਗੇ ਤਾਲਿਬਾਨ ਦੇ ਗੜ੍ਹ 'ਤੇ ਕਬਜ਼ਾ ਕਰਨ ਵਿਚ ਆਸਾਨੀ ਹੋ ਜਾਵੇਗੀ। ਕੋਟਕਈ 'ਤੇ ਦੁਬਾਰਾ ਕਬਜ਼ਾ ਕਰਨ ਲਈ ਲੜੀ ਗਈ ਲੜਾਈ ਵਿਚ 13 ਦਹਿਸ਼ਤਗਰਦ ਤੇ 2 ਫੌਜੀ ਮਾਰੇ ਗਏ ਹਨ। ਇਸੇ ਤਰ੍ਹਾਂ ਅਪ੍ਰੇਸ਼ਨ ਰਾਹ-ਏ-ਨਿਜ਼ਾਤ 'ਚ ਮਾਰੇ ਜਾਣ ਵਾਲੇ ਦਹਿਸ਼ਤਗਰਦਾਂ ਦੀ ਗਿਣਤੀ 163 ਹੋ ਗਈ ਹੈ। ਕੋਟਕਈ 'ਤੇ ਕਬਜ਼ੇ ਬਾਰੇ ਜਾਰੀ ਬਿਆਨ ਵਿਚ ਫੌਜ ਨੇ ਦੱਸਿਆ ਕਿ ਇੱਥੇ ਲੜਾਈ ਦੌਰਾਨ ਦਹਿਸ਼ਤਗਰਦਾਂ ਨੇ ਪੂਰੇ ਪਿੰਡ 'ਚ ਬਾਰੂਦੀ ਸੁਰੰਗਾਂ ਵਿਛਾਉਣ ਦੇ ਨਾਲ-ਨਾਲ ਸੜਕ ਕਿਨਾਰੇ ਬੰਬ ਲਗਾ ਦਿੱਤੇ ਸਨ। ਫੌਜੀ ਸੂਤਰਾਂ ਦਾ ਕਹਿਣਾ ਹੈ ਕਿ ਜਦੋਂ ਫੌਜ ਕੋਟਕਈ ਵਿਚ ਦਾਖਲ ਹੋਈ ਤਾਂ ਉਸ ਸਮੇਂ ਹਕੀਮਉਲਾ ਤੇ ਕਾਰੀ ਹੁਸੈਨ ਉਥੇ ਮੌਜੂਦ ਨਹੀਂ ਸਨ।

ਇਸੇ ਦੌਰਾਨ ਅਮਰੀਕੀ ਫੌਜ ਵਲੋਂ ਕੀਤੇ ਗਏ ਡਰੋਨ ਹਮਲੇ ਵਿਚ 18 ਦਹਿਸ਼ਤਗਰਦ ਮਾਰੇ ਗਏ ਹਨ। ਕਈ ਦਿਨ ਸ਼ਾਂਤ ਰਹਿਣ ਤੋਂ ਬਾਅਦ ਅਮਰੀਕੀ ਫੌਜ ਨੇ ਬਾਜ਼ੌਰ ਦੇ ਚੁਕਰਾ ਪਿੰਡ 'ਚ ਇਹ ਹਵਾਈ ਹਮਲਾ ਕੀਤਾ। ਇਸ ਹਮਲੇ ਵਿਚ ਤਾਲਿਬਾਨ ਦੇ ਇੱਕ ਉੱਚ ਕਮਾਂਡਰ ਮੌਲਵੀ ਫ਼ਕੀਰ ਮੁਹੰਮਦ ਦੇ ਦਾਮਾਦ ਤੇ ਭਤੀਜੇ ਦੀ ਮੌਤ ਹੋ ਗਈ ਹੈ। ਇਸ ਦੌਰਾਨ ਪਾਕਿਸਤਾਨ ਦੇ ਇੰਟੀਰੀਅਰ ਮਨਿਸਟਰ ਰਹਿਮਾਨ ਮਲਿਕ ਨੇ ਕਿਹਾ ਕਿ ਭਾਰਤ ਤਾਲਿਬਾਨ ਨੂੰ ਫੰਡ ਦੇ ਰਿਹਾ ਹੈ।

## ਪਾਕਿ ਹਾਲਾਤ ਦਾ ਭਾਰਤ 'ਤੇ ਪਵੇਗਾ ਅਸਰ



ਨਵੀਂ ਦਿੱਲੀ : ਪਾਕਿਸਤਾਨ 'ਚ ਸੁਰੱਖਿਆ ਹਾਲਾਤ ਲਗਾਤਾਰ ਗੰਭੀਰ ਹੁੰਦੇ ਜਾ ਰਹੇ ਹਨ ਅਤੇ ਭਾਰਤ ਦਾ ਕਹਿਣਾ ਹੈ ਕਿ ਗੁਆਂਢੀ ਦੇਸ਼ ਦੇ ਘਟਨਾਕ੍ਰਮ ਦਾ ਉਸ 'ਤੇ ਅਸਰ ਪਵੇਗਾ। ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਇਹ ਕਹਿੰਦਿਆਂ ਪਾਕਿਸਤਾਨ ਦਾ ਧਿਆਨ ਦਹਿਸ਼ਤਵਾਦ ਦੇ ਖ਼ਤਰੇ ਵਲ ਹੋਰ ਖਿੱਚਣ ਦੀ ਕੋਸ਼ਿਸ਼ ਕੀਤੀ ਕਿ ਕੋਈ ਵੀ ਦੇਸ਼ ਦਹਿਸ਼ਤਵਾਦ ਨੂੰ ਸ਼ਹਿ ਦੇਣ ਜਾਂ ਉਸ 'ਚ ਸ਼ਾਮਲ ਹੋਣ ਦੀ ਨੀਤੀ ਨੂੰ ਸਵੀਕਾਰ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ ਪਾਕਿਸਤਾਨ ਭਾਰਤ ਦਾ ਕਰੀਬੀ ਗੁਆਂਢੀ ਹੈ। ਉਥੇ ਜੋ ਕੁਝ ਵੀ ਹੁੰਦਾ ਹੈ, ਉਸ ਦਾ ਭਾਰਤ 'ਤੇ ਅਸਰ ਪੈਂਦਾ ਹੈ।

ਵਿੱਤ ਮੰਤਰੀ ਨੇ ਕਿਹਾ ਕਿ ਜੇਕਰ ਦਹਿਸ਼ਤਵਾਦ ਭਾਰਤ ਲਈ ਬੁਰਾ ਹੈ ਤਾਂ ਪਾਕਿਸਤਾਨ ਲਈ ਵੀ ਓਨਾ ਹੀ ਬੁਰਾ ਹੈ। ਜੇਕਰ ਦਹਿਸ਼ਤਵਾਦ ਨਾਲ ਭਾਰਤ ਪੀੜਤ ਹੁੰਦਾ ਹੈ ਤਾਂ ਪਾਕਿਸਤਾਨ ਵੀ ਇਸ ਤੋਂ ਬਚਿਆ ਨਹੀਂ ਰਹਿ ਸਕਦਾ। ਵਿੱਤ ਮੰਤਰੀ ਨੇ ਕਿਹਾ ਕਿ ਭਾਰਤ ਦਹਿਸ਼ਤਗਰਦੀ ਹਮਲਿਆਂ ਤੋਂ ਪ੍ਰੇਸ਼ਾਨ ਪਾਕਿਸਤਾਨ ਦੇ ਹਾਲਾਤ ਨੂੰ ਚਿੰਤਾ ਭਰੀਆਂ ਨਜ਼ਰਾਂ ਨਾਲ ਦੇਖ ਰਿਹਾ ਹੈ। ਸ੍ਰੀ ਮੁਖਰਜੀ ਨੇ ਕਿਹਾ ਕਿ ਜਦੋਂ ਭਾਰਤ ਕਹਿੰਦਾ ਹੈ ਕਿ ਦਹਿਸ਼ਤਵਾਦ ਨੂੰ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਤਾਂ ਸਾਡਾ ਮਤਲਬ ਇਹ ਹੁੰਦਾ ਹੈ ਕਿ ਵਿਸ਼ਵ ਦੇ ਹਰ ਹਿੱਸੇ 'ਚ ਦਹਿਸ਼ਤਵਾਦ ਨੂੰ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਉਸ ਵੇਲੇ ਅਸੀਂ ਅਜਿਹਾ ਨਹੀਂ ਕਹਿੰਦੇ ਕਿ ਕੋਈ ਇਕ ਦੇਸ਼ ਦਹਿਸ਼ਤਵਾਦ ਦਾ ਸ਼ਿਕਾਰ ਹੋਵੇਗਾ ਅਤੇ ਦੂਜਾ ਦੇਸ਼ ਇਸ ਦਾ ਸ਼ਿਕਾਰ ਨਹੀਂ ਹੋਵੇਗਾ। ਉਨ੍ਹਾਂ ਇਹ ਕਿਹਾ ਕਿ ਸਾਡੇ ਗੁਆਂਢ 'ਚ ਹਾਲਾਤ ਹੁਣ ਬਦਤਰ ਹੋ ਗਏ ਹਨ।

DRIVERS

COMTRAK LOGISTICS

LEASING: INTERMODAL OWNER OPERATORS

10% Bonus On ALL Weekly Revenue for CARB Compliant Trucks

- CARB Compliant Truck Program Available.
- Trade In for a Compliant Truck
- $0 Down Payment
- Easy & Affordable with No Credit Hassles!
- Excellent Rate & FSC
- Paid On LD & Empty Miles
- 75% Drop & Hook
- Fleet Fuel & Tire Discounts
- 1 Year Tractor Trailer Experience with Class A CDL Required

Call For Details Today
209-323-9806



## ਰੰਗ-ਬੇਰੰਗ

### ਨਾਲੀ ਦੇ ਮੰਡ ਵਿਚ ਵੱਸਿਆ ਪਿੰਡ ਕੁੱਤੇਵੱਢ

# ਜਦੋਂ ਚੰਨਣ ਦਾਸ ਨੇ ਥਾਣੇਦਾਰ ਦੇ ਧੌਲ ਮਾਰੀ

**ਅਮੋਲਕ ਸਿੰਘ ਜੰਮੂ**

ਇਹ ਸ਼ਾਇਦ 1967 ਦੀ ਗੱਲ ਹੈ। ਗਿਆਨੀ ਪਿਆਰਾ ਸਿੰਘ ਟਿੱਬੇਵਾਲਾ ਦੇ ਮੁੰਡੇ ਦਾ ਵਿਆਹ ਸੀ। ਗਿਆਨੀ ਪਿਆਰਾ ਸਿੰਘ ਦੀ ਵੀ ਸੁਣ ਲਓ। ਉਹ ਮਜ਼ਬੀ ਸਿੱਖ ਸੀ ਅਤੇ ਗੁਰਦੁਆਰਾ ਸਾਹਿਬ ਸੰਗਰਾਂਦ ਜਾਂ ਦਿਨ ਦਿਹਾਰ 'ਤੇ ਬੈਂਜੋ ਨਾਲ ਦੀਵਾਨ ਲਾਇਆ ਕਰਦਾ ਸੀ। ਉਸ ਨੇ ਧਾਰਨਾਂ ਲਾ ਕੇ ਸ਼ਬਦ ਪੜ੍ਹਿਆ ਕਰਨੇ ਅਤੇ ਸੰਗਤ ਨੇ ਬੜੇ ਪ੍ਰੇਮ ਨਾਲ ਸੁਣਨਾ। ਸੰਗਤ ਵਿਚੋਂ ਕਿਸੇ ਨੇ ਛੈਣੇ ਫੜੇ ਹੋਏ ਹੋਣੇ, ਕਿਸੇ ਨੇ ਚਿਮਟਾ ਤੇ ਕੋਈ ਢੋਲਕੀ ਵਜਾਉਂਦਿਆਂ ਧਾਰਨਾਂ ਵਿਚ ਗਿਆਨੀ ਦਾ ਸਾਥ ਦਿਆ ਕਰਨਾ। ਗੁਰਦੁਆਰੇ ਵਿਚ ਕਈ ਵਾਰ ਉਸ ਨੇ ਸੰਗਤ ਨੂੰ ਪ੍ਰਸ਼ਾਦ ਵੀ ਵਰਤਾਉਣਾ, ਕੋਈ ਭਿੱਟ ਵਿਚਾਰ ਨਾ ਹੋਣੀ ਪਰ ਜਦੋਂ ਇਹੋ ਗਿਆਨੀ ਪਿਆਰਾ ਸਿੰਘ ਜੱਟਾਂ ਜ਼ਿੰਮੀਂਦਾਰਾਂ ਦੇ ਘਰ ਜਾਂਦਾ ਤਾਂ ਉਥੇ ਭਿੱਟ-ਵਿਚਾਰ ਕੀਤੀ ਜਾਂਦੀ। ਉਸ ਨੂੰ ਵੇਖ ਘਰ ਦੀਆਂ ਸੁਆਣੀਆਂ ਨੇ ਜਾਂ ਘਰ ਦੇ ਕਿਸੇ ਬੰਦੇ ਨੇ ਪਹਿਲਾਂ ਹੀ ਮੰਜਾ ਚੌਂਕੇ ਵਾਲੇ ਹਿੱਸੇ ਤੋਂ ਥੱਲੇ ਡਾਹ ਦੇਣਾ। ਇਸ਼ਾਰਾ ਇਹ ਹੁੰਦਾ ਸੀ ਕਿ ਉਸ ਨੂੰ ਚੌਂਕੇ ਵਾਲੇ ਪਾਸੇ ਆਉਣ ਦੀ ਮਨਾਹੀ ਹੈ। ਉਸ ਨਾਲ ਉਂਜ ਇਹ ਰਿਆਇਤ ਵਰਤੀ ਜਾਂਦੀ ਕਿ ਉਸ ਨੂੰ ਚਾਹ-ਪਾਣੀ ਪੀਣ ਲਈ ਭਾਂਡਾ ਆਪਣਾ ਨਹੀਂ ਸੀ ਲੈ ਕੇ ਆਉਣਾ ਪੈਂਦਾ ਪਰ ਫਿਰ ਵੀ ਆਪਣਾ ਜੂਠਾ ਭਾਂਡਾ ਮਾਂਜ ਕੇ ਜ਼ਰੂਰ ਰੱਖਣਾ ਪੈਂਦਾ।

ਰਾਤ ਦਾ ਸਮਾਂ ਸੀ। ਬਿਜਲੀ ਉਨ੍ਹਾਂ ਦਿਨਾਂ ਵਿਚ ਪਿੰਡ ਵਿਚ ਅਜੇ ਆਈ ਨਹੀਂ ਸੀ। ਸੋ ਚਾਨਣ ਲਈ ਵੱਡੇ ਵੱਡੇ ਗੈਸ ਜਗਾਏ ਹੋਏ ਸਨ। ਨੱਚਾਰ ਨੱਚ ਰਹੇ ਸਨ ਅਤੇ ਸ਼ਰਾਬੀ ਹੋਏ ਮੇਲੀ ਰੁਪਈਏ 'ਤੇ ਰੁਪਈਆ ਨੱਚਾਰਾਂ ਨੂੰ ਦੇ ਰਹੇ ਸਨ। ਨੱਚਾਰ ਵੀ ਰੁਪਈਆ ਦੇਣ ਵਾਲੇ ਦੇ ਨਾਂ ਨਾਲ ਕਈ ਵਿਸ਼ੇਸ਼ਣਾਂ ਦੇ ਫੁੰਮਣ ਲਾ ਕੇ ਵੇਲਾਂ ਕਰ ਰਹੇ ਸੀ। ਇਸੇ ਗੱਲੋਂ ਖਹਿਬਾਜ਼ੀ ਸ਼ੁਰੂ ਹੋ ਗਈ। ਸਰਵਣ ਨਾਂ ਦੇ ਇਕ ਮੇਲੀ ਨੇ ਟੋਕਿਆ, 'ਵੇਖ ਲੈ ਚਾਚਾ ਪਿਆਰਾ ਸਿਆਂ ਆਹ ਜੈਬਾ ਮੇਰੇ ਉਤੋਂ ਦੀ ਹੋ ਕੇ ਰੁਪਈਆ ਦਿੰਦਾ।' ਕੁਝ ਚਿਰ ਇਹ ਸਿਲਸਿਲਾ ਚੱਲਿਆ ਤੇ ਫਿਰ ਬਜ਼ੁਰਗਾਂ ਵਿਚੋਂ ਕੁਝ ਨੇ ਨੱਚਾਰਾਂ ਨੂੰ ਤਮਾਸ਼ਾ ਬੰਦ ਕਰਨ ਦਾ ਹੁਕਮ ਦੇ ਦਿੱਤਾ। ਇਧਰੋਂ ਉਧਰੋਂ ਨੱਚਾਰ ਵੇਖਣ ਆਏ ਲੋਕ ਵੀ ਆਪੋ-ਆਪਣੇ ਘਰੀਂ ਚਲੇ ਗਏ। ਜਦੋਂ ਸਵੇਰੇ ਹੋਈ ਤਾਂ ਸਾਰੇ ਪਿੰਡ ਵਿਚ ਰੌਲਾ ਪਿਆ ਹੋਇਆ ਸੀ, 'ਰਾਤੀਂ ਪਿਆਰਾ ਸਿੰਘ ਟਿੱਬੇਵਾਲੇ ਦੇ ਘਰ ਕਿਸੇ ਨੇ ਤਿੰਨ ਬੰਦੇ ਵੱਢ ਦਿੱਤੇ।' ਚੌਕੀਦਾਰ ਨੇ ਥਾਣੇ ਜਾ ਰਿਪੋਰਟ ਕੀਤੀ। ਪੁਲਿਸ ਵੀ ਪਹੁੰਚ ਗਈ। ਪਤਾ ਲੱਗਾ ਕਿ ਨੱਚਾਰਾਂ ਦੇ ਪ੍ਰੋਗਰਾਮ ਵੇਲੇ ਸ਼ੁਰੂ ਹੋਈ ਖਹਿਬਾਜ਼ੀ ਖ਼ੂਨ ਕਰਨ ਤੱਕ ਜਾ ਪਹੁੰਚੀ। ਮੇਲੀਆਂ ਵਿਚੋਂ ਹੀ ਇਕ ਤਿੰਨ ਬੰਦਿਆਂ 'ਤੇ ਕਮਾਨੀ ਵਾਲੇ ਚਾਕੂ ਦੇ ਵਾਰ ਕਰਕੇ ਆਪ ਗਾਇਬ ਹੋ ਚੁੱਕਾ ਸੀ। ਉਨ੍ਹੀਂ ਦਿਨੀਂ ਡਾਕਟਰੀ ਮਦਦ ਮਿਲਣੀ ਕਿਹੜੀ ਸੌਖੀ ਸੀ। ਤਿੰਨੇ ਬੰਦੇ ਖ਼ੂਨ ਜ਼ਿਆਦਾ ਵਗਣ ਕਰਕੇ ਖਤਮ ਹੋ ਗਏ। ਪਿੰਡ ਵਿਚ ਇਹ ਖ਼ੂਨ ਕਈ ਚਿਰ ਚਰਚਾ ਬਣੇ ਰਹੇ। ਵਿਚਾਰਾ ਪਿਆਰਾ ਸਿੰਘ ਤਾਂ ਜਿਵੇਂ ਥਾਂ ਹੀ ਬਹਿ ਗਿਆ। ਸਾਲ ਬਾਅਦ ਹੀ ਜੋਗਾ ਸਿੰਘ ਦਾ ਕਤਲ ਹੋ ਗਿਆ ਤੇ ਲੋਕ ਇਨ੍ਹਾਂ ਕਤਲਾਂ ਨੂੰ ਭੁੱਲ ਗਏ।

***

ਚੰਨਣ ਦਾਸ ਇਸਾਈਆਂ ਦੇ ਟੱਬਰ ਵਿਚੋਂ ਸੀ। ਉਨ੍ਹਾਂ ਦਾ ਬਾਕੀ ਕੋੜਮਾ ਡੰਗਰਾਂ ਦੀਆਂ ਖੱਲ੍ਹਾਂ ਲਾਹੁਣ ਦਾ ਕੰਮ ਕਰਦਾ ਸੀ ਪਰ ਚੰਨਣ ਦਾਸ ਹਿੱਸੇ-ਠੇਕੇ ਲੈ ਕੇ ਜ਼ਮੀਨ ਵਾਹੁੰਦਾ ਜਾਂ ਫਿਰ ਕਿਰਾਏ ਭਾੜੇ ਦਾ ਕੋਈ ਕੰਮ ਕਰਦਾ। ਚੰਨਣ ਦਾਸ ਆਪਣੇ ਆਪ ਨੂੰ ਹਮੇਸ਼ਾ ਸਾਫ ਸੁਥਰਾ ਰੱਖਦਾ। ਮੁੱਛ ਨੂੰ ਵੱਟ ਚਾੜ੍ਹ ਕੇ ਰਹਿੰਦਾ। ਵੇਖਣ-ਪਾਖਣ ਨੂੰ ਵੀ ਉਹ ਸੋਹਣਾ ਸੀ। ਛੇ ਫੁੱਟ ਲੰਮਾ ਤੇ ਗੋਰਾ-ਚਿੱਟਾ। ਨੈਣ-ਨਕਸ਼ ਵੀ ਸੋਹਣੇ। ਕਦੇ ਕਿਸੇ ਨਾਲ ਝਗੜ ਪੈਣਾ ਤਾਂ ਉਸ ਕਹਿਣਾ, 'ਚੂਹੜੇ ਦਾ ਪੁੱਤ ਨਾ ਸਮਝੀਂ ਮੈਂ ਜੱਟ ਦਾ ਪੁੱਤ ਹਾਂ, ਤੁਹਾਡਾ ਈ ਭਰਾ।' ਇਸੇ ਖਹਿਬੜਬਾਜ਼ੀ ਵਿਚ ਉਸ ਵਿਰੁਧ ਕਿਸੇ ਨੇ ਸ਼ਿਕਾਇਤ ਕਰ ਦਿੱਤੀ ਕਿ ਉਸ ਪਾਸ ਨਾਜਾਇਜ਼ ਪਿਸਤੌਲ ਹੈ। ਪੁਲਿਸ ਪਿੰਡ ਆਈ ਤੇ ਪੰਚਾਇਤ ਦੇ ਸਾਹਮਣੇ ਉਸ ਨੂੰ ਪੇਸ਼ ਹੋਣ ਦਾ ਹੁਕਮ ਹੋਇਆ। ਜਦੋਂ ਚੰਨਣ ਦਾਸ ਪੁਲਿਸ ਦੇ ਸਾਹਮਣੇ ਆਇਆ ਤਾਂ ਉਹ ਸਰਸਰੀ ਰਾਮ ਸੱਤ ਕਰਨ ਤੋਂ ਬਾਅਦ ਪੁਲਿਸ ਦੇ ਸਾਹਮਣੇ ਤਣ ਕੇ ਖੜ੍ਹਾ ਰਿਹਾ। ਥਾਣੇਦਾਰ ਨੇ ਉਸ ਨੂੰ ਗਾਲ ਕੱਢ ਕੇ ਥੱਲੇ ਬਹਿਣ ਨੂੰ ਆਖਿਆ ਪਰ ਚੰਨਣ ਦਾਸ ਨੇ ਅੱਗੋਂ ਕਿਹਾ, 'ਵੇਖੀਂ ਚੌਧਰੀ ਥਾਣੇਦਾਰਾ ਮੈਨੂੰ ਗਾਲ ਨਾ ਕੱਢੀਂ ਮੁੜ ਕੇ।' ਥਾਣੇਦਾਰ ਨੇ ਇਕ ਹੋਰ ਗਾਲ ਕੱਢ ਮਾਰੀ ਅਤੇ ਨਾਲ ਹੀ ਹੱਥ ਵਿਚਲਾ ਡੰਡਾ ਚੰਨਣ ਦੇ ਮੌਰਾਂ ਵਿਚ ਦੇ ਮਾਰਿਆ।

ਪਤਾ ਉਦੋਂ ਹੀ ਲੱਗਾ ਜਦੋਂ ਚੰਨਣ ਦਾਸ ਨੇ ਥਾਣੇਦਾਰ ਦੇ ਧੌਲ ਕੱਢ ਮਾਰੀ। ਥਾਣੇਦਾਰ ਦੀ ਪੱਗ ਕਿਤੇ ਜਾ ਪਈ ਤੇ ਥਾਣੇਦਾਰ ਥੱਲੇ ਡਿੱਗ ਪਿਆ। ਮਿੱਟੀ ਘੱਟੇ 'ਚ ਲਿਬੜੇ ਥਾਣੇਦਾਰ ਦੇ ਉਪਰ ਚੜ੍ਹੇ ਚੰਨਣ ਦਾਸ ਨੇ ਦੋ ਤਿੰਨ ਘਸੁੰਨ ਵੀ ਜੜ ਦਿੱਤੇ। ਖੈਰ, ਪੁਲਿਸ ਦੇ ਸਿਪਾਹੀਆਂ ਤੇ ਲੋਕਾਂ ਨੇ ਫੜ੍ਹ ਕੇ ਉਸ ਨੂੰ ਪਾਸੇ ਧੂਹ ਲਿਆ ਅਤੇ ਫਿਰ ਉਸ ਦੀਆਂ ਮੁਸ਼ਕਾਂ ਬੰਨ੍ਹ ਕੇ ਪੁਲਿਸ ਨਾਲ ਹੀ ਥਾਣੇ ਲੈ ਗਈ। ਮਹੀਨੇ ਬਾਅਦ ਜਦੋਂ ਚੰਨਣ ਦਾਸ ਮੁੜਿਆ ਤਾਂ ਪੁਲਿਸ ਹੱਥੋਂ ਉਸ ਦਾ ਅੰਗ ਅੰਗ ਵਿੰਨ੍ਹਿਆ ਜਾ ਚੁੱਕਾ ਸੀ।

ਸਾਡੇ ਟੱਬਰ ਨਾਲ ਚੰਨਣ ਦਾਸ ਦੀ ਸਾਂਝ ਇਹ ਸੀ ਕਿ ਉਸ ਦੇ ਮੁੰਡੇ ਸਾਡੇ ਨਾਲ ਕਦੀ ਕਦਾਈਂ ਦਿਹਾੜੀ 'ਤੇ ਆਉਂਦੇ ਸਨ ਜਾਂ ਫਿਰ ਝੋਨਾ ਲਾਉਣ ਵੇਲੇ ਪਨੀਰੀ ਪੁੱਟਣ ਵਿਚ ਮਦਦ ਕਰਦੇ। ਮੇਰੇ ਭਾਪਾ ਜੀ ਛੁੱਟੀ 'ਤੇ ਆਏ ਹੋਏ ਸਨ ਜੋ ਉਹ ਅਕਸਰ ਝੋਨੇ ਲਾਉਣ ਵੇਲੇ ਲੈ ਹੀ ਲੈਂਦੇ ਸਨ। ਮੇਰੇ ਭਾਪਾ ਜੀ ਦਾ ਚੰਨਣ ਬਹੁਤ ਸਤਿਕਾਰ ਕਰਦਾ ਸੀ ਅਤੇ ਮੇਰੇ ਭਾਪਾ ਜੀ ਨੇ ਵੀ ਉਸ ਨੂੰ ਕਦੀ ਚੰਨਣ ਦਾਸ ਤੋਂ ਘੱਟ ਕਹਿ ਕੇ ਬੁਲਾਇਆ ਨਹੀਂ ਸੀ। ਭਾਪਾ ਜੀ ਨੇ ਉਸ ਦੀ ਖਬਰਸਾਰ ਲੈਣ ਲਈ ਉਸ ਨੂੰ ਪੁੱਛਿਆ, 'ਚੰਨਣ ਦਾਸਾ ਤੂੰ ਇਦਾਂ ਕਿਉਂ ਕੀਤਾ, ਪੁਲਿਸ ਨਾਲ ਕਾਹਨੂੰ ਪੰਗਾ ਲੈਣਾ ਸੀ।' ਚਾਨਣ ਬੋਲਿਆ, 'ਸਰਦਾਰ ਜੀ, ਮੈਨੂੰ ਕੁੱਟਿਆ ਉਨ੍ਹਾਂ ਬੇਹਿਸਾਬ ਪਰ ਮੇਰੇ ਤੋਂ ਨਾ ਮੁਆਫੀ ਮੰਗਵਾ ਸਕੇ ਤੇ ਨਾ ਮੈਂ ਹਾਰ ਮੰਨੀ। ਮੇਰੇ ਹੱਡਾਂ ਦਾ ਕੀ ਐ ਹੋਰ ਦੋ ਮਹੀਨਿਆਂ ਨੂੰ ਠੀਕ ਹੋ ਜਾਊਂਗਾ ਪਰ ਹੁਣ ਸਾਰਾ ਇਲਾਕਾ ਇਹ ਤਾਂ ਕਹਿੰਦੈ ਚੂਹੜੇ ਨੇ ਥਾਣੇਦਾਰ ਕੁੱਟਿਆ।' ਭਾਪਾ ਜੀ ਕੋਲ ਕੋਈ ਜਵਾਬ ਨਹੀਂ ਸੀ।

ਪੁਲਿਸ ਨੇ ਚੰਨਣ 'ਤੇ ਕਈ ਕੇਸ ਪਾਏ ਪਰ ਚੰਨਣ ਜੱਜ ਦੀ ਮਿਹਰਬਾਨੀ ਨਾਲ ਬਰੀ ਹੋ ਗਿਆ। ਕਾਰਨ ਇਹ ਕਿ ਚੰਨਣ ਨੇ ਭਰੀ ਅਦਾਲਤ ਵਿਚ ਜਿਵੇਂ ਹੋਈ ਸੀ, ਸਾਰੀ ਸੱਚੀ ਸੱਚੀ ਦੱਸ ਦਿੱਤੀ। ਪਰ ਇਸ ਘਟਨਾ ਤੋਂ ਬਾਅਦ ਚੰਨਣ ਦੇ ਕੋੜਮੇ ਦੇ ਬਾਕੀ ਲੋਕ ਉਸ ਤੋਂ ਥੋੜ੍ਹੇ ਵੱਟੇ ਵੱਟੇ ਰਹਿਣ ਲੱਗੇ। ਸ਼ਾਇਦ ਜੱਟਾਂ ਜ਼ਿੰਮੀਂਦਾਰਾਂ ਦੇ ਦਬਾਅ ਹੇਠ। ਪਰ ਚੰਨਣ ਪਹਿਲਾਂ ਵਾਂਗ ਹੀ ਕਿਸੇ ਦੀ ਧੌਂਸ ਨਾ ਝੱਲਦਾ। ਦੋ ਤਿੰਨ ਵਾਰ ਪਿੰਡ ਦੀ ਪੰਚਾਇਤ ਨੇ ਉਸ ਦੇ ਨਮਦੇ ਕੱਸਣ ਦੀ ਕੋਸ਼ਿਸ਼ ਕੀਤੀ ਪਰ ਚੰਨਣ ਉਵੇਂ ਜਿਵੇਂ ਹੀ ਰਿਹਾ।

ਕਈ ਸਾਲ ਲੰਘ ਪਏ। ਇਕ ਪੰਚਾਇਤ ਮੈਂਬਰ ਦੇ ਮੁੰਡੇ ਨੇ ਆਪਣੇ ਖੇਤਾਂ ਵਿਚ ਪੱਠੇ-ਦੱਥੇ ਨੂੰ ਗਈ ਚੰਨਣ ਦੀ ਕੁੜੀ ਨੂੰ ਕੁਝ ਕਹਿ ਦਿੱਤਾ। ਕੁੜੀ ਤਾਂ ਰੋਂਦੀ ਰੋਂਦੀ ਘਰ ਮੁੜ ਆਈ। ਚੰਨਣ ਨੂੰ ਪਤਾ ਲੱਗਾ ਤਾਂ ਨਾ ਉਸ ਪੰਚਾਇਤ ਮੈਂਬਰ ਦੇ ਮੁੰਡੇ ਦੇ ਹੀ ਧਰ ਕੱਢੀਆਂ ਸਗੋਂ ਮੁੰਡੇ ਦੇ ਪਿਓ ਨੂੰ ਵੀ ਖਰੀਆਂ-ਖਰੀਆਂ ਸੁਣਾ ਦਿੱਤੀਆਂ। ਮੁੰਡੇ ਦੇ ਪਿਓ ਨੇ ਆਪਣੇ ਮੁੰਡੇ ਲਈ ਮਾਫੀ ਮੰਗਣ ਦੀ ਥਾਂ ਸਗੋਂ ਉਲਟਾ ਦੋਸ਼ ਕੁੜੀ ਦੇ ਸਿਰ ਹੀ ਮੜ੍ਹਨ ਦੀ ਕੋਸ਼ਿਸ਼ ਕੀਤੀ। ਚੰਨਣ ਨੂੰ ਹੋਰ ਗੁੱਸਾ ਆ ਗਿਆ ਅਤੇ ਉਸ ਮੁੰਡੇ ਦੇ ਪਿਓ ਨੂੰ ਢਾਹ ਲਿਆ। ਆਲੇ ਦੁਆਲੇ ਖੜ੍ਹੇ ਲੋਕਾਂ ਨੇ ਛੁਡਾ ਦਿੱਤਾ। ਅਗਲੇ ਦਿਨ ਪੰਚਾਇਤ ਹੋਈ। ਪੰਚਾਇਤ ਕਰੀਬ ਕਰੀਬ ਸਾਰੀ ਚੰਨਣ ਦੇ ਖਿਲਾਫ ਸੀ। ਚੰਨਣ ਪੰਚਾਇਤ ਨੂੰ ਵੀ ਗਾਲੀਂ ਛੁੱਟ ਪਿਆ ਤੇ ਪੰਚਾਇਤ ਵਿਚੇ ਛੱਡ ਕੇ ਆਪਣੇ ਘਰ ਆ ਗਿਆ। ਮਗਰੇ ਕੁਝ ਪੰਚਾਇਤ ਮੈਂਬਰ ਤੇ ਕੁਝ ਮੁੰਡੇ ਵਾਲੇ ਦੇ ਸ਼ਰੀਕੇ ਦੇ ਲੋਕ ਡਾਂਗਾਂ ਸੋਟੇ ਲੈ ਚੰਨਣ ਦੇ ਘਰ ਜਾ ਪਹੁੰਚੇ। ਚੰਨਣ ਦੀ ਘਰ ਵਾਲੀ ਨੇ ਕਿਸੇ ਤਰ੍ਹਾਂ ਚੰਨਣ ਅਤੇ ਨਿਆਣਿਆਂ ਨੂੰ ਅੰਦਰ ਵਾੜ ਅੰਦਰੋਂ ਕੁੰਡਾ ਲਾ ਲਿਆ ਕਿ ਆਪੇ ਲੋਕ ਗਾਲ-ਮੰਦਾ ਕਰਨ ਪਿਛੋਂ ਮੁੜ ਜਾਣਗੇ। ਬਾਹਰ ਖੜ੍ਹੇ ਲੋਕ ਗਾਲ੍ਹਾਂ ਕੱਢ ਰਹੇ ਸਨ ਤੇ ਅੰਦਰੋਂ ਚੰਨਣ ਬਰਾਬਰ ਜਵਾਬ ਦੇ ਰਿਹਾ ਸੀ। ਹਮਲਾਵਰਾਂ ਨੇ ਦਰਵਾਜ਼ਾ ਤੋੜਨ ਦੀ ਕੋਸ਼ਿਸ਼ ਵੀ ਕੀਤੀ ਪਰ ਉਹ ਦਰਵਾਜ਼ਾ ਤੋੜ ਨਾ ਸਕੇ। ਇੰਨੇ ਨੂੰ ਦੋ ਬੰਦੇ ਚੰਨਣ ਦੇ ਪੱਕੀਆਂ ਇੱਟਾਂ ਦੇ ਮਕਾਨ ਦੇ ਉਤੇ ਜਾ ਚੜ੍ਹੇ। ਛੱਤ ਕੱਚੀ ਸੀ ਤੇ ਉਤੋਂ ਮਘੋਰਾ ਕੱਢ ਕੇ ਬੋਰੀਆਂ ਦੇ ਟੁਕੜਿਆਂ ਨੂੰ ਅੱਗ ਲਾ ਕੇ ਅੰਦਰ ਸੁੱਟਣਾ ਸ਼ੁਰੂ ਕਰ ਦਿੱਤਾ। ਅੰਦਰ ਜਦੋਂ ਧੂੰਆਂ ਜ਼ਿਆਦਾ ਹੋਇਆ ਤੇ ਨਿਆਣਿਆਂ ਦਾ ਦਮ ਘੁਟਣ ਲੱਗਾ, ਚੰਨਣ ਦੀ ਘਰਵਾਲੀ ਨੇ ਦਰਵਾਜ਼ਾ ਖੋਲ੍ਹ ਦਿੱਤਾ। ਫਿਰ ਕੀ ਸੀ ਵਿਰੋਧੀ ਆ ਚੰਨਣ ਦੇ ਗਲ ਪਏ। ਚੰਨਣ ਨੇ ਬਚਾ ਲਈ ਹੱਥ ਪੱਲਾ ਮਾਰਿਆ ਪਰ ਉਹ ਛੇਤੀ ਡਿੱਗ ਪਿਆ। ਹਮਲਾਵਰ ਗਾਲ੍ਹਾਂ ਕੱਢ ਰਹੇ ਸਨ ਤੇ ਚੰਨਣ ਨੂੰ ਕਹਿ ਰਹੇ ਸਨ, 'ਪੰਚਾਇਤ ਕੋਲੋਂ ਮਾਫੀ ਮੰਗ।' ਪਰ ਚੰਨਣ ਅੱਗੋਂ ਬਰਾਬਰ ਗਾਲ ਕੱਢੀ ਜਾ ਰਿਹਾ ਸੀ। ਹਮਲਾਵਰ ਲਗਾਤਾਰ ਉਸ ਦੇ ਡਾਂਗਾਂ ਮਾਰੀ ਜਾ ਰਹੇ ਸਨ ਪਰ ਚੰਨਣ ਦੇ ਮੂੰਹੋਂ ਗਾਲਾਂ ਹੀ ਨਿਕਲੀਆਂ, ਮੁਆਫੀ ਨਹੀਂ ਤੇ ਅਖੀਰ ਚੰਨਣ ਬੇਹੋਸ਼ ਹੋ ਗਿਆ। ਉਸ ਨੂੰ ਡਿੱਗਾ ਵੇਖ ਹਮਲਾਵਰ ਹੌਲੀ ਹੌਲੀ ਮੁੜ ਗਏ। ਚੰਨਣ ਦੀ ਘਰਵਾਲੀ ਨੇ ਉਸ ਨੂੰ ਚੁੱਕ ਕੇ ਮੰਜੇ 'ਤੇ ਪਾਇਆ। ਚੰਨਣ ਦਾ ਇਕ ਮੁੰਡਾ ਚੰਨਣ ਨੂੰ ਹਸਪਤਾਲ ਲੈਜਾਣ ਲਈ ਜੀਪ ਲੱਭਣ ਤੁਰਿਆ ਪਰ ਜੀਪ ਦੇ ਆਉਣ ਤੋਂ ਪਹਿਲਾਂ ਹੀ ਚੰਨਣ ਇਸ ਜਹਾਨੋਂ ਜਾ ਚੁੱਕਾ ਸੀ। ਅਗਲੇ ਦਿਨ ਪਿੰਡ ਵਿਚ ਪੁਲਿਸ ਆਈ। ਥਾਣੇਦਾਰ ਸਖਤ ਪਰ ਇਮਾਨਦਾਰ ਸੀ। ਥਾਣੇਦਾਰ ਨੂੰ ਜਦੋਂ ਸਾਰੀ ਗੱਲ ਪਤਾ ਲੱਗੀ ਤਾਂ ਭਰੀ ਪੰਚਾਇਤ ਵਿਚ ਪੰਚਾਇਤ ਨੂੰ ਫਿੱਟ ਲਾਹਣਤਾਂ ਪਾਉਂਦਿਆਂ ਉਸ ਕਿਹਾ, 'ਤੁਸੀਂ ਜੂਠਾਂ ਨੇ ਨਰ ਬੰਦਾ ਮਰਵਾ'ਤਾ।' ਇਹ ਵੱਖਰੀ ਗੱਲ ਹੈ ਕਿ ਗਵਾਹਾਂ ਦੀ ਕਮਜ਼ੋਰੀ ਕਰਕੇ ਕਾਤਲਾਂ ਨੂੰ ਬਹੁਤੀ ਵੱਡੀ ਸਜ਼ਾ ਨਾ ਹੋ ਸਕੀ। ਪਰ ਅੱਜ ਤੱਕ ਵੀ ਲੋਕ ਉਸ ਦੀ ਦਲੇਰੀ ਦੀਆਂ ਬਾਤਾਂ ਪਾਉਂਦੇ ਹਨ। ਆਪਣੇ ਪਿੰਡ ਹੋਏ ਇਕ ਹੋਰ ਬਹੁਤ ਹੀ ਦਰਦਨਾਕ ਕਤਲ ਦੀ ਵਾਰਤਾ ਮੈਂ ਅਗਲੀ ਵਾਰ ਸੁਣਾਵਾਂਗਾ।



# ਜਦੋਂ ਆਰਿਫ਼ ਦਾ ਚਿਮਟਾ ਬੋਲਿਆ...

**– ਸਵਰਨ ਸਿੰਘ ਟਹਿਣਾ**

ਮਧਰਾ ਕੱਦ, ਗੋਲ-ਮਟੋਲ ਸਰੀਰ, ਨਿੱਕੇ-ਨਿੱਕੇ ਹੱਥ, ਵੱਡਾ ਸਾਰਾ ਮੱਥਾ, ਫ਼ਕੀਰਾਂ ਵਾਂਗ ਲੰਮੇ-ਲੰਮੇ ਵਾਲ, ਦਾੜ੍ਹੀ ਸਫ਼ਾ ਚੱਟ ਤੇ ਮੁੱਛਾਂ ਦੀ ਇੱਕ ਪਤਲੀ ਲਾਈਨ...ਇਹ ਨਕਸ਼ ਚਿਮਟੇ ਵਾਲੇ ਉਸ ਫ਼ਨਕਾਰ ਦੇ ਨੇ, ਜਿਸ ਦੀ ਗਰਜਵੀਂ ਅਵਾਜ਼ ਸਾਊਂਡ ਦੇ ਸਪੀਕਰਾਂ ਨੂੰ ਵਖਤ ਪਾ ਛੱਡਦੀ ਹੈ...ਜਦੋਂ 'ਜੁਗਨੀ' ਉਸ ਦੇ ਕੰਠ 'ਚੋਂ ਹੋ ਕੇ ਸੁਣਨ ਵਾਲਿਆਂ ਦੇ ਕੰਨਾਂ ਨਾਲ ਟਕਰਾਉਂਦੀ ਹੈ ਤਾਂ ਮਨ ਵਜਦ ਵਿਚ ਆ ਜਾਂਦਾ ਹੈ...ਸੋਚਣ ਲਈ ਮਜਬੂਰ ਹੋ ਜਾਈਦਾ ਹੈ ਕਿ ਦਮਦਾਰ ਗਾਇਕੀ ਦੀ ਸਾਰੀ ਅਮੀਰੀ ਤਾਂ ਲਹਿੰਦੇ ਪੰਜਾਬ 'ਚ ਰਹਿ ਗਈ...ਉਥੋਂ ਦੇ ਹੀ ਨੁਸਰਤ ਫ਼ਤਹਿ ਅਲੀ ਖ਼ਾਨ, ਉਥੋਂ ਦੀ ਰੇਸ਼ਮਾ, ਆਲਮ ਲੁਹਾਰ, ਨੂਰਜਹਾਂ ਤੇ ਉਥੋਂ ਦਾ ਹੀ ਇਹ ਆਰਿਫ਼ ਲੁਹਾਰ।

ਆਰਿਫ਼ ਲੁਹਾਰ ਨੂੰ ਇਸ ਗੱਲ ਦਾ ਮਾਣ ਹੈ ਕਿ ਕੁਦਰਤ ਨੇ ਬੋਹੜ ਦੀ ਥਾਂ ਬੋਹੜ ਹੀ ਲਾਇਐ, ਤਾਂ ਜੁ ਸੰਗੀਤ ਦੀ ਰੁਮਕਦੀ ਪੌਣ ਦਾ ਲੁਤਫ਼ ਇਸ ਦੀ ਛਾਂਵੇਂ ਬੈਠ ਕੇ ਲਿਆ ਜਾ ਸਕੇ। ਆਰਿਫ਼ ਦੇ ਪਿਤਾ ਜੀ, ਆਲਮ ਲੁਹਾਰ ਵਲੋਂ ਗਾਇਆ, 'ਬੋਲ ਮਿੱਟੀ ਦਿਆ ਬਾਵਿਆ' ਦਾ ਨਾ ਕੋਈ ਬਦਲ ਹੋਇਆ ਹੈ ਅਤੇ ਨਾ ਹੀ ਹੋਵੇਗਾ। ਉੱਚੀ ਤੋਂ ਉੱਚੀ ਸੁਰ ਵਿਚ ਗਾਉਣ 'ਤੇ ਵੀ ਗਾਇਕੀ ਵਿਚੋਂ ਲੋਕ ਰੰਗ ਮਨਫ਼ੀ ਨਾ ਹੋਣ ਦੇਣਾ ਆਲਮ ਲੁਹਾਰ ਦੀ ਪਛਾਣ ਦਾ ਜ਼ਾਮਨ ਸੀ ਤੇ ਅੱਗੋਂ ਇਹੀ ਨਿਸ਼ਾਨੀਆ ਉਸ ਦੇ ਫ਼ਰਜ਼ੰਦ ਆਰਿਫ਼ ਵਿਚੋਂ ਉਸ ਵੇਲ਼ੇ ਸਪੱਸ਼ਟ ਦਿਸਦੀਆਂ ਨੇ, ਜਦੋਂ ਉਹ ਸਟੇਜ 'ਤੇ ਚਿਮਟੇ ਦੀਆਂ ਕਰਵਟਾਂ ਬਦਲਾਉਂਦਾ ਹੈ, ਤੂੰਬੇ ਨਾਲ ਚਿਮਟੇ ਦੀ ਜੁਗਲਬੰਦੀ ਕਰਾਉਂਦੈ, ਗਾਣਾ ਮੁਕੰਮਲ ਹੋਣ ਤੋਂ ਬਾਅਦ ਸਟੇਜ 'ਤੇ ਮੰਝੇ ਹੋਏ ਅਦਾਕਾਰ ਵਾਂਗ ਅਦਾਕਾਰੀ ਕਰਦੈ ਅਤੇ ਸੁੰਨ ਹੋਏ ਦਰਸ਼ਕਾਂ ਦੇ ਚਿਹਰਿਆਂ 'ਤੇ ਖੇੜਾ ਲਿਆਉਣ ਲਈ ਆਖਦੈ, 'ਤਾੜੀ ਮਾਰ ਦੇਣੀ ਚਾਹੀਦੀ ਐ...ਇਹ ਮਨ੍ਹਾ ਨਹੀਂ ਏ...ਜਦੋਂ ਤਾੜੀ ਆਈ ਹੋਵੇ ਤਾਂ ਮਾਰ ਲੈਣੀ ਚਾਹੀਦੀ ਏ, ਨਹੀਂ ਤਾਂ ਢਿੱਡੀਂ ਪੀੜ੍ਹਾਂ ਪੈਣ ਲੱਗ ਜਾਂਦੀਆਂ ਨੇ...।'

ਕੈਸਿਟਾਂ ਜ਼ਰੀਏ ਅਤੇ ਲੋਕ ਮੂੰਹਾਂ ਤੋਂ ਬੜਾ ਸੁਣਿਆ ਸੀ, 'ਆਰਿਫ਼ ਸੁਣ ਕੇ ਦੇਖਿਓ...ਕਮਾਲਾਂ ਕਰਾ ਛੱਡਦੈ...ਉਹਦੇ ਕੰਠ ਨਾਲ ਜਦੋਂ ਚਿਮਟੇ ਦੀ ਗਲਵੱਕੜੀ ਪੈਂਦੀ ਏ ਤਾਂ ਪੂਰੀ ਕਾਇਨਾਤ ਸਰਸ਼ਾਰ ਹੋ ਜਾਂਦੀ ਏ...।' ਤੇ ਉਸ ਨੂੰ ਸੁਣਨ ਦਾ ਸਬੱਬ ਬਣਿਆ ਅੰਮ੍ਰਿਤਸਰ ਦੇ ਸਪਰਿੰਗ ਡੇਲ ਸਕੂਲ ਵਲੋਂ ਕਰਾਏ ਗਏ 'ਸਾਂਝ' ਦੇ ਪ੍ਰੋਗਰਾਮ ਵਿਚ। 'ਸਪਰਿੰਗ ਡੇਲ' ਉਹ ਵਿੱਦਿਅਕ ਸੰਸਥਾ ਹੈ, ਜਿਸ ਨੇ ਵਿੱਦਿਅਕ ਗਤੀਵਿਧੀਆਂ ਵਿਚ ਯੋਗਦਾਨ ਪਾਉਣ ਦੇ ਨਾਲ-ਨਾਲ ਦੋਹਾਂ ਪੰਜਾਬਾਂ ਦੀ ਸਾਹਿਤਕ ਤੇ ਸਭਿਆਚਾਰਕ ਸਾਂਝ ਨੂੰ ਪੀਡੀ ਕਰਨ ਲਈ ਅਨੇਕਾਂ ਕਦਮ ਚੁੱਕੇ ਹਨ। ਚੰਗਾ ਕੰਮ ਕਰਨ ਵਾਲਿਆਂ ਦੀ ਲੋੜ ਸ਼ਾਇਦ ਉਸ ਸਿਰਜਣਹਾਰ ਨੂੰ ਵੀ ਰਹਿੰਦੀ ਹੈ, ਏਸੇ ਕਰਕੇ ਇਸ ਸੰਸਥਾ ਦੇ ਸੰਚਾਲਕਾਂ, ਸ਼ਿਵਇੰਦਰ ਸਿੰਘ ਸੰਧੂ ਤੇ ਮਨਵੀਨ ਕੌਰ ਸੰਧੂ ਨੂੰ ਇੱਕ ਸੜਕ ਹਾਦਸੇ ਦੇ ਬਹਾਨੇ ਕੁਦਰਤ ਨੇ ਪਿਛਲੇ ਸਾਲ ਸਾਡੇ ਕੋਲੋਂ ਖੋਹ ਲਿਆ ਤੇ ਅੱਗੋਂ ਉਨ੍ਹਾਂ ਦੀ ਸੋਚ ਦੇ ਵਾਰਿਸਾਂ ਬੇਟੀ ਕੀਰਤੀ ਸੰਧੂ ਤੇ ਬੇਟੇ ਸਾਹਿਲ ਸੰਧੂ ਵਲੋਂ ਸਮਾਗਮ ਦੀ ਲਗਾਤਾਰਤਾ ਨੂੰ ਬਰਕਰਾਰ ਰੱਖਣ ਦਾ ਜਿਸ ਕਦਰ ਬੀੜਾ ਚੁੱਕਿਆ ਗਿਆ, ਉਹ ਮਨ ਨੂੰ ਹੋਰ ਵੀ ਤਸੱਲੀ ਦਿਵਾਉਣ ਵਾਲਾ ਹੈ।

ਆਰਿਫ਼ ਦੇ ਆਉਣ ਸਾਰ ਸਾਜ਼ ਵਜੰਤਰੀਆਂ ਦੀ ਚੁਸਤੀ ਵਧ ਗਈ...ਉਸ ਨੇ ਆਉਣ ਸਾਰ ਪਹਿਲਾਂ ਵਿਛੋੜਾ ਦੇਣ ਵਾਲੀ 'ਸੰਧੂ ਜੋੜੀ' ਦੀ ਸੋਚ ਅੱਗੇ ਸੀਸ ਝੁਕਾਇਆ ਤੇ ਫੇਰ ਆਪਣੀ ਸੁਰਤੀ ਅੱਲ੍ਹਾ ਨਾਲ ਜੋੜ ਲਈ। ਸਾਜ਼ ਸ਼ੁਰੂ ਹੋਏ ਤੇ ਪਹਿਲੇ ਗੀਤ ਦੇ ਪਹਿਲੇ ਲਫ਼ਜ਼ ਨੇ ਹੀ ਸਾਬਤ ਕਰ ਦਿੱਤਾ ਕਿ ਆਰਿਫ਼ ਦਾ ਕੋਈ ਜਵਾਬ ਨਹੀਂ। ਫੇਰ ਉਸ ਨੇ ਧੀਆਂ ਦੇ ਹੱਕਾਂ, ਦਰਦਾਂ ਅਤੇ ਦੁਸ਼ਵਾਰੀਆਂ ਦੀ ਗੱਲ 'ਸਾਡਾ ਚਿੜੀਆਂ ਦਾ ਚੰਬਾ ਵੇ ਬਾਬਲਾ ਵੇ...ਅਸਾਂ ਉੱਡ ਜਾਣਾ' ਗੀਤ ਰਾਹੀਂ ਇਸ ਕਦਰ ਪੇਸ਼ ਕੀਤੀ ਕਿ ਪੰਡਾਲ ਵਿਚ ਬੈਠਾ ਹਰ ਵਰਗ ਦਾ ਸਰੋਤਾ ਉਸ ਦੇ ਗੀਤ ਸੰਗ ਗੀਤ ਹੋ ਗਿਆ।

ਹਰ ਨਵੇਂ ਗੀਤ ਨਾਲ ਆਰਿਫ਼ ਦੀ ਸੁਰ ਹੋਰ ਤੋਂ ਹੋਰ ਉੱਚੀ ਹੋ ਰਹੀ ਸੀ...ਉਹ ਸੁਰਾਂ ਨਾਲ ਖੇਡ ਰਿਹਾ ਸੀ...ਗੀਤ ਨਾਲ ਕਲੋਲਾਂ ਕਰ ਰਿਹਾ ਸੀ...ਮਸਤੀ 'ਚ ਆਇਆ ਵਾਲ਼ਾਂ ਨੂੰ ਇੰਜ ਹਿਲਾ ਰਿਹਾ ਸੀ, ਜਿਵੇਂ ਪੌਣ ਆਈ ਹੋਵੇ।

ਨਾਲ-ਨਾਲ ਹਾਈਟੈਕ ਹੋਈ ਦੁਨੀਆਦਾਰੀ 'ਤੇ ਵਿਅੰਗ ਕਸੇ ਜਾ ਰਹੇ ਸਨ...ਪਿਆਰ-ਮੁਹੱਬਤ ਦੀ ਬਾਤ ਪਾਉਂਦਿਆਂ ਆਖਿਆ, 'ਅੱਜ-ਕੱਲ੍ਹ ਸਾਰਾ ਇਸ਼ਕ ਇੱਕ 'ਸਿੰਮ' ਵਿਚ ਸਿਮਟ ਕੇ ਰਹਿ ਗਿਐ...ਸ਼ੁਕਰ ਕਰੋ ਅਜੇ ਕੰਪਿਊਟਰ ਤੰਦਰੁਸਤ ਏ...ਜਦੋਂ ਕੰਪਿਊਟਰ ਪਾਗਲ ਹੋਇਆ ਤਾਂ ਸਾਰੀ ਦੁਨੀਆ ਪਾਗਲ ਹੋ ਜਾਏਗੀ...।' ਫੇਰ ਤੂੰਬੇ ਦੀ ਉਸਤਤ ਸ਼ੁਰੂ, 'ਤੂੰਬਾ ਸਾਡੇ ਦਿਲਾਂ ਦੀ ਗੱਲ ਕਰਦੈ, ਇਹ ਕਮਜ਼ੋਰੀ ਏ ਸਾਡੇ ਪੰਜਾਬ ਦੀ...ਜਦੋਂ ਆਲਮ ਲੁਹਾਰ ਪੁੱਤਰ ਆਰਿਫ਼ ਚਿਮਟਾ ਨੂੰ ਬੋਲਣ ਨਾ ਲਾਵੇ...ਤਾਂ ਚੱਸ ਨਹੀਂ ਆਉਂਦੀ...', ਨਾਲ-ਨਾਲ ਸਾਜ਼ੀਆਂ 'ਤੇ ਕੰਟਰੋਲ, ਨਿਰਦੇਸ਼ ਜਾਰੀ, 'ਭਰਾਵਾ...ਜਦੋਂ ਰਿਦਮ ਪੂਰਾ ਹੋਵੇ ਤਾਂ ਤੂੰਬਾ ਉੱਤੇ ਆਉਣਾ ਚਾਹੀਦੈ...ਵੰਨ ਟੂ ਥਿਰੀ ਫੋਰ...ਸੱਚੀਂ ਫੋਰ ਤੋਂ ਅੱਗੇ ਗਿਣਤੀ ਹੀ ਨਹੀਂ ਆਉਂਦੀ...।'

'ਇੱਕ ਫੁੱਲ ਮੋਤੀਏ ਦਾ ਮਾਰ ਕੇ ਜਗਾ ਸੋਹਣੀਏ' ਗੀਤ ਮੌਕੇ ਹਰ ਹੱਥ ਉੱਪਰ ਹੋਇਆ ਤਾੜੀ ਮਾਰ ਰਿਹਾ ਸੀ, ਨੌਜਵਾਨ ਨੱਚ ਰਹੇ ਸਨ, ਹਰ ਕੋਈ ਮਸਤ ਹੋਇਆ ਦਿਸਦਾ ਸੀ...ਆਲੇ ਦੁਆਲੇ ਨੂੰ ਨਸ਼ਾ ਜਿਹਾ ਚੜ੍ਹ ਚੁੱਕਾ ਸੀ ਤੇ ਫੇਰ ਉਸ ਗੀਤ ਦੀ ਵਾਰੀ ਆ ਗਈ, ਜਿਸ ਨੂੰ ਸੁਣਨ ਲਈ ਕਈ ਸਪੈਸ਼ਲ ਚੱਲ ਕੇ ਆਏ ਸਨ...ਵਾਰੀ ਸੀ 'ਜੁਗਨੀ' ਦੀ। ਜਿਸ ਕਦਰ ਆਰਿਫ਼ ਨੇ 'ਜੁਗਨੀ' ਪੇਸ਼ ਕੀਤੀ, ਮਨ ਕਹਿਣ ਲੱਗਾ, 'ਕਾਸ਼, ਸਾਡੇ ਚੜ੍ਹਦੇ ਪੰਜਾਬ ਵਿਚ ਵੀ ਅਜਿਹੇ ਕਲਾਕਾਰ ਹੋਣ, ਜਿਹੜੇ ਸਿਰਫ਼ ਤੇ ਸਿਰਫ਼ ਲੋਕ ਸਾਜ਼ਾਂ 'ਤੇ ਲੋਕ ਗੀਤਾਂ ਨੂੰ ਇਹਦੇ ਵਾਂਗ ਪੇਸ਼ ਕਰ ਸਕਣ...।'

ਪਹਿਲਾਂ ਉਸ ਨੇ ਜੁਗਨੀ ਨੂੰ ਰਵਾਇਤੀ ਅੰਦਾਜ਼ ਵਿਚ ਪੇਸ਼ ਕੀਤਾ ਤੇ ਫੇਰ ਕਿਹਾ, 'ਜਦੋਂ ਮੈਂ 'ਜੁਗਨੀ' ਨੂੰ ਵੈਸਟਰਨ ਅੰਦਾਜ਼ ਵਿਚ ਢਾਲਿਆ ਤਾਂ ਇਸ ਦਾ ਮੂਡ ਹੀ ਬਦਲ ਗਿਆ...ਗੋਰੀਆਂ ਦੂਹਰੀਆਂ-ਤੀਹਰੀਆਂ ਹੋਣ ਲੱਗੀਆਂ...ਨਾਲ-ਨਾਲ ਉਹ ਗੋਰੀਆਂ ਵਾਂਗ ਡਾਂਸ ਕਰਕੇ ਦਿਖਾਈ ਜਾਵੇ...।' ਫੇਰ ਹਾਜ਼ਰੀਨ ਨੂੰ ਆਖਿਆ, 'ਜੇ ਥੋਡੀ ਇਜਾਜ਼ਤ ਹੋਵੇ ਤਾਂ ਇਹਨੂੰ ਮੁੜ ਦੇਸੀ ਤੁੜਕਾ ਲਾ ਦੇਈਏ...ਫੱਟੇ ਚੁੱਕ ਦੇਈਏ ਉਤਾਂਹ ਨੂੰ... ਤੇ ਮੁੜ 'ਜੁਗਨੀ' ਨੂੰ ਕਮਾਲ ਦੇ ਢੰਗ ਨਾਲ ਪੇਸ਼ ਕੀਤਾ ਗਿਆ। 'ਜੁਗਨੀ' ਸੁਣ ਕੇ ਜਿੰਨੀ ਖੁਸ਼ੀ ਹੋਈ, ਆਰਿਫ਼ ਵਲੋਂ ਪੰਜ ਤਰੀਕਿਆਂ ਨਾਲ ਵਜਾਏ ਗਏ ਚਿਮਟੇ ਨੂੰ ਸੁਣ ਕੇ ਓਨੀ ਹੀ ਹੈਰਾਨੀ ਹੋਈ ਕਿ ਇਸ ਫਨਕਾਰ ਦੇ ਕੰਠ ਵਿਚ ਤਾਂ ਜਾਦੂ ਹੈ ਹੀ, ਉਂਗਲਾਂ ਵਿਚ ਕਿੰਨੀ ਚਮਤਕਾਰੀ ਤਾਕਤ ਏ...।'

ਹਾਜ਼ਰੀਨ ਕਹਿ ਰਹੇ ਸਨ, 'ਜ਼ਿਆਦਾਤਰ ਗਾਇਕਾਂ ਨਾਲੋਂ ਵਧ ਤਾਂ ਆਰਿਫ਼ ਦਾ ਚਿਮਟਾ ਹੀ ਗਾ ਛੱਡਦੈ....' ਤੇ ਇਹ ਗੱਲ ਜਾਪ ਵੀ ਬਿਲਕੁਲ ਸੱਚ ਰਹੀ ਸੀ।

ਉਸ ਦਿਨ ਆਰਿਫ਼ ਦੀ ਕਲਾ ਅੱਗੇ ਨਤਮਸਤਕ ਹੋਏ ਬਿਨਾਂ ਕੋਈ ਨਾ ਰਹਿ ਸਕਿਆ। ਉਹ 2005 ਵਿਚ ਪਾਕਿਸਤਾਨੀ ਸਰਕਾਰ ਵਲੋਂ ਦਿੱਤੇ ਗਏ 'ਬੈਸਟ ਪਰਫਾਰਮੈਂਸ ਐਵਾਰਡ' ਦਾ ਸਹੀ ਹੱਕਦਾਰ ਜਾਪਿਆ ਤੇ ਨਾਲ ਹੀ ਆਪਣੇ ਵਾਲਿਦ ਆਲਮ ਲੁਹਾਰ ਦੀ ਪੈੜ ਵਿਚ ਪੈੜ ਧਰਨ ਵਾਲਾ ਸੱਚਾ ਫਨਕਾਰ ਵੀ ਮਹਿਸੂਸ ਹੋਇਆ।' ਉਸ ਤੋਂ ਪਹਿਲਾਂ ਅਤੇ ਬਾਅਦ ਵਿਚ ਗਾਉਣ ਵਾਲੇ ਸਾਰੇ ਫ਼ਨਕਾਰਾਂ ਨੇ ਮਨ ਮੰਦਰ 'ਤੇ ਗੂੜ੍ਹਾ ਪ੍ਰਭਾਵ ਛੱਡਿਆ, ਜਿਨ੍ਹਾਂ ਦੀ ਗਾਇਕੀ ਦੇ ਸਰੂਰ ਵਿਚ ਅੱਜ ਵੀ ਮਨ ਝੂਮ ਰਿਹਾ ਹੈ। ਕਈ ਸਾਲ ਪਹਿਲਾਂ ਜਦੋਂ ਜਲੰਧਰ ਦੇ ਦੇਸ਼ ਭਗਤ ਯਾਦਗਾਰੀ ਹਾਲ ਵਿਚ ਪਾਕਿਸਤਾਨੀ ਕੱਵਾਲ ਜਾਵੇਦ ਬਸ਼ੀਰ ਨਾਲ ਸਾਡੇ ਚੜ੍ਹਦੇ ਪੰਜਾਬ ਦੇ ਫ਼ਨਕਾਰ ਹੰਸ ਰਾਜ ਹੰਸ ਨੇ ਜੁਗਲਬੰਦੀ ਕੀਤੀ ਸੀ, ਉਸ ਦਿਨ ਦਾ ਨਸ਼ਾ ਅੱਜ ਤੱਕ ਨਹੀਂ ਉੱਤਰਿਆ ਤੇ ਜਿਹੜਾ ਹੁਣ ਚੜ੍ਹਿਆ ਹੈ, ਸ਼ਾਇਦ ਕਈ ਸਾਲ ਇਹ ਵੀ ਨਾ ਉੱਤਰੇ।

ਪਿੰਡ ਤੇ ਡਾਕ : ਟਹਿਣਾ, ਜ਼ਿਲ੍ਹਾ ਫ਼ਰੀਦਕੋਟ।
98141-78883 ਮੋ.

ੴ ਸਤਿਗੁਰ ਪ੍ਰਸਾਦਿ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ॥
ਜਿਉ ਕਰਿ ਸੂਰਜ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ॥

# ਮ੍ਰਿਗਾਵਲੀ ਵਿਚ ਸਿੰਘ ਦੀ ਗਰਜ ਦੇਣ ਵਾਲੇ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਹਾਨ ਪ੍ਰਕਾਸ਼ ਪੁਰਬ ਦੀ ਸਮੂਹ ਸੰਗਤਾਂ ਨੂੰ

# ਲਖ ਲਖ ਵਧਾਈ ਹੋਵੇ ਜੀ



ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦੇ ਮਹਾਨ ਨਗਰ ਕੀਰਤਨ ਵਿਚ ਸ਼ਾਮਲ ਹੋ ਕੇ ਜੀਵਨ ਸਫਲਾ ਕਰਨ ਆਈਆਂ ਸੰਗਤਾਂ ਨੂੰ ਜੀ ਆਇਆਂ ਨੂੰ

ਸੰਤੋਖ ਸਿੰਘ ਸੰਧਰ, ਫੋਨ:530-682-3049

**SSS Trucking, Yuba City**

# ਹਿੰਦੂ ਰਾਸ਼ਟਰ ਦੇ ਅਵਚੇਤਨ ਨੇ ਜਿਨਾਹ ਨੂੰ ਵੱਖਵਾਦੀ ਰਾਹ 'ਤੇ ਤੋਰਿਆ

ਵਿਚਾਰ ਚਰਚਾ




-ਗੁਰਬਚਨ

ਭਾਰਤੀ ਜਨਤਾ ਪਾਰਟੀ 'ਚੋਂ ਖਾਰਜ ਕੀਤੇ ਗਏ ਨੇਤਾ ਜਸਵੰਤ ਸਿੰਘ ਦੀ ਕਿਤਾਬ 'ਚ ਜੋ ਨਹਿਰੂ ਪਟੇਲ ਬਾਰੇ ਗੱਲਾਂ ਕਹੀਆਂ ਹਨ ਉਨ੍ਹਾਂ ਵਿਚ ਬੁਨਿਆਦੀ ਤੌਰ 'ਤੇ ਨਵਾਂ ਕੁਝ ਨਹੀਂ ਹੈ। ਪੱਚੀ ਸਾਲ ਪਹਿਲਾਂ ਰੌਬਰਟ ਵਾਲਪਰਟ ਨੇ ਆਪਣੀ ਕਿਤਾਬ 'ਜਿਨਾਹ ਐਂਡ ਪਾਕਿਸਤਾਨ' ਵਿਚ ਜਿਨਾਹ ਨੂੰ ਵੱਖਵਾਦੀ ਬਨਾਣ ਦਾ ਦੋਸ਼ੀ ਕਾਂਗਰਸੀ ਨੇਤਾਵਾਂ ਨੂੰ ਮੰਨਿਆ। ਤੱਥ ਦੱਸਦੇ ਹਨ ਕਿ ਵੰਡ ਤੋਂ ਪਹਿਲਾਂ ਜਾਂ ਬਾਅਦ ਵਿਚ ਜਵਾਹਰ ਲਾਲ ਨਹਿਰੂ ਅਤੇ ਹੋਰ ਕਾਂਗਰਸੀ ਨੇਤਾ 'ਹਿੰਦੂ ਰਾਸ਼ਟਰ' ਦੇ ਸਿਆਸੀ ਅਵਚੇਤਨ ਤੋਂ ਮੁਕਤ ਨਹੀਂ ਸਨ। ਉਨ੍ਹਾਂ ਕੋਲ ਇਹਨੂੰ ਹੇਠਲੀਆਂ ਤੈਹਾਂ 'ਚ ਦੱਬਣ ਲਈ ਪੱਛਮੀ ਆਧੁਨਿਕਤਾ ਦਾ ਮੁਹਾਵਰਾ ਸੀ। ਸੰਕਟ ਵੇਲੇ ਇਹ ਅਵਚੇਤਨ ਉੱਘੜ ਕੇ ਆਕ੍ਰਮਣੀ ਰੂਪ ਧਾਰਣ ਕਰਦਾ ਰਿਹਾ, ਵਰਨਾ ਵੀਹਵੀਂ ਸਦੀ ਦੇ ਚੌਥੇ ਦਹਾਕੇ ਦੇ ਸ਼ੁਰੂ 'ਚ ਜਿਨਾਹ ਦੇ ਵਿਚਾਰਾਂ ਨੂੰ ਯੋਗ ਸਪੇਸ ਮੁਹੱਈਆ ਕਰਨੀ ਮੁਸ਼ਕਿਲ ਨਹੀਂ ਸੀ। ਸਥਿਤੀ ਬਾਅਦ ਵਿਚ ਹੀ ਅਮੋੜਵੀਂ ਸ਼ਕਲ ਅਖਤਿਆਰ ਕਰਦੀ ਹੈ। ਪੰਜਾਬ ਦੇ ਪ੍ਰਸੰਗ 'ਚ ਵੀ ਅਜਿਹਾ ਵਾਪਰਦਾ ਰਿਹਾ ਹੈ।

ਪੰਜਾਬ ਹਿੰਦੂ ਰਾਸ਼ਟਰ ਦੇ ਸਿਆਸੀ ਅਵਚੇਤਨ ਦਾ ਬੁਰੀ ਤਰ੍ਹਾਂ ਸ਼ਿਕਾਰ ਰਿਹਾ ਹੈ। ਵੰਡ ਤੋਂ ਬਾਦ ਜੇ ਇਹ ਭੂਖੰਡ ਸਭਿਆਚਾਰਕ/ਭਾਸ਼ਕ ਤੌਰ 'ਤੇ ਹਾਸ਼ੀਆਬਧ ਰਿਹਾ, ਜੇ ਇਹਨੂੰ ਨਿੱਕੇ ਵੱਡੇ ਹੱਕਾਂ ਦੀ ਖਾਤਰ ਵਿਰਾਟ ਪੱਧਰ 'ਤੇ ਲੜਨਾ ਪਿਆ ਤਾਂ ਇਹਦੇ ਕਾਰਣ ਏਥੋਂ ਦੀ ਸਮਰਥ ਮਿਡਲ ਕਲਾਸ ਦੇ ਹਿੰਦੂ ਰਾਸ਼ਟਰਵਾਦੀ ਅਵਚੇਤਨ 'ਚ ਪਏ ਹਨ। ਇਸ ਜਮਾਤ ਦੇ ਹਿਤ ਕੇਂਦਰੀ ਸਿਆਸਤ ਨਾਲ ਹਮੇਸ਼ਾਂ ਸਾਂਝੇ ਰਹੇ ਹਨ ਤੇ ਇਸ ਘੁੰਡੀ ਕਰਕੇ ਹੀ ਪੰਜਾਬ ਸੂਲੀ 'ਤੇ ਟੰਗਿਆ ਰਿਹਾ ਹੈ। ਜੇ ਇਹ ਸਿਆਸੀ ਅਵਚੇਤਨ ਪੰਜਾਬ ਦੀ ਮਿਡਲ ਕਲਾਸ ਨੇ ਆਤਮਸਾਤ ਨਾ ਕੀਤਾ ਹੁੰਦਾ ਤਾਂ ਅੱਜ ਸਾਂਝੀ ਪੰਜਾਬੀ ਕੌਮੀਅਤ ਇਕ ਤਕੜੀ ਪਛਾਣ ਬਣ ਕੇ ਉਭਰਦੀ, ਕਿਸੇ ਤਰ੍ਹਾਂ ਦੀ ਵੱਖਵਾਦੀ ਜਾਂ ਅੱਤਵਾਦੀ ਸੋਚ ਪੈਦਾ ਹੋਣ ਦੀ ਸੰਭਾਵਨਾ ਨਾ ਹੁੰਦੀ।

ਮਹਾਸ਼ਾ ਕ੍ਰਿਸ਼ਨ ਅਤੇ ਮਹਾਸ਼ਾ ਵਰਿੰਦਰ ਪੰਜਾਬੀ ਨੂੰ ਭਾਸ਼ਾ ਮੰਨਣ ਤੋਂ ਇਨਕਾਰੀ ਰਹੇ। ਉਹ ਕਹਿੰਦੇ ਰਹੇ ਕਿ ਪੰਜਾਬੀ ਉਪ-ਭਾਸ਼ਾ (ਡਾਇਲੈਕਟ) ਹੈ, ਇਹਦਾ ਸਥਾਨ ਪੰਜਾਬ 'ਚ ਵੀ ਕੇਂਦਰੀ ਨਹੀਂ ਹੋ ਸਕਦਾ। ਆਪਣੀ ਭਾਸ਼ਾ ਨੂੰ ਨਕਾਰ ਕੇ ਉਹ ਪੰਜਾਬ 'ਚ ਫਿਰਕੂ ਜ਼ਹਿਰ ਫੈਲਾਂਦੇ ਰਹੇ, ਦਵੈਤ ਦੀ ਮਾਨਸਿਕਤਾ ਪੈਦਾ ਕਰਦੇ ਰਹੇ। ਅਕਾਲੀ ਇਹਨੂੰ 'ਪੰਥ ਨੂੰ ਖਤਰਾ' ਸਮਝ ਕੇ ਉਤੇਜਿਤ ਹੁੰਦੇ ਰਹੇ। ਪੰਜਾਬੀ ਭਾਸ਼ਾ ਦੀ ਨਿਮਨ ਹੈਸੀਅਤ ਬਾਰੇ ਮਾਨਸਿਕਤਾ ਘਰ ਕਰ ਗਈ। ਪੰਜਾਬੀ ਲੇਖਕ ਨਿੱਕੀ ਮੋਟੀ ਰਿਆਇਤ ਦੀ ਖਾਤਰ ਤਰਲੇ ਕਰਦੇ, ਸਮਾਗਮਾਂ 'ਚ ਮਤੇ ਪਾਸ ਕਰਦੇ ਦਿਖਾਈ ਦੇਣ ਲੱਗੇ। ਅੱਜ ਵੀ ਉਹ ਇਹੀ ਕਰ ਰਹੇ ਹਨ। ਪੰਜਾਬੀ ਭਾਸ਼ਾ ਨਾਲ ਭਾਵੁਕ/ਬੌਧਿਕ ਸਾਂਝ ਦੀ ਅਣਹੋਂਦ ਨੂੰ ਹੁਣ ਮਿਟਾ ਸਕਣਾ ਸੰਭਵ ਦਿਖਾਈ ਨਹੀਂ ਦੇ ਰਿਹਾ। ਇਹ ਭਾਸ਼ਾ ਮਿਡਲ ਕਲਾਸ ਵਲੋਂ ਸਿਰਫ਼ ਬਰਦਾਸ਼ਤ ਕੀਤੀ ਜਾਣ ਲੱਗ ਪਈ ਹੈ, ਬਸ। ਸਮੇਂ ਨਾਲ ਇਹਦੀ ਹਸਤੀ ਹੋਰ ਨਿਮਨ ਹੋਣੀ ਤੈਅ ਹੈ।

ਅਜਿਹੀ ਮਾਨਸਿਕਤਾ ਦੀ ਬੁਨਿਆਦ ਲਾਲਾ ਲਾਜਪਤ ਰਾਏ ਨੇ ਰੱਖੀ। ਉਹਨੇ ਉਨੀਵੀਂ ਸਦੀ ਦੇ ਅੰਤ 'ਚ ਵਿਚਾਰ ਬੁਲੰਦ ਕੀਤਾ ਕਿ ਹਿੰਦੀ ਭਾਸ਼ਾ ਦੀ ਪ੍ਰਭੁਤਾ ਰਾਹੀਂ ਦੇਸ ਨੂੰ ਇਕੋ ਰਾਸ਼ਟਰ 'ਚ ਬੰਨ੍ਹਿਆ ਜਾ ਸਕਦਾ ਹੈ। ਉਹ ਹਿੰਦੂ ਮਹਾਂ ਸਭਾ ਦਾ ਸਿਰਕੱਢ ਨੇਤਾ ਸੀ ਤੇ ਹਿੰਦੀ ਲਿਖਣੀ ਪੜ੍ਹਨੀ ਜਾਣਦਾ ਨਹੀਂ ਸੀ। ਬਾਦ ਵਿਚ ਲਾਲਾ ਜੀ ਆਰੀਆ ਸਮਾਜ ਦਾ ਪੈਰੋਕਾਰ ਬਣਿਆ। ਵਿਰੋਧ ਉਹ ਉਦੋਂ ਉਰਦੂ ਭਾਸ਼ਾ ਦਾ ਕਰ ਰਿਹਾ ਸੀ, ਰਗੜੀ ਪੰਜਾਬੀ ਭਾਸ਼ਾ ਗਈ। ਤੈਹ ਵਿਚ 'ਹਿੰਦੂ ਰਾਸ਼ਟਰ' ਦਾ ਸਿਆਸੀ ਅਵਚੇਤਨ ਕੰਮ ਕਰ ਰਿਹਾ ਸੀ।





ਇਹ ਗੱਲਾਂ ਵੰਡੀਆਂ ਪਾਉਣ ਵਾਲੀਆਂ ਸਨ। ਨਹਿਰੂ ਦਾ ਪੰਜਾਬੀ ਸੂਬੇ ਦੀ ਸਥਾਪਨਾ ਦਾ ਡਟ ਕੇ ਵਿਰੋਧ ਕਰਨਾ ਉਕਤ ਮਾਨਸਿਕਤਾ ਦਾ ਨਤੀਜਾ ਸੀ। ਸਿਆਣਪ ਇਸ ਸੁਆਲ ਦਾ ਜੁਆਬ ਲੱਭਣ ਦੀ ਸੀ ਕਿ ਜਿਹੜੀਆਂ ਧਿਰਾਂ 'ਮਹਾਂ ਪੰਜਾਬ' ਦੀ ਮੰਗ ਕਰ ਰਹੀਆਂ ਸਨ ਉਨ੍ਹਾਂ ਦਾ ਇਰਾਦਾ ਕੀ ਸੀ? ਉਹਨਾਂ ਦੇ ਪੰਜਾਬੀ ਭਾਸ਼ਾ ਦੇ ਵਿਰੋਧ ਦੀ ਤੈਹ ਵਿਚ ਕੀ ਸੀ? ਸਿਰਫ਼ ਅਕਾਲੀ ਹੀ ਕਿਉਂ ਪੰਜਾਬ-ਪੱਖੀ ਧਿਰ ਬਣ ਕੇ ਉਭਰਦੇ ਰਹੇ? ਅਕਾਲੀਆਂ ਦਾ ਇਹ ਏਜੰਡਾ ਗੈਰ-ਫਿਰਕੂ ਧਿਰਾਂ ਨੇ ਕਿਉਂ ਨਾ ਅਪਣਾਇਆ? ਕੀ ਪੰਜਾਬ ਉਨ੍ਹਾਂ ਦਾ ਨਹੀਂ ਜੋ ਏਥੇ ਜਨਮੇ, ਵਿਗਸੇ ਤੇ ਸਿਖਰਾਂ 'ਤੇ ਪੁੱਜੇ? ਉਨ੍ਹਾਂ ਨੂੰ ਇਸ ਭੋਇੰ ਦੀ ਰੂਹਾਨੀ ਤਾਕਤ ਦੇ ਸਰੋਤਾਂ ਨਾਲ ਸਰੋਕਾਰ ਕਿਉਂ ਨਹੀਂ ਹੈ? ਕੀ ਇਹ ਭੋਇੰ ਨਫ਼ਾ ਕਮਾਉਣ ਵਾਲਿਆਂ ਦੀ ਬਸਤੀ ਹੈ? ਪੰਜਾਬ ਦੇ ਹੱਕਾਂ ਦੀ ਖਾਤਰ ਕਮਿਊਨਿਸਟਾਂ ਨੇ ਮੋਰਚੇ ਕਿਉਂ ਨਹੀਂ ਲਗਾਏ? ਏਥੋਂ ਦੀ ਸਥਾਨਿਕਤਾ ਨੂੰ ਮਜ਼ਬੂਤ ਕਰਨ ਲਈ ਕੀ ਕੀਤਾ? ਕੀ ਲੋਕਾਈ ਦੀ ਭਾਸ਼ਾ/ਸਭਿਆਚਾਰ ਦੀ ਖਾਤਰ ਯਤਨ ਗੈਰ-ਜਮਹੂਰੀ ਜਾਂ ਗੈਰ-ਮਾਰਕਸੀ ਹੈ? ਉਹ ਕਿਸ ਪ੍ਰਤਿ-ਦਵੰਦੀ ਨੂੰ ਸਿੱਧੇ/ਅਸਿੱਧੇ ਥਾਪੜਾ ਦਿੰਦੇ ਰਹੇ?

ਜਿਸ ਸਿਆਸੀ ਅਵਚੇਤਨ ਨੇ ਵੰਡ ਤੋਂ ਪਹਿਲਾਂ ਜਿਨਾਹ ਨੂੰ ਵੱਖਵਾਦੀ ਰਾਹ 'ਤੇ ਤੋਰਿਆ, ਵੰਡ ਤੋਂ ਬਾਦ ਉਸ ਅਵਚੇਤਨ ਦੀ ਵਾਹਕ ਸੱਤਾਧਾਰੀ ਮਿਡਲ ਕਲਾਸ ਬਣ ਗਈ। ਇਹ ਜਮਾਤ ਆਰਥਿਕ ਸਮਰਥਾ ਅਤੇ ਭਾਸ਼ਕ ਸਭਿਆਚਾਰਕ ਜ਼ਮੂਦ ਰਾਹੀਂ ਆਪਣੀ ਅਪਾਰਤਾ ਲਈ ਹੱਥਕੰਡੇ ਵਰਤਦੀ ਆ ਰਹੀ ਹੈ। ਭਾਸ਼ਾ ਦੇ ਮਾਧਿਅਮ ਰਾਹੀਂ ਮਸਲਾ ਸਭਿਆਚਾਰਕ ਤੇ ਆਰਥਿਕ ਪ੍ਰਭੁਤਾ 'ਚ ਤਬਦੀਲ ਹੋ ਕੇ ਜਮਾਤੀ ਭੇਤ ਅਖਤਿਆਰ ਕਰ ਜਾਂਦਾ ਹੈ।

ਇੰਜ ਨਵੀਂ ਤਰ੍ਹਾਂ ਦਾ ਬਸਤੀਵਾਦ ਕਾਇਮ ਹੁੰਦਾ ਰਿਹਾ ਹੈ। ਸੂਚਨਾ ਤਕਨੋਲੋਜੀ 'ਚ ਮਾਹਿਰ ਹੋ ਕੇ ਇਹ ਜਮਾਤ ਜ਼ਿਆਦਾ ਸਮਰਥ ਹੋ ਰਹੀ ਹੈ ਤੇ ਨਿਮਨ/ਕਮਜ਼ੋਰ ਪਿਛੋਕੜ ਵਾਲੇ ਬਦੇਸ਼ਾਂ ਨੂੰ ਜਾਣ ਲਈ ਵਹੀਰਾਂ ਘਤ ਰਹੇ ਹਨ। ਦੋਵੇਂ ਧਿਰਾਂ ਪੰਜਾਬ ਦੇ ਭਾਸ਼ਕ/ਸਭਿਆਚਾਰਕ ਭਵਿੱਖ ਬਾਰੇ ਫਿਕਰਾਂ ਤੋਂ ਸੁਰਖ਼ਰੂ ਹਨ। ਕੌਸਮੈਟਿਕੀ ਪੱਧਰ 'ਤੇ ਸਰਕਾਰ ਦਿਖਾਵੇ ਵਜੋਂ ਕੁਝ ਕਰਦੀ ਹੈ, ਪਰ ਪੰਜਾਬੀ ਦਾ ਹਾਸ਼ੀਆਬਧ ਹੋਣਾ ਸਭਨਾਂ ਨੇ ਸਵੀਕਾਰ ਕੀਤਾ ਹੋਇਆ ਹੈ। ਧੁਰ ਤੈਹ 'ਚ ਬੈਠਾ ਇਹ ਹੋਇਆ ਹੈ ਕਿ ਪੰਜਾਬੀ ਭਾਸ਼ਾ, ਸਭਿਆਚਾਰ, ਰਹਿਤਲ, ਇਤਿਹਾਸਕ ਸਿਮ੍ਰਤੀਆਂ, ਅਰਥਾਤ ਇਸ ਭੋਇੰ ਦੀ ਰੂਹਾਨੀਅਤ ਦੀਆਂ ਇਕਾਈਆਂ ਆਦਿ 'ਪਿਛਾਕੜੀ', ਨਿਮਨ ਜਾਂ ਦਲਿਤ ਵਰਗ ਦੇ ਸਰੋਕਾਰ ਹਨ। ਪੰਜਾਬ ਦੀ ਸਭਿਆਚਾਰਕ/ਰੂਹਾਨੀ ਤਾਕਤ ਦੇ ਸਰੋਤਾਂ ਨੂੰ 'ਪਰਾਈ ਧਿਰ' ਦੇ ਸਰੋਕਾਰ ਸਮਝਣਾ ਫਿਰਕੂ ਮਾਨਸਿਕਤਾ ਹੈ। ਡੀ.ਏ.ਵੀ. ਸੰਸਥਾਵਾਂ, ਪੰਜਾਬ ਯੂਨੀਵਰਸਟੀ ਤੇ 'ਟ੍ਰਿਬਿਊਨ' ਅਦਾਰਾ ਦਹਾਕਿਆਂ ਇਸ ਭੋਇੰ ਦੀ ਤਕਦੀਰ ਤੋਂ ਟੁੱਟਾ ਹੋਇਆ ਹੈ। ਤਿੰਨੋ ਖਾਸ ਵਰਗ ਦੀ ਮਿਡਲ ਕਲਾਸੀ ਯੰਤਰਤਾ ਦੇ ਗੜ੍ਹ ਹਨ। ਧਰਮਪ੍ਰਸਤੀ (ਜਿਹਦਾ ਆਕ੍ਰਮਣੀ ਰੂਪ ਮੂਲਵਾਦ ਹੈ) ਦੋ ਚਿਹਰਿਆਂ 'ਚ ਦਿਖਾਈ ਦਿੰਦੀ ਰਹੀ ਹੈ; ਇਕ ਚਿਹਰਾ ਇਹਦਾ ਬੜਬੋਲਾ ਹੈ। ਦੂਜਾ ਚੁਪੀਤਾ/ਅਵਚੇਤਨੀ, ਮੀਸਣਾ, ਮਿਡਲ ਕਲਾਸੀ, ਜ਼ਿਆਦਾ ਖਤਰਨਾਕ। ਦੂਜੇ ਚਿਹਰੇ ਕੋਲ ਦਿਖਾਵੇ ਲਈ ਪੱਛਮੀ ਉਦਾਰਵਾਦ ਦੀ ਸ਼ਬਦਾਵਲੀ ਹੈ ਅਤੇ ਆਰਥਿਕ/ਸਮਾਜਕ ਪ੍ਰਭੁਤਾ ਹੈ। ਮੀਡੀਆ ਤੇ ਵਿਦਿਅਕ ਅਦਾਰਿਆਂ ਦਾ ਜ਼ਮੂਦ ਹੈ, ਸੱਤਾ ਦੇ ਹੋਰ ਯੰਤਰਾਂ 'ਤੇ ਕਬਜ਼ਾ ਹੈ। ਇਨ੍ਹਾਂ ਯੰਤਰਾਂ ਰਾਹੀਂ ਇਹ 'ਆਮ ਰਾਏ' ਨੂੰ ਪ੍ਰਭਾਵਿਤ ਕਰਦੀ ਹੈ, ਆਪਣੀ ਤਾਕਤ ਵਧਾਂਦੀ ਹੈ, ਵਿਰੋਧੀ ਨੂੰ ਹੀਣਾ ਦੱਸਦੀ ਹੈ, ਉਹਦੀ ਭਾਸ਼ਾ ਅਤੇ ਸਭਿਆਚਾਰ ਦਾ ਹਨਨ ਕਰਦੀ ਹੈ। 1984 ਦੀਆਂ ਘਟਨਾਵਾਂ ਦੌਰਾਨ ਇਸ ਅਵਚੇਤਨ ਦਾ ਜ਼ਹਿਰ/ਕਹਿਰ ਸਿਖ਼ਰ 'ਤੇ ਪੁੱਜਾ। ਰਾਜੀਵ ਗਾਂਧੀ ਦਾ ਇਹੀ ਚਿਹਰਾ 1985 ਦੀਆਂ ਚੋਣਾਂ ਵੇਲੇ ਸਾਹਮਣੇ ਆਇਆ।

ਕਮਿਊਨਿਸਟ ਧਿਰਾਂ ਇਸ ਜ਼ਹਿਰੀ/ਕਹਿਰੀ ਰੇਖਾਬੰਦੀ ਨੂੰ ਅਣਡਿੱਠ ਕਰਕੇ ਵਿਚਾਰਧਾਰਾ ਦੇ ਸੁਪਨਈ ਸੰਸਾਰ 'ਚ ਵਿਚਰਦੀਆਂ ਰਹੀਆਂ ਹਨ। ਉਨ੍ਹਾਂ ਦੀ ਪੰਜਾਬੀ ਕੌਮੀਅਤ ਦੇ ਮਾਮਲੇ 'ਚ ਅਸਰਦਾਇਕ 'ਮੀਡੀਏਸ਼ਨ' ਨਹੀਂ ਰਹੀ। ਫੋਕਸ ਏਥੋਂ ਦੇ 'ਹੋਣ' ਦੀ ਮਾਈਕ੍ਰੋ ਸਥਿਤੀ ਤੋਂ ਟੁੱਟ ਕੇ 'ਫਿਰਕਾ ਪ੍ਰਸਤੀ' ਵਿਰੁਧ ਰੌਲਾ ਪਾਉਣ ਦਾ ਰਿਹਾ, ਬਿਨਾਂ ਇਹ ਸਮਝਿਆਂ ਕਿ ਫਿਰਕਾ ਪ੍ਰਸਤੀ ਦਾ ਬੀਜਕ ਕਿਹੜੀ ਧਿਰ ਹੈ, ਇਹਦਾ ਆਦਿ-ਬਿੰਦੂ ਕਿੱਥੇ ਹੈ। ਅਚਿੰਤੇ ਇਨ੍ਹਾਂ ਉਹੀ ਕੁਝ ਕੀਤਾ ਜੋ ਪੰਜਾਬ ਦੀ ਮਿਡਲ ਕਲਾਸ ਕਰਦੀ ਰਹੀ ਹੈ।

ਕੁੱਲ ਮਿਲਾ ਕੇ, ਸ਼ਹਿਰੀ ਮਿਡਲ ਕਲਾਸ ਪੰਜਾਬੀ ਭਾਸ਼ਾ ਤੇ ਸਭਿਆਚਾਰ ਦੀ ਹਨਨਕਾਰ ਰਹੀ ਹੈ। ਪਵਨ ਵਰਮਾ ਆਪਣੀ ਕਿਤਾਬ 'ਦਾ ਗਰੇਟ ਇੰਡੀਅਨ ਮਿਡਲ ਕਲਾਸ' 'ਚ ਲਿਖਦਾ ਹੈ: "The upper castes dominated the Indian middle class. Prominent among its members were Punjabi Khatris, Kashmiri Pundits and South Asian Brahmins."(ਪੇਜ-28) ਵਰਮਾ ਗ਼ਾਲਿਬ ਬਾਰੇ ਲਿਖੀ ਕਿਤਾਬ 'ਚ ਉੱਤਰ ਭਾਰਤ ਦੀ ਮਿਡਲ ਕਲਾਸ ਨੂੰ 'ਸਭਿਆਚਾਰਕ ਯਤੀਮ' (cultural orphans) ਕਹਿੰਦਾ ਹੈ।

ਮੰਡੀ ਦੇ ਇਸ ਦੌਰ 'ਚ ਖ਼ੂਨਖਾਰ ਹੋਈ ਮਿਡਲ ਕਲਾਸ ਆਪਣੀ ਸੋਚ ਅਤੇ ਜੀਣ ਥੀਣ ਦੀ ਗ੍ਰਾਮਰ ਨੂੰ ਹੀ ਅੰਤਿਮ ਸੱਚ ਮੰਨ ਕੇ ਚਲਦੀ ਹੈ। ਇਹਦੇ ਵਿਹਾਰ, ਸਹਿਚਾਰ ਅਤੇ ਸੰਚਾਰ ਦੀ ਭਾਸ਼ਾ (ਅੰਗਰੇਜ਼ੀ) ਅਜਿਹੀ ਹੈ ਜਿਸ ਅਨੁਸਾਰ ਪੰਜਾਬੀ ਭਾਸ਼ਾ ਨਿਮਨ ਵਰਗ ਤੇ 'ਪਰਾਈ ਧਿਰ' (the Other) ਦੀ 'ਸਰਦਰਦੀ' ਹੈ। ਯਕੀਨਿ ਇਸ ਭਾਸ਼ਾ ਨੇ ਸਮੇਂ ਦੀ ਮਾਰ ਸਹਿ ਨਹੀਂ ਸਕਣੀ।

ਅੱਜ ਕੇਂਦਰੀ ਸਿਆਸਤ ਦੇ ਹਿੱਸੇਦਾਰ ਕਹਿ ਰਹੇ ਹਨ ਕਿ ਪੰਜਾਬੀ ਭਾਸ਼ਾ, ਸਭਿਆਚਾਰ ਜਾਂ ਪੰਜਾਬੀ ਪਛਾਣ ਖਤਰੇ 'ਚ ਨਹੀਂ ਹੈ। ਉਨ੍ਹਾਂ ਨੂੰ ਪੰਜਾਬ ਨਾਲ ਤੁਅੱਲਕ ਰੱਖਣ ਵਾਲਾ ਕੋਈ ਵੀ ਸੁਆਲ ਖੜਾ ਕਰਨਾ ਗੰਵਾਰਾ ਨਹੀਂ ਹੈ। ਚੰਡੀਗੜ੍ਹ ਦੇ ਸੁਆਲ ਬਾਰੇ ਸਭਨਾਂ ਨੇ ਚੁੱਪ ਸਾਧੀ ਹੋਈ ਹੈ। ਪਿਛਲੇ ਚਾਰ ਦਹਾਕਿਆਂ ਤੋਂ ਕੀਤੇ ਜਾ ਰਹੇ ਯਤਨਾਂ ਦੇ ਬਾਵਜੂਦ ਪੰਜਾਬ ਦੇ ਆਈ.ਏ.ਐਸ. ਅਫ਼ਸਰ ਕਾਰਵਾਈ ਪਾਉਣ ਲੱਗੇ ਅੰਗਰੇਜ਼ੀ ਦੀ ਵਰਤੋਂ ਕਰਦੇ ਹਨ। ਚੰਡੀਗੜ੍ਹ ਤੋਂ ਪੰਜਾਬੀ ਸਥਾਨਿਕਤਾ ਦੀਆਂ ਇਕਾਈਆਂ ਮਿਟਾ ਦਿੱਤੀਆਂ ਗਈ ਹਨ। ਪੰਜਾਬ ਯੂਨੀਵਰਸਟੀ ਨੂੰ ਕੇਂਦਰੀ ਯੂਨੀਵਰਸਟੀ ਬਣਾਣ ਦੀ ਮੰਗ ਪਿੱਛੇ ਇਹੀ ਏਜੰਡਾ ਹੈ। 'ਟ੍ਰਿਬਿਊਨ' ਅਦਾਰੇ ਵਲੋਂ 'ਪੰਜਾਬੀ ਟ੍ਰਿਬਿਊਨ' ਦੀ ਇਸ਼ਾਇਤ ਵਧਾਣ, ਇਹਨੂੰ ਪੰਜਾਬੀ ਬੰਦੇ ਦੀ ਆਵਾਜ਼ ਨਾਲ ਇਕਸੁਰ ਕਰਨ, ਬਾਰੇ ਕਦੇ ਸੰਜੀਦਗੀ ਨਾਲ ਯਤਨ ਨਹੀਂ ਹੋਏ। 'ਪੰਜਾਬੀ ਟ੍ਰਿਬਿਊਨ' ਦੀ ਸਰਕੁਲੇਸ਼ਨ ਪਿਛਲੇ ਤਿੰਨ ਦਹਾਕਿਆਂ ਤੋਂ ਇਕੋ ਗਿਣਤੀ ਦੇ ਨੇੜੇ ਤੇੜੇ ਇਸ ਕਰਕੇ ਹੀ ਖੜੀ ਹੈ ਕਿ ਇਹ ਅਖ਼ਬਾਰ ਸਿਰਫ਼ ਦਿਖਾਵੇ ਲਈ ਕੱਢਿਆ ਜਾ ਰਿਹਾ ਹੈ। (ਦੱਖਣੀ ਭਾਸ਼ਾਵਾਂ ਵਿਚ ਛੱਪਣ ਵਾਲੇ ਅਖ਼ਬਾਰ ਕਿਸੇ ਵੀ ਅੰਗਰੇਜ਼ੀ ਅਖ਼ਬਾਰ ਦੀ ਗਿਣਤੀ ਤੋਂ ਵਧ ਛੱਪਦੇ ਹਨ।) ਇਹ ਸਾਰਾ ਕੁਝ ਸਮਰਥ ਮਿਡਲ ਕਲਾਸ ਦੇ ਸਿਆਸੀ ਅਵਚੇਤਨ ਦਾ ਪ੍ਰਵਚਨ ਹੈ।

**ਨਤੀਜਾ :** ਪੰਜਾਬੀ ਭਾਸ਼ਾ ਦੇ ਫੌਤ ਹੋਣ ਦੀ ਸੰਭਾਵਨਾ ਬਾਰੇ ਗੱਲਾਂ ਹੋਣ ਲੱਗ ਪਈਆਂ ਹਨ। ਜੋ ਧਿਰਾਂ ਇਸ ਘਣਘੋਰ ਸਥਿਤੀ ਵਿਰੁਧ ਆਕ੍ਰੋਸ਼ ਦਾ ਇਜ਼ਹਾਰ ਕਰਦੀਆਂ ਹਨ ਉਨ੍ਹਾਂ ਵਿਰੁਧ ਸਟੇਟ ਫਾਸ਼ੀ ਰੂਪ 'ਚ ਖੜ ਜਾਂਦੀ ਹੈ। ਕਹਿਣਾ ਇਹ ਹੈ ਕਿ ਪੰਜਾਬ ਦੀ ਮਿਡਲ ਕਲਾਸ ਇਸ ਭੋਇੰ ਤੋਂ ਟੁੱਟੀ ਹੋਈ ਹੈ ਤੇ ਇਹ ਪੰਜਾਬ ਨੂੰ ਤੋੜਨਾ ਚਾਹੁੰਦੀ ਹੈ। ਇਹਨੂੰ ਸਿੱਥਲ ਬਣਾ ਕੇ ਇਹਦਾ ਹੁਲੀਆ ਵਿਗਾੜਨਾ ਚਾਹੁੰਦੀ ਹੈ। ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੀ ਵਾਗਡੋਰ ਹੁਣ ਨਿਮਨ ਵਰਗਾਂ, ਏਥੇ ਰਹਿਣ ਵਾਲੀਆਂ ਦਲਿਤ ਜਾਤੀਆਂ ਅਤੇ ਉਨ੍ਹਾਂ ਧਿਰਾਂ ਦੇ ਹੱਥ ਹੈ ਜੋ ਅਜਿਹਾ ਹੋਣ ਦੇਣਾ ਨਹੀਂ ਚਾਹੁੰਦੇ।

# ਪੰਜਾਬ ਭਾਜਪਾ:ਅੰਦਰਲੀ ਜੰਗ ਹਾਲੇ ਰੁਕਣ ਦਾ ਨਾਂ ਨਹੀਂ ਲੈ ਰਹੀ

**-ਪੰਜਾਬ ਟਾਈਮਜ਼ ਨਿਊਜ਼ ਸਰਵਿਸ**

ਭਾਜਪਾ ਅੰਦਰ ਜੰਗ ਅਜੇ ਵੀ ਜਾਰੀ ਹੈ। ਪਹਿਲਾਂ ਇਹ ਉੱਚ ਪੱਧਰ ਦੇ ਨੇਤਾਵਾਂ ਦਰਮਿਆਨ ਸੀ ਤੇ ਹੁਣ ਦੂਜੀ ਤੇ ਤੀਜੀ ਕਤਾਰ ਦੇ ਨੇਤਾਵਾਂ ਤਕ ਪਹੁੰਚ ਗਈ ਹੈ। ਭਾਜਪਾ 'ਚ ਪਹਿਲਾਂ ਅਟਲ ਬਿਹਾਰੀ ਵਾਜਪਾਈ ਤੇ ਲਾਲ ਕ੍ਰਿਸ਼ਨ ਅਡਵਾਨੀ ਦੀ ਜੁਗਲ ਜੋੜੀ ਦਾ ਗਲਬਾ ਸੀ ਅਤੇ ਪਾਰਟੀ 'ਚ ਅਨੁਸ਼ਾਸਨ ਸੀ। ਵਾਜਪਾਈ ਜੀ ਦੀ ਸਿਹਤ ਠੀਕ ਨਾ ਹੋਣ ਤੇ ਰਾਸ਼ਟਰੀ ਸਵੈਮ ਸੇਵਕ ਸੰਘ ਵਲੋਂ ਸ੍ਰੀ ਅਡਵਾਨੀ ਦਾ ਲੱਕ ਤੋੜ ਦੇਣ ਕਰਕੇ ਹੁਣ ਪਾਰਟੀ ਦਾ ਕੋਈ ਵਾਲੀ-ਵਾਰਿਸ ਨਹੀਂ ਰਿਹਾ। ਰਹਿੰਦੀ-ਖੂੰਹਦੀ ਕਸਰ ਮਹਾਰਾਸ਼ਟਰ ਤੇ ਹਰਿਆਣਾ ਵਿਧਾਨ ਸਭਾ ਦੇ ਚੋਣ ਨਤੀਜਿਆਂ ਨੇ ਪੂਰੀ ਕਰ ਦਿੱਤੀ ਹੈ।

ਹਰਿਆਣਾ 'ਚ ਸ੍ਰੀ ਵਾਜਪਾਈ ਨੇ ਪ੍ਰਧਾਨ ਮੰਤਰੀ ਹੁੰਦਿਆਂ ਓਮ ਪ੍ਰਕਾਸ਼ ਚੌਟਾਲਾ ਦੀ ਇਨੈਲੋ ਨੂੰ ਰਾਜਗ ਨਾਲ ਜੋੜਿਆ ਸੀ ਪਰ ਉਨ੍ਹਾਂ ਦੇ ਬੀਮਾਰ ਹੋਣ ਤੋਂ ਬਾਅਦ ਚੌਟਾਲਾ ਨਾਲ ਭਾਜਪਾ ਦਾ ਗਠਜੋੜ ਟੁੱਟ ਗਿਆ। ਇਸ ਵਾਰ ਭਾਜਪਾ ਵਲੋਂ ਹਰਿਆਣਾ 'ਚ ਪਹਿਲਾਂ ਇਨੈਲੋ ਤੇ ਫਿਰ ਹਜਕਾਂ ਨਾਲ ਗਠਜੋੜ ਦੇ ਯਤਨ ਹੋਏ ਪਰ ਉਹ ਸਿਰੇ ਨਹੀਂ ਚੜ੍ਹੇ। ਜੇ ਇਨੈਲੋ ਤੇ ਭਾਜਪਾ ਨੇ ਮਿਲ ਕੇ ਚੋਣ ਲੜੀ ਹੁੰਦੀ ਤਾਂ ਅੱਜ ਹਰਿਆਣਾ 'ਚ ਸਿਆਸੀ ਤਸਵੀਰ ਕੁਝ ਹੋਰ ਹੁੰਦੀ। ਮਹਾਰਾਸ਼ਟਰ 'ਚ ਭਾਜਪਾ ਤੇ ਸ਼ਿਵ ਸੈਨਾ ਗਠਜੋੜ ਨੂੰ ਵਿਧਾਨ ਸਭਾ ਚੋਣਾਂ 'ਚ ਵੱਡਾ ਝਟਕਾ ਲੱਗਾ ਹੈ। ਸ਼ਿਵ ਸੈਨਾ ਦੀ ਸਥਿਤੀ 'ਘਰ ਦਾ ਭੇਤੀ ਲੰਕਾ ਢਾਹੇ' ਵਾਲੀ ਬਣੀ ਹੋਈ ਹੈ। ਸ਼ਿਵ ਸੈਨਾ ਤੋਂ ਬਾਹਰ ਨਿਕਲ ਕੇ ਆਪਣੀ ਵੱਖਰੀ ਪਾਰਟੀ ਮਹਾਰਾਸ਼ਟਰ ਨਵ-ਨਿਰਮਾਣ ਸੈਨਾ ਬਣਾਉਣ ਵਾਲੇ ਰਾਜ ਠਾਕਰੇ ਨੇ ਜਿੱਥੇ ਮੁੰਬਈ ਅਤੇ ਹੋਰਨਾਂ ਖੇਤਰਾਂ 'ਚ ਸ਼ਿਵ ਸੈਨਾ ਨੂੰ ਭਾਰੀ ਠੇਸ ਪਹੁੰਚਾਈ, ਉਥੇ ਹੀ ਇਸ ਦਾ ਬੁਰਾ ਅਸਰ ਭਾਜਪਾ 'ਤੇ ਵੀ ਪਿਆ ਹੈ। ਭਾਜਪਾ 'ਚ ਲੋਕ ਸਭਾ ਚੋਣਾਂ 'ਚ ਪਾਰਟੀ ਦੀ ਹਾਰ ਦੀ ਜ਼ਿੰਮੇਵਾਰੀ ਨੂੰ ਲੈ ਕੇ ਜਿਥੇ ਪਹਿਲਾਂ ਸ੍ਰੀ ਅਡਵਾਨੀ ਅਤੇ ਚੋਣ ਇੰਚਾਰਜ ਅਰੁਣ ਜੇਤਲੀ ਵਿਰੁਧ ਜਸਵੰਤ ਸਿੰਘ, ਯਸ਼ਵੰਤ ਸਿਨ੍ਹਾਂ ਤੇ ਅਰੁਣ ਸ਼ੋਰੀ ਆਦਿ ਨੇ ਆਵਾਜ਼ ਉਠਾਈ, ਉਥੇ ਹੀ ਸੂਬਿਆਂ 'ਚ ਵੀ ਪਾਰਟੀ ਦੀ ਹਾਰ ਲਈ ਉਥੋਂ ਦੇ ਮੁੱਖ ਮੰਤਰੀਆਂ ਵਿਰੁਧ ਸੂਬਾਈ ਨੇਤਾਵਾਂ ਨੇ ਸੁਰ ਗੁੰਜਾਏ।

ਇਸ ਸਿਲਸਿਲੇ 'ਚ ਸਭ ਤੋਂ ਪਹਿਲਾਂ ਉਤਰਾਖੰਡ ਦੇ ਮੁੱਖ ਮੰਤਰੀ ਭੁਵਨਚੰਦਰ ਖੰਡੂਰੀ ਨੂੰ ਆਪਣੇ ਅਹੁਦੇ ਤੋਂ ਹੱਥ ਧੋਣੇ ਪਏ। ਰਾਜਸਥਾਨ 'ਚ ਲੋਕ ਸਭਾ ਤੇ ਵਿਧਾਨ ਸਭਾ ਚੋਣਾਂ 'ਚ ਭਾਜਪਾ ਦੀ ਹਾਰ ਲਈ ਸਾਬਕਾ ਮੁੱਖ ਮੰਤਰੀ ਸ੍ਰੀਮਤੀ ਵਸੁੰਧਰਾ ਰਾਜੇ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਉਨ੍ਹਾਂ ਨੂੰ ਰਾਜ ਵਿਧਾਨ ਸਭਾ 'ਚ ਵਿਰੋਧੀ ਧਿਰ ਅਤੇ ਭਾਜਪਾ ਵਿਧਾਇਕ ਦਲ ਦੀ ਨੇਤਾ ਦੇ ਅਹੁਦੇ ਤੋਂ ਹਟਾਉਣ ਦੀ ਮੰਗ ਸ਼ੁਰੂ ਹੋ ਗਈ। ਪਾਰਟੀ ਪ੍ਰਧਾਨ ਰਾਜਨਾਥ ਸਿੰਘ ਵੀ ਉਨ੍ਹਾਂ ਨੂੰ ਹਟਵਾਉਣ 'ਤੇ ਅੜ ਗਏ।

ਵਸੁੰਧਰਾ ਇਸ ਆਧਾਰ 'ਤੇ ਵਿਰੋਧੀ ਧਿਰ ਦੇ ਨੇਤਾ ਦੇ ਅਹੁਦੇ ਤੋਂ ਅਸਤੀਫਾ ਦੇਣ ਤੋਂ ਇਨਕਾਰ ਕਰਦੀ ਰਹੀ ਕਿ ਉਨ੍ਹਾਂ ਨੂੰ ਸੂਬਾਈ ਭਾਜਪਾ ਦੇ ਵਿਧਾਇਕ ਦਲ ਦਾ ਬਹੁਮਤ ਹਾਸਲ ਹੈ ਤੇ ਹਾਰ ਦੀ ਜ਼ਿੰਮੇਵਾਰੀ ਤੈਅ ਕਰਨੀ ਹੀ ਹੈ ਤਾਂ ਪਹਿਲਾਂ ਹਾਈਕਮਾਨ ਤੋਂ ਕੀਤੀ ਜਾਵੇ। ਆਖਿਰ ਵਸੁੰਧਰਾ ਨੇ ਪਾਰਟੀ ਪ੍ਰਧਾਨ ਅਤੇ ਪਾਰਟੀ ਦੀਆਂ ਕਾਰਗੁਜ਼ਾਰੀਆਂ ਵਿਰੁਧ ਨਾਰਾਜ਼ਗੀ ਪ੍ਰਗਟਾਉਂਦਿਆਂ ਆਪਣਾ ਅਸਤੀਫਾ ਰਾਜਨਾਥ ਸਿੰਘ ਦੀ ਬਜਾਏ ਲਾਲ ਕ੍ਰਿਸ਼ਨ ਅਡਵਾਨੀ ਨੂੰ ਸੌਂਪ ਦਿੱਤਾ।

ਵਸੁੰਧਰਾ ਰਾਜੇ ਕਾਂਡ 'ਤੇ ਵਿਵਾਦ ਚੱਲ ਹੀ ਰਿਹਾ ਸੀ ਕਿ ਸ਼ਤਰੂਘਨ ਸਿਨ੍ਹਾ ਨੇ ਵੀ ਭਾਜਪਾ ਲੀਡਰਸ਼ਿਪ ਦੇ ਤੌਰ-ਤਰੀਕਿਆਂ 'ਤੇ ਵਾਰ ਕਰ ਦਿੱਤਾ। ਉਨ੍ਹਾਂ ਨੇ ਪਿਛਲੇ ਦਿਨੀਂ ਸੰਘ ਦੇ ਮੁਖੀ ਮੋਹਨ ਭਾਗਵਤ ਨਾਲ ਮੁਲਾਕਾਤ ਕਰਨ ਤੋਂ ਬਾਅਦ ਕਿਹਾ ਕਿ "ਅਰੁਣ ਜੇਤਲੀ, ਸੁਸ਼ਮਾ ਸਵਰਾਜ, ਰਾਜਨਾਥ ਸਿੰਘ, ਵੈਂਕਈਆ ਨਾਇਡੂ, ਰਵੀਸ਼ੰਕਰ ਪ੍ਰਸਾਦ ਨੂੰ ਮੈਂ ਆਪਣੇ ਨੇਤਾ ਨਹੀਂ ਮੰਨਦਾ, ਉਹ ਤਾਂ ਮੇਰੇ ਸਹਿਯੋਗੀ ਹਨ। ਪਾਰਟੀ ਦੀ ਸੋਚ ਮੇਰੀ ਸਮਝ 'ਚ ਨਹੀਂ ਆਉਂਦੀ ਕਿ ਉਸਨੂੰ ਸਵ. ਪ੍ਰਮੋਦ ਮਹਾਜਨ ਦੀ ਧੀ ਪੂਨਮ ਮਹਾਜਨ ਨੂੰ ਤਾਂ ਵਿਧਾਨ ਸਭਾ ਚੋਣਾਂ 'ਚ ਟਿਕਟ ਦੇ ਦਿੱਤੀ ਪਰ ਮੇਰੀ ਪਤਨੀ ਪੂਨਮ ਸਿਨ੍ਹਾ ਨੂੰ ਰਾਜ ਸਭਾ ਦੀ ਸੀਟ ਨਹੀਂ ਦਿੱਤੀ। ਮੈਂ ਇਸ ਵਿਤਕਰੇ ਦੀ ਦਲੀਲ ਜਾਣਨੀ ਚਾਹੁੰਦਾ ਹਾਂ। ਮੇਰੇ ਲਈ ਤਾਂ ਮੇਰੀ ਪਤਨੀ ਹੀ ਮੇਰੀ ਨੇਤਾ ਹੈ। ਸਿਨਾਹ ਦਾ ਆਖਣਾ ਹੈ ਕਿ ਹੁਣ ਸੰਘ ਵਲੋਂ ਦਸੇ ਗਏ ਤਰੀਕੇ 'ਤੇ ਚੱਲ ਕੇ ਹੀ ਪਾਰਟੀ ਮੁੜ ਮਜ਼ਬੂਤ ਹੋ ਸਕਦੀ ਹੈ। ਉਨ੍ਹਾਂ ਨੇ ਰਾਹੁਲ ਵਲੋਂ ਪਿੰਡਾਂ 'ਚ ਗਰੀਬਾਂ ਦੇ ਘਰ ਜਾਣ ਦੀ ਵੀ ਸ਼ਲਾਘਾ ਕੀਤੀ। ਇਸ ਤੋਂ ਇਲਾਵਾ ਪੰਜਾਬ 'ਚ ਅੰਮ੍ਰਿਤਸਰ, ਜਲੰਧਰ ਤੇ ਲੁਧਿਆਣਾ 'ਚ ਭਾਜਪਾ ਨੇਤਾਵਾਂ ਦਰਮਿਆਨ ਜੋ ਅੰਦਰੂਨੀ ਕਲੇਸ਼ ਜਾਰੀ ਹੈ ਉਸਨੂੰ ਸ਼ਾਂਤ ਕਰਨ ਦੀ ਕੋਈ ਚੋਟੀ ਦਾ ਆਗੂ ਬਿਲਕੁਲ ਕੋਸ਼ਿਸ਼ ਨਹੀਂ ਕਰ ਰਿਹਾ ਤੇ ਆਏ ਦਿਨ-ਇਕ-ਦੂਜੇ ਵਿਰੁਧ ਖ਼ਬਰਾਂ ਛਪ ਰਹੀਆਂ ਹਨ।

ਕਾਂਗਰਸ 'ਚ ਸ੍ਰੀਮਤੀ ਸੋਨੀਆ ਗਾਂਧੀ ਪ੍ਰਮੁੱਖ ਨੇਤਾ ਹੈ। ਉਹ ਬੇਸ਼ੱਕ ਹੀ ਵਿਦੇਸ਼ੀ ਮੂਲ ਦੀ ਹੈ ਪਰ ਉਸ ਨੇ ਭਾਰਤੀ ਸੱਭਿਅਤਾ ਤੇ ਭਾਰਤੀ ਪਹਿਰਾਵਾ ਅਪਣਾਇਆ ਅਤੇ ਹਿੰਦੀ-ਸਿੱਖੀ। ਕਾਂਗਰਸ 'ਚ ਕਿਤੇ ਵੀ ਕੋਈ ਵਿਵਾਦ ਹੁੰਦਾ ਹੈ ਤਾਂ ਕਾਂਗਰਸੀ ਉਸਦਾ ਫੈਸਲਾ ਉਨ੍ਹਾਂ 'ਤੇ ਛੱਡ ਦਿੰਦੇ ਹਨ ਤੇ ਉਨ੍ਹਾਂ ਦੀ ਹਰ ਗੱਲ ਪੂਰੀ ਤਰ੍ਹਾਂ ਮੰਨਦੇ ਹਨ। ਇਹ ਉਹੀ ਸੋਨੀਆ ਗਾਂਧੀ ਹੈ ਜਿਸ ਨੂੰ ਪ੍ਰਧਾਨ ਮੰਤਰੀ ਬਣਾਏ ਜਾਣ ਦੀ ਸਥਿਤੀ 'ਚ ਸੁਸ਼ਮਾ ਸਵਰਾਜ ਨੇ ਆਪਣਾ ਸਿਰ ਮੁੰਨਵਾਉਣ ਤੇ ਹਮੇਸ਼ਾ ਜ਼ਮੀਨ ਤੇ ਸੌਣ ਦੀ ਧਮਕੀ ਦੇ ਦਿੱਤੀ ਸੀ।

ਦੂਜੇ ਪਾਸੇ ਭਾਜਪਾ ਦੀ ਹਾਲਤ ਇਹ ਬਣ ਗਈ ਹੈ ਕਿ ਜਿਸ ਦੇ ਮਨ 'ਚ ਜੋ ਆਉਂਦਾ ਹੈ ਉਹ ਕਹਿੰਦਾ ਤੇ ਕਰਦਾ ਹੈ। ਪਾਰਟੀ 'ਚ ਕੋਈ ਕਮਾਂਡ ਨਹੀਂ। ਹਾਈ ਕਮਾਨ ਦੀ ਗੱਲ ਕੀ ਕਰੀਏ। **ਵਸੁੰਧਰਾ ਨੇ ਅਸਤੀਫ਼ਾ ਦਿੱਤਾ :** ਕਈ ਮਹੀਨੇ ਟਾਲਮਟੋਲ ਕਰਨ ਤੋਂ ਬਾਅਦ ਵਸੁੰਧਰਾ ਰਾਜੇ ਸਿੰਧੀਆ ਨੇ ਆਖਰਕਾਰ ਰਾਜਸਥਾਨ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਦੇ ਅਹੁਦੇ ਤੋਂ ਆਪਣਾ ਅਸਤੀਫ਼ਾ ਭਾਜਪਾ ਹਾਈਕਮਾਂਡ ਨੂੰ ਸੌਂਪ ਦਿੱਤਾ।

ਵਸੁੰਧਰਾ ਨੇ ਭਾਜਪਾ ਸੰਸਦੀ ਬੋਰਡ ਦੀ ਮੀਟਿੰਗ 'ਚ ਉਸ ਖਿਲਾਫ਼ ਕੋਈ ਫ਼ੈਸਲਾ ਹੋਣ ਤੋਂ ਪਹਿਲਾਂ ਹੀ ਅਚਾਨਕ ਪਾਰਟੀ ਦੇ ਸੀਨੀਅਰ ਆਗੂ ਲਾਲ ਕ੍ਰਿਸ਼ਨ ਅਡਵਾਨੀ ਦੀ ਰਿਹਾਇਸ਼ 'ਤੇ ਪਹੁੰਚ ਕੇ ਉਨ੍ਹਾਂ ਨੂੰ ਆਪਣਾ ਅਸਤੀਫ਼ਾ ਸੌਂਪਿਆ। ਸੂਤਰਾਂ ਨੇ ਦੱਸਿਆ ਕਿ ਜੇਕਰ ਵਸੁੰਧਰਾ ਅਸਤੀਫ਼ਾ ਨਾ ਦਿੰਦੀ ਤਾਂ ਉਸ ਦੇ ਖ਼ਿਲਾਫ਼ ਬੋਰਡ ਦੀ ਮੀਟਿੰਗ 'ਚ ਕੋਈ ਸਖ਼ਤ ਫ਼ੈਸਲਾ ਲਏ ਜਾਣ ਦੀ ਪੂਰੀ ਸੰਭਾਵਨਾ ਸੀ। ਜ਼ਿਕਰਯੋਗ ਹੈ ਕਿ ਹਾਈਕਮਾਂਡ ਦੇ ਆਦੇਸ਼ ਨੂੰ ਤਿੰਨ ਮਹੀਨਿਆਂ ਤੋਂ ਟਾਲਦੀ ਆ ਰਹੀ ਰਾਜਸਥਾਨ ਦੀ ਸਾਬਕਾ ਮੁੱਖ ਮੰਤਰੀ ਦੇ ਇਸ ਵਤੀਰੇ ਨੂੰ ਹੋਰ ਬਰਦਾਸ਼ਤ ਨਾ ਕਰਨ ਦਾ ਸੰਕੇਤ ਦਿੱਤਾ ਜਾ ਚੁੱਕਾ ਸੀ।

ਦੱਸਣਯੋਗ ਹੈ ਕਿ ਹਾਈਕਮਾਂਡ ਨੇ ਰਾਜਸਥਾਨ ਲੋਕ ਸਭਾ ਤੇ ਵਿਧਾਨ ਸਭਾ ਚੋਣਾਂ 'ਚ ਪਾਰਟੀ ਦੇ ਖ਼ਰਾਬ ਪ੍ਰਦਰਸ਼ਨ ਦੀ ਨੈਤਿਕ ਜ਼ਿੰਮੇਵਾਰੀ ਤਹਿਤ ਵਸੁੰਧਰਾ ਨੂੰ ਬੀਤੇ ਅਗਸਤ ਮਹੀਨੇ 'ਚ ਹੀ ਇਸ ਅਹੁਦੇ ਤੋਂ ਅਸਤੀਫ਼ਾ ਦੇਣ ਲਈ ਕਿਹਾ ਸੀ, ਪਰ ਉਹ ਕਿਸੇ ਨਾ ਕਿਸੇ ਬਹਾਨੇ ਹਾਈਕਮਾਂਡ ਦੇ ਇਸ ਆਦੇਸ਼ ਤੋਂ ਟਾਲਾ ਵੱਟਦੀ ਰਹੀ। ਵਸੁੰਧਰਾ ਵਲੋਂ ਹਾਈਕਮਾਂਡ ਦਾ ਆਦੇਸ਼ ਨਾ ਮੰਨਣ 'ਤੇ ਪਾਰਟੀ ਨੇ ਅਸਤੀਫ਼ੇ ਸਬੰਧੀ ਉਨ੍ਹਾਂ ਨਾਲ ਗੱਲਬਾਤ ਕਰਨ ਲਈ ਸਤੰਬਰ ਮਹੀਨੇ 'ਚ ਸੀਨੀਅਰ ਆਗੂ ਐਮ ਵੈਂਕਈਆ ਨਾਇਡੂ ਦੀ ਡਿਊਟੀ ਲਗਾਈ ਸੀ, ਪਰ ਸਿਹਤ ਠੀਕ ਨਾ ਹੋਣ ਦੀ ਗੱਲ ਕਹਿੰਦਿਆਂ ਵਸੁੰਧਰਾ ਨੇ ਵੈਂਕਈਆ ਨਾਲ ਮੁਲਾਕਾਤ ਨਹੀਂ ਕੀਤੀ।

ੴ ਸਤਿਗੁਰ ਪ੍ਰਸਾਦਿ

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੂ ਨਾਨਕ ਜਗਿ ਮਾਹਿ ਪਠਾਇਆ।
ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾ ਪੀਲਾਇਆ।

## ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਸਮੂਹ ਸੰਗਤ ਨੂੰ ਲਖ ਲਖ ਵਧਾਈ

# ਲੱਖ ਲੱਖ ਵਧਾਈ



ਸ਼ਬਦ ਗੁਰੂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਵਿਚ ਸ਼ਾਮਲ ਹੋ ਕੇ ਜੀਵਨ ਸਫਲਾ ਕਰਨ ਅਤੇ ਯੂਬਾ ਸਿਟੀ ਦੀ ਧਰਤੀ ਨੂੰ ਆਪਣੀ ਚਰਨ ਧੂੜ ਨਾਲ ਪਵਿੱਤਰ ਕਰਨ ਆਈਆਂ ਗੁਰੂ ਰੂਪ ਸੰਗਤਾਂ ਨੂੰ ਖਾਲਸਾਈ ਜੀ ਆਇਆਂ

## ਨਾਜਰ ਸਿੰਘ ਹੀਰ ਤੇ ਹੈਪੀ ਹੀਰ

# Norcal Valley Pump

**Yuba City, CA, Ph: 530-682-6800**

# ਸੁਹਾਵਣਾ ਸਫ਼ਰ

## ਇੰਨੀ ਕੁ ਬਾਤ



ਬਲਜੀਤ ਬਾਸੀ
ਫੋਨ: 734-454-4958

ਘਰ ਵਿਚ ਬਹੁਤ ਘੁਟਣ ਹੋਣ ਲੱਗ ਪਈ ਸੀ। ਸਭ ਉਖੜੇ ਉਖੜੇ ਰਹਿਣ ਲੱਗੇ ਸਨ। ਸਾਰਾ ਟੱਬਰ ਮਾਂ ਪਿਉ ਉਨ੍ਹਾਂ ਦੀ ਲੜਕੀ ਅਤੇ ਲੜਕਾ ਜਦੋਂ ਦੇ ਇਸ ਦੇਸ਼ ਵਿਚ ਆਏ ਸਨ ਬੱਸ ਕੰਮ ਹੀ ਕਰੀ ਜਾ ਰਹੇ ਸਨ। ਬੱਚੇ ਤਾਂ ਕੰਮ ਤੋਂ ਬਿਨਾ ਪੜ੍ਹਾਈ ਦਾ ਬੋਝ ਵੀ ਚੁੱਕੀ ਫਿਰ ਰਹੇ ਸਨ। ਘਰ ਵਿਚ ਇਕ ਆਉਂਦਾ, ਇਕ ਜਾਂਦਾ, ਇਕ ਨਹਾਉਣ ਲਗਦਾ ਦੂਜਾ ਨਹਾਉਣ ਲਈ ਬੂਹੇ ਭੰਨਦਾ। ਘਰ ਕਾਹਦਾ ਇਹ ਤਾਂ ਰੈਣਬਸੇਰਾ ਸੀ ਜਿਥੇ ਘੁੰਮ ਘੁੰਮਾ ਕੇ ਸਾਰੇ ਵੇਲੇ-ਕੁਵੇਲੇ ਆਪਣੇ ਆਪ ਨੂੰ ਸੁੱਟ ਦਿੰਦੇ ਸਨ। ਜ਼ਿੰਦਗੀ ਵਿਚ ਸੁਆਦ ਅਲੋਪ ਹੋ ਰਿਹਾ ਸੀ ਤੇ ਨੀਰਸਤਾ ਵਧ ਰਹੀ ਸੀ। ਬੱਚਿਆਂ ਤੇ ਮਾਪਿਆਂ ਵਿਚਕਾਰ ਪੀੜ੍ਹੀ ਪਾੜੇ ਦੇ ਨਾਲ ਨਾਲ ਨਵੇਂ ਮਾਹੌਲ ਪ੍ਰਤੀ ਨਜ਼ਰੀਏ ਦਾ ਪਾੜਾ ਵੀ ਵਧ ਰਿਹਾ ਸੀ। ਪਤਨੀ ਨੂੰ ਆਪਣੇ ਅੰਦਰ ਨਾਰੀ ਸ਼ਕਤੀ ਦਾ ਲਾਵਾ ਮਹਿਸੂਸ ਹੋਣ ਲੱਗ ਪਿਆ ਸੀ ਜਿਸ ਨੂੰ ਉਹ ਖੁਲ੍ਹ ਕੇ ਉਗਲੱਛਦੀ। ਪਤੀ ਵਿਚ ਮਰਦਉਚਤਾ ਸਿਰ ਚੁੱਕਣ ਲਗਦੀ ਤਾਂ ਉਹ ਥਾਏਂ ਹੀ ਕੱਪ ਦਿੱਤੀ ਜਾਂਦੀ। ਸਭ ਦੀ ਆਪਣੀ ਤੂਤੀ ਬੋਲਣ ਲੱਗ ਪਈ ਸੀ। ਕੁਲ ਮਿਲਾ ਕੇ ਗ੍ਰਹਿਸਥ ਦਵੰਦਾਂ ਦਾ ਅਖਾੜਾ ਬਣ ਚੁੱਕਾ ਸੀ।

ਅਜਿਹੇ ਵਿਕਰਾਲ ਮਾਹੌਲ ਤੋਂ ਰਾਹਤ ਮਿਲਣੀ ਚਾਹੀਦੀ ਹੈ, ਸਾਰਿਆਂ ਨੂੰ ਅਹਿਸਾਸ ਹੋਣ ਲੱਗਾ ਸੀ। ਜੁਆਨ ਹੋ ਚੁੱਕੀ ਧੀ ਨੇ ਹੀ ਇਕ ਦਿਨ ਕਿਹਾ, "ਸਾਰਾ ਦਿਨ ਆਪਣੇ ਘਰ ਤਾਂ ਖਿਚ ਖਿਚ ਹੁੰਦੀ ਰਹਿੰਦੀ ਹੈ। ਚਲੋ ਇਕ ਦਿਨ ਬਾਹਰ ਘੁੰਮ ਕੇ ਆਈਏ। ਲੇਕ 'ਤੇ ਪਿਕਨਿਕ ਕਰੀਏ। ਬਾਹਰ ਹੀ ਰਾਤ ਕੱਟਾਂਗੇ, ਮਜ਼ਾ ਆਵੇਗਾ।" ਕਾਵਾਂਰੌਲੇ ਟੱਬਰ ਵਿਚ ਸਰਬਸੰਤੀ ਤਾਂ ਅਸੰਭਵ ਘਟਨਾ ਸੀ ਪਰ ਇਹ ਚਮਤਕਾਰ ਹੋ ਹੀ ਗਿਆ। ਥੋੜੀ ਚੂੰ ਚਾਂ ਪਿਛੋਂ ਸਾਰੇ ਹੀ ਰਾਜ਼ੀ ਹੋ ਗਏ। ਤਦ ਵੀ ਸੁਭਾਗਾ ਸਨਿਚਰਵਾਰ ਆਉਣ ਵਿਚ ਕਾਫੀ ਜੋੜ ਤੋੜ ਭਰੇ ਦਿਨ ਗੁਜ਼ਰ ਗਏ। ਕਿਸੇ ਦੇ ਪਰਚੇ ਹੋ ਰਹੇ ਸਨ, ਕਿਸੇ ਦਾ ਓਵਰਟਾਈਮ ਲੱਗਾ ਸੀ ਤੇ ਕਿਸੇ ਦਿਨ ਪ੍ਰਾਹੁਣੇ ਆਉਣੇ ਸਨ।

ਸਲਾਹ ਬਣੀ ਕਿ ਮੈਕਨਾ ਸਿਟੀ ਜਾਇਆ ਜਾਵੇ। ਧੀ ਨੇ ਹੀ ਭ੍ਰਮਣ ਦਾ ਰੂਟ ਚੁਣਿਆ। ਪਤਝੜ ਵਿਚ ਮਿਸ਼ੀਗਨ ਦੇ ਦਰਖਤ ਜੋ ਨਿਸਦਿਨ ਰੰਗ ਬਦਲਦੇ ਹਨ, ਉਨ੍ਹਾਂ ਦਾ ਭਰਪੂਰ ਨਜ਼ਾਰਾ ਇਸ ਪੱਟੀ ਤੋਂ ਬਿਨਾ ਸ਼ਾਇਦ ਹੀ ਦੁਨੀਆਂ ਵਿਚ ਹੋਰ ਕਿਧਰੇ ਦਰਕਾਰ ਹੋਵੇ। ਕੈਲਮਜ਼ੂ ਤੋਂ ਮੈਕਨਾਸਿਟੀ ਦਾ ਫੇਰਾ ਭਾਵੇਂ ਸਾ ਦਿਹਾੜੀ ਲੱਗ ਸਕਦਾ ਹੈ ਪਰ ਥੂਕੜੇ ਲਾਉਣ ਵਾਲੀ ਗੱਲ ਨਹੀਂ ਕੀਤੀ ਜਾਵੇਗੀ। ਰਾਤ ਮੈਕਨਾ ਆਈਲੈਂਡ ਵਿਚ ਗੁਜ਼ਾਰੀ ਜਾਵੇਗੀ, ਖੁਸ਼ੀ ਵਾਸਤੇ ਜੇਬ ਨੂੰ ਥੋੜੀ ਤਕਲੀਫ਼ ਦੇਣੀ ਪੈਂਦੀ ਹੈ। ਮਾਂ ਪਿਉ ਧੰਨ ਧੰਨ ਹੋ ਗਏ, ਉਨ੍ਹਾਂ ਦੀ ਧੀ ਜ਼ਿੰਮੇਵਾਰੀ ਨਿਭਾਉਣੀ ਸਿਖ ਰਹੀ ਸੀ। ਮਾਂ ਨੇ ਸਾਰਿਆਂ ਦੇ ਉਠਣ ਤੋਂ ਪਹਿਲਾ ਹੀ ਤੜਕੇ ਤੜਕੇ ਆਲੂ ਵਾਲੇ ਪਰੌਂਠੇ ਬਣਾ ਲਏ ਤੇ ਰਾਤ ਦਾ ਜਮਾਇਆ ਦਹੀਂ, ਅਚਾਰ ਤੇ ਹੋਰ ਨਿੱਕ-ਸੁੱਕ ਬੈਗ ਵਿਚ ਲਪੇਟ ਲਏ। ਉਹ ਪਰੌਂਠਿਆਂ ਦਾ ਸਰਪਰਾਈਜ਼ ਦੇਣਾ ਚਾਹੁੰਦੀ ਸੀ। ਕੁਝ ਪੌਪ ਆਈਸ ਬਾਕਸ ਵਿਚ ਰੱਖ ਲਏ ਤੇ ਖੂਬ ਸਾਰੀ ਚਾਹ ਬਣਾ ਕੇ ਥਰਮਸ ਭਰ ਲਈ। ਉਸ ਨੇ ਮਲਕੜੇ ਜਿਹੇ ਸਾਰਾ ਕੁਝ ਕਾਰ ਦੀ ਸੀਟ ਦੇ ਹੇਠਾਂ ਲੁਕੋ ਲਿਆ।



ਘਰੋਂ ਬਾਹਰ ਨਿਕਲ ਕੇ ਤਾਲਾ ਲਾਉਣ ਲੱਗੇ ਤਾਂ ਪਿਉ ਨੂੰ ਠੰਡੇ ਮੌਸਮ ਦੀ ਤਪਸ਼ ਨੇ ਕੀਲ ਲਿਆ। ਸਹਿਜ ਸੁਭਾਅ ਉਸਦੇ ਮੂੰਹੋਂ ਨਿਕਲਿਆ, "ਚੰਗਾ ਹੁੰਦਾ ਜੇ 'ਸੁਹਾਨਾ ਸਫਰ ਔਰ ਯੇ ਮੌਸਮ ਹੁਸੀਨ' ਗਾਣੇ ਵਾਲੀ ਟੇਪ ਲੈ ਚਲਦੇ।" ਪੁੱਤਰ ਇਕ ਦਮ ਚੌਂਕ ਪਿਆ, "ਪਾਪਾ ਤੁਹਾਡੇ ਟੇਸਟ ਬੁੜ੍ਹਿਆਂ ਵਾਲੇ ਹੀ ਰਹੇ, ਕਦੇ ਕੋਈ ਨਵੀਂ ਚੀਜ਼ ਵੀ ਸਿਖ ਲਿਆ ਕਰੋ। ਅਸੀਂ ਨਹੀਂ ਸੁਣਨਾ ਸਦੀਆਂ ਪੁਰਾਣਾ ਗਾਣਾ।" ਪਿਉ ਦੀ ਕੰਨ ਝਾੜ ਹੋਣ ਪਿਛੋਂ ਮਾਂ ਨੂੰ ਕਾਰ ਦੀ ਸਲਾਮਤੀ ਦਾ ਫਿਕਰ ਹੋਇਆ, "ਬੇਟਾ ਕੱਲ੍ਹ ਕਾਰ ਦੀ ਹਵਾ ਤੇ ਤੇਲ ਵਗੈਰਾ ਚੈਕ ਕਰਵਾ ਲਏ ਸੀ?" ਧੀ ਦੀਆਂ ਅੱਖਾਂ ਤੇਜ਼ੀ ਨਾਲ ਖੁਲ੍ਹੀਆਂ ਬੰਦ ਹੋਈਆਂ, "ਆਪਾਂ ਕਿਹੜਾ ਕੈਲੀਫੋਰਨੀਆ ਚਲੇ ਹਾਂ ਕਿ ਕਾਰ ਦਾ ਸਾਰਾ ਕੁਝ ਚੈਕ ਕਰਾਉਂਦੇ ਫਿਰੀਏ। ਆਹ ਖੜਾ ਮੈਕਨਾ ਸਿਟੀ।" ਮਾਂ ਨੇ ਠੇਸ ਮਹਿਸੂਸ ਕੀਤੀ, "ਨਿਆਣੇ ਤਾਂ ਚਾਰੇ ਖੁਰ ਚੁੱਕ ਕੇ ਪੈ ਜਾਂਦੇ ਆ ਜੇ ਕੋਈ ਕੰਮ ਦੀ ਗੱਲ ਕਹੀਏ। ਢੋਡਰ 'ਤੇ ਮੱਖੀ ਨਹੀਂ ਬਹਿਣ ਦਿੰਦੇ।" ਧੀ ਨੱਕ 'ਚੋਂ ਠੂਹੇਂ ਸੁਟ ਰਹੀ ਸੀ ਕਿ ਪਿਉ ਨੇ ਕਾਰ ਚਲਾਉਣ ਲਈ ਚਾਬੀਆਂ ਮੰਗ ਲਈਆਂ। ਦੋਨੋਂ ਧੀ-ਪੁੱਤ ਇਕੋ ਵੇਲੇ ਚਿਲਕੇ, "ਜੂੰ ਦੀ ਚਾਲੇ ਤਾਂ ਤੁਸੀਂ ਕਾਰ ਚਲਾਉਂਦੇ ਹੋ, ਕਿਹੜੇ ਵੇਲੇ ਮੈਕਨਾ ਸਿਟੀ ਪਹੁੰਚਾਉਗੇ?" ਪਿਉ ਨੇ ਪਾਸਾ ਵੱਟ ਲਿਆ। ਮਾਂ ਦਾ ਤਾਂ ਹਾਈਵੇ ਤੇ ਕਾਰ ਚਲਾਉਣ ਦਾ ਬਹੁਤਾ ਅਭਿਆਸ ਹੀ ਨਹੀਂ ਸੀ ਪਰ ਭੈਣ ਭਰਾ ਵਿਚ ਤਣ ਗਈ। ਉਹ ਕਹਿੰਦੀ ਮੈਂ ਕਾਰ ਚਲਾਉਣੀ, ਉਹ ਕਹਿੰਦਾ ਮੈਂ। ਪਿਉ ਨੇ ਆਪਣੀ ਹੈਸੀਅਤ ਮੁਜਬ ਝਿੜਕਣ ਵਾਲੀ ਧੂਣੀ ਕਢੀ, "ਜੁਆਕ ਜੱਲੇ ਹਰ ਵੇਲੇ ਡਰਾਈਵਿੰਗ ਪਿਛੇ ਹੀ ਝਗੜਦੇ ਰਹਿੰਦੇ। ਅਧੀ ਅਧੀ ਵਾਟ ਨਹੀਂ ਚਲਾ ਸਕਦੇ?" ਉਸਨੇ ਕੁੜੀ ਵੱਲ ਕਾਰ ਸਟਾਰਟ ਕਰਨ ਦਾ ਇਸ਼ਾਰਾ ਕੀਤਾ। ਵਿਸ ਘੋਲਦਿਆਂ ਭਰਾ ਨੇ ਚਾਬੀਆਂ ਭੈਣ ਦੇ ਮੱਥੇ ਮਾਰੀਆਂ ਤੇ ਖੜਾਚ ਕਰਦਾ ਡਰਾਈਵਰ ਦੇ ਨਾਲ ਵਾਲੀ ਸੀਟ 'ਤੇ ਬੈਠ ਗਿਆ। ਚਾਬੀਆਂ ਸੁੱਟਣ ਵਾਲੀ ਹਰਕਤ ਤੋਂ ਤੜਫ਼ੀ ਭੈਣ ਕਾਰ ਸਟਾਰਟ ਕਰਨ ਲੱਗਿਆਂ ਭਰਾ 'ਤੇ ਟੁੱਟ ਪਈ, "ਅਕਲ ਨਹੀਂ ਤੈਨੂੰ ਕੀ, ਸਟੂਪਿਡ ਕਿਸੇ ਥਾਂ ਦਾ।" ਹਫੜਾ-ਦਫੜੀ ਵਿਚ ਉਸਤੋਂ ਕਾਰ ਦੀ ਕੀਲੀ ਜ਼ੋਰ ਨਾਲ ਨੱਪੀ ਗਈ। ਹੁਝਕੇ ਨਾਲ ਸਟਾਰਟ ਹੁੰਦੀ ਕਾਰ ਸਾਹਮਣੇ ਲੈਟਰ ਬਕਸ ਵਿਚ ਵੱਜਣ ਲੱਗੀ ਸੀ ਕਿ ਉਸਨੇ ਹੁਸ਼ਿਆਰੀ ਨਾਲ ਮੋੜ ਕੇ ਸੰਭਾਲ ਲਈ। "ਹੋਰ ਚਲਾ ਲਓ ਇਸ ਤੋਂ ਕਾਰਾਂ। ਹਰ ਵੇਲੇ ਇਸੇ ਦੀ ਪੂਛ ਚੱਕਦੇ ਰਹਿੰਦੇ ਹੋ।" ਭਰਾ ਨੂੰ ਭੈਣ ਦੀ ਕੁਤਾਹੀ ਤੋਂ ਅਵੈੜਾ ਸੁਆਦ ਆਇਆ। ਪਰ ਮਾਂ ਭੈਅਮਾਨ ਹੋਣ ਲੱਗੀ, "ਪੂਰੀਆਂ ਪਾ ਦੇਵੋਗੇ ਤੁਸੀਂ ਭੈਣ ਭਰਾ, ਏਸੇ ਕਰਕੇ ਮੈਂ ਇਨ੍ਹਾਂ ਜੁਆਕੜਿਆਂ ਜਿਹਾਂ ਨਾਲ ਕਿਤੇ ਜਾਣ ਲਈ ਰਾਜ਼ੀ ਨਹੀਂ ਹੁੰਦੀ।" "ਜ਼ਰਾ ਮੂੰਹ ਬੰਦ ਵੀ ਰੱਖ ਲਿਆ ਕਰ, ਹਰ ਵੇਲੇ ਇਨ੍ਹਾਂ ਤੇ ਚੜ੍ਹੀ ਹੀ ਰਹਿੰਦੀ ਏਂ।" ਪਿਉ ਨੇ ਤਿੱਖੀ ਗੱਲ ਧੀਮੀ ਸੁਰ 'ਚ ਕਹੀ।

ਉਹ ਅਜੇ ਘਰੋਂ ਨਿਕਲ ਕੇ ਸੜਕ ਤੇ ਚੜ੍ਹੇ ਹੀ ਸਨ ਕਿ ਮੁੰਡੇ ਨੇ ਉਚੀ ਕਰਕੇ ਅੰਗਰੇਜ਼ੀ ਮਿਊਜ਼ਿਕ ਚਲਾ ਦਿੱਤਾ। "ਲਾ ਦਿੱਤੀ ਨਾ ਢੀਂ ਢੀਂ, ਬੰਦ ਕਰ ਇਸਨੂੰ, ਮੇਰੇ ਕੰਨ ਫਟਦੇ ਪਏ ਹਨ।" ਮਾਂ ਨੇ ਕੰਨਾਂ ਨੂੰ ਹੱਥਾਂ ਨਾਲ ਨੱਪਦਿਆਂ ਜ਼ੋਰਦਾਰ ਉਜ਼ਰ ਕੀਤਾ। "ਆਵਾਜ਼ ਜ਼ਰਾ ਹੌਲੀ ਨਹੀਂ ਕਰ ਸਕਦਾ ਤੂੰ, ਕਿਉਂ ਸਾਰਿਆਂ ਦਾ ਸਿਰ ਚੱਟਣਾ ਲਿਆ।" ਚੁਫੇਰਗੜ੍ਹੀਆ ਬਣਿਆ ਪਿਆ ਪਿਉ ਖੁਦ ਢੀਂ ਢੀਂ ਤੋਂ ਬਹੁਤ ਸਤਿਆ ਪਿਆ ਸੀ। "ਤੂੰ ਥੋੜੀ ਦੇਰ ਸ਼ਬਦ ਲਾ ਦੇ, ਇਨ੍ਹਾਂ ਦੇ ਹਿਰਦੇ ਠੰਡੇ ਹੋ ਜਾਣਗੇ।" ਭੈਣ ਟਿਕ-ਟਿਕਾਅ ਲੋੜਦੀ ਸੀ। ਭਰਾ ਨੇ ਵੌਲਿਊਮ ਧੀਮਾ ਕਰ ਦਿੱਤਾ ਪਰ ਸ਼ਬਦਾਂ ਵਾਲੀ ਗੱਲ ਨਾ ਮੰਨੀ।

ਚੰਦ ਲਮਹੇ ਸ਼ਾਂਤੀ ਦੇ ਗੁਜ਼ਰੇ ਤਾਂ ਪਤੀ ਲਿਆਂਦੀ ਅਖਬਾਰ ਖੋਲ੍ਹ ਕੇ ਪੜ੍ਹਨ ਦਾ ਜੋਖਿਮ ਉਠਾਉਣ ਲੱਗਾ। ਪਤਨੀ ਨੇ ਕਹਿਰੀ ਅੱਖ ਨਾਲ ਪਤੀ ਵੱਲ ਦੇਖਦਿਆਂ ਝਪਟਾ ਮਾਰ ਕੇ ਅਖਬਾਰ ਖੋਹ ਲਈ। "ਮੌਕਾ ਲਗਦੇ ਅਖਬਾਰ ਹੀ ਖੋਲ੍ਹ ਕੇ ਬਹਿ ਜਾਂਦੇ ਹੋ, ਐਧਰ ਭਲਾ ਕੌਣ ਪੜ੍ਹਦਾ ਅਖਬਾਰ। ਕਦੇ ਉਰੇ ਪਰੇ ਵੀ ਝਾਕ ਲਿਆ ਕਰੋ। ਦੇਖਿਆ ਨਹੀਂ ਮੇਰਾ ਨਵਾਂ ਟੌਪ? ਕੱਲ੍ਹ ਹੀ ਤਾਂ ਮਾਲ ਤੋਂ ਲੈ ਕੇ ਆਈ ਹਾਂ।" ਮੂਡ ਵਿਚ ਆਈ ਪਤਨੀ ਪਤੀ ਦਾ ਧਿਆਨ ਖਿਚਣਾ ਲੋਚਦੀ ਸੀ ਪਰ ਨਵਾਂ ਟੌਪ ਦੇਖਦੇ ਹੀ ਪਤੀ ਦੇ ਅੱਖਾਂ 'ਚ ਖੂਨ ਉਤਰ ਆਇਆ, "ਹਰ ਵੇਲੇ ਘਰ ਦਾ ਉਜਾੜਾ ਹੀ ਕਰਦੀ ਰਹਿੰਦੀ ਏਂ, ਜਦੋਂ ਦੇਖੋ ਮਾਲ, ਜਦੋਂ ਦੇਖੋ ਮਾਲ। ਤੂੰ ਹੁਣ ਕੱਲ੍ਹ ਦੀ ਜੁਆਕੜੀ ਏਂ ਪਈ ਤੈਨੂੰ ਨਿੱਤ ਨਵੇਂ ਟੌਪ ਚਾਹੀਦੇ?"

"ਮੁਰਦਾ ਬੋਲੂ ਕੱਫਣ ਪਾੜੂ। ਏਸ ਆਦਮੀ ਤੋਂ ਕਦੇ ਜ਼ਨਾਨੀ ਦੀ ਤਰੀਫ਼ ਸਰੀ? ਨਾ, ਕਦੇ ਵੀ ਨਾ। ਹਰ ਵੇਲੇ ਪੈਸਾ ਜੋੜਨ ਦੀ ਲੱਗੀ ਰਹਿੰਦੀ ਹੈ। ਤੁਹਾਡੇ ਤੋਂ ਜਾਦੇ ਤਾਂ ਮੈਂ ਡਾਲਰ ਕਮਾਉਂਦੀ ਹਾਂ। ਜਦ ਦੇ ਆਏ ਇਕ ਟੁੱਟੜ ਜਿਹੀ ਫੈਕਟਰੀ ਵਿਚ ਚੁੰਬੜੇ ਹੋਏ ਹੋ।" ਪਤਨੀ ਨੇ ਪਤੀ ਦੀ ਦੁਖਦੀ ਰਗ 'ਤੇ ਉਂਗਲ ਧਰੀ ਤਾਂ ਪਤੀ ਭੁੜਕ ਡੰਡਿਓਂ ਪਾਰ ਗਿਆ, "ਬਕਵਾਸ ਬੰਦ ਕਰ, ਹਰ ਵੇਲੇ ਮੇਰੀ ਜੌਬ ਦਾ ਮਖੌਲ ਉਡਾਉਂਦੀ ਰਹਿੰਦੀ ਏਂ। ਇੰਡੀਆ ਵਿਚ ਮੈਂ ਲੱਖਾਂ ਕਮਾਏ, ਤੂੰ ਤਾਂ ਬਣ ਠਣ ਕੇ ਪਥੱਲਾ ਮਾਰੀ ਬੈਠੀ ਰਹਿੰਦੀ ਸੀ।"

ਮਾਂ ਪਿਉ ਦੀ ਘੈਂਸ ਘੈਂਸ ਸੁਣ ਕੇ ਦੁਖੀ ਹੋਈ ਧੀ ਬੋਲੀ, "ਜਦੋਂ ਦੇਖੋ ਲੜਦੇ ਹੀ ਰਹਿੰਦੇ ਹੋ, ਮੈਂ ਤਾਂ ਲੱਗੀ ਕਾਰ ਘਰ ਵੱਲ ਨੂੰ ਮੋੜਨ।" ਧੀ ਦੀ ਆਵਾਜ਼ 'ਚੋਂ ਮਾਯੂਸੀ ਟਪਕਦੀ ਸੀ। ਪਰ ਪੁੱਤਰ ਨੂੰ ਜੁਗਤ ਸੁਝੀ। ਉਸ ਨੇ ਰਾਮ ਰੌਲੇ ਨੂੰ ਡੋਬਣ ਲਈ ਸੀਡੀ ਪਲੇਅਰ ਮੁੜ ਫੁੱਲ ਵੌਲਿਊਮ 'ਤੇ ਕਰ ਦਿੱਤਾ। ਕਾਰ ਵਿਚ ਕੁਝ ਪਲਾਂ ਲਈ ਕੁਹਰਾਮ ਜਿਹਾ ਮਚ ਗਿਆ।

ਅਚਾਨਕ ਕਾਰ ਹਾਈਵੇ 'ਤੇ ਚੜ੍ਹ ਗਈ। ਆਲੇ-ਦੁਆਲੇ ਦੂਰ ਤੱਕ ਰੰਗ-ਬਰੰਗੇ ਦਰਖਤਾਂ ਦੀ ਵਹਿਸ਼ਤ ਛਾਈ ਪਈ ਸੀ। ਅਜਿਹੇ ਮੰਜ਼ਰ ਨੂੰ ਦੇਖ ਕੇ ਮੁਰਦੇ ਵੀ ਜਾਗ ਸਕਦੇ ਸਨ। ਕੁੜੀ ਨੇ ਸਭ ਦਾ ਧਿਆਨ ਰੰਗੀਨੀਆਂ ਵੱਲ ਦੁਆਇਆ ਕਿ ਉਸਦਾ ਭਰਾ ਬੋਲ ਉਠਿਆ, "ਮੈਂ ਤਾਂ ਮੈਕਡੌਨਲਡ ਖਾਣਾ ਹੈ, ਮੈਨੂੰ ਬਹੁਤ ਭੁਖ ਲੱਗੀ ਹੈ।" "ਕੋਹ ਨਾ ਚੱਲੀ ਬਾਬਾ ਤਿਹਾਈ।" ਪਿਉ ਨੇ ਮੁਹਾਵਰੇ ਨਾਲ ਮੁੰਡੇ ਦੀ ਭੁੱਖ ਦਾ ਮਜ਼ਾਕ ਉਡਾਇਆ ਪਰ ਪੁੱਤਰ ਘਟ ਨਹੀਂ ਸੀ, "ਪਾਪਾ ਕੀ ਹਰ ਵੇਲੇ ਗੂੜ੍ਹ ਪੰਜਾਬੀ ਬੋਲਦੇ ਰਹਿੰਦੇ ਹੋ, ਕਦੇ ਕੋਈ ਏਧਰ ਦੀ ਗੱਲ ਵੀ ਸਿੱਖ ਲਿਆ ਕਰੋ। ਮੈਂ ਤਾਂ ਮੈਕਡੌਨਲਡ ਖਾਊਂਗਾ। ਤੁਹਾਨੂੰ ਬੁੜ੍ਹਿਆਂ ਨੂੰ ਤਾਂ ਕਦੇ ਭੁੱਖ ਲੱਗਣੀ ਹੀ ਨਹੀਂ।" ਪਤਨੀ ਨੇ ਇਸ ਗੱਲੋਂ ਪਤੀ ਨਾਲ ਇਕਜੁਟਤਾ ਪ੍ਰਗਟਾਈ, "ਇਹਨੂੰ ਤਾਂ ਹਰ ਦਮ ਭੋਖੜਾ ਹੀ ਪਿਆ ਰਹਿੰਦਾ; ਜੰਕ ਫੂਡ ਚਰਨ ਦਾ ਬੱਸ ਬਹਾਨਾ ਮਿਲਣਾ ਚਾਹੀਦਾ।" ਧੀ ਨੇ ਆਪਣੇ ਘੋੜੇ ਭਜਾ ਦਿੱਤੇ, "ਮੈਂ ਤਾਂ ਸਬਵੇ ਖਾਵਾਂਗੀ, ਮੈਕਡੌਨਲਡ 'ਚ ਤਾਂ ਸੁਧਾ ਫੈਟ ਹੁੰਦਾ।" ਹਾਲਾਤ ਵਿਗੜਦੇ ਦੇਖ ਕੇ ਪਿਉ ਨੇ ਫਿਰ ਸਮਝੌਤਾਵਾਦੀ ਰੁਖ ਲਿਆ, "ਖਾ ਲਿਓ ਜੋ ਖਾਣਾ ਹੈ ਪਰ ਕੁਸ਼ ਵਾਟ ਤਾਂ ਲੰਘਣ ਦਿਓ।" ਪਰ ਸਾਹਮਣੇ ਮੈਕਡੌਨਲਡ ਦੇ ਸਾਈਨਬੋਰਡ ਦੇਖ ਕੇ ਪੁੱਤਰ ਦੇ ਮੂੰਹ ਵਿਚਲਾ ਪਾਣੀ ਨਦੀ ਬਣ ਕੇ ਵਹਿ ਤੁਰਿਆ ਤੇ ਉਸਨੇ ਭੈਣ ਨੂੰ ਕਾਰ ਮੋੜਨ ਲਈ ਕਿਹਾ। ਪਰ ਉਹ ਅੜ ਗਈ, "ਨਹੀਂ ਮੋੜਦੀ ਮੈਂ ਇਸ ਐਗਜ਼ਿਟ ਤੋਂ ਕਾਰ, ਏਥੇ ਸਬਵੇ ਨਹੀਂ ਹੈ। ਤੂੰ ਥੋੜਾ ਹੋਰ ਵੇਟ ਨਹੀਂ ਕਰ ਸਕਦਾ?"

ਭੈਣ ਭਰਾ ਆਪਸ ਵਿਚ ਉਲਝੇ ਦੇਖ ਕੇ ਪਿਉ ਦਾ ਹੱਥ ਕਈ ਵਾਰੀ ਅਖਬਾਰ ਦੀ ਤਰਫ਼ ਵਧਦਾ ਪਰ ਪਤਨੀ ਦੀ ਝਾਕਣੀ ਅਖਬਾਰ ਛੂਹਣ ਤੱਕ ਨਾਂ ਦਿੰਦੀ ਤੇ ਉਹ ਬਾਹਰ ਦੌੜਦੇ ਵਾਹਨਾਂ ਤੇ ਰੰਗਲੇ ਪੇੜਾਂ ਵੱਲ ਤੱਕਣ ਲੱਗ ਜਾਂਦਾ। ਐਪਰ ਪਤਨੀ ਅੰਦਰੋ ਅੰਦਰੀ ਕੁੜ੍ਹ ਰਹੀ ਸੀ, ਉਸ ਤੋਂ ਰਿਹਾ ਨਾ ਗਿਆ, "ਕੋਈ ਸੜਾ-ਸਬਵੇ ਨਹੀਂ ਖਾਣਾ, ਮੈਂ ਆਲੂ ਦੇ ਪਰੌਂਠੇ ਲਿਆਂਦੇ ਹੋਏ ਹਨ, ਸਾਰੇ ਚਾਹ ਨਾਲ ਇਕ ਇਕ ਖਾਵਾਂਗੇ। ਬਾਕੀ ਦੇ ਧੁਰ ਜਾ ਕੇ ਦਹੀਂ ਨਾਲ ਖਾਵਾਂਗੇ।" "ਫੇਰ ਲੈ ਆਏ ਮਨਹੂਸ ਪਰੌਂਠੇ? ਮੈਂ ਨਹੀਂ ਖਾਣੇ ਇਹ।" ਪੁੱਤਰ ਟਲਣ ਵਾਲਾ ਨਹੀਂ ਸੀ ਪਰ ਧੀ ਦੋ ਮਾਸ਼ੇ ਵਧ ਨਿਕਲੀ। ਸ਼ੀਸ਼ਾ ਥੱਲੇ ਸਰਕਾਉਂਦਿਆਂ ਉਹ ਬੋਲੀ, "ਮੈਂ ਨਾ ਕਹਾਂ ਕਾਰ ਵਿਚੋਂ ਕਾਹਦੀ ਮੁਸ਼ਕ ਆਉਣ ਡਹੀ ਹੈ। ਬਾਹਰ ਨਿਕਲ ਕੇ ਵੀ ਤੁਹਾਨੂੰ ਰੋਟ ਹੀ ਸੁਝਦੇ। ਸਾਡਾ ਜੋ ਜੀਅ ਕੀਤਾ ਅਸੀਂ ਖਾਵਾਂਗੇ। ਕੋਈ ਜ਼ਬਰਦਸਤੀ ਥੋੜੀ ਹੈ!"

"ਘਰ ਕਿਹੜਾ ਤੁਸੀਂ ਘਰ ਦੀਆਂ ਚੀਜ਼ਾਂ ਸ਼ੌਕ ਨਾਲ ਖਾਂਦੇ, ਤੁਹਾਡੀ ਮਾਂ ਏਨੀ ਮਿਹਨਤ ਨਾਲ ਸੁਆਦੀ ਪਰੌਂਠੇ ਬਣਾ ਕੇ ਲਿਆਈ।" ਪਿਉ ਦੀ ਹਾਲਤ ਪਤਲੀ ਪੈ ਰਹੀ ਸੀ ਪਰ ਮਾਂ ਦਾ ਤਾਂ ਰਿਹਾ ਹੀ ਕੁਝ ਨਹੀਂ ਸੀ, "ਜੀਭ ਦੇਖੋ ਇਸਦੀ ਕਿਵੇਂ ਲੁਤਰ ਲੁਤਰ ਚੱਲਦੀ ਹੈ। ਚਾਰ ਦਿਨ ਅਮਰੀਕਾ ਕੀ ਦੇਖ ਲਿਆ, ਘਰ ਦੀ ਪੱਕੀ ਚੀਜ਼ ਤੇ ਨੱਕ ਹੀ ਨਹੀਂ ਧਰਦੇ। ਮੈਂ ਏਨੀ ਰੀਝ ਨਾਲ ਪਰੌਂਠੇ ਤਲੇ ਆ ਤੇ ਇਹ ਰਕਾਨਣ ਕਹਿੰਦੀ ਮੁਸ਼ਕ ਆਉਂਦਾ। ਇਕ ਵਾਰੀ ਆਖ ਦਿੱਤਾ, ਕੋਈ ਰੈਸਟ ਏਰੀਆ ਆਇਆ ਕਾਰ ਮੋੜ ਲਿਓ।"

ਪਰ ਏਨੇ ਨੂੰ ਇਕ ਐਗਜ਼ਿਟ ਆਇਆ ਜਿਥੇ ਮੈਕਡੌਨਲਡ ਤੇ ਸਬਵੇ ਦੋਨੋਂ ਉਪਲਬਧ ਸਨ। ਧੀ ਨੇ ਬੇਝਿਜਕ ਕਾਰ ਮੋੜ ਲਈ। ਮਾਂ ਗਰਜ ਪਈ, "ਕਿਉਂ ਮੋੜੀ ਹੈ ਤੂੰ ਕਾਰ ਏਧਰ, ਤੈਨੂੰ ਕਿਹਾ ਨਹੀਂ, ਅਸੀਂ ਨਹੀਂ ਖਾਣਾ ਇਹ ਕੂੜ ਕਬਾੜ। ਗੰਦੀ ਔਲਾਦ, ਕਦੀ ਕਿਸੇ ਦੀ ਗੱਲ ਨਹੀਂ ਮੰਨੇਗੀ।" ਪਤੀ ਨੂੰ ਵੀ ਸਿੰਘਾਸਣ ਡੋਲਦਾ ਪ੍ਰਤੀਤ ਹੋਣ ਲੱਗਾ ਤੇ ਉਸਦੇ ਮੂੰਹੋਂ ਧੁਰ ਕੀ ਬਾਣੀ ਨਿਕਲਣ ਲੱਗੀ, "ਮੈਂ ਤਾਂ ਪਹਿਲਾਂ ਕਿਹਾ ਸੀ, ਤੁਸੀਂ ਇਨ੍ਹਾਂ ਨਾਲ ਦੋ ਕਦਮ ਨਹੀਂ ਚੱਲ ਸਕਦੇ। ਹੁਣੇ ਇਸ ਤਰ੍ਹਾਂ ਕਰਦੇ ਹਨ ਬੁਢੇ ਵਾਰੇ ਕੀ ਹਾਲ ਕਰਨਗੇ ਸਾਡਾ।" "ਪਤਾ ਨਹੀਂ ਕੀ ਬੋਲਦੇ ਰਹਿੰਦੇ... ਤੁਸੀਂ ਜੋ ਮਰਜ਼ੀ ਖਾਓ, ਅਸੀਂ ਜੋ ਸਾਡਾ ਜੀਅ ਕਰੇਗਾ ਓਹੀ ਖਾਵਾਂਗੇ।" ਧੀ ਨੱਕ ਦੀ ਸੇਧੇ ਵਧ ਰਹੀ ਸੀ। ਸਾਹਮਣੇ ਮੈਕਡੌਨਲਡ ਦੀ ਇਮਾਰਤ ਖੜੀ ਸੀ ਤੇ ਇਕ ਪਾਸੇ ਸਬਵੇ। ਉਸ ਨੇ ਕਾਰ ਪਾਰਕ ਕਰ ਲਈ। ਭੈਣ ਭਰਾ ਮਾਂ ਪਿਉ ਵੱਲ ਝਾਕੇ ਬਿਨਾ ਕਾਰ ਤੋਂ ਉਤਰ ਕੇ ਆਪੋ ਆਪਣੇ ਪਸੰਦੀਦਾ ਟਿਕਾਣੇ ਅੱਪੜ ਗਏ।

ਉਹ ਅੱਖੋਂ ਓਝਲ ਹੋਏ ਕਿ ਹਲਕੀ ਪਈ ਪਤਨੀ ਨੇ ਪਤੀ ਨੂੰ ਘੇਰ ਲਿਆ, "ਤੁਸੀਂ ਵਿਗਾੜਿਆ ਇਨ੍ਹਾਂ ਨੂੰ। ਹਰ ਗੱਲ ਇਨ੍ਹਾਂ ਦੀ ਪੂਰੀ ਕਰ ਕੇ ਦਿੰਦੇ ਹੋ। ਕਦੇ ਡਾਂਟਦੇ ਨਹੀਂ। ਇਸੇ ਕਰਕੇ ਚਾਮ੍ਹਲੇ ਫਿਰਦੇ। ਇਸ ਮੁਲਕ ਵਿਚ ਤਾਂ ਜੁਆਕ ਵਿਗੜੇ ਕਿ ਵਿਗੜੇ। ਦੇਖਿਆ ਹੁਣੇ, ਸਮਝਦੇ ਹੈ ਕਿਸੇ ਨੂੰ ਕੁਝ।" ਪਤੀ ਇਸ ਦੋਸ਼ ਨੂੰ ਕਿਵੇਂ ਸਹਾਰ ਸਕਦਾ ਸੀ, "ਬਾਹਲੀ ਤਹਾਂ ਨਾ ਚੜ੍ਹਦੀ ਜਾਹ, ਵਿਗਾੜਿਆ ਤੂੰ ਏ ਇਨ੍ਹਾਂ ਨੂੰ। ਮੇਰੇ ਰੋਕਦਿਆਂ ਰੋਕਦਿਆਂ ਤੂੰ ਇਨ੍ਹਾਂ ਨੂੰ ਸੈਲ ਫੋਨ ਲੈ ਕੇ ਦਿੱਤੇ। ਫਿਰ ਕਾਰ ਲੈ ਕੇ ਦਿਤੀ, ਸਾਰੇ ਪੈਸੇ ਨਕਦ। ਮੈਂ ਕਿਹਾ ਨਹੀਂ ਸੀ ਕਿਸ਼ਤਾਂ ਤੇ ਲੈ ਕੇ ਦਿੰਦੇ ਹਾਂ, ਆਪੇ ਭਰਦੇ ਫਿਰਨਗੇ, ਇਨ੍ਹਾਂ ਨੂੰ ਪਤਾ ਲੱਗੂ ਕਿਵੇਂ ਪੈਸੇ ਕਮਾਈਦੇ ਹਨ। ਤੂੰ ਹੀ ਇਨ੍ਹਾਂ ਨੂੰ ਪੁਚ ਪੁਚ ਕਰਦੀ ਏਂ। ਹੁਣ ਲੈ ਲਾ ਛੁਣਛੁਣਾ।" ਸਲੋਕ ਸੁਣਦਿਆਂ ਹੀ ਪਤਨੀ ਦਾ ਪਾਰਾ ਸੱਤਵੇਂ ਅਸਮਾਨ 'ਤੇ ਪਹੁੰਚ ਗਿਆ। ਉਹ ਚੀਨਾ ਚੀਨਾ ਹੋਈ ਪਈ ਸੀ। ਝੁੰਜਲਾਹਟ ਵਿਚ ਉਸਨੇ ਪਰੌਠਿਆਂ ਵਾਲਾ ਬੈਗ ਪਤੀ ਦੇ ਸਿਰ ਵੱਲ ਵਗਾਹ ਮਾਰਿਆ ਤੇ ਪਿਟ ਉਠੀ, "ਆਹੋ, ਮੈਂ ਹੀ ਬੁਰੀ ਹਾਂ ਇਸ ਘਰ ਵਿਚ, ਸਰਬਨਾਸ ਕਰਨ ਵਾਲੀ ਮੈਂ ਹੀ ਹਾਂ...।" ਉਸਦੀ ਜ਼ਬਾਨ ਥਿੜਕਣ ਲੱਗੀ ਤੇ ਉਹ ਡੁਸਕਣ ਲੱਗ ਪਈ। ਪਤੀ ਨੇ ਖਿਲਰੇ ਪਰੌਂਠੇ ਸੰਭਾਲੇ ਪਰ ਕਚੀਚੀ ਵੱਟ ਕੇ ਚੁਪ ਰਿਹਾ। ਉਸਨੇ ਪਤਨੀ ਨੂੰ ਵਰਾਇਆ ਤੱਕ ਨਾਂ। ਜਦ ਨੂੰ ਭੈਣ ਭਰਾ ਆਪਣੇ ਟੁੱਕਰ ਵੱਢਦੇ ਹੱਸਦੇ ਹੋਏ ਬਿਨਾ ਪਿਛੇ ਦੇਖਿਆਂ ਕਾਰ ਵਿਚ ਆਣ ਵੜੇ। ਕਾਰ ਦੀ ਚਾਬੀ ਇਸ ਵਾਰੀ ਭਰਾ ਦੇ ਹੱਥ ਸੀ।

ਪਤਨੀ ਦਾ ਡੁਸਕਣਾ ਅਛੋਪਲੇ ਹਟਕੋਰਿਆਂ ਵਿਚ ਬਦਲ ਕੇ ਬੰਦ ਹੋ ਗਿਆ। ਪਤੀ ਪਤਨੀ ਦੋਵੇਂ ਸਹਿਮੇ ਹੋਏ ਬੇਬਸੀ ਦੀ ਮੂਰਤੀ ਬਣੇ ਹੋਏ ਸਨ। ਹਾਈਵੇ 'ਤੇ ਕਾਰ ਚਾੜ੍ਹਦਿਆਂ ਹੀ ਮੁੰਡੇ ਨੇ ਸਪੀਡ ਚੁੱਕ ਦਿਤੀ। ਮਾਂ ਨੂੰ ਡੋਬੂ ਪੈਂਦੇ ਪੈਂਦੇ ਜਾਨ ਦੇ ਲਾਲੇ ਪੈਣ ਲੱਗੇ। ਉਸਨੇ ਕਾਰ ਚਲਾਉਂਦੇ ਮੁੰਡੇ ਵੱਲ ਸਿਰੀ ਵਧਾਈ ਤੇ ਹੱਥ ਜੋੜੇ, "ਮੇਰੀ ਮਿਨਤ ਹੈ, ਤੂੰ ਕਾਰ ਜ਼ਰਾ ਹੌਲੀ ਰੱਖ, ਇਸ ਰੋਡ 'ਤੇ ਪੁਲਿਸ ਫਿਰਦੀ ਰਹਿੰਦੀ ਹੈ।" "ਮੰਮੀ ਟਰੈਫ਼ਿਕ ਦੇ ਨਾਲ ਹੀ ਚੱਲਣਾ ਪੈਂਦਾ ਹੈ, ਤੁਸੀਂ ਕਦੇ ਹਾਈਵੇ 'ਤੇ ਕਾਰ ਚਲਾਈ ਹੋਵੇ ਤਾਂ ਪਤਾ ਹੋਵੇ। ਹਰ ਵੇਲੇ ਹੌਲ ਹੀ ਲਾਈ ਰਖਦੇ ਹੋ।" ਜਵਾਬ ਧੀ ਨੇ ਦਿੱਤਾ ਪਰ ਮੁੰਡੇ ਨੂੰ ਸ਼ਹਿ ਮਿਲ ਗਈ। ਉਸਨੇ ਕਾਰ ਹੋਰ ਤੇਜ਼ ਕਰ ਦਿਤੀ। ਜੀ ਭਿਆਣੇ ਮਾਂ ਪਿਉ ਦੇ ਹੱਥ ਪੈਰ ਅਚੇਤ ਹੀ ਅਗਲੀਆਂ ਸੀਟਾਂ ਨੂੰ ਧੱਕਣ ਲੱਗ ਪਏ, ਮਾਂ ਦੇ ਤਾਂ ਪੰਜੇ ਭੂਤ ਜਿਵੇਂ ਬਿਖਰਨ ਲੱਗੇ। ਮੁੰਡਾ ਅੱਤ ਚੁੱਕਣ ਲੱਗ ਪਿਆ ਸੀ। ਉਹ ਰੋਹ 'ਚ ਬੁਰਾ ਭਲਾ ਬੋਲਣ ਲੱਗ ਪਈ, "ਕੁੱਤਿਆ, ਮਰਜਾਣਿਆ, ਤੂੰ ਮਰਵਾਉਣਾ ਸਾਨੂੰ, ਹੌਲੀ ਕਰ ਕਾਰ ਨਹੀਂ ਤਾਂ ਮੈਨੂੰ ਏਥੇ ਉਤਾਰ।" ਕੁੜੀ ਢੈਲੀ ਪੈ ਗਈ ਤੇ ਚਿੰਤਿਤ ਹੋਈ ਬੋਲੀ, "ਤੂੰ ਜ਼ਰਾ ਹੌਲੀ ਚਲਾ ਲੈ।" ਪਰ ਨਾਲ ਹੀ ਮੰਮੀ ਨੂੰ ਦੱਸਿਆ, "ਮੰਮੀ ਏਨੀ ਸਪੀਡ ਚਲਦੀ ਹੈ। ਅਸੀਂ ਹੁਣ ਕਦੀ ਨਹੀਂ ਆਇਆ ਕਰਨਾ ਤੁਹਾਡੇ ਨਾਲ। ਤੁਸੀਂ ਤਾਂ ਇੰਡੀਆ ਹੀ ਰਹਿੰਦੇ ਤਾਂ ਚੰਗਾ ਸੀ।" ਮੁੰਡੇ ਨੇ ਕਾਰ ਕੁਝ ਹੌਲੀ ਕਰ ਲਈ ਤਾਂ ਪਤੀ ਪਤਨੀ ਨੂੰ ਮੁਖਾਤਿਬ ਹੋਇਆ, "ਤੂੰ ਵੀ ਕਿਉਂ ਹਰ ਵਕਤ ਤਣੀ ਰਹਿੰਦੀ ਏਂ? ਤੇਰੇ ਦੀਦੇ ਹਮੇਸ਼ਾ ਸਪੀਡੋਮੀਟਰ ਹੀ ਤਾੜਦੇ ਰਹਿੰਦੇ। ਐਵੇਂ ਜੀਅ ਥੋੜ੍ਹਾ ਨਾ ਕਰ, ਬਾਹਰ ਦੇਖ, ਅੱਗ ਵਰ੍ਹਾਉਂਦੇ ਦਰਖਤ। ਹੈ ਕੋਈ ਰੰਗ ਜੋ ਏਥੇ ਨਹੀਂ ਦਿਸਦਾ। ਲਗਦਾ ਜਿਵੇਂ ਦੀਵਾਲੀ ਨੂੰ ਹਲਵਾਈਆਂ ਨੇ ਵੰਨ ਸਵੰਨੀਆਂ ਮਠਿਆਈਆਂ ਚਿਣੀਆਂ ਹੁੰਦੀਆਂ।" ਛਿਣਕ ਮੌਜ 'ਚ ਆਇਆ ਸਾਰਿਆਂ ਨੂੰ ਸੰਬੋਧਤ ਹੋਕੇ ਬੋਲਿਆ, "ਦਰਖਤ ਰੰਗ ਬਦਲ ਰਹੇ ਹਨ, ਇਸ ਗੱਲ ਨੂੰ ਹੋਰ ਸ਼ਬਦਾਂ ਵਿਚ ਬਿਆਨ ਕਰੋ।" ਧੀ ਨੇ ਕੁਝ ਪਲ ਬਾਹਰ ਦੇਖਿਆ ਤੇ ਫਿਰ ਸੋਚਦਿਆਂ ਬੋਲੀ, "ਸਾਰੀ ਬਨਸਪਤੀ ਸਤਰੰਗੀ ਪੀਂਘ ਝੂਟ ਰਹੀ ਹੈ।" "ਇਹ ਕੀ ਗੱਲ ਬਣੀ?" ਮੁੰਡਾ ਬੋਲਿਆ, "ਸਵਰਗ ਮਿਸ਼ੀਗਨ ਵਿਚ ਲੱਥ ਆਇਆ ਹੈ।" ਪਰ ਪਿਉ ਨੇ ਆਪਣਾ ਗਿਆਨ ਝਾੜਨਾ ਸੀ, "ਫਰੀਦ ਨੇ ਕਿਹਾ 'ਰੁਤ ਫਿਰੀ ਵਣ ਕੰਬਿਆ ਪਤ ਝੜੇ ਝੜ ਜਾਹ', ਕਿਆ ਸੁਹਣੀ ਗੱਲ ਹੈ।" ਪਰ ਮੁੰਡੇ ਨੇ ਮੋਢੇ ਸਿਕੋੜੇ, "ਫਿਰ ਗੂੜ੍ਹ ਪੰਜਾਬੀ 'ਤੇ ਉਤਰ ਆਏ।"

ਪਰ ਦਰਖਤਾਂ ਦੇ ਰੰਗਾਂ 'ਚ ਮਸਤ ਹੋਇਆਂ ਨੂੰ ਇਹ ਨਹੀਂ ਪਤਾ ਲੱਗਾ ਕਿ ਇਸ ਦੌਰਾਨ ਮਾਂ ਦੇ ਚਿਹਰੇ ਦੇ ਕਿੰਨੇ ਰੰਗ ਬਦਲ ਰਹੇ ਸਨ।


ਕਾਰ ਦੀ ਵਧਦੀ ਸਪੀਡ ਨੇ ਉਸਨੂੰ ਮਰਨਹਾਰੀ ਕਰ ਦਿੱਤਾ ਸੀ। ਤੇ ਹਾਰ ਕੇ ਉਸਨੇ ਫੈਸਲਾ ਸੁਣਾ ਦਿੱਤਾ, "ਮੈਂ ਨਹੀਂ ਚੱਲ ਸਕਦੀ ਤੁਹਾਡੇ ਨਾਲ, ਪਿਛੇ ਮੁੜੋ ਜਾਂ ਮੈਨੂੰ ਏਥੇ ਉਤਾਰੋ।" ਪਰ ਮੁੰਡੇ ਨੂੰ ਪਤਾ ਨਹੀਂ ਸੁਣਿਆ ਨਹੀਂ ਜਾਂ ਮਚਲਾ ਹੋ ਗਿਆ, ਉਸਨੇ ਮਾਂ ਨੂੰ ਹੋਰ ਖਿਝਾਉਣ ਲਈ ਕਾਰ ਦਾ ਸਟੇਅਰਿੰਗ ਤੇਜ਼ੀ ਨਾਲ ਏਧਰ ਉਧਰ ਘੁਮਾਇਆ। ਕਾਰ ਭੁਚਾਲ ਵਾਂਗ ਡੋਲ ਗਈ ਤੇ ਨਾਲ ਹੀ ਉਨ੍ਹਾਂ ਦੀ ਮਾਂ। ਉਹ ਉਚੀ ਉਚੀ ਰੋਣ ਲੱਗ ਪਈ। ਉਸਦੀ ਕੋਈ ਪੇਸ਼ ਨਹੀਂ ਸੀ ਜਾ ਰਹੀ। ਉਹ ਸੀਟ ਤੇ ਢਹਿ ਪਈ। ਗੱਲ ਵਧ ਗਈ ਸੀ। ਪਤੀ ਨੂੰ ਆਪਣੀ ਮੂਰਖਤਾ ਦਾ ਅਹਿਸਾਸ ਹੋਇਆ। ਉਸਨੇ ਪੁੱਤਰ ਨੂੰ ਕਿਹਾ, "ਰੋਕੀਂ, ਰੋਕੀਂ, ਰੋਕੀਂ ਜ਼ਰਾ, ਦੇਖ ਤੇਰੀ ਮਾਂ ਨੂੰ ਕੀ ਹੋ ਗਿਆ। ਕਾਰ ਨੂੰ ਸ਼ੋਲਡਰ 'ਤੇ ਲਾ ਦੇਹ। ਉਸਨੇ ਪਤਨੀ ਦਾ ਹੱਥ ਫੜਕੇ ਉਸਨੂੰ ਪਲੋਸਣ ਦਾ ਜਤਨ ਕੀਤਾ ਪਰ ਉਸਨੇ ਪਤੀ ਦਾ ਹੱਥ ਤੋੜ ਕੇ ਮਾਰਿਆ ਤੇ ਸਹਿਸਾ ਉਠ ਖੜੀ ਹੋਈ। ਉਨਮਾਦ ਵਿਚ ਆਈ ਨੇ ਪਿਛਿਓਂ ਮੁੰਡੇ ਦਾ ਹੱਥ ਫੜ ਲਿਆ ਤੇ ਉਸਨੂੰ ਝੰਜੋੜਦੀ ਹੋਈ ਆਖਣ ਲੱਗੀ, "ਜੇ ਕਾਰ ਏਸੇ ਤਰ੍ਹਾਂ ਚਲਾਈ ਰੱਖੀ ਤਾਂ ਮੈਂ ਚਲਦੀ ਕਾਰ 'ਚੋਂ ਛਾਲ ਮਾਰ ਦੇਵਾਂਗੀ, ਹਾਂ ਮੈਂ ਇਹ ਕਰਕੇ ਦਿਖਾਊਂਗੀ।" ਉਸਨੇ ਪਿਛਲੀ ਡੋਰ ਦਾ ਹੈਂਡਲ ਫੜਿਆ ਹੋਇਆ ਸੀ ਮਾਨੋਂ ਹੁਣੇ ਖੋਲ੍ਹਣ ਲੱਗੀ ਹੋਵੇ। ਪਰ ਮੁੰਡਾ ਇਸ ਕਦਰ ਝੰਜੋੜਿਆ ਗਿਆ ਸੀ ਕਿ ਉਸਦੀ ਕਾਰ ਸਰਕ ਸਰਕ ਕੇ ਸੱਜੇ ਪਾਸੇ ਵਾਲੀ ਲੇਨ 'ਤੇ ਚਲੇ ਗਈ। ਦੇਖਦੇ ਹੀ ਦੇਖਦੇ ਉਹ ਇਸ ਲੇਨ ਵਿਚ ਪਿਛਿਓਂ ਆ ਰਹੇ ਟਰੱਕ ਦੇ ਅਗਲੇ ਪਹੀਏ ਨਾਲ ਬੁਰੀ ਤਰਾਂ ਘਿਸੜ ਗਈ। ਕਾਰ ਦਾ ਸੱਜਾ ਪਹੀਆਂ ਬੁਰੀ ਤਰਾਂ ਮੁਚਕੜ ਗਿਆ। ਟਰੱਕ ਤੇ ਕਾਰ ਇਕ ਦਮ ਰੁਕ ਗਏ ਪਰ ਬਚਾਅ ਹੋਇਆ, ਕਿਸੇ ਦੇ ਝਰੀਟ ਵੀ ਨਹੀਂ ਸੀ ਆਈ। ਸਾਰੇ ਸਵਾਰ ਦੋਨੋਂ ਵਾਹਨਾਂ ਚੋਂ ਉਤਰੇ ਹੀ ਸਨ ਕਿ ਚਿਲਕਾਰੇ ਮਾਰਦੀਆਂ ਪੁਲਿਸ ਦੀਆਂ ਗੱਡੀਆਂ ਨੇ ਉਨ੍ਹਾਂ ਨੂੰ ਚਾਰੇ ਪਾਸਿਓਂ ਘੇਰ ਲਿਆ।

ੴ ਸਤਿਗੁਰ ਪ੍ਰਸਾਦਿ

ਸਤਿਗੁਰ ਨਾਨਕ ਪ੍ਰਗਟਿਆ
ਮਿਟੀ ਧੁੰਧ ਜਗਿ ਚਾਨਣੁ ਹੋਆ

# ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੀ ਸਮੂਹ ਸਾਧ ਸੰਗਤ ਤੇ 'ਪੰਜਾਬ ਟਾਈਮਜ਼' ਦੇ ਪਾਠਕਾਂ ਨੂੰ

# ਲੱਖ ਲੱਖ ਵਧਾਈ



ਯੂਬਾ ਸਿਟੀ ਦੇ ਮਹਾਨ ਨਗਰ ਕੀਰਤਨ ਵਿਚ ਹਾਜ਼ਰੀਆਂ ਭਰਨ ਆਈਆਂ ਸੰਗਤਾਂ ਨੂੰ ਜੀ ਆਇਆਂ

ਵਲੋਂ

ਦਿਲਬਾਗ ਸਿੰਘ ਬੈਂਸ, ਫੋਨ:530-682-9316
ਜਸਵੀਰ ਸਿੰਘ ਬੈਂਸ ਅਤੇ ਬਲਬੀਰ ਸਿੰਘ ਬੈਂਸ

# ਇਹਨੂੰ ਆਂਹਦੇ ਨੇ 'ਹੱਥ ਦੀ ਸਫਾਈ'

*ਨਾ ਰਾਵਣ ਮੁੱਕੇ ਨੇ ਨਾ ਮੁੱਕਣੇ ਨੇ ਭਾਵੇਂ ਕਿੰਨੇ ਵੀ ਉਨ੍ਹਾਂ ਦੇ ਪੁਤਲੇ ਦੁਸਹਿਰੇ ਤੋਂ ਬਿਨਾਂ ਵੀ ਸਾੜ ਕੇ ਵੇਖ ਲਿਓ। ਇਨ੍ਹਾਂ ਦੀ ਹਾਜ਼ਰੀ ਹਰ ਯੁੱਗ 'ਚ ਯਕੀਨੀ ਹੁੰਦੀ ਹੈ, ਕਿਉਂਕਿ ਇਨਾਂ ਨੇ ਸਿਰਫ ਚੋਲਾ ਹੀ ਬਦਲਣਾ ਹੁੰਦਾ ਹੈ। ਜਾਂ ਹੁੰਦਾ ਕਈ ਵਾਰ ਇਹ ਹੈ ਕਿ ਸ਼ਰੀਫ ਲੋਕਾਂ ਨੂੰ ਲੁੱਚਿਆਂ ਦੇ ਚਿਹਰੇ 'ਤੇ ਵੀ ਸ਼ਰਾਫਤ ਦਾ ਮੁੜ੍ਹਕਾ ਦਿਸ ਰਿਹਾ ਹੁੰਦਾ ਹੈ। ਪਹਿਲਾਂ ਯੁੱਗਾਂ ਦੇ ਨਾਂ ਹੋਰ ਹੁੰਦੇ ਸੀ ਹੁਣ ਯੁੱਗ ਪੈਸੇ ਦਾ ਹੈ। ਇਸੇ ਲਈ ਪੈਸਾ ਪੈਸਾ ਬਚਾਉਣ ਵਾਲੇ ਨੂੰ ਕੰਜੂਸ ਨਹੀਂ ਲੋਕ ਸਿਆਣਾ ਆਖਣ ਲੱਗ ਪਏ ਹਨ। ਜਿਹਦੇ ਬਟੂਏ 'ਚ ਨੋਟਾਂ ਦੀ ਤਹਿ ਰਿਜ਼ਰਵ ਬੈਂਕ ਨਾਲੋਂ ਵੀ ਸੋਹਣੀ ਹੋਵੇ ਤਾਂ ਲੱਗਣ ਨਹੀਂ ਲੱਗ ਪੈਂਦਾ ਕਿ ਕਾਰੂ ਬਾਦਸ਼ਾਹ ਨੇ ਸਿਰਫ ਲਿਬਾਸ ਬਦਲਿਆ ਹੈ। ਅਸਲ ਇਸ ਧਾਰਨਾ ਕਰਕੇ ਮਨੁੱਖ ਲੋਭ-ਲਾਲਚ ਦੀਆਂ ਹੋਰ ਗੰਢਾਂ ਦੇਈ ਜਾਂਦਾ ਹੈ ਕਿ ਪੈਸਾ ਕੋਲ ਜਿੰਨਾ ਚਿਰ ਤੇਰੇ ਉਨਾ ਚਿਰ ਨੇ ਯਾਰ ਵਥੇਰੇ। 'ਜਾਂ' ਏਥੇ ਤਾਂ ਪੈਸੇ ਦੀ ਦੁਨੀਆਂ ਪੈਸੇ ਦਾ ਵਿਓਪਾਰ।' ਕਦੇ ਵੇਖਿਆ ਕਿ ਪਹਿਲਾਂ ਸਿਰਫ ਬਾਣੀਏ ਨੂੰ ਹੀ ਦੂਣੀ ਦਾ ਪਹਾੜਾ ਸਭ ਤੋਂ ਵੱਧ ਆਉਂਦਾ ਸੀ, ਕਿਉਂਕਿ ਉਸ ਨੇ ਹਰ ਚੀਜ ਤੇ ਪੈਸੇ ਨੂੰ ਦੁੱਗਣਾ ਕਰਕੇ ਵੇਖਣਾ ਹੁੰਦਾ ਸੀ। ਬਾਦ 'ਚ ਬੈਂਕਾਂ ਦੇ ਪੰਜਾ 'ਚ ਦੁਗਣੇ ਜਾਂ ਫਿਰ ਸੱਤਾਂ ਸਾਲਾਂ 'ਚ ਦੁਗਣੇ ਕਰਨ ਦੇ ਲਾਲਚ ਨੇ ਮਨੁੱਖ ਨੂੰ ਦੋ-ਗੁਣਾ ਹੋਰ ਲੋਭੀ ਬਣਾ ਦਿੱਤਾ ਹੈ। ਮਰਦ ਦੀ ਸ਼ੈਤਾਨੀ ਹੈ ਜਾਂ ਔਰਤ ਦੀ ਕਮਜੋਰੀ ਕਿ ਜਿੰਨੀਆਂ ਵੀ ਗਾਲ੍ਹਾਂ ਹੁਣ ਤੱਕ ਕੱਢੀਆਂ ਜਾਂਦੀਆਂ ਹਨ ਉਹ ਔਰਤ ਨੂੰ ਹੀ ਸੰਬੋਧਨ ਹਨ ਤੇ ਇਹਦੇ ਵਿਚ ਮਾਂ ਤੇ ਭੈਣ ਬਹੁਤ ਬੁਰੀ ਤਰ੍ਹਾਂ ਨਪੀੜੀ ਜਾਂਦੀ ਰਹੀ ਹੈ। ਤੇ ਜੇ ਦੁਨੀਆਂ ਵਿਚ ਹਾਲੇ ਤੀਕਰ ਜਿਸ ਨੂੰ ਗਾਲ੍ਹ ਨ੍ਹੀ ਕੱਢੀ ਗਈ ਉਹ ਸਿਰਫ ਪੈਸਾ ਹੀ ਹੈ। ਪੈਸਾ ਅਮੀਰਾਂ ਦੇ ਘਰਾਂ ਦੀ ਰੌਣਕ ਹੁੰਦਾ ਹੈ ਤੇ ਗਰੀਬ ਵਿਚਾਰਾਂ ਇਨ੍ਹਾਂ ਰੌਣਕਾਂ ਨੂੰ ਪ੍ਰਾਪਤ ਕਰਨ ਲਈ ਦੂਰ ਖੜ੍ਹਾ ਹੀ ਇਸ਼ਾਰਾ ਕਰਕੇ ਆਖੀ ਜਾਂਦਾ ਹੈ 'ਆਈ ਲਵ ਯੂ'। ਬੰਦੇ ਨੂੰ ਸਿਰਫ ਬੰਦਾ ਹੀ ਨਹੀਂ ਬਣਨਾ ਚਾਹੀਦੈ, ਚੰਗਾ ਹੀ ਨਹੀਂ ਬਣਨਾ ਚਾਹੀਦੈ, ਭਰੋਸੇਯੋਗ ਤੇ ਵਿਸ਼ਵਾਸ ਪਾਤਰ ਵੀ ਬਣਨਾ ਪਵੇਗਾ। ਜਿਹੜੇ ਕਾਰਜ ਸਿਰਫ ਪੈਸਾ 'ਕੱਠਾ' ਕਰਨ ਲਈ ਕੀਤੇ ਜਾਂਦੇ ਹਨ ਉਹ ਕੁਰੀਤੀਆਂ ਦਾ ਕੋਹੜ ਤੇ ਰਮੀਆਂ ਦੀ ਪਲੇਗ ਵਾਲੀ ਬਿਮਾਰੀ ਬਣ ਜਾਂਦੇ ਨੇ। ਇਸੇ ਲਈ ਸੁਰਜਣ ਵਰਗੇ ਬੰਦਿਆਂ ਨੂੰ 'ਸ਼ਾਬਾਸ਼ੀ ਦਈਏ ਜਾਂ ਪੈਰੋ ਲਾਹੀਏ...।'*

ਕਾਗਜ਼ਾਂ ਦੇ ਕਬੂਤਰ ਬਣਾਉਣ ਵਾਲਾ ਕੱਪੜਿਆਂ ਦੇ ਅੰਬਾਰ ਲਾਉਣ ਵਾਲਾ, ਅੱਖਾਂ ਬੰਨ੍ਹ ਕੇ ਮੋਟਰ ਸਾਈਕਲ ਚਲਾਉਣ ਵਾਲਾ, ਲੰਬੇ ਨੂੰ ਮਧਰਾ ਬਣਾਉਣ ਵਾਲਾ, ਤੀਲਾਂ ਦੀ ਡੱਬੀ 'ਚੋਂ ਮਠਿਆਈ ਦੇ ਢੇਰ ਲਾਉਣ ਜਾਦੂਗਰ ਅਸਲ ਵਿਚ ਸਾਰੀ ਹੱਥ ਦੀ ਸਫਾਈ ਵਿਖਾ ਰਿਹਾ ਹੁੰਦਾ ਹੈ। ਪੁਰਾਣੇ ਸਮਿਆਂ ਵਿਚ ਬਜ਼ੁਰਗ ਆਂਹਦੇ ਸਨ ਜਾਦੂਗਰ ਨੇ ਭੀੜ ਦੀ ਨਿਗ੍ਹਾ ਬੰਨ੍ਹ ਲਈ ਹੈ ਤੇ ਵਿਗਿਆਨ ਨੇ ਇਸਨੂੰ ਹਿਪਨੋਟਿਜਮ ਦਾ ਨਾਂ ਦਿੱਤਾ ਹੈ। ਖਾਲੀ ਡੱਬੇ 'ਚ ਪੈਸਿਆਂ ਦੀਆਂ ਫੇਰੀਆਂ ਲਾਉਣ ਵਾਲਾ ਜਾਦੂਗਰ ਅਸਲ ਵਿਚ ਢਿੱਡ ਦੇ ਜੁਗਾੜ ਲਈ ਅਹੁੜ-ਪਹੁੜ ਕਰ ਰਿਹਾ ਹੁੰਦਾ ਹੈ। ਜੇ ਜਾਦੂਗਰ ਸੱਚੀਂ ਹੀ ਪੈਸੇ ਬਣਾਉਣ ਦੇ ਸਮਰੱਥ ਹੁੰਦੇ ਤਾਂ ਅਮਰੀਕਾ ਦੇ ਡਾਲਰ ਤੇ ਇੰਗਲੈਂਡ ਦੇ ਸਾਰੇ ਪੌਂਡ ਜਾਦੂਗਰਾਂ ਦੀ ਜੇਬ ਵਿਚ ਹੋਣੇ ਸਨ। ਉਹਦੀ ਹੱਥ ਦੀ ਸਫਾਈ ਏਨੀ ਬਰੀਕ ਹੁੰਦੀ ਹੈ ਕਿ ਆਮ ਅੱਖ ਇਸਨੂੰ ਫੜ੍ਹ ਹੀ ਨਹੀਂ ਸਕਦੀ। ਸ਼ਿਕੰਜੇ 'ਚ ਬੰਦਾ ਵਾੜ ਕੇ ਉਹਦਾ ਸੱਪ ਬਣਾ ਦੇਣਾ, ਕੁਝ ਪਲਾਂ ਦੀ ਖੇਡ ਹੀ ਹੁੰਦੀ ਹੈ ਵਾਸਤਵ ਵਿਚ ਨਾ ਏਦਾਂ ਕਦੇ ਹੋਇਆ ਹੈ ਨਾ ਹੋਵੇਗਾ।

ਸਿਰਫ 'ਕਾਲ ਪੈਣ ਨਾਲ ਜਾਂ ਜੰਗ ਲੱਗਣ ਨਾਲ ਬੰਦੇ ਨ੍ਹੀ ਮਰਦੇ, ਊਂ ਵੀ ਸ਼ਮਸ਼ਾਨ ਘਾਟਾਂ ਨੂੰ ਜਾਣ ਵਾਲੇ ਰਸਤਿਆਂ ਵਿਚ ਮੁਰਦਿਆਂ ਦੀ ਪੈੜਛ ਸੁਣਦੀ ਰਹਿੰਦੀ ਹੈ। ਹੱਥ ਦੀ ਸਫਾਈ ਸਿਰਫ ਜਾਦੂਗਰਾਂ ਨੂੰ ਹੀ ਨਹੀਂ ਆਉਂਦੀ, ਜੇਬ ਕਤਰੇ ਵੀ ਇਸ ਗੁਣ ਵਿਚ ਬੇਹੱਦ ਮਾਹਿਰ ਹੁੰਦੇ ਹਨ। ਪਰ ਕਈ ਬੰਦੇ ਠਗੀਆਂ ਮਾਰ ਕੇ, ਚਲਾਕੀਆਂ ਦੀ ਸ਼ਤਰੰਜ ਵਿਛਾ ਕੇ, ਅਣਭੋਲ ਲੋਕਾਂ ਦੀ ਬੱਖੀ 'ਚ ਹੂਰੇ ਮਾਰ ਕੇ ਵੀ ਹੱਥ ਦੀ ਸਫਾਈ ਨਾਲ ਭਲਿਆਂ ਤੇ ਸ਼ਰੀਫ ਲੋਕਾਂ ਦੀ ਕਤਾਰ ਵਿਚ ਲੱਗੇ ਰਹਿੰਦੇ ਹਨ। ਜਿਸ ਸੁਰਜਨ ਸਿੰਘ ਦੇ ਹੱਥ ਦੀ ਸਫਾਈ ਦੀ ਗੱਲ ਮੈਂ ਕਰਨ ਲੱਗਾ ਹਾਂ ਜੇ ਸਮਰਾਟ ਸ਼ੰਕਰ ਵਰਗੇ ਜਾਦੂਗਰਾਂ ਨੂੰ ਪਤਾ ਲੱਗ ਜਾਵੇ ਤਾਂ ਉਸਤਾਦੀ ਸ਼ਗਿਰਦੀ ਕਰਨ ਦੀ ਪੱਗ ਦੇਣ ਲੱਗਿਆਂ ਬਿੰਦ ਨਾ ਲਾਉਣ।

ਅਸਲ ਵਿਚ ਸੁਰਜਨ ਸਿੰਘ ਜਵਾਨੀ 'ਚ ਪੈਰ ਧਰਦਿਆਂ ਦੀ ਮਾਂ ਬਾਪ ਦੀਆਂ ਧਾਰਮਿਕ ਪ੍ਰਵਿਰਤੀਆਂ ਤੇ ਘਰ ਦੇ ਮਾਹੌਲ ਕਾਰਨ ਗੁਰੂ ਵਾਲਾ ਬਣ ਗਿਆ ਸੀ ਪਰ ਟਰੱਕ ਡਰਾਇਵਰੀ ਕਰਦਾ ਕਰਦਾ ਨਸ਼ਿਆਂ ਦੇ ਵਹਿਣ 'ਚ ਵੀ ਰੁੜ ਗਿਆ। ਪਤਨੀ ਨੂੰ 'ਤੇਰੀ ਚੰਦਰੀ ਨੀਤ ਨੂੰ ਕੁੜੀਆਂ ਨੀ ਘਰ ਘਰ ਪੁੱਤ ਜੰਮਦੇ' ਦੇ ਤਾਅਨੇ ਦੇਣ ਵਾਲੇ ਸੁਰਜਨ ਨੂੰ ਉਹ ਵਿਚਾਰੀ ਕੇਂਸਰ ਦੀ ਬਿਮਾਰੀ ਕਰਕੇ ਰੱਬ ਨੂੰ ਪਿਆਰੀ ਹੋਣ ਵੇਲੇ ਵਿਚਾਰੀ ਨਸੀਬ ਕੌਰ 'ਆਹੇ ਲੈ ਸਾਂਭ ਲੈ ਸੁਰਜਣਾ ਕੁੜੀਆਂ' ਕਹਿੰਦਿਆਂ ਅੱਖਾਂ ਮੀਚ ਗਈ। ਸੁਰਜਨ ਬੰਦਾ ਨਾ ਬਣਿਆ ਤਾਂ ਤਿੰਨੇ ਧੀਆਂ ਨਾਨਕੇ ਲੈ ਗਏ। ਤੇ ਉਧਰ ਇਕੱਲਤਾ 'ਚ ਸੁਰਜਨ ਨੇ ਟਰੱਕ ਡਰਾਇਵਰੀ ਛੱਡ ਕੇ ਜਲੰਧਰ ਜ਼ਿਲ੍ਹੇ ਦੇ ਇਸ ਕਸਬਨੁਮਾ ਪਿੰਡ ਦੇ ਬੱਸ ਅੱਡੇ 'ਤੇ ਮਾਰੂਤੀ ਵੈਨ ਟੈਕਸੀ ਵਲੋਂ ਪਾ ਲਈ। ਸਰਦੀਆਂ ਦੇ ਦਿਨਾਂ ਵਿਚ ਬਾਹਰੋਂ ਆਉਣ ਵਾਲੇ ਲੋਕਾਂ ਤੋਂ ਉਹ ਚੰਗਾ ਰੁਜ਼ਗਾਰ ਖਿੱਚੀ ਜਾਂਦਾ ਸੀ। ਸੁਰਜਨ ਉਸ ਵੇਲੇ ਪੰਤਾਲੀਆਂ ਕੂੰ ਨੂੰ ਟੱਪ ਗਿਆ ਸੀ।

ਅਚਾਨਕ ਇਕ ਦਿਨ ਬੱਸ ਅੱਡੇ 'ਚ ਸਵਾਰੀ ਦੀ ਉਡੀਕ 'ਚ ਬੈਠੇ ਸੁਰਜਨ ਨੂੰ ਅਮਰੀਕਾ ਤੋਂ ਗਈ ਇਕ ਖੂਬਸੂਰਤ ਔਰਤ ਨੇ ਪੁੱਛਿਆ' 'ਭਾਈ ਮੁਕੇਰੀਏਂ ਚੱਲਣੈਂ?' ਸੁਰਜਨ ਸੀਟ ਤੋਂ ਛਾਲ ਮਾਰ ਕੇ ਹੇਠਾਂ ਉੱਲਰ ਕੇ ਉਤਰਦਿਆਂ ਬੋਲਿਆ' ਬੀਬੀ ਹੋਰ ਕਾਹਦੇ ਵਾਸਤੇ ਗੱਡੀ ਪਾਈ ਹੈ। ਹੱਥ ਦੀ ਸਫਾਈ ਵਿਖਾਉਣ ਵਾਲੇ ਸੁਰਜਨ ਨੇ ਸਫਾਈ ਦਾ ਪਹਿਲਾ ਉਧੇੜ-ਬੁਣਨਾ ਸ਼ੁਰੂ ਕੀਤਾ। ਇਕੱਲੀ ਮੁਕੇਰੀਆਂ ਤੋਂ ਆਉਣ ਜਾਣ ਦਾ ਸਫਰ ਕਰਨ ਵਾਲੀ ਬੀਬੀ ਨੇ ਆਥਣੇ ਪੁੱਛਿਆਂ, 'ਕਿੰਨੇ ਪੈਸੇ?' ਬਿਨਾ ਹਿਸਾਬ ਲਗਾਇਆ ਸੁਰਜਨ ਬੋਲਿਆ 'ਅੱਠ ਸੌ ਰੁਪਿਆ।' ਬੀਬੀ ਨੇ ਸੋਚਿਆ ਕਿ ਬਾਕੀ ਤਾਂ ਕੋਈ ਬਾਰਾਂ ਸੌ ਤੋਂ ਉਤਰਦਾ ਹੀ ਨਹੀਂ ਸੀ ਤੇ ਉਹਨੇ ਨੌ ਸੌ ਰੁਪਿਆ ਉਹਦੇ ਹੱਥ ਧਰਿਆ ਤਾਂ ਸੁਰਜਨ ਨੇ ਦੋ ਸੋ ਮੋੜਤਾ। ਗਾਹਕ ਨਾਲ ਮਾਲਕ ਦੀ ਹਮਦਰਦੀ ਨੇ ਸਿੱਟਾ ਕੱਢਿਆ ਕਿ ਬੀਬੀ ਪੱਕੇ ਤੌਰ 'ਤੇ ਹੀ ਉਹਦੀ ਗਾਹਕ ਬਣਦੀ ਗਈ। ਕਦੇ ਚੰਡੀਗੜ੍ਹ, ਕਦੇ ਪੰਜੌਰ, ਕਦੇ ਦਿੱਲੀ ਤੇ ਕਦੇ ਪਠਾਨਕੋਟ ਤੇ ਚੱਕਰਾਂ ਵਿਚ ਸੁਰਜਨ ਡਰਾਈਵਰ ਤੇ ਬੀਬੀ ਸਵਾਰੀ ਬਣ ਗਈ ਤੇ ਫਿਰ? ਜਮੀਨ ਜਾਇਦਾਦ ਦੇ ਚੱਕਰ ਵਿਚ ਗੇੜੇ ਮਾਰਨ ਵਾਲੀ ਬੀਬੀ ਦੋ ਚਾਰ ਮਹੀਨਿਆਂ ਪਿੱਛੋਂ ਜਾਂਦੀ ਤਾਂ ਸੁਰਜਨ ਦੀ ਗੱਡੀ ਪੱਕੀ ਬੁੱਕ ਹੋ ਜਾਂਦੀ। ਕਿਤੇ ਨੇੜੇ ਤੇੜੇ ਗੇੜਾ ਮਾਰਨਾ ਹੁੰਦੈ, ਜਲੰਧਰ 'ਚ ਖਰੀਦੋ ਫਰੋਖਤ ਕਰਨਾ ਹੁੰਦਾ ਤਾਂ ਉਹ ਪੈਸੇ ਨਾ ਲੈਂਦਾ।

ਤੇ ਹਾਲ 'ਚ ਤਲਾਕ ਦਾ ਮੁਕੱਦਮਾ ਜਿੱਤ ਕੇ ਗਈ ਬੀਬੀ ਨੇ ਉਹੀ ਕਹਾਵਤ ਸੱਚ ਕਰ ਦਿੱਤੀ ਕਿ ਵੇਲ ਤੇ ਜਨਾਨੀ ਜਿਹੜਾ ਨੇੜੇ ਹੋਵੇ ਉਹਦਾ ਹੀ ਸਹਾਰਾ ਲੈ ਲੈਂਦੀਆਂ ਨੇ।' ਗਾਹਕ ਤੇ ਮਾਲਕ ਵਾਲਾ ਰਿਸ਼ਤਾ ਪਿਆਰ 'ਚ ਬਦਲਦਾ ਗਿਆ ਤੇ ਸ਼ਰੀਕੇ ਭਾਈਚਾਰੇ ਨੂੰ ਉਦੋਂ ਹੀ ਪਤਾ ਲੱਗਾ ਜਦੋਂ ਕੋਰਟ ਮੈਰਿਜ ਹੋ ਗਈ ਤੇ ਸੋਨੇ ਦੀ ਲੰਕਾ ਦਾ ਬਾਦਸ਼ਾਹ ਬਣਿਆ ਸੁਰਜਨ ਵਿਆਹ ਦੇ ਨਾਲ ਦਾਜ ਵਾਂਗ ਜਲੰਧਰ ਦੇ ਇਕ ਚੰਗੇ ਏਰੀਏ ਵਾਲਾ ਪੰਤਾਲੀ ਲੱਖ ਦਾ ਪਲਾਟ ਗੱਲਾਂ ਨਾਲ ਹੱਥ ਦੀ ਸਫਾਈ 'ਚ ਅਮਰੀਕਣ ਬੀਬੀ ਕੋਲੋਂ ਆਪਣੇ ਨਾਂ ਵੀ ਲੁਆ ਗਿਆ।

ਕਮਾਲ ਇਹ ਹੋਇਆ ਕਿ ਲੋਕ ਪੈਸੇ ਲਾ ਕੇ ਅਮਰੀਕਾ ਆਉਂਦੇ ਨੇ ਤੇ ਸੁਰਜਣ ਪੰਤਾਲੀ ਲੱਖ ਦੇ ਪਲਾਟ ਦਾ ਮਾਲਕ ਬਣ ਕੇ 'ਘਰ ਵਾਲੇ' ਦੀ ਡਿਗਰੀ ਹਾਸਿਲ ਕਰਕੇ ਵਹੁਟੀ ਨਾਲ ਅਮਰੀਕਾ ਪੁੱਜ ਗਿਆ। ਇਹਨੂੰ ਹੀ ਆਂਹਦੇ ਨੇ 'ਨਾਲੇ ਚੋਪੜੀਆਂ ਨਾਲੇ ਦੋ ਦੋ।'

ਇਧਰ ਆ ਕੇ ਸੁਰਜਨ ਆਪਣੇ ਇਕ ਗੁਆਂਢੀ ਪੰਜਾਬੀ ਪਰਿਵਾਰ ਦੇ ਘਰ 'ਚ ਵੜਨ ਦੇ ਨਾਲ ਹੀ ਢਿੱਡ 'ਚ ਵੀ ਵੜ ਗਿਆ। ਟਰਕਿੰਗ ਕੰਪਨੀ ਦਾ ਕਾਰੋਬਾਰ ਹੋਣ ਕਰਕੇ ਉਨ੍ਹਾਂ ਦਾ ਹੀ ਟਰੱਕ ਚਲਾਉਣ ਲੱਗ ਪਿਆ। ਤੇ ਉਹਨੇ ਦੂਜੀ ਜਿਹੜੀ ਹੱਥ ਦੀ ਸਫਾਈ ਵਿਖਾਈ ਉਹਦੇ ਨਾਲ ਚੰਗੇ ਭਲੇ ਜਾਦੂਗਰਾਂ ਨੂੰ ਵੀ ਸਿਕਸ਼ਤ ਦੇ ਦਿੱਤੀ। ਉਨ੍ਹਾਂ ਦਾ ਇਕਲੌਤਾ ਮੁੰਡਾ ਵਿਆਹੁਣ ਲਈ ਮਿੱਠੇ ਚੌਲਾਂ ਦੀ ਚਾਲ ਦਾ ਲੰਗਰ ਲਗਾ ਦਿੱਤਾ। ਉਹ ਵਿਚਾਰੇ ਭਲੇ ਮਾਣਸ ਉਹਦੀਆਂ ਗੱਲਾਂ 'ਚ ਫਸ ਗਏ। ਤੇ ਉਧਰ ਪੰਜਾਬ 'ਚ ਉਹਨੇ ਰਿਸ਼ਤੇ 'ਚੋਂ ਦੂਰੋ-ਨੇੜਿਓਂ ਇਕ ਕੁੜੀ ਲੱਭ ਲਈ। ਜਿਹੜੀ ਪ੍ਰੇਮ-ਵਿਆਹ ਦੇ ਚੱਕਰ ਵਿਚ ਪਹਿਲਾਂ ਹੀ ਗੋਡਿਆਂ ਤੱਕ ਦਲਦਲ ਵਿਚ ਫਸੀ ਹੋਈ ਸੀ।

ਸੁਰਜਨ ਨੇ ਕੁੜੀ ਨੂੰ ਕਿਹਾ ਕਿ ਗਰੀਨ ਕਾਰਡ ਮਿਲਣ ਤੋਂ ਅਗਲੇ ਦੋ ਸਾਲਾਂ ਤੱਕ ਵੀ ਤੂੰ ਜੀਭ ਦੰਦਾਂ ਹੇਠੋਂ ਨੀ ਕੱਢਣੀ ਤੇ ਇੱਟ ਵਾਂਗ ਪੱਕੀ ਹੁੰਦਿਆਂ ਹੀ ਤਲਾਕ ਦੇ ਕੇ ਆਪਣਾ ਪ੍ਰੇਮੀ ਸੱਦ ਲਈਂ ਤੇ ਘਰਦਿਆਂ ਦੀ ਮਰਜੀ ਨਾਲ ਇਹ ਸੌਦਾ ਤੀਹ ਲੱਖ ਵਿਚ ਤਹਿ ਹੋ ਗਿਆ। ਉਧਰ ਸਾਧਾਂ ਦੀ ਗਾਂ ਵਾਂਗ ਮੁੰਡੇ ਵਾਲਿਆਂ ਦੇ ਡੇਰੇ ਖਬਰ ਵੀ ਨਹੀਂ ਸੀ। ਸੁਰਜਨ ਨੇ ਆਪਣੀ ਜੇਬ ਭਰੀ ਤਾਂ ਅੱਧ ਕੁ ਕਰੋੜੀ ਬਣੇ ਨੂੰ ਕਰੋੜਪਤੀ ਦੇ ਸੁਪਨੇ ਤੰਗ ਕਰਨ ਲੱਗ ਪਏ। ਗੱਜ-ਵੱਜ ਕੇ ਵਿਆਹ ਹੋਇਆ, ਵਾਜਾ ਗਾਜਾ ਹੀ ਨ੍ਹੀ, ਰੱਜ ਕੇ ਪੈਲੇਸ ਵਿਚ ਗੌਣ ਪਾਣੀ ਵੀ ਚੱਲਿਆ ਤੇ ਸ਼ਿੰਦੋ ਰਾਣੀ ਵੀ ਸੁਰਜਨ ਦੇ ਹੱਥ ਦੀ ਸਫਾਈ ਨਾਲ ਅਮਰੀਕਾ ਦੀ ਵਸਨੀਕ ਬਣ ਗਈ। ਰੱਬ ਦੀ ਮਰਜੀ ਕਿ ਨਾ ਚਾਹੁੰਦਿਆਂ ਹੋਇਆਂ ਵੀ ਇਹ ਸ਼ਿੰਦੋ ਇਕ ਬੇਟੀ ਦੀ ਮਾਂ ਬਣ ਗਈ ਤੇ ਦੋ ਸਾਲ ਲੰਘਦਿਆਂ ਜਦੋਂ ਪੱਕਾ ਠੱਪਾ ਲੱਗਾ ਤਾਂ ਦੁੱਧੋਂ ਭੱਜਦੀ ਮਾਂ ਵਾਂਗ ਛੜਾ ਕਬੀਲਦਾਰਾਂ ਦੇ ਮੂੰਹ ਤੇ ਵੱਜਣ ਲੱਗੀਆਂ। ਸ਼ਿੰਦੋ ਨੇ ਇਕਲੌਤੇ ਪੁੱਤ ਦੀ ਮਾਂ ਦੀ ਝੋਲੀ 'ਚ ਬੇਕਸੂਰ ਕੰਨਿਆਂ ਪਾ ਕੇ ਤਲਾਕ ਦੀ ਮੁੱਕਦਮਾ ਠੋਕ ਦਿੱਤਾ। ਕਿਉਂਕਿ ਸ਼ਰੀਫ ਢਿੱਡ ਨੰਗਾ ਕਰਨ ਨਾਲੋਂ ਢਕਣ ਨੂੰ ਤਰਜੀਹ ਦੇਂਦੇ ਹਨ। ਤੇ ਬੁੱਢੀ ਮਾਂ ਪੋਤੀ ਨੂੰ ਪਾਲਦਿਆਂ ਸੁਰਜਨ ਸਿੰਘ ਦੀਆਂ ਰੋਜ ਮਕਾਣਾਂ ਦੇਣ ਲਈ ਦਰੀਂ ਵਿਹੜੇ 'ਚ ਵਿਛਾ ਲੈਂਦੀ ਹੈ।

ਪੰਜਾਬ ਦੇ ਵੱਡੇ ਸ਼ਹਿਰਾਂ ਵਿਚ ਮਰਦਾਨਾ ਤਾਕਤ ਦੀ ਦਵਾਈ ਵੰਡਣ ਵਾਲੇ ਮਾਹਿਰ ਡਾਕਟਰਾਂ ਵਾਂਗ ਹੱਥ ਦੀ ਸਫਾਈ ਦਾ ਮਾਹਿਰ ਸੁਰਜਨ ਨਵੀਂ ਵਿਉਂਤ ਰਚਣ ਵਿਚ ਕਾਮਯਾਬ ਹੋ ਗਿਆ। ਸਹੁਰਿਓਂ ਭੱਜ ਕੇ ਉਹਦੇ ਘਰ ਰਹਿਣ ਵਾਲੀ ਸ਼ਿੰਦੋ ਨੂੰ ਉਹਨੇ ਮਿੱਠੀਆਂ ਗੋਲੀਆਂ ਦਾ ਜਿਵੇਂ ਭਰਿਆ ਡੱਬਾ ਹੀ ਇੱਕੋ ਵੇਲੇ ਛਕਾ ਦਿੱਤਾ ਹੋਵੇ। ਕਹਿਣ ਲੱਗਾ 'ਵੇਖ ਬੀਬਾ ਮੈਂ ਤੇਰੇ ਲਈ ਕਿੰਨੀ ਕੁਰਬਾਨੀ ਦਿੱਤੀ ਹੈ ਤੂੰ ਮੇਰਾ ਵੀ ਇਕ ਕੰਮ ਕਰ। ਮੇਰੀ ਭੁਆ ਦਾ ਇਕ ਪੁੱਤ ਐ ਉਹਨੂੰ ਮੰਗਾ ਦੇ। ਸਾਲ 'ਚ ਤਲਾਕ ਲੈ ਦਊਂ। ਫੇਰ ਮੰਗਾਈਂ ਆਪਣੇ ਪ੍ਰੇਮੀ ਨੂੰ। ਤੇ ਦੋ ਕੁ ਮਹੀਨਿਆਂ ਪਿੱਛੋਂ ਆਪਣੀ ਨਕਲੀ ਭੁਆ ਦੇ ਪੁੱਤ ਨਾਲ ਲਾਵਾਂ ਦੁਆ ਕੇ ਪੰਜੀ ਲੱਖ ਦਾ ਕੂੰਡਾ ਨਵੇਂ ਮੁੰਡੇ ਵਾਲਿਆਂ ਦੇ ਰਾਹ ਦੇਣੀ ਸਿਰ 'ਚ ਮਾਰ ਕੇ ਭੰਨ ਸੁੱਟਿਆ। ਦਿੱਲੀ ਅੰਬੈਸੀ 'ਚ ਧੱਕੇ-ਧੁੱਕੇ ਖਾ ਕੇ ਵੀਜਾ ਲੁਆ ਕੇ ਸ਼ਿੰਦੋ ਨਵੇਂ ਨਕਲੀ ਲਾੜੇ ਨੂੰ ਇਥੇ ਲੈ ਆਈ।

ਤਲਾਕ ਤਾਂ ਛੇਤੀ ਉਨ੍ਹਾਂ ਦਾ ਵੀ ਹੋ ਗਿਆ। ਸਬੱਬੀਂ ਭਾਣਾ ਇਹ ਵਰਤਿਆ ਕਿ ਸ਼ਿੰਦੋ ਦੀ ਪਹਿਲੀ ਸੱਸ, ਉਹਦੀ ਧੀ ਨੂੰ ਨਾਲ ਤੋਰੀ, ਤੁਰੀ ਆਉਂਦੀ ਬਾਜ਼ਾਰ 'ਚ ਟੱਕਰ ਪਈ। ਆਪਣੀ ਧੀ ਨਾਲ ਹੇਜ ਜਿਤਾਉਣ ਲਈ ਜਦੋਂ ਉਹ ਅੱਗੇ ਵੱਧੀ ਤਾਂ ਸੱਸ ਹੱਲਾ ਦੇ ਕੇ ਪੈ ਗਈ। ਡੁੱਬ ਮਰ ਕਿਤੇ ਮੇਰੇ ਘਰ 'ਚ ਕਲੇਸ਼ ਦੇ ਗੀਤ ਗਾਉਣ ਵਾਲੀਏ, ਕੀ ਕਸੂਰ ਸੀ ਮੇਰੇ ਪੁੱਤ 'ਚ ਲਾਲਚਣ ਅਮਰੀਕਾ ਦੀ।

ਬੇਬੇ ਇਕ ਗੱਲ ਧਿਆਨ ਨਾਲ ਸੁਣ। ਲਾਲਚਣ ਮੈਂ ਨ੍ਹੀ ਤੂੰ ਐਂ ਨਾਲੇ ਤੇਰਾ ਖਸਮ ਜਿਨ੍ਹਾਂ ਨੇ ਤੀਹ ਲੱਖ ਰੁਪਿਆ ਲਿਆ ਮੈਥੋਂ ਵਿਆਹ ਦਾ। ਇਹ ਪੈਸੇ ਮੇਰੇ ਬਾਪ ਨੇ ਤੇਰੇ ਪੁੱਤ ਨਾਲ ਨ੍ਹੀ ਅਮਰੀਕਾ ਰਹਿਣ ਲਈ ਦਿੱਤੇ ਸਨ।'

ਤੇ ਫਿਰ ਸ਼ਕਨੀ ਮਾਮੇ ਸੁਰਜਨ ਦੀ ਹੱਥ ਦੀ ਸਫਾਈ ਦਾ ਭੇਦ ਖੁੱਲ੍ਹਿਆ। ਜਿਨ੍ਹਾਂ ਦੇ ਘਰ ਦੀਆਂ ਖਾਧੀਆਂ ਜਿਨ੍ਹਾਂ ਨੇ ਢਿੱਢ ਭਰਨ ਲਈ ਰੁਜ਼ਗਾਰ ਦਿੱਤਾ। ਉਨ੍ਹਾਂ ਦੇ ਢਿੱਡ 'ਤੇ ਹੀ ਪਿਆਰ ਨਾਲ ਸਫਾਈ ਦਾ ਹੱਥ ਫੇਰ ਗਿਆ। ਤੇ ਮਣ-ਮਣ ਪੱਕੀਆਂ ਗਾਲ੍ਹਾਂ ਤੇ ਬਦਦੁਆਵਾਂ ਨਾਲ ਬੁੱਢੀ ਸੱਸ ਨੇ ਸੁਰਜਨ ਦਾ ਜਿਵੇਂ ਖੀਸ਼ਾ ਭਰ ਦਿੱਤਾ ਹੋਵੇ।

ਇਕ ਦਿਨ ਸ਼ਿੰਦੋ ਨੇ ਆਪਣੇ ਨਵੇਂ ਪਤੀ ਨੂੰ ਫੋਨ ਕਰਕੇ ਉਲਾਂਭਾ ਦਿੱਤਾ ਵੇਖ ਲੈ ਤੇਰੇ ਮਾਮੇ ਦੇ ਪੁੱਤ ਸੁਰਜਨ ਨੇ ਤੀਹ ਲੱਖ ਡਕਾਰ ਲਏ। ਆਂਹਦਾ ਤਾਂ ਸੀ ਮੁੰਡੇ ਆਲੇ ਮੰਗਦੇ ਨੇ ਪਰ ਉਨ੍ਹਾਂ ਦੇ ਡੇਰੇ ਤਾਂ ਖ਼ਬਰ ਈ ਨ੍ਹੀਂ।'

ਕਿਹੜਾ ਸਾਲਾ ਮਾਮੇ ਦਾ ਪੁੱਤ ਤੇ ਨਾਲੇ ਮੈਥੋਂ ਪੰਝੀ ਲੱਖ ਲੈ ਕੇ ਵਿਆਹ ਕਰਵਾਉਣ ਵਾਲੀ ਤੂੰ ਮੈਂ ਸਤੀ-ਸਵਿੱਤਰੀ। ਮੇਰੇ ਪਿਓ ਨਾਲ ਟੈਕਸੀ ਚਲਾਉਂਦਾ ਹੁੰਦਾ ਸੀ, ਸਾਡਾ ਸਾਲਾ, ਸਾਲਾ ਲੱਗਦੈ।'

ਵੇ ਭਲਿਆ ਮਾਣਸਾ ਤੂੰ ਵੀ ਰੰਗਿਆ ਗਿਆ ਤੋਪਾਂ ਦੀ ਦਲਾਲੀ ਦੇ ਹੱਥ ਰੰਗਣ ਵਾਲੇ ਕੁਆਤਰੋਚੀ ਵਾਂਗ। ਮੈਂ ਨੀ ਟਕਾ ਲਿਆ ਉਹਦੇ ਤੋਂ। ਮੈਂ ਤਾਂ ਤੈਨੂੰ ਇਥੇ ਤਾਂ ਬੁਲਾਇਆ ਕਿ ਪੁੱਠੀਆਂ ਕੌਡਾਂ ਸੁੱਟ ਕੇ ਬਾਜੀ ਖੇਡਣ ਵਾਲਾ ਸੁਰਜਨ ਤੇਰੇ ਮਾਮੇ ਦਾ ਪੁੱਤ ਐ।

'ਚੱਲ ਛੱਡ ਹੋਵੇ ਕੁਝ ਵੀ ਉਹਦੀ ਦਲਾਲੀ 'ਚ ਹਿੱਸੇਦਾਰ ਮੈਂ ਵੀ ਬਣ ਗਿਆ ਹਾਂ।'

'ਕਿਵੇਂ?'

'ਹੁਣ ਮੇਰੇ ਲਈ ਕੁੜੀ ਲੱਭ ਲਈ ਐ। ਪੰਜਾਹ ਲੱਖ ਸੌਦਾ ਹੋਇਐ, ਆਂਹਦਾ ਵੀਹ ਤੇਰਾ ਤੇ ਤੀਹ ਮੇਰਾ। ਮੈਨੂੰ ਤਾਂ ਪੰਜ ਲੱਖ ਦਾ ਘਾਟਾ ਪਿਐ।'

ਤੇ ਸ਼ਿੰਦੋ ਲੋਹੀ ਲਾਖੀ ਹੋਈ 'ਮੈਂ ਕਰਦੀ ਆਂ ਇਹਦੀ ਸ੍ਰੀ ਦੇਵੀ ਨਾਲ ਗੱਲ।' ਤੇ ਉਹਨੇ ਫੋਨ ਬੰਦ ਕਰਦਿਆਂ ਹੀ ਕਾਰ ਸੁਰਜਨ ਦੇ ਘਰ ਵੱਲ ਘੁਮਾ ਲਈ।'

ਕੁਠਾਲੀ 'ਚ ਉਬਲਦੇ ਲੋਹੇ ਵਾਂਗ ਤਪੀ ਸ਼ਿੰਦੋ ਨੇ ਜਾ ਬੂਹਾ ਖੜਕਾਇਆ। ਆਂਟੀ ਕਿੱਥੇ ਐ ਕਲਯੁਗੀ ਅੰਕਲ?'

'ਬਹਿ ਜਾ ਧੀਏ ਉਹਨੂੰ ਪਿਉ ਪਿਉ ਕਹਿਣ ਵਾਲੀ ਏਦਾਂ ਕਿਉਂ ਬੋਲਣ ਲੱਗ ਪਈ ਐ?'

'ਹੈ ਕਿਥੇ?'

'ਧੀਰਜ ਰੱਖ ਦੱਸਦੀ ਆਂ।' ਦੇਖ ਤੂੰ ਐਂ ਸਾਡੇ ਘਰ ਦਾ ਮੈਂਬਰ। ਜਿੱਦਾਂ ਦੀ ਮੇਰੀ ਦੂਜੀ ਹਿਨਾ ਉਦਾਂ ਦੀ ਤੂੰ ਸ਼ਿੰਦੋ। ਮੈਨੂੰ ਤੇਰਾ ਆਂਹਦਾ ਉਹਦੇ ਤਾਏ ਦੀ ਨੂੰਹ ਵਿਧਵਾ ਹੋ ਗਈ ਐ, ਬੀਕਾਨੇਰ ਰਹਿੰਦੀ ਸੀ। ਪੁੰਨ ਹੀ ਖੱਟ ਲੈਨੇ ਆਂ। ਮੈਨੂੰ ਕਾਗਜ਼ਾਂ 'ਚ ਤਲਾਕ ਦੇ ਕੇ ਉਹਦੇ ਨਾਲ ਵਿਆਹ ਕਰਵਾਉਣ ਗਿਐ ਇੰਡੀਆਂ 'ਚ ਬੀਕਾਨੇਰ ਨੂੰ। ਕਿਸੇ ਕੋਲ ਧੀ ਬਣ ਕੇ ਧੂਹ ਨਾ ਕੱਢੀਂ।

ਨੀ ਇੱਛਰਾਂ ਤੂੰ ਵੀ ਸਲਵਾਨ ਦੇ ਲੜ ਲਗ ਗਈ ਆਂ। ਤੀਹ ਲੱਖ 'ਚ ਮੈਨੂੰ ਠੱਗਿਆ, ਪੰਝੀ 'ਚ ਆਪਣੀ ਨਕਲੀ ਭੂਆ ਦੇ ਪੁੱਤ ਨੂੰ, ਪੰਜਾਹ 'ਚ ਇਕ ਉਹਦੇ ਨਾਲ ਹੇਠ ਵਿਆਹ ਕੇ ਲਿਆਉਣ ਵਾਲੀ ਨੂੰ। ਨੀ ਖਾਨੇ ਪਾ ਉਹਦੀ ਕੋਈ ਭੂਆ ਦੀ ਨੂੰਹ-ਨਾਂਹ ਹੈਨੀ। ਉਹ ਤਾਂ ਹੱਥ ਦੀ ਸਫਾਈ ਨਾਲ ਪੰਝੀ-ਤੀਹ ਲੱਖ 'ਚ ਹੋਰ ਕਿਸੇ ਦਾ ਸਿਰ ਮੁੰਨਣ ਗਿਐ।

ਤੇ ਪਟਾਕਾ ਇਹ ਪਿਆ ਕਿ ਸਕਾਈ ਲੈਬ ਡਿੱਗ ਹੀ ਪਿਐ। ਚਲੇ ਗਈ ਉਹ ਵੀ ਮਗਰੇ ਟਿਕਟ ਕਟਾ ਕੇ ਬੀਕਾਨੇਰ ਨੂੰ। ਫੜ੍ਹ ਲਿਆ ਜਾ ਕੇ ਸ਼ਿਮਲੇ ਹਨੀਮੂਨ ਮਨਾਉਣ ਗਿਆ ਅਮਰੀਕੀ ਲਾੜਾ ਤੇ ਵਿਚਾਰਾ ਸੁਰਜਨ 'ਭੁੱਲ ਗਿਆ ਮੰਤਰ ਨੂੰ ਨਾਗ ਛੇੜ ਕੇ ਕਾਲਾ।'

ਘੜੇ ਤੋਂ ਕੌਲ ਚੁੱਕ ਹੋਇਆ ਤਾਂ ਜਿੰਨ ਪ੍ਰਗਟ ਹੋਇਐ ਕਿ ਇਕ ਅੱਠ ਸਾਲ ਦਾ ਮੁੰਡਾ ਨਾਲ ਲੰਘਾਉਣ ਲਈ ਪੂਰੇ ਚਾਲੀ ਲੱਖ 'ਚ ਹੋਏ ਸਮਝੌਤੇ 'ਤੇ ਸਹੀ ਪਈ ਐ।

ਸੁਰਜਨ ਦੀ ਵਹੁਟੀ ਨੇ ਦੱਸ ਤਾ ਪਈ ਨਾ ਇਹ ਘੋੜੀ ਜਾਉ ਨਾ ਵਛੇਰਾ।

ਤੇ ਜਿਵੇਂ ਲਾਦੇਨ ਦੇ ਮਗਰ ਅਮਰੀਕਾ ਪਿਆ ਹੋਇਐ ਇਵੇਂ ਪਤਾ ਨ੍ਹੀ ਕਿਥੇ ਲੁਕੇ ਸੁਰਜਨ ਨੂੰ ਪੰਡ ਨੋਟਾਂ ਦੀ ਚੁਕਾਉਣ ਵਾਲੇ ਕੁੜੀ ਵਾਲਿਆਂ ਦੀ ਡਾਂਗਾਂ, ਤਲਵਾਰਾਂ ਤੇ ਰਫਲਾਂ ਹਰਲ ਹਰਲ ਕਰਦੀਆਂ ਫਿਰਦੀਆਂ ਨੇ।

ਸੱਚ ਇਹ ਹੈ ਕਿ ਇਸ ਹਮਾਮ 'ਚ ਕਲਾ ਸੁਰਜਨ ਨਹੀਂ ਸਭ ਨੰਗੇ ਹਨ। ਵਰਨਾ ਸਿਆਣੇ ਕਹਿੰਦੇ ਨੇ ਰਿਸ਼ਤਾ ਲੱਭਣ ਵੇਲੇ ਹੀ ਪਤਾ ਲਗਦੈ ਕਿ ਕਬੀਲਦਾਰਾਂ ਤੇ ਸਾਊ ਮਾਪਿਆਂ ਦੇ ਬੱਚੇ ਪਹਿਲਾਂ ਹੀ ਵਿਆਹੇ ਹੋਏ ਨੇ।

ਕਮਾਲ ਇਹ ਵੀ ਹੈ ਕਿ ਇਹ ਸੁਰਜਨ ਆਪਣੇ ਕੋਲ ਹੀ ਰਹਿੰਦੇ ਪਰ ਬੱਸ ਡੂਢ ਕੁ ਨੰਬਰ ਦੀਆਂ ਨੇੜੇ ਦੀਆਂ ਐਨਕਾਂ ਲਾ ਕੇ ਲੱਭਣ ਤੇ ਪਛਾਣਨ ਦੀ ਹੈ।

*ਗੱਲੀਂ-ਬਾਤੀਂ*



ਐਸ. ਅਸ਼ੋਕ ਭੌਰਾ

ਫੋਨ: 925-752-8025

Visit us on the web:
punjabtimesusa.com
To Ad-vertise with us
Call:847-359-0746
e-mail:
punjabtimes1@sbcglobal.net

NirpalKaur.com
ਨਿਰਪਾਲ ਕੌਰ ਡਾਟ ਕੌਮ
A WEBSITE SHOWCASING THE TASTE OF PUNJABI FOOD
ਪੰਜਾਬਣ ਦੀ ਰਸੋਈ
ਖਿੱਚੇ ਇਸ ਦੀ ਖ਼ੁਸ਼ਬੋਈ
VISIT : WWW.NIRPALKAUR.COM
HOME COOKING, FASHION AND HEALTH

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣੁ ਹੋਆ॥


# ਸਮੂਹ ਸਿੱਖ ਜਗਤ ਨੂੰ ਜਗਤ ਜਲੰਦੇ ਦੇ ਰਾਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ

# ਕੋਟਾਨਿ ਕੋਟਿ ਵਧਾਈ



ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਯੂਬਾ ਸਿਟੀ ਦੇ ਮਹਾਨ ਨਗਰ ਕੀਰਤਨ ਵਿਚ ਹਾਜ਼ਰੀਆਂ ਭਰ ਕੇ ਯੂਬਾ ਸਿਟੀ ਦੀਆਂ ਸੰਗਤਾਂ ਨੂੰ ਧੰਨਵਾਦੀ ਬਣਾਓ ਜੀ

ਮਲਕੀਅਤ ਸਿੰਘ ਗੋਸਲ, ਫੋਨ:530-682-9559
ਹਰਮਨਜੀਤ ਸਿੰਘ ਗੋਸਲ ਅਤੇ ਮਨਜੀਤ ਸਿੰਘ ਗੋਸਲ
ਗੋਸਲ ਫਾਰਮਿੰਗ, ਯੂਬਾ ਸਿਟੀ (ਕੈਲੀਫੋਰਨੀਆ)


ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਤੇ
ਪੰਜਾਬ ਟਾਈਮਜ਼ ਦੇ ਪਾਠਕਾਂ ਅਤੇ
ਸਮੂਹ ਸਿੱਖ ਸੰਗਤਾਂ ਨੂੰ ਲੱਖ ਲੱਖ ਵਧਾਈ
GURDWARA GURU NANAK MISSION SIKH CENTER
1925 PLANZ ROAD
BAKERFSIELD CA
661.397.5780


ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ
ਪ੍ਰਕਾਸ਼ ਉਤਸਵ ਤੇ ਸਮੂਹ ਸਿੱਖ ਸੰਗਤ ਨੂੰ
ਲੱਖ ਲੱਖ ਵਧਾਈ
ISHAAN GILL
GILL EXPRESS
DILRAJ GILL
WASH LUBE & REPAIR
CALIFORNIA
BAKERSFIELD
FRESNO
MADERA
RIPON
WESTLEY
OKLAHOMA
OKLAHOMA CITY
PAUL'S VALLEY
TULSA
MISSISSIPPI
JACKSON
Call Gill 661-301-8978


ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਤੇ
ਪੰਜਾਬ ਟਾਈਮਜ਼ ਦੇ ਪਾਠਕਾਂ ਅਤੇ
ਸਮੂਹ ਸਿੱਖ ਸੰਗਤਾਂ ਨੂੰ ਲੱਖ ਲੱਖ ਵਧਾਈ
ੴ
ੴ
PUNJABI HERITAGE ORGANIZAION
NON PROFIT ORGANIZATION
ਅਸੀਂ ਪੰਜਾਬੀ ਮਾਂ ਬੋਲੀ, ਪੰਜਾਬੀ ਕਲਚਰ ਅਤੇ ਨਵੀਂ ਪੀੜ੍ਹੀ ਨੂੰ
ਆਪਣੀ ਮਾਂ ਬੋਲੀ ਪੰਜਾਬੀ ਨਾਲ ਜੋੜਨ ਲਈ
ਸੱਭਿਆਚਾਰਕ ਮੇਲੇ ਅਤੇ ਹੋਰ ਉਪਰਾਲੇ ਕਰਦੇ ਰਹਿੰਦੇ ਹਾਂ ।
ਸੰਸਥਾ ਦੇ ਮੈਂਬਰ ਬਣਨ ਲਈ ਕਾਲ ਕਰ ਸਕਦੇ ਹੋ
1.800.258.1927
1.888.327.6115
9158, South Fairfax Road, Bakersfield CA 93307


ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ
ਤੇ ਸਾਰੀਆਂ ਸਿੱਖ ਸੰਗਤਾਂ ਨੂੰ ਲੱਖ ਲੱਖ ਵਧਾਈ
OVEN RESTAURANT
INDIAN & AMERICAN FOOD
203 Weedpatch Hwy Bakersfield CA 93307
PAL
661.363.0704
661.979.7337
PAL


ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਤੇ
ਪੰਜਾਬ ਟਾਈਮਜ਼ ਦੇ ਪਾਠਕਾਂ ਅਤੇ
ਸਮੂਹ ਸਿੱਖ ਸੰਗਤਾਂ ਨੂੰ ਲੱਖ ਲੱਖ ਵਧਾਈ
SONI
JEWELERY & FABRIC
ਇਥੇ ਹਰ ਤਰਾਂ ਦੇ ਸੋਨੇ ਅਤੇ ਚਾਂਦੀ
ਦੇ ਗਹਿਣੇ ਅਤੇ ਨਵੇਂ ਡਿਜ਼ਾਈਨਾਂ ਦੇ
ਕੱਪੜੇ ਮਿਲਦੇ ਹਨ।
Tel : 661.836.8556
Fax : 661.836.2833


ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਤੇ ਸਮੂਹ ਸਿੱਖ ਜਗਤ ਨੂੰ
ਲੱਖ ਲੱਖ ਵਧਾਈ
Avtar Rehal :(209) 535.4652
Juginder Rehal :(209) 585.8982
Gurpreet Rehal :(209) 277.1585
REHAL'S
WOODWORK
CUSTOM CABINETS
BOX BEDS
ENTERTAINMENT CENTERS
AND MORE ........
ਇੰਡੀਅਨ
ਸਟਾਈਲ
ਬੌਕਸ ਬੈਡ
ਕਿਸੇ ਵੀ ਕਿਸਮ ਦੀ ਜਾਣਕਾਰੀ ਲਈ ਤੁਸੀਂ ਸਾਡੀ ਵੈਬ ਸਾਈਟ ਵੀ ਦੇਖ ਸਕਦੇ ਹੋ।
email: rehalswoodwork@yahoo.com www.rehalswoodwork.com
433 Industrial Dr Ste. L, Livingston CA 95334

ੴ ੴ

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰ ਨਾਨਕ ਜਗਿ ਮਾਹਿ ਪਠਾਇਆ।
ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾ ਪਿਲਾਇਆ।
–ਭਾਈ ਗੁਰਦਾਸ

ਦੁਨੀਆਂ ਦੇ ਹਰ ਕੋਨੇ ਵਿਚ ਵਸਦੀ ਸਮੂਹ ਸਿੱਖ ਸੰਗਤ ਨੂੰ
ਸਿੱਖ ਪੰਥ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ
ਦੇ 540ਵੇਂ ਆਗਮਨ ਪੁਰਬ ਦੀ

# ਲੱਖ-ਲੱਖ ਵਧਾਈ ਹੋਵੇ

ਜਾਗਤ ਜੋਤਿ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਗੱਦੀ
ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦੇ ਮਹਾਨ ਨਗਰ ਕੀਰਤਨ
ਵਿਚ ਸ਼ਾਮਲ ਹੋ ਕੇ ਜੀਵਨ ਸਫਲਾ ਕਰਨ ਆਈਆਂ ਸੰਗਤਾਂ ਨੂੰ

# ਖਾਲਸਾਈ ਜੀ ਆਇਆਂ ਨੂੰ



ਦੀਦਾਰ ਸਿੰਘ ਬੈਂਸ, ਫੋਨ:530-682-3939

ੴ ਸਤਿਗੁਰ ਪ੍ਰਸਾਦਿ

## ਜੁਗੋ ਜੁਗ ਅਟੱਲ, ਜ਼ਾਹਰਾ ਜ਼ਹੂਰ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਗੁਰਗੱਦੀ ਦਿਵਸ ਨੂੰ ਸਮਰਪਿਤ

# ਮਹਾਨ ਨਗਰ ਕੀਰਤਨ



## ਵਿਚ ਹਾਜ਼ਰੀਆਂ ਭਰ ਕੇ ਯੂਬਾ ਸਿਟੀ ਦੀ ਧਰਤੀ ਨੂੰ ਆਪਣੀ ਚਰਨ ਧੂੜ ਬਖ਼ਸ਼ਣ ਆਈਆਂ ਗੁਰੂ ਰੂਪ ਸੰਗਤਾਂ ਨੂੰ ਜੀ ਆਇਆਂ ਨੂੰ

*ਮਹਿੰਦਰ ਸਿੰਘ ਥਿਆੜਾ, ਸਰਬਜੀਤ ਸਿੰਘ ਥਿਆੜਾ*
*ਅਤੇ ਜਸਪ੍ਰੀਤ ਸਿੰਘ ਥਿਆੜਾ*

# S & J Royal Inc.

**Golden Valley Fruit Packing**

**530-682-5861, 530-682-5863**

ੴ ਸਤਿਗੁਰ ਪ੍ਰਸਾਦਿ

ੴ ੴ

ਸ੍ਰੀ ਗੁਰੂ ਨਾਨਕ ਸੂਰਯ ਪ੍ਰਗਟੇ, ਦਹਿਦਿਸ ਮਾਹਿ ਪ੍ਰਕਾਸ਼ ਭਯਾ।।
ਪਰਮ ਅਨੰਦ ਮੋਖ ਤਿਸ ਪਲਾਈ, ਜੋ ਸਤਿਗੁਰ ਕੋ ਦਾਸ ਭਯਾ।।

# ਸਮੂਹ ਸਿੱਖ ਜਗਤ ਨੂੰ ਜਗਤ ਜਲੰਦੇ ਦੇ ਰਾਖੇ ਅਤੇ ਸੱਚ ਦਾ ਹੋਕਾ ਦੇਣ ਵਾਲੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ

# ਲੱਖ ਲੱਖ ਵਧਾਈ

ਜੁਗੋ ਜੁਗ ਅਟੱਲ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 301 ਸਾਲਾ ਗੁਰਗੱਦੀ ਦਿਵਸ ਦੇ ਸੰਬੰਧ ਵਿਚ ਸਜਾਏ ਜਾ ਰਹੇ ਮਹਾਨ ਨਗਰ ਕੀਰਤਨ ਵਿਚ ਹਾਜ਼ਰੀਆਂ ਭਰ ਕੇ ਜੀਵਨ ਸਫਲਾ ਕਰਨ ਆਈਆਂ ਸੰਗਤਾਂ ਨੂੰ

## ਜੀ ਆਇਆਂ ਨੂੰ



ਗੁਰਨਾਮ ਸਿੰਘ ਪੰਮਾ

**ਗੁਰਨਾਮ ਸਿੰਘ ਪੰਮਾ ਅਤੇ ਸੁਖਰਾਜ ਸਿੰਘ ਪੰਮਾ**
**ਪੰਮਾ ਫਾਰਮਿੰਗ, ਫੋਨ:530-682-6444**

ੴ ੴ

ੴ ਸਤਿਗੁਰ ਪ੍ਰਸਾਦਿ

ਫਿਰ ਬਾਬਾ ਗਇਆ ਬਗਦਦਿ ਨੋ ਬਾਹਿਰ ਜਾਇ ਕੀਆ ਅਸਥਾਨਾ॥
ਇਕ ਬਾਬਾ ਆਕਾਲ ਰੂਪ ਦੂਜਾ ਰਬਾਬੀ ਮਰਦਾਨਾ॥ -ਭਾਈ ਗੁਰਦਾਸ

# ਜਾਗਤ ਜੋਤਿ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦੇ ਮਹਾਨ ਨਗਰ ਕੀਰਤਨ ਵਿਚ ਸ਼ਾਮਲ ਹੋ ਕੇ ਜੀਵਨ ਸਫਲਾ ਕਰਨ ਆਈਆਂ ਸੰਗਤਾਂ ਨੂੰ

# ਜੀ ਆਇਆਂ ਨੂੰ

## ਸਿੱਖ ਪੰਥ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦੀ ਸਮੂਹ ਸੰਗਤ ਨੂੰ

# ਲੱਖ ਲੱਖ ਵਧਾਈ



*ਸੰਗਤਾਂ ਦੀ ਚਰਨ ਧੂੜ*

**ਦਲਬੀਰ ਸਿੰਘ ਗਿੱਲ**
**ਫੋਨ:530-713-4256**
**ਪਰਮਜੀਤ ਸਿੰਘ ਗਿੱਲ,**
**ਗੁਰਮੀਤ ਸਿੰਘ ਗਿੱਲ**

# ਗਿੱਲ ਬ੍ਰਦਰਜ਼ ਫਾਰਮਸ, ਯੂਬਾ ਸਿਟੀ (ਕੈਲੀਫੋਰਨੀਆ)

# ਪਾਕਿਸਤਾਨ ਦੇ ਮੁਸਲਮਾਨ ਲੇਖਕਾਂ ਵਲੋਂ ਗੁਰੂ ਨਾਨਕ ਸਾਹਿਬ ਦੀ ਚਰਚਾ

**-ਡਾ. ਧਰਮ ਸਿੰਘ**

ਪਾਕਿਸਤਾਨ ਦੀ ਕਾਇਮੀ ਦੇ ਆਰੰਭਲੇ ਸਾਲਾਂ ਵਿਚ ਦੋ-ਕੌਮੀ ਸਿਧਾਂਤ ਦੇ ਪ੍ਰਭਾਵੀ ਰਹਿਣ ਕਰਕੇ ਉਥੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਹੱਕ ਵਿਚ ਕੋਈ ਲਹਿਰ ਨਾ ਚੱਲ ਸਕੀ। ਉਲਟਾ ਹਾਲਤ ਇਹ ਬਣ ਗਈ ਕਿ ਪੰਜਾਬੀ ਦਾ ਨਾਂ ਲੈਣ ਵਾਲੇ ਜਾਂ ਇਸ ਦੇ ਹੱਕ ਵਿਚ ਕੋਈ ਗੱਲ ਕਰਨ ਵਾਲੇ ਨੂੰ ਪਾਕਿਸਤਾਨ, ਇਸਲਾਮ ਅਤੇ ਉਰਦੂ ਵਿਰੋਧੀ ਗਰਦਾਨਿਆ ਜਾਣ ਲੱਗਾ। ਕੁਝ ਵਧੇਰੇ ਜਨੂੰਨੀ ਕਿਸਮ ਦੇ ਲੋਕ, ਪੰਜਾਬੀ ਨੂੰ ਪਿਆਰ ਕਰਨ ਵਾਲਿਆਂ ਨੂੰ, ਪਾਕਿਸਤਾਨੀ ਸਿੱਖ ਵੀ ਕਹਿੰਦੇ। ਪੰਜਾਬੀ-ਪ੍ਰਸਤੀ ਅਤੇ ਦੇਸ਼-ਭਗਤੀ ਦੋ ਵਿਰੋਧੀ ਚੀਜ਼ਾਂ ਬਣ ਕੇ ਰਹਿ ਗਈਆਂ। ਅਕਾਦਮਿਕ ਹਲਕਿਆਂ ਵਿਚ ਹਾਲਤ ਹੋਰ ਵੀ ਮਾੜੀ ਸੀ। ਪੰਜਾਬੀ ਦੀ ਵਿਦਿਅਕ ਹੈਸੀਅਤ ਨਾਂਹ ਦੇ ਬਰਾਬਰ ਹੋਣ ਕਰਕੇ ਖੋਜ ਅਤੇ ਆਲੋਚਨਾਤਮਿਕ ਪੁਸਤਕਾਂ ਦੀ ਗਿਣਤੀ ਹੋਰ ਵੀ ਘੱਟ ਸੀ। ਮੁਸ਼ਤਾਕ ਬਾਸਤ ਵਰਗੇ ਕੁਝ ਲੋਕ ਵੀ ਸਨ, ਜੋ ਜਾਣ-ਬੁੱਝ ਕੇ ਪੰਜਾਬੀ ਭਾਸ਼ਾ ਵਿਚ ਵੰਡੀਆਂ ਪਾਉਣ ਦੀਆਂ ਦਲੀਲਾਂ ਦੇਂਦੇ ਸਨ ਅਤੇ ਪਾਕਿਸਤਾਨ ਵਿਚ ਪੰਜਾਬੀ ਸਾਹਿਤ ਦੇ ਇਤਿਹਾਸ ਅਤੇ ਹੋਰ ਆਲੋਚਨਾਤਮਿਕ ਪੁਸਤਕਾਂ ਲਿਖਣ ਵਾਲੇ ਲੋਕਾਂ ਨੂੰ ਨਸੀਹਤਾਂ ਕਰਦੇ ਸਨ ਕਿ ਗੁਰਮੁਖੀ ਲਿਪੀ ਵਿਚ ਲਿਖਿਆ ਸਾਹਿਤ ਉਨ੍ਹਾਂ ਲਈ ਬੇਮਾਅਨੀ ਹੈ, ਇਸ ਲਈ ਇਸ ਦਾ ਕਿਧਰੇ ਵੀ ਜ਼ਿਕਰ ਨਾ ਕੀਤਾ ਜਾਵੇ। ਉਹ ਆਪਣੀ ਪੰਜਾਬੀ ਨੂੰ 'ਪਾਕਿ-ਪੰਜਾਬੀ' ਦੀ ਸੰਗਿਆ ਵੀ ਦੇਂਦੇ ਹਨ। ਮੁਸ਼ਤਾਕ ਬਾਸਤ ਦੇ ਸ਼ਬਦਾਂ ਵਿਚ, "ਸਿੱਖ ਤਹਿਜ਼ੀਬ ਤੋਂ ਮੁਤਾਸਿਰ ਕੁਝ ਲੋਕ ਵੀ ਨਜ਼ਰੀਂ ਆਉਂਦੇ ਹਨ ਜਿਹੜੇ ਸਿੱਖਾਂ ਦੇ ਅਦਬ ਨੂੰ ਪਾਕ ਪੰਜਾਬੀ ਵਿਚ ਸ਼ਾਮਲ ਕਰਨ ਦੀ ਕੋਸ਼ਿਸ਼ ਕਰਦੇ ਨੇ, ਪਰ ਇਹ ਦੋ ਵੱਖ-ਵੱਖ ਜ਼ੁਬਾਨਾਂ ਨੇ। ਇਨ੍ਹਾਂ ਦਾ ਮੇਲ ਕਿਸੇ ਮਰਹਲੇ 'ਤੇ ਨਹੀਂ ਹੋ ਸਕਦਾ। ਦੂਜੀ ਗੱਲ ਇਹ ਕਿ ਇਨ੍ਹਾਂ ਦੀ ਗੁਲਤ ਸੋਚ ਦੇ ਆਖੇ ਭਾਰਤੀ ਪੰਜਾਬੀ ਸਾਹਿਤ ਪਾਕਿ ਪੰਜਾਬੀ ਅਦਬ ਵਿਚ ਰਲਾਉਣ ਦੀ ਕੋਸ਼ਿਸ਼ ਇਸ ਗੱਲੋਂ ਵੀ ਕਿਸੇ ਬੰਨੇ ਨਹੀਂ ਲੱਗ ਸਕਦੀ ਕਿਉਂਕਿ ਇਹ ਦੋ-ਚਾਰ ਬੰਦੇ ਇਥੇ ਕੁਝ ਨਹੀਂ ਵਿਗਾੜ ਸਕਦੇ।" ਅਜਿਹੀ ਸੋਚ ਤੇ ਕੁੜੱਤਣ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਜਾਂ ਹੋਰ ਸਿੱਖ ਸਾਹਿਤ ਬਾਰੇ ਕਿੰਨਾ ਕੁ ਲਿਖਿਆ ਜਾ ਸਕਦਾ ਸੀ? ਫਿਰ ਵੀ ਸ੍ਰੀ ਗੁਰੂ ਨਾਨਕ ਸਾਹਿਬ ਪੰਜਾਬ ਦੇ ਸਭਿਆਚਾਰਕ ਵਿਰਸੇ ਦਾ ਭਾਗ ਹੋਣ ਕਰਕੇ ਇਸ ਤੋਂ ਪੱਲਾ ਛੁਡਾ ਸਕਣਾ ਵੀ ਮੁਸ਼ਕਲ ਸੀ। ਇਤਿਹਾਸ ਨੂੰ ਪੁੱਠਾ ਗੇੜਾ ਨਹੀਂ ਦਿੱਤਾ ਜਾ ਸਕਦਾ, ਜੇਕਰ ਸੰਭਵ ਹੁੰਦਾ ਤਾਂ ਮੁਸ਼ਤਾਕ ਬਾਸਤ ਵਰਗੀ ਸੋਚ ਵਾਲੇ ਲੋਕ ਉਹ ਵੀ ਕਰ ਗੁਜ਼ਰਦੇ। ਇਥੇ ਇਹ ਵੀ ਦੱਸਣਾ ਉਚਿਤ ਹੋਵੇਗਾ ਕਿ ਇਸਲਾਮੀ ਦੁਨੀਆਂ ਵਿਚ ਜੇਕਰ ਕਿਸੇ ਦੀ ਪੀਰ-ਪੈਗ਼ੰਬਰ ਵਜੋਂ ਮਾਨਤਾ ਹੈ ਤਾਂ ਉਹ ਕੇਵਲ ਸ੍ਰੀ ਗੁਰੂ ਨਾਨਕ ਸਾਹਿਬ ਹੀ ਹੈ ਅਤੇ ਸ੍ਰੀ ਗੁਰੂ ਨਾਨਕ ਸਾਹਿਬ ਬਾਰੇ ਵੀ ਕੁਝ ਲੋਕਾਂ ਦੀ ਨਕਾਰਾਤਮਕ ਸੋਚ ਦੇ ਹੁੰਦਿਆਂ ਕਿੰਨੀਆਂ ਕੁ ਪੁਸਤਕਾਂ ਸ੍ਰੀ ਗੁਰੂ ਨਾਨਕ ਦੇਵ ਜੀ ਜਾਂ ਪੰਜਾਬੀ ਅਦਬ ਦੀ ਸਾਂਝੀ ਵਿਰਾਸਤ ਬਾਰੇ ਲਿਖੀਆਂ ਜਾ ਸਕਦੀਆਂ ਸਨ? ਫਿਰ ਵੀ ਪੰਜਾਬੀ ਅਤੇ ਉਰਦੂ ਦੀਆਂ ਜਿੰਨੀਆਂ ਕੁ ਪੁਸਤਕਾਂ, ਇਸ ਖੋਜ-ਪੱਤਰ ਦੀ ਤਿਆਰੀ ਵਕਤ, ਮੈਂ ਵੇਖ ਸਕਿਆ ਹਾਂ ਉਨ੍ਹਾਂ ਦਾ ਵੇਰਵਾ ਇਹ ਹੈ:



1। 'ਪੰਜਾਬੀ ਅਦਬ ਦੀ ਮੁਖ਼ਤਸਰ ਤਾਰੀਖ਼' ਕ੍ਰਿਤ ਅਹਿਮਦ ਹੁਸੈਨ ਅਹਿਮਦ, ਕਿਲਾਦਾਰੀ (1964);

2। 'ਪੰਜਾਬੀ ਅਦਬ ਦੀ ਕਹਾਣੀ' ਕ੍ਰਿਤ ਅਬਦੁੱਲ ਗਫ਼ੂਰ ਕੁਰੈਸ਼ੀ (1972);

3। 'ਮੂੰਹ ਆਈ ਗੱਲ' ਕ੍ਰਿਤ ਸ਼ਾਹਬਾਜ਼ ਮਲਿਕ (1976);

4। 'ਨਿਤਾਰੇ' ਕ੍ਰਿਤ ਸ਼ਹਬਾਜ਼ ਮਲਿਕ (1979);

5। 'ਆਖਿਆ ਬਾਬਾ ਫਰੀਦ ਨੇ' ਕ੍ਰਿਤ ਮੁਹੰਮਦ ਆਸਫ਼ ਖਾਂ (1978)।

ਪਹਿਲੀ ਕਿਤਾਬ, ਜਿਵੇਂ ਕਿ ਨਾਂ ਤੋਂ ਹੀ ਸਪੱਸ਼ਟ ਹੈ, ਸੰਖੇਪ ਵਿਚ ਪੰਜਾਬੀ ਸਾਹਿਤ ਦੇ ਇਤਿਹਾਸ ਉਪਰ ਨਜ਼ਰ ਪਵਾਉਂਦੀ ਹੈ। ਸ੍ਰੀ ਗੁਰੂ ਨਾਨਕ ਸਾਹਿਬ ਬਾਰੇ ਗੱਲ ਕਰਦਿਆਂ ਅਹਿਮਦ ਹੁਸੈਨ ਕਿਲਾਦਾਰੀ ਲਿਖਦਾ ਹੈ, "ਪੰਜਾਬੀ ਜ਼ਬਾਨ ਕੀ ਤਹਿਰੀਰੀ ਸੂਰਤ ਕੀ ਇਬਤਦਾ ਗੁਰੂ ਨਾਨਕ ਜੀ ਮਹਾਰਾਜ ਸੇ ਹੁਈ। ਗੁਰੂ ਨਾਨਕ 1469 ਈ। ਮੇਂ ਬਮੁਕਾਮ ਨਨਕਾਣਾ, ਜ਼ਿਲ੍ਹਾ ਸ਼ੇਖੂਪੁਰਾ ਮਹਿਤਾ ਕਾਲੂ ਰਾਇ ਕੇ ਯਹਾਂ ਪੈਦਾ ਹੁਏ। ਜਿਨ੍ਹੋਂ ਨੇ ਦਰਵੇਸ਼ੀ ਚੋਲਾ ਪਹਿਨਾ ਔਰ ਲੋਗੋਂ ਕੋ ਹਦਾਯਾਤ ਔਰ ਨੇਕੀ ਕੀ ਬਾਤੇਂ ਬਤਾਈਂ। ਇਨ੍ਹੋਂ ਨੇ ਉਨ ਹਦਾਯਾਤ ਕੀ ਬਾਤੋਂ ਕੋ ਪੰਜਾਬੀ ਨਜ਼ਮ ਕੀ ਸੂਰਤ ਮੇਂ ਢਾਲਾ ਔਰ ਆਪ ਕੇ ਪੈਰੋਕਾਰਾਂ ਨੇ ਭੀ ਇਸੀ ਤਰਜ਼ਿ ਅਮਲ ਕੋ ਅਪਨਾਇਆ ਜਿਨ ਕੋ ਬਾਅਦ ਮੇਂ ਜਮਾਂ ਕਰਕੇ ਗ੍ਰੰਥ ਕਾ ਨਾਮ ਦੀਆ ਗਯਾ। ਇਸੀ ਗ੍ਰੰਥ ਮੇਂ ਗੁਰੂ ਨਾਨਕ ਕੀ ਬਾਨੀ ਦਰਜ ਹੈ ਔਰ ਯੇ ਸਭ ਸੇ ਪਹਿਲੇ ਮਾਅਰਿਜ਼ ਵਜੂਦ ਮੇਂ ਆਯਾ। ਗ੍ਰੰਥ ਮੇਂ ਦਰਜਸ਼ੁਦਾ ਕਲਾਮ ਕੇ ਇਲਾਵਾ ਗੁਰੂ ਨਾਨਕ ਸਾਹਿਬ ਕੇ ਕਲਾਮ ਕੀ ਤਫਸੀਲ ਹੈ; ਨਸੀਹਤਨਾਮਾ, ਰੇਖਤੇ, ਮੁਨਾਜਾਤ, ਪ੍ਰਾਣ ਸੰਗਲੀ, ਗਿਆਨ ਸਰਵਰ, ਕਾਫ਼ੀਆਂ ਵਗੈਰਾ। ਕੁਝ ਫ਼ਾਰਸੀ ਮੇਂ ਸ਼ਬਦ ਔਰ ਨਸਰ ਮੇਂ ਹਾਜ਼ਰਨਾਮਾ ਬਤਾਏ ਜਾਤੇ ਹੈਂ। ਗੁਰੂ ਨਾਨਕ ਸਾਹਿਬ ਕੀ ਵਫ਼ਾਤ 1538 ਮੇਂ ਹੁਈ।"

2. ਪਾਕਿਸਤਾਨ ਵਿਚ ਛਪੀਆਂ ਕਿਤਾਬਾਂ ਵਿੱਚੋਂ ਸਭ ਤੋਂ ਵੱਧ ਚਰਚਾ ਅਬਦੁੱਲ ਗਫ਼ੂਰ ਕੁਰੈਸ਼ੀ ਦੀ ਪੁਸਤਕ 'ਪੰਜਾਬੀ ਅਦਬ ਦੀ ਕਹਾਣੀ' ਵਿਚ ਹੈ। ਪੁਸਤਕ ਦੇ ਚਾਰ ਸਫਿਆਂ ਵਿਚ ਫੈਲੇ ਬਿਰਤਾਂਤ ਵਿਚ ਕੁਝ ਤੱਥਿਕ ਅਤੇ ਆਮ ਪ੍ਰਚਲਤ ਗੱਲਾਂ ਹਨ, ਅਸੀਂ ਕੇਵਲ ਕੁਝ ਮਹੱਤਵਪੂਰਨ ਗੱਲਾਂ ਹੀ ਇਥੇ ਦਰਜ ਕਰਦੇ ਹਾਂ। ਕੁਰੈਸ਼ੀ ਲਿਖਦਾ ਹੈ, "ਆਪ (ਸ੍ਰੀ ਗੁਰੂ ਨਾਨਕ ਦੇਵ ਜੀ) ਦੇ ਜ਼ਮਾਨੇ ਵਿਚ ਬਾਬਾ ਫਰੀਦ ਜੀ ਦੀ ਭਗਤੀ ਤਹਿਰੀਕ ਆਪਣੇ ਸਿਖ਼ਰ ਉਤੇ ਸੀ। ਆਪ ਐਸ ਤੋਂ ਬਹੁਤ ਮੁਤਾਸਰ ਹੋਏ। ਅਖ਼ੀਰ ਆਪ ਨੇ ਹਿੰਦੂ ਬ੍ਰਾਹਮਣਾਂ ਤੋਂ ਵੱਖਰਾ ਆਪਣਾ ਫਿਰਕਾ ਸਿੱਖ ਪੰਥ ਚਲਾਇਆ। ਆਪ ਦੀ ਤਾਲੀਮ ਦਾ ਵਧੇਰੇ ਹਿੱਸਾ ਰੱਬ ਦੀ ਤੌਹੀਦ, ਓਸ ਦੀ ਹਮਦ ਤੇ ਸਨਾ ਨਾਲ ਭਰਪੂਰ ਏ। ਆਪ ਨੇ ਇਹ ਤਾਲੀਮ ਦਿੱਤੀ ਏ।।। ਭਾਈਓ ਸਭ ਆਪਣੀ ਆਪਣੀ ਜ਼ਿੰਮੇਵਾਰੀ ਨੂੰ ਪਛਾਣੋ। ਅੰਦਰ ਬਾਹਰ ਇਕ ਹੋਵੋ। ਫ਼ੈਲਸੂਫ਼ੀਆਂ ਨ ਛਾਂਟੋ। ਕਿਸੇ ਨੂੰ ਮੰਦਾ ਨਾ ਆਖੋ। ਕਿਸੇ ਨੂੰ ਫਿੱਕਾ ਨਾ ਬੋਲੋ। ਆਕੜ ਨਾ ਕਰੋ। ਕਿਸੇ ਦੀ ਪ੍ਰਵਾਹ ਕੀਤੇ ਬਗੈਰ ਸਭ ਨਾਲ ਸੱਚ ਦਾ ਵਰਤਾਰਾ ਕਰੋ। ਲੰਬੀ ਨਜ਼ਰ ਨਾਲ ਵੇਖੋ। ਕਿਸੇ ਨਾਲ ਬੁਰਾਈ ਨਾ ਕਰੋ...ਆਪ ਦੇ ਸਲੋਕ ਮਿਲਦੇ ਨੇ ਜੋ ਆਦਿ ਗ੍ਰੰਥ ਵਿਚ ਦੂਜੇ ਗੁਰੂਆਂ ਦੇ ਕਲਾਮ ਨਾਲ ਦਰਜ ਨੇ। ਆਪ ਦੇ ਕਲਾਮ ਵਿਚ ਅਖਾਣਾਂ ਵਰਗੀ ਸਚਾਈ ਏ। ਆਪ ਦਾ ਮਜ਼ਹਬ ਨੇਕੀ ਏ... ਗੁਰੂ ਨਾਨਕ ਦੀ ਫ਼ਿਲਾਸਫ਼ੀ ਫੋਕੀ ਮੰਤਕੀ, ਦਿਮਾਗੀ ਉਲਝਣਾਂ ਵਾਲੀ ਨਹੀਂ ਸਗੋਂ ਅਮਲ ਤੇ ਅਸਲੀ ਫਲਸਫ਼ਾ ਏ। ਇਹ ਹੁਸੀਨ ਜ਼ਿੰਦਗੀ ਦਾ ਫ਼ਲਸਫ਼ਾ ਏ ਜਿਸ ਵਿਚ ਰੋਮਾਂਸ ਤੇ ਮਿਠਾਸ ਵੀ ਏ।"

3. ਸ਼ਹਬਾਜ਼ ਮਲਿਕ ਪਾਕਿਸਤਾਨ ਦੇ ਪੰਜਾਬੀ ਖੋਜਕਾਰਾਂ ਵਿਚ ਇਕ ਪ੍ਰਮੁੱਖ ਨਾਂ ਹੈ। ਸਾਡੇ ਸਾਹਮਣੇ ਇਸ ਵਕਤ ਉਸ ਦੀਆਂ ਦੋ ਕਿਤਾਬਾਂ ਹਨ। ਪਹਿਲੀ 'ਮੂੰਹ ਆਈ ਗੱਲ' ਹੈ ਜੋ 1976 ਵਿਚ ਛਪੀ। ਇਹ ਪੰਜਾਬੀ ਸਾਹਿਤ ਦਾ ਅਤਿ ਸੰਖੇਪ ਇਤਿਹਾਸ ਹੈ। ਇਸ ਵਿਚ ਇਕ ਥਾਂ 'ਤੇ ਸ਼ਹਬਾਜ਼ ਮਲਿਕ ਲਿਖਦਾ ਹੈ, "ਬਾਬਾ ਗੁਰੂ ਨਾਨਕ ਤੇ ਫ਼ਰੀਦ ਸਾਨੀ ਦੀ ਮੁਲਾਕਾਤ ਇਕ ਤਾਰੀਖੀ ਸਚਾਈ ਏ ਤੇ ਆਦਿ ਗ੍ਰੰਥ ਵਿਚ ਬਾਬਾ ਫ਼ਰੀਦ ਦਾ ਕਲਾਮ ਏਸ ਦੀ ਸ਼ਾਹਦੀ ਏ ਕਿ ਗੁਰੂ ਨਾਨਕ ਜੀ ਨੇ ਬ੍ਰਾਹਮਣਵਾਦ ਤੋਂ ਬਗ਼ਾਵਤ ਕੀਤੀ ਤੇ ਇਸਲਾਮ ਦੀ ਸੱਚੀ ਤੇ ਸੁੱਚੀ ਤਾਲੀਮ ਵਲ ਆਏ। ਬਾਬਾ ਗੁਰੂ ਨਾਨਕ ਤੇ ਇਸ ਦੇ ਮਗਰ ਚੱਲਣ ਵਾਲਿਆਂ ਦੇ ਵਿਚਾਰਾਂ ਵਿਚ ਇਸਲਾਮੀ ਵਿਚਾਰਾਂ ਦੀ ਪ੍ਰਧਾਨਗੀ ਤੋਂ ਬ੍ਰਾਹਮਣ ਜ਼ਿਹਨ ਫ਼ਿਕਰਮੰਦ ਸੀ। ਬ੍ਰਾਹਮਣ ਜ਼ਿਹਨ ਨੇ ਗੁਰੂ ਨਾਨਕ ਦੇ ਪੈਰੋਕਾਰਾਂ ਨੂੰ ਮੁਸਲਮਾਨਾਂ ਤੋਂ ਦੂਰ ਰੱਖਣ ਲਈ ਉਨ੍ਹਾਂ ਨੂੰ ਹਿੰਦੀ, ਸੰਸਕ੍ਰਿਤ ਤੇ ਅਪਭ੍ਰੰਸ਼ ਬੋਲੀਆਂ ਦੇ ਲਫ਼ਜ਼ਾਂ ਦੀ ਬਹੁਤੀ ਵਰਤੋਂ ਕਰਨ ਲਈ ਉਕਸਾਇਆ।" ਸ਼ਹਬਾਜ਼ ਮਲਿਕ ਦੀ ਇਕ ਹੋਰ ਕਿਤਾਬ 'ਨਿਤਾਰੇ' (1979) ਹੈ ਜਿਸ ਵਿਚ ਇਕ ਲੇਖ ਹੈ 'ਪੰਜਾਬੀ ਅਦਬ ਦੀ ਸਿੱਖੀ ਰਵਾਇਤ'। ਇਸ ਲੇਖ ਵਿਚ ਸਿੱਖ ਲੇਖਕਾਂ ਦਾ, ਵਿਸ਼ੇਸ਼ ਕਰਕੇ ਮੱਧਕਾਲੀ ਲੇਖਕਾਂ ਦਾ, ਵੇਰਵਾ ਹੈ ਜਿਸ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਬਾਰੇ ਦੋ ਥਾਵਾਂ 'ਤੇ ਚਰਚਾ ਹੈ। ਇਕ ਥਾਂ ਉਹ ਲਿਖਦਾ ਹੈ, "ਗ੍ਰੰਥ ਵਿਚ ਸ਼ਾਮਲ ਨਾਨਕ ਜੀ ਦੇ ਕਲਾਮ ਵਿਚ ਜਪੁਜੀ ਨੂੰ ਪਹਿਲੀ ਤੇ ਉੱਚੀ ਥਾਂ ਹਾਸਲ ਏ। ਏਹਦੇ ਵਿਚ ਬਿਆਨ ਹੋਏ ਨਜ਼ਰੀਏ ਇਕ ਲਿਹਾਜ਼ ਨਾਲ ਸਾਰੇ ਆਦਿ ਗ੍ਰੰਥ ਦਾ ਮੂਲ ਨੇ। ਆਦਿ ਗ੍ਰੰਥ ਵਿਚ ਨਾਨਕ ਜੀ ਦੇ

(ਬਾਕੀ ਅਗਲੇ ਪੰਨੇ 'ਤੇ)

# ਗੁਰੂ ਨਾਨਕ, ਭਾਈ ਮਰਦਾਨਾ ਤੇ ਉਨ੍ਹਾਂ ਦਾ ਪੁਤਰ ਸਜਾਦਾ

**-ਸ. ਅਮਰੀਕ ਸਿੰਘ**

ਭਾਈ ਮਰਦਾਨਾ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਚਪਨ ਦੇ ਸਾਥੀ, ਪਿੰਡ ਰਾਏਭੋਇ ਦੀ ਤਲਵੰਡੀ ਦੇ ਨਿਵਾਸੀ ਸਨ। ਉਹ ਗੁਰੂ ਜੀ ਤੋਂ ਨੌਂ ਕੁ ਸਾਲ ਵੱਡੇ ਸੀ। ਜਦੋਂ ਉਨ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੇ ਤਾਂ ਰੂਹਾਨੀ ਜੋਤ ਵੇਖ ਕੇ ਨਿਹਾਲ ਹੋ ਗਏ ਤੇ ਗੁਰੂ ਜੀ ਦੇ ਮੁਰੀਦ ਬਣ ਗਏ।

ਗੁਰੂ ਜੀ ਨੇ ਸੁਲਤਾਨਪੁਰ ਲੋਧੀ ਵਿਖੇ ਜਦੋਂ ਮੋਦੀਖਾਨਾ ਤਿਆਗ ਕੇ ਅਕਾਲ ਪੁਰਖ ਦਾ ਸੰਦੇਸ਼ ਧਰਤਿ ਲੋਕਾਈ ਨੂੰ ਦੇਣ ਵਾਸਤੇ ਸੋਚਿਆ ਤਾਂ ਭਾਈ ਮਰਦਾਨਾ ਜੀ ਨੂੰ ਸਾਥ ਦੇਣ ਲਈ ਕਿਹਾ। ਭਾਈ ਮਰਦਾਨਾ ਜੀ ਨੂੰ ਇਹ ਵੀ ਤਾਕੀਦ ਕੀਤੀ ਕਿ ਡੂਮਪੁਣਾ ਛੱਡਣਾ ਪੈਣਾ ਤੇ ਇਕ ਅਕਾਲ ਪੁਰਖ 'ਚ ਵਿਸ਼ਵਾਸ ਕਰਨਾ ਪੈਣਾ ਜੋ ਸਭ ਨੂੰ ਰੋਜ਼ੀ ਦਿੰਦਾ ਹੈ। ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨਾ ਜੀ ਨੂੰ ਬੇਬੇ ਨਾਨਕੀ ਕੋਲੋਂ ਪੈਸੇ ਲੈ ਕੇ ਰਬਾਬ ਖ਼ਰੀਦ ਕੇ ਲਿਆਉਣ ਲਈ ਕਿਹਾ। ਭਾਈ ਮਰਦਾਨਾ ਜੀ ਕਈ ਥਾਂ ਫਿਰੇ, ਅਖ਼ੀਰ ਗੁਰੂ ਕਿਰਪਾ ਨਾਲ ਇਲਾਹੀ ਰਬਾਬ ਦੀ ਪ੍ਰਾਪਤੀ ਹੋਈ।

ਰਬਾਬ ਜਦੋਂ ਗੁਰੂ ਜੀ ਨੂੰ ਲਿਆ ਕੇ ਵਿਖਾਈ, ਗੁਰੂ ਜੀ ਨੇ ਭਾਈ ਮਰਦਾਨਾ ਜੀ ਨੂੰ ਸੰਗੀਤ ਛੇੜਨ ਲਈ ਕਿਹਾ। ਭਾਈ ਮਰਦਾਨਾ ਜੀ ਨੇ ਤਾਨ ਬਣਾ ਕੇ ਜਦੋਂ ਰਬਾਬ ਵਜਾਈ ਤਾਂ "ਧੰਨ ਨਿਰੰਕਾਰ, ਧੰਨ ਨਿਰੰਕਾਰ, ਨਾਨਕ ਤੇਰਾ ਬੰਦਾ" ਦੀ ਆਵਾਜ਼ ਆਈ। ਭਾਈ ਮਰਦਾਨਾ ਜੀ ਰਬਾਬ ਤਾਂ ਬਚਪਨ ਤੋਂ ਹੀ ਚੰਗੀ ਤਰ੍ਹਾਂ ਵਜਾ ਲੈਂਦੇ ਸੀ ਪਰ ਗੁਰੂ ਕਿਰਪਾ ਤੇ ਅਪਾਰ ਬਖ਼ਸ਼ਸ਼ਾਂ ਸਦਕਾ ਸੰਗੀਤਕ ਸੁਰਾਂ ਤੇ ਰਾਗਾਂ ਦੇ ਮਾਹਰ ਹੋ ਗਏ। ਗੁਰੂ ਜੀ ਦੇ ਹੁਕਮ 'ਤੇ ਜਦੋਂ ਭਾਈ ਮਰਦਾਨਾ ਜੀ ਰਬਾਬ ਛੇੜਦੇ ਤਾਂ ਹਰ ਸੁਣਨ ਵਾਲੇ ਜੀਵ ਮੰਤਰ ਮੁਗਧ ਹੋ ਜਾਂਦੇ।

ਗੁਰੂ ਜੀ ਦੀਆਂ ਚਾਰਾਂ ਉਦਾਸੀਆਂ ਤੇ ਹੋਰ ਦੇਸ਼ਾਂ-ਦਿਸ਼ਾਂਤਰਾਂ ਦੇ ਭ੍ਰਮਣ 'ਚ ਗੁਰੂ ਜੀ ਦਾ ਸਾਥ ਭਾਈ ਮਰਦਾਨਾ ਜੀ ਤੇ ਉਨ੍ਹਾਂ ਦੀ ਰਬਾਬ ਨੇ ਦਿੱਤਾ। ਗੁਰੂ ਜੀ ਨੇ ਦੇਸ਼ਾਂ-ਦਿਸ਼ਾਂਤਰਾਂ ਦੇ ਭ੍ਰਮਣ ਵੇਲੇ ਭਾਈ ਮਰਦਾਨਾ ਜੀ ਦੀ ਹਰ ਬੇਨਤੀ ਨੂੰ ਸਵੀਕਾਰਿਆ ਤੇ ਜੀਵਾਂ ਦਾ ਉਧਾਰ ਕੀਤਾ। ਇਸੇ ਸੰਦਰਭ 'ਚ ਦੱਖਣ ਦੀ ਉਦਾਸੀ ਦਾ ਇਕ ਪ੍ਰਸੰਗ ਯਾਦ ਆਉਂਦਾ ਹੈ। ਗੁਰੂ ਜੀ ਜਦੋਂ ਬਿਦਰ ਸ਼ਹਿਰ ਪਹੁੰਚੇ ਉਸ ਵੇਲੇ ਮੱਕੇ ਦਾ ਹੱਜ ਕਰਨ ਮੁਸਲਮਾਨ ਯਾਤਰੀ ਜਾਂਦੇ ਵੇਖ ਭਾਈ ਮਰਦਾਨਾ ਜੀ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਮੁਸਲਮਾਨ ਨੂੰ ਜ਼ਿੰਦਗੀ 'ਚ ਇਕ ਵਾਰੀ ਮੱਕੇ ਦਾ ਹੱਜ ਕਰਨਾ ਜ਼ਰੂਰੀ ਕਹਿੰਦੇ ਹਨ, ਕਿਵੇਂ ਹੋਵੇ ਜੋ ਮੈਂ ਵੀ ਇਸ ਜ਼ਿੰਦਗੀ 'ਚ ਮੱਕੇ ਦਾ ਹੱਜ ਕਰ ਸਕਾਂ। ਗੁਰੂ ਜੀ ਨੇ ਭਾਈ ਮਰਦਾਨਾ ਜੀ ਦੀ ਬੇਨਤੀ ਨੂੰ ਸਵੀਕਾਰਦੇ ਉਥੋਂ ਹੀ ਮੱਕੇ ਦੀ ਯਾਤਰਾ ਸ਼ੁਰੂ ਕਰ ਦਿੱਤੀ ਤੇ ਮੱਕਾ, ਮਦੀਨਾ ਅਤੇ ਬਗ਼ਦਾਦ ਸਭ ਥਾਂ ਭਾਈ ਮਰਦਾਨਾ ਜੀ ਨੂੰ ਵਿਖਾ ਦਿੱਤੇ ਤੇ ਉਥੋਂ ਦੇ ਲੋਕਾਂ ਨੂੰ ਇਕ ਅਕਾਲ ਪੁਰਖ ਦਾ ਸੰਦੇਸ਼ ਦੇ ਕੇ ਉਨ੍ਹਾਂ ਦਾ ਉਧਾਰ ਕੀਤਾ। ਭਾਈ ਮਰਦਾਨਾ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਰਹਿੰਦੇ-ਰਹਿੰਦੇ ਉਨ੍ਹਾਂ ਦੇ ਰੰਗ 'ਚ ਰੰਗੇ ਗਏ ਤੇ ਇਕ ਮਹਾਨ ਸਥਾਨ ਨੂੰ ਪ੍ਰਾਪਤ ਹੋਏ। ਗੁਰੂ ਜੀ, ਮਰਦਾਨਾ ਜੀ ਨੂੰ ਸਤਿਕਾਰ ਨਾਲ 'ਭਾਈ ਮਰਦਾਨਾ' ਕਹਿੰਦੇ ਸਨ। ਇਹ ਗੁਰੂ ਨਾਨਕ ਸਾਹਿਬ ਦੀ ਹੀ ਵਡਿਆਈ ਹੈ ਕਿ ਮਰਦਾਨਾ, ਮਰਦਾਨੇ ਤੋਂ ਭਾਈ ਮਰਦਾਨਾ ਕਹਾਇਆ ਤੇ ਸਤਿਕਾਰ ਪਾਇਆ। ਭਾਈ ਗੁਰਦਾਸ ਜੀ ਨੇ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਗ਼ਦਾਦ ਯਾਤਰਾ ਦਾ ਵਰਣਨ ਆਪਣੀ ਇਕ ਵਾਰ 'ਚ ਕਰਦੇ ਹੋਏ ਗੁਰੂ ਜੀ ਦੀ ਉਸਤਤਿ ਦੇ ਨਾਲ-ਨਾਲ ਭਾਈ ਮਰਦਾਨਾ ਜੀ ਦੀ ਵਡਿਆਈ ਵੀ ਇਸ ਤਰ੍ਹਾਂ ਕੀਤੀ ਹੈ;

ਇਕੁ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।(ਵਾਰ 1;35)

ਭਾਈ ਮਰਦਾਨਾ ਜੀ ਨੇ ਸ੍ਰੀ ਗੁਰੂ ਨਾਨਕ ਸਾਹਿਬ ਦਾ ਸਾਥ ਖੁਰਮ ਸ਼ਹਿਰ (ਅਫ਼ਗਾਨਿਸਤਾਨ) ਤਕ ਦਿੱਤਾ ਤੇ ਗੁਰੂ ਜੀ ਦੇ ਹੱਥੋਂ ਇਸ ਆਵਾਗਵਨ ਤੋਂ ਮੁਕਤੀ ਪਾਈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨਾ ਦੀ ਇੱਛਾ ਮੁਤਾਬਕ ਉਸ ਦੇ ਅਕਾਲ ਚਲਾਣਾ ਕਰ ਜਾਣ ਮਗਰੋਂ ਉਸ ਦਾ ਸਸਕਾਰ ਖੁਰਮ ਸ਼ਹਿਰ ਵਿਚ ਹੀ ਕਰ ਦਿੱਤਾ ਸੀ। ਫਿਰ ਗੁਰੂ ਜੀ ਨੇ ਭਾਈ ਬਾਲੇ ਨੂੰ ਭਾਈ ਮਰਦਾਨਾ ਜੀ ਦੇ ਘਰ ਭੇਜਿਆ। ਭਾਈ ਮਰਦਾਨਾ ਜੀ ਦਾ ਪੁੱਤਰ ਸਜਾਦਾ ਆਇਆ ਤੇ ਗੁਰੂ ਜੀ ਦੇ ਚਰਨਾਂ 'ਤੇ ਢਹਿ ਪਿਆ ਤੇ ਬੇਨਤੀ ਕੀਤੀ ਕਿ ਮੇਰਾ ਬਾਪ ਕਿੱਥੇ ਹੈ? ਗੁਰੂ ਜੀ ਨੇ ਦੱਸਿਆ ਕਿ ਉਹ ਕਾਲ-ਵਸ ਹੋ ਗਿਆ ਹੈ। ਗੁਰੂ ਜੀ ਨੇ ਕਿਹਾ ਕਿ ਭਾਈ ਮਰਦਾਨਾ ਜੀ ਨੇ ਸਾਨੂੰ ਕਿਹਾ ਸੀ ਕਿ ਮਰਨ ਮਗਰੋਂ ਮੇਰਾ ਸਸਕਾਰ ਕਰ ਦੇਣਾ ਤਾਂ ਕਿ ਇਸ ਆਉਣ-ਜਾਣ ਤੋਂ ਮੁਕਤੀ ਹੋ ਜਾਵੇ, ਕਿਧਰੇ ਜ਼ਮੀਨ ਵਿਚ ਦੱਬਿਆ ਨਾ ਰਹਿ ਜਾਵਾਂ। ਸੋ ਅਸੀਂ ਉਸ ਦਾ ਕਾਲ-ਵੱਸ ਹੋਣ ਮਗਰੋਂ ਖੁਰਮ ਸ਼ਹਿਰ ਵਿਚ ਹੀ ਸਸਕਾਰ ਕਰ ਦਿੱਤਾ ਹੈ। ਗੁਰੂ ਜੀ ਨੇ ਕਿਹਾ ਕਿ ਅਸੀਂ ਤੈਨੂੰ ਸਿਰੋਪਾਉ ਦੇਣਾ ਹੈ, ਅੱਗੇ ਤੂੰ ਜਿਹੜਾ ਕਹੇਂ ਉਹ ਸਿਰੋਪਾਉ ਦੇਈਏ। ਸਜਾਦਾ ਨੇ ਗੁਰੂ ਜੀ ਨੂੰ ਕਿਹਾ ਕਿ ਜਿਹੜਾ ਸਿਰੋਪਾਉ ਮੇਰੇ ਪਿਤਾ ਮਰਦਾਨਾ ਜੀ ਨੂੰ ਦਿੱਤਾ ਸੀ ਸੋਈ ਮੈਨੂੰ ਦੇਵੋ ਜੀ। ਸਜਾਦਾ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਮੈਨੂੰ ਮੇਰੇ ਬਾਪ ਦੇ ਅਸਥਾਨ 'ਤੇ ਲੈ ਚਲੋਗੇ ਤਾਂ ਮੇਰੇ ਉੱਪਰ ਕਰਤਾਰ ਵੀ ਮਿਹਰਬਾਨੀ ਕਰੇਗਾ। ਗੁਰੂ ਜੀ ਸਜਾਦਾ ਨੂੰ ਲੈ ਕੇ ਉੱਥੋਂ ਤੁਰ ਪਏ ਤੇ ਪਹਿਲਾਂ ਲਾਹੌਰ ਆਏ, ਉਥੇ ਕਸਾਇਪੁਰ ਦੇ ਪਾਸ ਜਾ ਖਲੋਤੇ। ਉਸ ਵੇਲੇ ਲਾਹੌਰ ਵਿਚ ਸਵਾ ਪਹਿਰ ਦਿਨ ਚੜ੍ਹੇ ਤਕ ਗਊਬਧ ਹੁੰਦਾ ਸੀ। ਇਸ ਗਊਬਧ ਨੂੰ ਵੇਖ ਕੇ ਗੁਰੂ ਜੀ ਦਾ ਮਨ ਬਹੁਤ ਪਸੀਜ ਗਿਆ ਤੇ ਉਨ੍ਹਾਂ ਦੇ ਮੁਖਾਰਬਿੰਦ ਤੋਂ ਆਪ-ਮੁਹਾਰੇ ਨਿਕਲਿਆ:

ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ॥ (ਪੰਨਾ 1412)

ਗੁਰੂ ਜੀ ਤੇ ਸਜਾਦਾ ਉਥੋਂ ਚਲ ਪਏ ਤੇ ਸ਼ਾਹਦਰੇ ਆ ਕੇ ਠਹਿਰੇ। ਗੁਰੂ ਜੀ ਅਗੇ ਚਲ ਕੇ ਸਿਆਲਕੋਟ ਠਹਿਰੇ। ਉਥੋਂ 'ਜਿਊਣਾ ਝੂਠ ਤੇ ਮਰਨਾ ਸੱਚ' ਵਾਲੇ ਮੂਲੇ ਖੱਤਰੀ ਨੂੰ ਲੈ ਕੇ ਸੱਚ ਤੇ ਝੂਠ ਦਾ ਨਿਤਾਰਾ ਕਰਨ ਲਈ ਚਲਦੇ ਚਲਦੇ ਤਿਲੰਬੇ ਸ਼ਹਿਰ ਦੇ ਬਾਹਰ ਜਾ ਬੈਠੇ। ਗੁਰੂ ਜੀ ਨੇ ਸਜਾਦਾ ਨੂੰ ਕਿਹਾ ਕਿ ਜੇਕਰ ਭੁੱਖ ਲੱਗੀ ਹੈ ਤਾਂ ਨਿਡਰ ਹੋ ਕੇ ਸ਼ਹਿਰ ਜਾ ਕੇ ਕੁਝ ਖਾ ਪੀ ਆ। ਸਜਾਦਾ ਘੁੰਮਦਾ ਫਿਰਦਾ ਸੱਜਣ ਠੱਗ ਦੇ ਜਾਲ 'ਚ ਫਸ ਗਿਆ ਤੇ ਉਸ ਨੇ ਸਜਾਦਾ ਦੀਆਂ ਮੁਸ਼ਕਾਂ ਬੰਨ੍ਹ ਕੇ ਉਸ ਨੂੰ ਅੰਦਰ ਡੱਕ ਦਿੱਤਾ।




ਸੱਜਣ ਠੱਗ ਦੇ ਮਨ 'ਚ ਸੀ ਕਿ ਸਜਾਦਾ ਤਾਂ ਮਰਾਸੀ ਹੈ ਇਸ ਦੇ ਜਜਮਾਨ ਵੀ ਪੈਸੇ ਵਾਲੇ ਹੋਣਗੇ, ਜਦੋਂ ਉਹ ਇਹਨੂੰ ਲੱਭਦੇ ਇਥੇ ਆਉਣਗੇ ਉਨ੍ਹਾਂ ਨੂੰ ਵੀ ਲੁੱਟ ਲਵਾਂਗਾ। ਉਧਰ ਸਜਾਦਾ ਲੱਗਾ ਗੁਰੂ ਜੀ ਨੂੰ ਯਾਦ ਕਰਨ ਕਿ ਕੁਥਾਈਂ ਫਸ ਗਿਆ ਹਾਂ, ਜਲਦੀ ਬਹੁੜੋ ਤੇ ਮੈਨੂੰ ਛੁਡਾਓ। ਜਾਣੀ-ਜਾਣ ਗੁਰੂ ਜੀ ਨੇ ਉਥੇ ਪਹੁੰਚ ਕੇ ਸਜਾਦੇ ਨੂੰ ਸੱਜਣ ਠੱਗ ਦੀ ਗ੍ਰਿਫ਼ਤ 'ਚੋਂ ਛੁਡਵਾਇਆ ਤੇ ਉਥੇ ਸੱਜਣ ਠੱਗ ਦਾ ਉੱਧਾਰ ਕੀਤਾ। ਉਸ ਨੂੰ ਸੱਜਣ ਠੱਗ ਤੋਂ ਸੱਜਣ ਬਣਾਇਆ ਤੇ ਨਾਮ-ਦਾਨ ਬਖ਼ਸ਼ਿਆ।

ਗੁਰੂ ਜੀ ਫਿਰ ਖੁਰਮ ਸ਼ਹਿਰ ਪਹੁੰਚੇ ਤੇ ਸਜਾਦੇ ਨੂੰ ਉਹ ਥਾਂ ਵਿਖਾਈ ਜਿਥੇ ਭਾਈ ਮਰਦਾਨਾ ਜੀ ਦਾ ਸਸਕਾਰ ਕੀਤਾ ਸੀ। ਸਜਾਦੇ ਨੇ ਆਪਣੇ ਪਿਤਾ ਦੀ ਮੜ੍ਹੀ 'ਤੇ ਮੱਥਾ ਟੇਕਿਆ। ਗੁਰੂ ਜੀ ਨੇ ਕਿਹਾ ਕਿ ਇਹ ਭਾਈ ਮਰਦਾਨਾ ਜੀ ਦਾ ਅੰਤਿਮ ਅਸਥਾਨ ਹੈ ਤੇ ਤੂੰ ਵੀ ਆਪਣਾ ਪਰਵਾਰ ਇਥੇ ਲੈ ਆ ਤੇ ਇਥੇ ਰਹਿ। ਭਾਈ ਮਰਦਾਨਾ ਜੀ ਦੀ ਥਾਂ ਤੇਰੀ ਮੰਜੀ ਇਥੇ ਹੋਵੇਗੀ। ਸਜਾਦਾ ਕਹਿਣ ਲੱਗਾ ਕਿ ਤੁਹਾਡੇ ਜਾਣ ਮਗਰੋਂ ਮੈਂ ਕਿਸ ਦੇ ਸਹਾਰੇ ਇਥੇ ਰਹਾਂਗਾ। ਗੁਰੂ ਜੀ ਨੇ ਕਿਹਾ ਕਿ ਹਮੇਸ਼ਾਂ ਸੱਤ ਪ੍ਰਤੀਤ ਰੱਖੀਂ, ਜਦੋਂ ਤੂੰ ਯਾਦ ਕਰੇਂਗਾ ਅਸੀਂ ਹਾਜ਼ਰ ਹੋਵਾਂਗੇ। ਸਜਾਦ ਨੇ ਗੁਰੂ ਜੀ ਦੇ ਚਰਨਾਂ 'ਤੇ ਮੱਥਾ ਟੇਕਿਆ ਤੇ ਉਨ੍ਹਾਂ ਨੂੰ ਸੱਚ ਕਰ ਮੰਨਿਆ ਤੇ ਉਥੇ ਰਹਿਣ ਲੱਗ ਗਿਆ।

ਭਾਈ ਮਰਦਾਨਾ ਜੀ ਵਾਂਙੂੰ ਸਜਾਦਾ 'ਤੇ ਗੁਰੂ ਜੀ ਨੇ ਬਖ਼ਸ਼ਿਸ਼ ਕੀਤੀ ਤੇ ਉਸ ਨੂੰ ਨਿਹਾਲ ਕੀਤਾ। ਸਜਾਦਾ ਵੀ ਰਬਾਬ ਦਾ ਧਨੀ ਸੀ ਤੇ ਸੰਗੀਤਕ ਸੁਰਾਂ ਤੇ ਰਾਗਾਂ ਦਾ ਮਾਹਿਰ ਹੋਇਆ ਹੈ। ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੀ ਵਡਿਆਈ ਹੈ ਕਿ ਜਿਸ 'ਤੇ ਮਿਹਰ ਦੀ ਨਜ਼ਰ ਪਾਈ ਉਹ ਨਿਹਾਲ ਤਾਂ ਹੋਇਆ ਹੀ, ਨਾਲ ਆਵਾਗਵਨ ਦੇ ਚੱਕਰ ਤੋਂ ਵੀ ਮੁਕਤ ਹੋ ਗਿਆ।

ਬਾਰਾਂਮਾਹ, ਨਸੀਹਤਨਾਮਾ, ਪਾਕਨਾਮਾ, ਕਰਨੀਨਾਮਾ ਵਗੈਰਾ ਵੀ ਦਰਜ ਨੇ।" 'ਨਿਤਾਰੇ' ਵਿਚ ਹੀ ਦੂਜੀ ਥਾਂ 'ਤੇ ਸ਼ਹਬਾਜ਼ ਮਲਿਕ ਭਗਤੀ ਲਹਿਰ ਦੇ ਵਿਕਾਸ ਦੀ ਗੱਲ ਕਰਦਾ ਕਰਦਾ ਸ੍ਰੀ ਗੁਰੂ ਨਾਨਕ ਦੇਵ ਜੀ ਉਪਰ ਇਸਲਾਮ ਦੇ ਪ੍ਰਭਾਵ ਉੱਪਰ ਆ ਕੇ ਨਿਬੇੜਾ ਕਰਦਾ ਹੈ। ਕੁਝ ਗੱਲਾਂ ਗੁਰੂ ਜੀ ਦੀ ਬਾਣੀ ਵਿਚਲੇ ਭਾਸ਼ਾ ਪ੍ਰਯੋਗ ਬਾਰੇ ਕਰਦਾ, ਉਹ ਇਸ ਦੇ ਪਿਛੋਕੜ ਵਿਚ ਕੰਮ ਕਰਦੇ ਤਰਕ ਦੀ ਉਸਾਰੀ ਵੀ ਕਰਦਾ ਹੈ। ਮਲਿਕ ਲਿਖਦਾ ਹੈ; "ਸਿੱਖ ਧਰਮ ਤੇ ਸਿੱਖ ਸਾਹਿਤ ਵਿਚ ਸਭ ਤੋਂ ਉੱਚਾ ਮੁਕਾਮ ਆਦਿ ਗ੍ਰੰਥ ਨੂੰ ਦਿੱਤਾ ਜਾਂਦਾ ਏ, ਜਿਹੜਾ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ 1604 ਵਿਚ ਮੁਰੱਤਬ ਕੀਤਾ ਸੀ। ਅਸਲ ਵਿਚ ਏਦੂੰ ਮਗਰੋਂ ਹੀ ਸਿੱਖ ਫਿਰਕੇ ਦਾ ਇਕ ਵੱਖ ਤਸ਼ੱਖੁਸ ਉੱਭਰਿਆ। ਏਦੂੰ ਪਹਿਲੋਂ ਫਕੀਰਾਂ ਜਾਂ ਭਗਤਾਂ ਦੇ ਐਸ ਗ੍ਰੋਹ ਨੂੰ ਕਬੀਰ ਪੰਥੀ ਕਹਿੰਦੇ ਸਨ ਕਿਉਂਕਿ ਗੁਰੂ ਨਾਨਕ ਜੀ ਦੇ ਵਿਚਾਰ ਭਗਤੀ ਭਾਵ ਦੀ ਸਿਖਰ ਵਾਲੀ ਸ਼ਕਲ ਗਿਣੇ ਜਾਂਦੇ ਨੇ। ਗੁਰੂ ਨਾਨਕ ਜੀ ਨੇ ਆਪਣੇ ਕਲਾਮ ਤੇ ਵਿਚਾਰ ਦੀ ਨੀਂਹ ਬਾਬਾ ਫਰੀਦ ਸ਼ਕਰਗੰਜ ਦੇ ਬੋਲਾਂ ਉੱਤੇ ਰੱਖੀ। ਇਸੇ ਲਈ ਇਹਦੇ ਵਿਚ ਕਬੀਰ ਪੰਥੀ ਵਿਚਾਰਾਂ ਦੇ ਨਾਲ-ਨਾਲ ਵਾਹਦਾਨੀਅਤ ਵਾਲਾ ਇਸਲਾਮੀ ਫਿਕਰ ਵੀ ਮਿਲਦਾ ਏ। ਬਾਬਾ ਨਾਨਕ ਜੀ ਦਾ ਉੱਠਣਾ-ਬੈਠਣਾ ਬਹੁਤਾ ਕਰਕੇ ਮੁਸਲਮਾਨ ਸੂਫੀ ਦਰਵੇਸ਼ਾਂ ਨਾਲ ਈ ਸੀ। ਇਹ ਗੱਲ ਵੀ ਸਾਬਤ ਏ ਕਿ ਆਪ ਮੱਕੇ-ਸ਼ਰੀਫ ਤਸ਼ਰੀਫ ਲੈ ਗਏ ਸਨ, ਇਸੇ ਕਰਕੇ ਉਨ੍ਹਾਂ ਦੇ ਕਲਾਮ ਵਿਚ ਅਰਬੀ, ਫ਼ਾਰਸੀ ਲਫ਼ਜ਼ਾਂ, ਤਰਕੀਬਾਂ ਦੇ ਨਾਲ-ਨਾਲ ਇਸਲਾਮੀ ਵਿਚਾਰਾਂ ਦਾ ਆਉਣਾ ਕੁਦਰਤੀ ਗੱਲ ਸੀ ਪਰ ਉਨ੍ਹਾਂ ਵਿਚ ਏਹੋ ਰੰਗ ਨਹੀਂ। ਉਹ ਭਗਤੀ ਲਹਿਰ ਨੂੰ ਲੈ ਕੇ ਚੱਲ ਰਹੇ ਸਨ, ਜਿਹੜੀ ਬਰਿਸਗੀਰ (ਉਪ-ਮਹਾਂਦੀਪ) ਤੇ ਇਸਲਾਮੀ ਵਿਚਾਰਾਂ ਦੇ ਅਸਰ ਨਾਲ ਉਸ ਵੇਲੇ ਦੇ ਮੁਕਾਮੀ ਧਰਮੀ ਵਿਚਾਰਾਂ ਦੇ ਇੰਤਸ਼ਾਰ (ਵਿਗਾੜ) ਦਾ ਸਿੱਟਾ ਸੀ। ਇਸ ਤੋਂ ਅੱਡ ਬਾਬਾ ਨਾਨਕ ਜੀ ਇਕ ਹਿੰਦੂ ਘਰਾਣੇ ਦੇ ਫਰਦ (ਵਿਅਕਤੀ) ਸਨ। ਉਨ੍ਹਾਂ ਦੀ ਪਾਲਨਾ ਵੀ ਹਿੰਦੂ ਮਾਹੌਲ ਵਿਚ ਹੋਈ ਸੀ। ਇਸੇ ਕਰਕੇ ਉਨ੍ਹਾਂ ਦੀ ਬਾਣੀ ਵਿਚ ਜੁਗਤ ਤੇ ਵਿਚਾਰਧਾਰਾ ਦਾ ਝੁਕਾਅ ਅਫਕੁੱਸ ਤੇ ਬ੍ਰਜ ਵਲ ਸੀ।" ਇਨ੍ਹਾਂ



**ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਬਾਰੇ ਪ੍ਰਮਾਣਿਕ ਜਾਣਕਾਰੀ ਦਾ ਅਭਾਵ। ਇਸੇ ਕਰਕੇ ਉਹ 'ਪ੍ਰਾਨ ਸੰਗਲੀ', 'ਕਰਨੀਨਾਮਾ', 'ਹਾਜ਼ਰਨਾਮਾ', 'ਨਸੀਹਤਨਾਮਾ' ਅਤੇ 'ਬਾਣੀ ਬਿਹੰਗਮ' ਵਗੈਰਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਮਿਲਦੀ ਕੱਚੀ ਬਾਣੀ ਨੂੰ ਵੀ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੀ ਰਚਿਤ ਦੱਸ ਕੇ ਇਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਈ ਮੰਨਦੇ ਹਨ ਜਦ ਕਿ ਇਹ ਗੱਲ ਸਿਰੇ ਤੋਂ ਹੀ ਗਲਤ ਹੈ। ਕੁਲ ਮਿਲਾ ਕੇ ਅਸੀਂ ਕਹਿ ਸਕਦੇ ਹਾਂ ਕਿ ਪਾਕਿਸਤਾਨ ਵਿਚ ਅਕਾਦਮਿਕ ਪੱਧਰ ਉੱਪਰ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੀ ਬਾਣੀ ਬਾਰੇ ਚਰਚਾ ਬਹੁਤ ਥੋੜ੍ਹੀ, ਅਧੂਰੀ, ਉਲਾਰ ਅਤੇ ਉਕਾਈਆਂ ਭਰਪੂਰ ਹੈ।**

ਕੁਝ ਕੁ ਪੁਸਤਕਾਂ ਤੋਂ ਬਿਨਾਂ ਮੁਹੰਮਦ ਆਸਫ ਖ਼ਾਂ ਦੀ ਬਾਬਾ ਫਰੀਦ ਜੀ ਦੇ ਸਲੋਕਾਂ ਨੂੰ ਸੰਪਾਦਿਤ ਕਰਦੀ ਅਤੇ ਉਸ ਬਾਰੇ ਕਈ ਹੋਰ ਮਸਲੇ ਨਜਿੱਠਦੀ ਪੁਸਤਕ 'ਆਖਿਆ ਬਾਬਾ ਫਰੀਦ ਨੇ' (1978) ਵੀ ਹੈ। ਇਸ ਦੇ ਇਕ ਅਧਿਆਇ 'ਸਲੋਕਾਂ ਦੇ ਪੜਾਅ ਤੇ ਪੰਧ' ਵਿਚ ਉਹ ਬਾਬਾ ਫਰੀਦ ਜੀ ਦੇ ਸਲੋਕਾਂ ਦੇ ਇਕੱਤਰ ਕਰਨ ਤੇ ਉਨ੍ਹਾਂ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਣ ਦੀ ਕਿਰਿਆ ਬਾਰੇ ਬਹਿਸ ਕਰਦਾ ਹੈ। ਆਸਫ ਖ਼ਾਂ ਦੀ ਇਹ ਬਹਿਸ ਵਧੇਰੇ ਕਰਕੇ ਭਾਰਤੀ ਪੰਜਾਬ ਵਿਚ ਬਾਬਾ ਫਰੀਦ ਜੀ ਬਾਰੇ ਹੋਈ ਖੋਜ ਉੱਪਰ ਹੀ ਆਧਾਰਿਤ ਹੈ ਜੋ ਇਹ ਦੱਸਦੀ ਹੈ ਕਿ ਇਹ ਸਲੋਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਸ਼ੇਖ ਫਰੀਦ ਜੀ ਦੇ ਗਿਆਰ੍ਹਵੇਂ ਗੱਦੀਨਸ਼ੀਨ ਸ਼ੇਖ ਇਬਰਾਹੀਮ ਪਾਸੋਂ ਸੁਣ ਕੇ ਇਕੱਤਰ ਕੀਤੇ ਅਤੇ ਗੁਰਬਾਣੀ ਦੇ ਬਾਕੀ ਸੰਗ੍ਰਹਿ ਨਾਲ ਇਹ ਪਿਛਲਕਾਲੀ ਗੁਰੂ ਸਾਹਿਬਾਨ ਤਕ ਪਹੁੰਚ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਥਾਂ ਹਾਸਲ ਕਰ ਸਕੇ। ਪਾਕਿਸਤਾਨ ਵਿਚ ਛਪੀਆਂ ਇਨ੍ਹਾਂ ਕੁਝ ਕੁ ਪ੍ਰਤਿਨਿਧ ਪੁਸਤਕਾਂ ਦੇ ਅਧਿਐਨ ਤੋਂ ਕਈ ਦਿਲਚਸਪ ਸਿੱਟੇ ਸਾਹਮਣੇ ਆਉਂਦੇ ਹਨ। ਪਹਿਲਾ ਇਹ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਪੰਜਾਬੀ ਕੌਮ ਦੀ ਸਾਂਝੀ ਵਿਰਾਸਤ ਹੋਣ ਦੇ ਬਾਵਜੂਦ ਇਹ ਪਾਕਿਸਤਾਨੀ ਵਿਦਵਾਨਾਂ ਦੇ ਅਧਿਐਨ ਦਾ ਕੇਂਦਰ ਨਹੀਂ ਬਣ ਸਕੇ। ਇਸ ਦੇ ਸਾਨੂੰ ਅਕਾਦਮਿਕ ਨਾਲੋਂ ਸਿਆਸੀ ਤੇ ਸਭਿਆਚਾਰਕ ਕਾਰਨ ਵਧੇਰੇ ਜ਼ਿੰਮੇਵਾਰ ਜਾਪਦੇ ਹਨ। ਕੁਝ ਵਧੇਰੇ ਸ਼ੁੱਧਤਾਵਾਦੀ (ਫਰਸਿਟ) ਲੋਕ ਵੀ ਹਨ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਹਿੰਦੀ, ਬ੍ਰਿਜ ਭਾਸ਼ਾ ਤੇ ਦੂਜੀਆਂ ਭਾਸ਼ਾਵਾਂ ਦੇ ਮਿਸ਼ਰਣ ਕਰਕੇ ਇਸ ਨੂੰ ਪੰਜਾਬੀ ਸਾਹਿਤ ਦੀ ਮੁੱਖ ਧਾਰਾ ਤੋਂ ਲਾਂਭੇ ਕਰਨ ਦੀਆਂ ਦਲੀਲਾਂ ਦੇਂਦੇ ਹਨ। ਇਕ ਗੱਲ ਜੋ ਸਾਰੇ ਪਾਕਿਸਤਾਨੀ ਵਿਦਵਾਨਾਂ ਵਿਚ ਸਾਂਝੀ ਹੈ, ਉਹ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਵਿਸ਼ੇਸ਼ ਕਰਕੇ, ਇਸਲਾਮੀ ਵਿਚਾਰਧਾਰਾ ਤੋਂ ਜ਼ਰੂਰ ਹੀ ਪ੍ਰਭਾਵਿਤ ਸਾਬਤ ਕਰਨਾ ਹੈ ਖਾਸ ਕਰਕੇ ਬਾਬਾ ਫਰੀਦ ਜੀ ਤੋਂ। ਇਹ ਠੀਕ ਹੈ ਕਿ ਇਸਲਾਮ ਹੁਕਮਰਾਨਾਂ ਦਾ ਧਰਮ ਹੋਣ ਕਰਕੇ ਦੂਜੇ ਧਰਮਾਂ ਨੂੰ ਵੀ ਪ੍ਰਭਾਵਿਤ ਕਰ ਰਿਹਾ ਸੀ, ਪਰ ਇਹ ਵੀ ਇਕ ਹਕੀਕਤ ਹੈ ਕਿ ਕਰਮਕਾਂਡੀ ਇਸਲਾਮ ਅਤੇ ਇਸ ਦਾ ਨਾਂ ਵਰਤ ਕੇ ਜਾਬਰਾਂ ਦੀਆਂ ਵਧੀਕੀਆਂ ਅਤੇ ਆਮ ਲੋਕਾਂ ਦੀ ਲੁੱਟ-ਖਸੁੱਟ ਕਰਨ ਵਾਲਿਆਂ ਦੀ ਆਲੋਚਨਾ ਵੀ ਗੁਰੂ ਨਾਨਕ ਪਾਤਸ਼ਾਹ ਜੀ ਦੀ ਬਾਣੀ ਵਿਚ ਮੌਜੂਦ ਹੈ। ਰਹੀ ਗੱਲ ਬਾਬਾ ਫਰੀਦ ਜੀ ਦਾ ਅਸਰ ਕਬੂਲਣ ਦੀ। ਬਾਬਾ ਫਰੀਦ ਜੀ ਦੀ ਬਾਣੀ ਵਿਚ ਵਧੇਰੇ ਵਿਚਾਰ ਅਜਿਹੇ ਹਨ ਜੋ ਮਨੁੱਖ ਨੂੰ ਸਦਾਚਾਰਕ ਅਤੇ ਨੈਤਿਕ ਗੁਣਾਂ ਨੂੰ ਗ੍ਰਹਿਣ ਕਰਕੇ ਇਕ ਆਦਰਸ਼ਕ ਇਨਸਾਨ ਬਣਨ ਦੀ ਪ੍ਰੇਰਨਾ ਦੇਂਦੇ ਹਨ ਅਤੇ ਅਜਿਹੇ ਵਿਚਾਰਾਂ ਦੀ ਸਾਂਝ ਸਾਰੇ ਧਰਮਾਂ ਵਿਚ ਹੈ। ਦੂਜਾ, ਬਾਬਾ ਫਰੀਦ ਜੀ ਦੀ ਬਾਣੀ ਥੋੜ੍ਹੀ ਹੋਣ ਕਰਕੇ ਇਸ ਵਿਚ ਵਿਚਾਰਾਂ ਦੀ ਬਹੁਤੀ ਵਿਆਪਕਤਾ ਨਹੀਂ, ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਵਿਚਾਰਾਂ ਦੀ ਏਨੀ ਵਿਸ਼ਾਲਤਾ ਹੈ ਕਿ ਇਹ ਹਰ ਪੱਖੋਂ ਇਕ ਆਦਮੀ ਦੀ ਦੀਨ ਅਤੇ ਦੁਨੀਆਂ ਵਿਚ ਅਗਵਾਈ ਕਰਦੇ ਹਨ। ਇਸ ਲਈ ਬਾਬਾ ਫਰੀਦ ਜੀ ਦੇ ਵਿਚਾਰਧਾਰਾਈ ਪ੍ਰਭਾਵ ਦੀ ਗੱਲ ਵਧੇਰੇ ਤਰਕਸੰਗਤ ਨਹੀਂ। ਇਕ ਹੋਰ ਗੱਲ ਜੋ ਸਾਰੇ ਪਾਕਿਸਤਾਨੀ ਲੇਖਕਾਂ ਵਿਚ ਸਾਂਝੀ ਹੈ, ਉਹ ਹੈ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਬਾਰੇ ਪ੍ਰਮਾਣਿਕ ਜਾਣਕਾਰੀ ਦਾ ਅਭਾਵ। ਇਸੇ ਕਰਕੇ ਉਹ 'ਪ੍ਰਾਣ ਸੰਗਲੀ', 'ਕਰਨੀਨਾਮਾ', 'ਹਾਜ਼ਰਨਾਮਾ', 'ਨਸੀਹਤਨਾਮਾ' ਅਤੇ 'ਬਾਣੀ ਬਿਹੰਗਮ' ਵਗੈਰਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਮਿਲਦੀ ਕੱਚੀ ਬਾਣੀ ਨੂੰ ਵੀ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦੀ ਰਚਿਤ ਦੱਸ ਕੇ ਇਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਈ ਮੰਨਦੇ ਹਨ ਜਦ ਕਿ ਇਹ ਗੱਲ ਸਿਰੇ ਤੋਂ ਹੀ ਗਲਤ ਹੈ। ਕੁਲ ਮਿਲਾ ਕੇ ਅਸੀਂ ਕਹਿ ਸਕਦੇ ਹਾਂ ਕਿ ਪਾਕਿਸਤਾਨ ਵਿਚ ਅਕਾਦਮਿਕ ਪੱਧਰ ਉੱਪਰ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੀ ਬਾਣੀ ਬਾਰੇ ਚਰਚਾ ਬਹੁਤ ਥੋੜ੍ਹੀ, ਅਧੂਰੀ, ਉਲਾਰ ਅਤੇ ਉਕਾਈਆਂ ਭਰਪੂਰ ਹੈ।

# ਸਿੱਧਾਂ ਦੀਆਂ ਕਰਾਮਾਤਾਂ ਦਾ ਕੋਈ ਅਸਰ ਨਾ ਹੋਇਆ ਗੁਰੂ ਜੀ 'ਤੇ

**-ਡਾ. ਰਛਪਾਲ ਸਿੰਘ**

ਨਿਰੰਕਾਰੀ ਜੋਤਿ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਜਗਤ-ਜਲੰਦੇ ਨੂੰ ਤਾਰਦੇ ਹੋਏ, ਧਰਤਿ ਲੋਕਾਈ ਦੀ ਸੁਧਾਈ ਲਈ ਵੱਖ-ਵੱਖ ਥਾਵਾਂ 'ਤੇ ਯਾਤਰਾ ਲਈ ਗਏ। ਗੁਰੂ ਬਾਬੇ ਨੇ ਧਿਆਨ ਧਰ ਕੇ ਵੇਖਿਆ, ਸਾਰੀ ਧਰਤੀ ਹਉਮੈ ਅਤੇ ਕੂੜ ਦੀ ਅੱਗ ਵਿਚ ਸੜਦੀ ਹੋਈ ਨਜ਼ਰੀਂ ਆਈ। ਪੂਰੇ ਗੁਰੂ ਤੋਂ ਬਿਨਾਂ ਸਾਰੀ ਸ੍ਰਿਸ਼ਟੀ 'ਤੇ ਹਾਹਾਕਾਰ ਦੀ ਪੁਕਾਰਦੀ ਸੁਣੀ। ਜਗਤ ਕਲਿਆਣ ਲਈ ਸਤਿਗੁਰੂ ਜੀ ਉਦਾਸੀਆਂ (ਯਾਤਰਾਵਾਂ) ਦੀ ਰੀਤੀ ਦਾ ਪ੍ਰਾਰੰਭ ਕਰ ਕੇ, ਧਰਤਿ ਲੋਕਾਈ ਨੂੰ ਸੋਧਨ ਲਈ ਘਰੋਂ ਤੁਰ ਪਏ। ਜਗਤ ਗੁਰੂ ਬਾਬਾ ਜੀ ਤੀਰਥਾਂ ਉੱਤੇ ਗਏ ਅਤੇ ਸਾਰੇ ਪੂਰਬ ਫਿਰ ਕੇ ਵੇਖੇ। ਪੂਰਬਲੇ ਸਭ ਧਰਮ ਕਰਮਕਾਂਡਾਂ ਵਿਚ ਫਸੇ ਹੋਏ ਨਜ਼ਰੀਂ ਪਏ। ਸਾਰੀ ਪ੍ਰਿਥਵੀ ਅਤੇ ਚਾਰਾਂ ਜੁਗਾਂ (ਸਤਜੁਗ, ਤ੍ਰੇਤਾ, ਦੁਆਪਰ, ਕਲਯੁਗ) ਨੂੰ ਖੋਜ-ਵਿਚਾਰ ਕੇ ਵੇਖਿਆ। ਗੁਰੂ ਬਾਬੇ ਨੇ ਵੇਖਿਆ ਕਿ ਕਲਜੁਗ ਵਿਚ ਅੰਧਕਾਰ ਹੈ ਅਤੇ ਸਾਰੀ ਧਰਤੀ ਭਰਮਾਂ-ਭੇਖਾਂ ਵਿਚ ਹੀ ਫਸੀ ਪਈ ਹੈ। ਆਪ ਅਕਾਲ ਪੁਰਖ ਮਨੁੱਖ ਜਾਮੇ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਦੇ ਰੂਪ ਵਿਚ ਆ ਕੇ ਸਾਰੀ ਨੌਂ-ਖੰਡ ਧਰਤੀ 'ਤੇ ਫਿਰਿਆ। ਸੁਮੇਰ ਪਰਬਤ ਉੱਤੇ ਸਿੱਧਾਂ ਨਾਲ, ਮੱਕੇ ਵਿਚ ਕਾਜ਼ੀਆਂ ਨਾਲ, ਬਗ਼ਦਾਦ ਵਿਚ ਉੱਚ ਦੇ ਪੀਰ ਨਾਲ, ਗੋਸ਼ਟੀਆਂ ਕਰ ਕੇ ਆਪਣੀ ਜਿੱਤ ਦਾ ਡੰਕਾ ਵਜਾਉਣ ਤੋਂ ਬਾਅਦ, ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਕਰਤਾਰਪੁਰ (ਪਾਕਿਸਤਾਨ) ਵਿਚ ਆਣ ਟਿਕੇ। ਉਦਾਸੀ ਵਾਲਾ ਬਾਣਾ ਉਤਾਰ ਕੇ, ਸੰਸਾਰੀ ਲੋਕਾਂ ਵਾਂਗ ਜੀਵਨ ਬਤੀਤ ਕਰਨ ਲੱਗੇ। ਕਿਰਤ-ਵਿਰਤ ਦੇ ਨਾਲ, ਆਪ ਜੀ ਇਥੇ ਬੈਠ ਕੇ ਪਵਿੱਤਰ ਮੁੱਖ ਤੋਂ ਧੁਰ ਕੀ ਬਾਣੀ ਦਾ ਉਚਾਰਣ ਕਰਦੇ। ਗਿਆਨ-ਗੋਸ਼ਟੀਆਂ ਅਤੇ ਅਗੰਮੀ ਨਿਰੰਕਾਰ ਸਬੰਧੀ ਚਰਚਾ ਹੁੰਦੀ ਰਹਿੰਦੀ। ਅੰਮ੍ਰਿਤ ਵੇਲੇ ਜਪੁਜੀ ਸਾਹਿਬ, ਸ਼ਾਮ ਨੂੰ ਰਹਿਰਾਸ ਸਾਹਿਬ ਅਤੇ ਕੀਰਤਨ ਸੋਹਿਲਾ (ਆਰਤੀ) ਦੇ ਜਾਪ ਹੁੰਦੇ। ਕਰਤਾਰਪੁਰ ਵਿਖੇ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਜੋਤ ਸ੍ਰੀ ਗੁਰੂ ਅੰਗਦ ਦੇਵ ਜੀ ਵਿਚ ਰੱਖ ਕੇ, ਸੇਵਕ ਨੂੰ ਆਪਣਾ ਰੂਪ ਬਣਾ ਲਿਆ। ਗੁਰਦਾਸਪੁਰ ਜ਼ਿਲ੍ਹੇ ਵਿਚ ਬਟਾਲੇ ਦੀ ਧਰਤੀ 'ਤੇ ਅੱਚਲ ਸਾਹਿਬ ਦੇ ਸਥਾਨ 'ਤੇ ਹਰ ਸਾਲ ਨਵੰਬਰ ਮਹੀਨੇ ਵਿਚ ਸ਼ਿਵਰਾਤਰੀ ਦਾ ਭਾਰੀ ਮੇਲਾ ਲੱਗਦਾ ਹੈ। ਸ਼ਿਵਰਾਤਰੀ ਦਾ ਮੇਲਾ ਸੁਣ ਕੇ, ਗੁਰੂ ਬਾਬਾ ਜੀ ਬਟਾਲੇ ਦੇ ਲਾਗੇ ਅੱਚਲ ਪਿੰਡ ਵਿਚ ਆ ਗਏ। ਗੁਰੂ ਜੀ ਦਾ ਦਰਸ਼ਨ ਕਰਨ ਲਈ ਲੋਕ ਦੂਰੋਂ-ਦੂਰੋਂ ਬੜੇ ਉਤਸ਼ਾਹ ਨਾਲ ਆਏ। ਭਾਈ ਮਰਦਾਨਾ ਜੀ ਦੀ ਰਬਾਬ ਵਿਚੋਂ ਜਦੋਂ ਸਤਿ ਕਰਤਾਰੀ ਤਰਬਾਂ ਨਿਕਲੀਆਂ ਅਤੇ ਗੁਰੂ ਬਾਬੇ ਦੇ ਮੁਖਾਰਬਿੰਦ ਵਿਚੋਂ ਧੁਰ ਕੀ ਪਵਿੱਤਰ ਬਾਣੀ ਦੇ ਅਗੰਮੀ ਉਚਾਰਣ ਹੋਏ ਤਾਂ ਆਲੇ-ਦੁਆਲੇ ਦੇ ਸਭ ਲੋਕ ਮਸਤ ਹੋ ਕੇ, ਇਥੇ ਆਣ ਜੁੜ ਕੇ ਬੈਠ ਗਏ। ਉਨ੍ਹੀਂ ਦਿਨੀਂ ਇਸ ਇਲਾਕੇ ਵਿਚ ਅਤੇ ਵਿਸ਼ੇਸ਼ ਕਰਕੇ ਸ਼ਿਵਰਾਤਰੀ ਦੇ ਮੇਲੇ 'ਤੇ ਸਿੱਧ, ਨਾਥ, ਜੋਗੀਆਂ ਦਾ ਬੋਲਬਾਲਾ ਸੀ। ਸ੍ਰੀ ਗੁਰੂ ਨਾਨਕ ਸਾਹਿਬ ਦੇ ਅਖਾੜੇ ਵਿਚ ਬੈਠੀ ਹੋਈ ਲੋਕਾਂ ਦੀ ਭਾਰੀ ਭੀੜ ਨੂੰ ਵੇਖ ਕੇ ਸਿੱਧਾਂ-ਨਾਥਾਂ ਦੇ ਮਨ ਵਿਚ ਵੱਡਾ ਸਾੜਾ ਹੋਇਆ ਪਰ ਜੋਗੀਆਂ ਦੀ ਕੋਈ ਪੇਸ਼ ਨਾ ਗਈ ਤੇ ਚੁੱਪ ਹੀ ਰਹੇ। ਕੀਰਤਨ ਕਰਨ ਵਾਲਿਆਂ ਨੇ ਗੁਰੂ ਜੀ ਦੇ ਨੇੜੇ ਆ ਕੇ ਕੀਰਤਨ ਕੀਤਾ। ਸਿੱਧਾਂ-ਨਾਥਾਂ ਨੇ ਆਪਣੀਆਂ ਰਿਧੀਆਂ-ਸਿੱਧੀਆਂ ਜਾਂ ਹੇਰਾਫੇਰੀ ਨਾਲ, ਕੀਰਤਨ ਕਰਨ ਵਾਲਿਆਂ ਦਾ ਮਾਇਆ ਵਾਲਾ ਗੜਵਾ ਲੁਕਾ ਲਿਆ। ਮਾਇਆ ਵਾਲਾ ਲੋਟਾ ਗਵਾਚਾ ਵੇਖ ਕੇ, ਉਨ੍ਹਾਂ ਨੂੰ ਕੀਰਤਨ ਕਰਨਾ ਭੁੱਲ ਗਿਆ ਕਿਉਂਕਿ ਉਨ੍ਹਾਂ ਦੀ ਸੁਰਤ ਤਾਂ ਮਾਇਆ ਵਾਲੇ ਲੋਟੇ ਵਿਚ ਲੱਗੀ ਹੋਈ ਸੀ। ਅੰਤਰਯਾਮੀ ਅਰਥਾਤ ਜਾਣੀ-ਜਾਣ ਅਕਾਲ ਪੁਰਖ ਗੁਰੂ ਬਾਬੇ ਨੇ, ਜਿਥੇ ਜੋਗੀਆਂ ਨੇ ਮਾਇਆ ਵਾਲਾ ਲੋਟਾ ਲੁਕਾਇਆ ਸੀ, ਉਹ ਲੱਭ ਲਿਆ ਤੇ ਕੀਰਤਨੀਆਂ ਦੇ ਹਵਾਲੇ ਕਰ ਦਿੱਤਾ। ਇਹ ਕੌਤਕ ਵੇਖ ਕੇ ਜੋਗੀਆਂ ਨੂੰ ਬਹੁਤ ਗੁੱਸਾ ਆਇਆ। ਭਾਈ ਗੁਰਦਾਸ ਜੀ ਨੇ ਇਸ ਨੂੰ ਇਸ ਪ੍ਰਕਾਰ ਪ੍ਰਗਟਾਇਆ ਹੈ:

ਮੇਲਾ ਸੁਣਿ ਸਿਵਰਾਤਿ ਦਾ ਬਾਬਾ ਅਚਲ ਵਟਾਲੇ ਆਈ।
ਦਰਸਨੁ ਵੇਖਣਿ ਕਾਰਨੇ ਸਗਲੀ ਉਲਟਿ ਪਈ ਲੋਕਾਈ।
ਲਗੀ ਬਰਸਣਿ ਲਛਮੀ ਰਿਧਿ ਸਿਧਿ ਨਉ ਨਿਧਿ ਸਵਾਈ।
ਜੋਗੀ ਦੇਖਿ ਚਲਿਤ੍ਰ ਨੋ ਮਨ ਵਿਚਿ ਰਿਸਕਿ ਘਨੇਰੀ ਖਾਈ।
ਭਗਤੀਆ ਪਾਈ ਭਗਤਿ ਆਣਿ, ਲੋਟਾ ਜੋਗੀ ਲਇਆ ਛਪਾਈ।



ਭਗਤੀਆ ਗਈ ਭਗਤਿ ਭੁਲਿ ਲੋਟੇ ਅੰਦਰਿ ਸੁਰਤਿ ਭੁਲਾਈ।
ਬਾਬਾ ਜਾਣੀ ਜਾਣ ਪੁਰਖ ਕਢਿਆ ਲੋਟਾ ਜਹਾ ਲੁਕਾਈ।
ਵੇਖਿ ਚਲਿਤ੍ਰਿ ਜੋਗੀ ਖੁਣਿਸਾਈ॥ (ਵਾਰ 1;39)

ਜੋਗੀਆਂ ਦੁਆਰਾ ਲੁਕਾਇਆ ਹੋਇਆ ਲੋਟਾ ਜਦ ਗੁਰੂ ਜੀ ਨੇ ਲੱਭ ਦਿੱਤਾ ਤਾਂ ਜੋਗੀਆਂ ਨੇ ਗੁੱਸੇ ਵਿਚ ਗੁਰੂ ਜੀ ਨੂੰ ਦੁਰਬਚਨ ਬੋਲਣੇ ਸ਼ੁਰੂ ਕਰ ਦਿੱਤੇ। ਕਈ ਵਿਦਵਾਨਾਂ ਨੇ 'ਭਗਤੀਆ' ਦਾ ਅਰਥ 'ਰਾਸਧਾਰੀਏ' ਵੀ ਕੀਤਾ ਹੈ ਜੋ ਕਿ ਗੁਰਮਤਿ ਅਨੁਸਾਰ ਠੀਕ ਨਹੀਂ ਜਾਪਦਾ, ਕਿਉਂਕਿ ਗੁਰੂ ਜੀ ਰਾਸਾਂ ਨਹੀਂ ਸਨ ਵੇਖ ਸਕਦੇ। ਗੁਰੂ ਜੀ ਨੇ ਤਾਂ ਰਾਸਾਂ ਦਾ ਖ਼ੁਦ ਖੰਡਨ ਕੀਤਾ ਹੈ। ਗੁੱਸਾ ਖਾ ਕੇ ਸਾਰੇ ਜੋਗੀ ਉੱਠ ਕੇ ਗੁਰੂ ਬਾਬੇ ਨਾਲ ਗੋਸਟਿ ਕਰਨ ਲਈ ਆ ਗਏ। ਜੋਗੀ ਭੰਗਰ ਨਾਥ ਨੇ ਪੁੱਛਿਆ, "ਹੇ ਨਾਨਕ, ਤੂੰ ਦੁੱਧ ਵਿਚ ਕਾਂਜੀ ਪਾ ਕੇ, ਦੁੱਧ ਨੂੰ ਕਿਉਂ ਖ਼ਰਾਬ ਕਰ ਦਿੱਤਾ ਹੈ? ਅਰਥਾਤ ਦੁੱਧ ਦਾ ਮਟਕਾ ਫਿਟ ਜਾਣ ਕਰਕੇ, ਰਿੜਕਿਆਂ ਮੱਖਣ ਵੀ ਨਹੀਂ ਮਿਲਦਾ। ਉਦਾਸੀ ਦਾ ਭੇਖ ਉਤਾਰ ਕੇ, ਤੂੰ ਫਿਰ ਸੰਸਾਰੀਆਂ ਵਾਲੀ ਰੀਤੀ ਕਿਉਂ ਚਲਾ ਦਿੱਤੀ ਹੈ?" ਗੁਰੂ ਜੀ ਨੇ ਉੱਤਰ ਦਿੱਤਾ, "ਹੇ ਜੋਗੀ ਭੰਗਰ ਨਾਥ! ਤੇਰੀ ਮਾਂ (ਬੁੱਧੀ) ਕੁਚੱਜੀ ਹੈ, ਜਿਸ ਨੇ ਤੇਰੇ ਹਿਰਦੇ (ਭਾਂਡੇ) ਨੂੰ ਚੰਗੀ ਤਰ੍ਹਾਂ ਸਾਫ਼ ਨਹੀਂ ਕੀਤਾ। ਇਸ ਕੁਚੱਜਪੁਣੇ ਕਰਕੇ ਹੀ ਤੇਰਾ ਗਿਆਨ ਰੂਪੀ ਫੁੱਲ ਤੇ ਫਲ ਸੜ ਗਿਆ ਹੈ। ਕਿਉਂਕਿ ਤੁਸੀਂ ਗ੍ਰਿਹਸਤ ਨੂੰ ਤਿਆਗ ਕੇ, ਫਕੀਰ ਹੋਏ ਫਿਰਦੇ ਹੋ ਅਤੇ ਫਿਰ ਪੇਟ ਦੀ ਖ਼ਾਤਰ ਮੰਗਣ ਦੁਬਾਰਾ ਗ੍ਰਿਹਸਤੀਆਂ ਦੇ ਘਰੀਂ ਹੀ ਜਾਂਦੇ ਹੋ। ਬਿਨਾਂ ਗ੍ਰਿਹਸਤੀਆਂ ਦੇ ਦਿੱਤਿਆਂ ਤੁਹਾਡੇ ਹੱਥ ਕੁਝ ਵੀ ਨਹੀਂ ਆਉਂਦਾ":

ਖਾਧੀ ਖੁਨਸਿ ਜੋਗੀਸਰਾਂ ਗੋਸਟਿ ਕਰਨਿ ਸਭੇ ਉਠਿ ਆਈ।
ਪੁਛੇ ਜੋਗੀ ਭੰਗਰਨਾਥੁ, 'ਤੁਹਿ ਦੁਧ ਵਿਚਿ ਕਿਉ ਕਾਂਜੀ ਪਾਈ?
ਫਿਟਿਆ ਚਾਟਾ ਦੁਧ ਦਾ ਰਿੜਕਿਆ ਮਖਣੁ ਹਥਿ ਨ ਆਈ।
ਭੇਖ ਉਤਾਰਿ ਉਦਾਸਿ ਦਾ, ਵਤਿ ਕਿਉ ਸੰਸਾਰੀ ਰੀਤਿ ਚਲਾਈ?'

ਨਾਨਕ ਆਖੇ, 'ਭੰਗਰਿਨਾਥ! ਤੇਰੀ ਮਾਉ ਕੁਚਜੀ ਆਹੀ।
ਭਾਂਡਾ ਧੋਇ ਨ ਜਾਤਿਓਨਿ ਭਾਇ ਕੁਚਜੇ ਫੁਲੁ ਸੜਾਈ।
ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰਿ ਉਨਹੁ ਕੇ ਘਰਿ ਮੰਗਣਿ ਜਾਈ।
ਬਿਨੁ ਦਿਤੇ ਕਛੁ ਹਥਿ ਨ ਆਈ'॥ (ਵਾਰ 1;40)

ਸਿੱਧਾਂ-ਨਾਥਾਂ ਨੂੰ ਆਪਣੀਆਂ ਰਿਧੀਆਂ-ਸਿੱਧੀਆਂ ਉੱਪਰ ਵੱਡਾ ਹੰਕਾਰ ਸੀ। ਸ੍ਰੀ ਗੁਰੂ ਨਾਨਕ ਸਾਹਿਬ ਦੇ ਇਹ ਬਚਨ ਸੁਣ ਕੇ ਉਨ੍ਹਾਂ ਨੇ ਉੱਚੀ-ਉੱਚੀ ਚੀਕਾਂ ਮਾਰਮਾਰ ਕੇ ਰੌਲਾ ਪਾਇਆ। ਉਨ੍ਹਾਂ ਨੇ ਕਿਹਾ ਕਿ ਕਲਜੁਗ ਵਿਚ ਨਾਨਕ ਬੇਦੀ ਨੇ ਆ ਕੇ ਛੇ ਦਰਸ਼ਨਾਂ (ਸ਼ਾਸਤਰਾਂ) ਨੂੰ ਦੁੱਖ ਦਿੱਤਾ ਹੈ। ਸਿੱਧਾਂ ਨੇ ਆਪਣੀਆਂ ਕਰਾਮਾਤਾਂ ਨਾਲ ਤੰਤਰਾਂ-ਮੰਤਰਾਂ ਦੀ ਧੁਨ ਚੜ੍ਹਾ ਲਈ। ਸਾਰਿਆਂ ਨੇ ਆਪਣੇ-ਆਪਣੇ ਰੂਪ ਬਦਲ ਲਏ। ਕੋਈ ਸ਼ੇਰ ਤੇ ਕੋਈ ਬਘਿਆੜ ਆਦਿ ਬਣ ਕੇ, ਡਰਾਉਣ ਲੱਗ ਪਿਆ। ਕਈ ਜੋਗੀ ਖੰਭ ਲਾ ਕੇ ਉੱਡਣ ਲੱਗ ਪਏ। ਉਹ ਸੱਪ ਬਣ ਕੇ ਜ਼ੋਰ-ਜ਼ੋਰ ਦੀ ਫੂੰਕਾਰੇ ਮਾਰਨ ਲੱਗੇ। ਉਨ੍ਹਾਂ ਨੇ ਜ਼ੋਰ ਦੀ ਹਨੇਰੀ ਛੱਡ ਦਿੱਤੀ। ਅੱਗ ਦਾ ਮੀਂਹ ਵਰ੍ਹਾਉਣਾ ਸ਼ੁਰੂ ਕਰ ਦਿੱਤਾ। ਹਿਰਨ ਦੀ ਖੱਲ 'ਤੇ ਸਵਾਰ ਹੋ ਕੇ, ਉਹ ਪਾਣੀ ਉੱਪਰ ਤੈਰਨ ਲੱਗ ਪਏ। ਸਿੱਧਾਂ ਦੇ ਮਨ ਦੀ ਈਰਖਾ ਬਹੁਤ ਪ੍ਰਚੰਡ ਹੋ ਗਈ। ਭਾਈ ਗੁਰਦਾਸ ਜੀ ਨੇ ਆਪਣੇ ਸ਼ਬਦਾਂ ਵਿਚ ਇਸ ਨੂੰ ਇਸ ਪ੍ਰਕਾਰ ਪ੍ਰਗਟਾਇਆ ਹੈ;

ਇਹਿ ਸੁਣਿ ਬਚਨਿ ਜੋਗੀਸਰਾਂ ਮਾਰਿ ਕਿਲਕ ਬਹੁ ਰੂਇ ਉਠਾਈ।
ਖਟਿ ਦਰਸਨ ਕਉ ਖੇਦਿਆ ਕਲਿਜੁਗਿ ਨਾਨਕ ਬੇਦੀ ਆਈ।
ਸਿਧਿ ਬੋਲਨਿ ਸਭਿ ਅਵਖਧੀਆ ਤੰਤ੍ਰ ਮੰਤ੍ਰ ਕੀ ਧੁਨੋ ਚੜ੍ਹਾਈ।
ਰੂਪ ਵਟਾਏ ਜੋਗੀਆਂ, ਸਿੰਘ ਬਾਘਿ ਬਹੁ ਚਲਿਤਿ ਦਿਖਾਈ।
ਇਕਿ ਪਰਿ ਕਰਿ ਕੈ ਉਡਰਨਿ ਪੰਖੀ ਜਿਵੈ ਰਹੇ ਲੀਲਾਈ।
ਇਕ ਨਾਗ ਹੋਇ ਪਉਣ ਛੋੜਿਆ, ਇਕਨਾ ਵਰਖਾ ਅਗਨਿ ਵਸਾਈ।
ਤਾਰੇ ਤੋੜੇ ਭੰਗਰਿਨਾਥ ਇਕ ਚੜਿ ਮਿਰਗਾਨੀ ਜਲੁ ਤਰਿ ਜਾਈ।
ਸਿਧਾ ਅਗਨਿ ਨ ਬੁਝੈ ਬੁਝਾਈ॥ (ਵਾਰ 1;41)

ਆਪਣੀਆਂ ਸਭ ਪ੍ਰਕਾਰ ਦੀਆਂ ਕਰਾਮਾਤਾਂ ਅਤੇ ਚਲਿਤ੍ਰ ਕਰ ਕੇ, ਜੋਗੀ ਨਾਥ ਹਾਰ ਹੰਭ ਕੇ ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕੋਲ ਆਣ ਕੇ ਬੈਠ ਗਏ। ਉਨ੍ਹਾਂ ਨੇ ਕਿਹਾ ਕਿ "ਹੇ ਨਾਨਕ! ਤੂੰ ਸੰਸਾਰ ਨੂੰ ਆਪਣੀ ਕੀ ਕਰਾਮਾਤ ਵਿਖਾਈ ਹੈ? ਕੁਝ ਸਾਨੂੰ ਵੀ ਵਿਖਾ?"


ਗੁਰੂ ਜੀ ਨੇ ਉੱਤਰ ਦਿੱਤਾ, "ਅਸੀਂ ਵੇਖ ਲਿਆ ਹੈ ਕਿ ਜੋਗੀ ਕੁਝ ਨਹੀਂ ਹਨ। ਸਾਡੇ ਕੋਲ ਬਾਣੀ ਗੁਰੂ ਅਤੇ ਸੰਗਤ ਤੋਂ ਬਿਨਾਂ, ਹੋਰ ਕਿਸੇ ਦਾ ਰਤੀ ਭਰ ਵੀ ਆਸਰਾ ਨਹੀਂ ਹੈ।" ਇੰਨੇ ਬਚਨ ਕਰ ਕੇ ਗੁਰੂ ਜੀ ਤਾਂ ਅਚਲ (ਅਡੋਲ) ਹੋ ਗਏ। ਅਹਿੱਲ ਹੋ ਗਏ। ਸਿੱਧਾਂ-ਨਾਥਾਂ ਨੇ ਕਰਾਮਾਤਾਂ ਨਾਲ ਜ਼ੋਰ ਲਾ ਲਿਆ ਪਰ ਜਿਸ ਤਰ੍ਹਾਂ ਧਰਤੀ ਹਿਲਾਇਆਂ ਨਹੀਂ ਹਿੱਲ ਸਕਦੀ, ਇਵੇਂ ਹੀ ਗੁਰੂ ਜੀ ਨਾ ਹਿੱਲੇ। ਸਿੱਧਾਂ ਦੇ ਜੰਤਰ-ਮੰਤਰ ਸਾਰੇ ਵਿਅਰਥ ਗਏ। ਗੁਰੂ ਜੀ ਦੇ ਸ਼ਬਦ ਨੇ ਉਨ੍ਹਾਂ ਦੀਆਂ ਸਾਰੀਆਂ ਸ਼ਕਤੀਆਂ ਹੀ ਖ਼ਤਮ ਕਰ ਦਿੱਤੀਆਂ। ਗੁਰੂ ਜੀ ਨੇ ਉਨ੍ਹਾਂ ਨੂੰ ਉਪਦੇਸ਼ ਕੀਤਾ, "ਸਾਡੇ ਕੋਲ ਸੱਚੇ ਨਾਮ ਤੋਂ ਬਿਨਾਂ ਹੋਰ ਕੋਈ ਕਰਾਮਾਤ ਹੈ ਹੀ ਨਹੀਂ":

ਬਾਬਾ ਬੋਲੇ ਨਾਥ ਜੀ! ਸਬਦੁ ਸੁਨਹੁ ਸਚੁ ਮੁਖਹੁ ਅਲਾਈ।
ਬਾਝੋ ਸਚੇ ਨਾਮ ਦੇ ਹੋਰੁ ਕਰਾਮਾਤਿ ਅਸਾਂ ਤੇ ਨਾਹੀ।
(ਵਾਰ 1;43)

ਗੁਰੂ ਜੀ ਨੇ ਸਿੱਧਾਂ ਨਾਲ ਗੋਸ਼ਟੀ ਕੀਤੀ। ਗੁਰੂ ਜੀ ਦੇ ਸ਼ਬਦ ਨਾਲ, ਸਿੱਧਾਂ ਦੇ ਮਨਾਂ ਵਿਚ ਸ਼ਾਂਤੀ ਆ ਗਈ। ਉਨ੍ਹਾਂ ਦੇ ਹੰਕਾਰ ਦਾ ਪਾਰਾ ਲਹਿ ਗਿਆ। ਗੁਰੂ ਜੀ ਨੇ ਸ਼ਿਵਰਾਤਰੀ ਦਾ ਮੇਲਾ ਜਿੱਤ ਲਿਆ। ਛੇ ਦਰਸ਼ਨਾਂ ਅਤੇ ਸਾਰੇ ਸਿੱਧਾਂ-ਨਾਥਾਂ ਨੇ ਗੁਰੂ ਜੀ ਨੂੰ ਨਮਸਕਾਰ ਕੀਤੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ 'ਧਨੁ ਨਾਨਕ ਤੇਰੀ ਵਡੀ ਕਮਾਈ' ਅਤੇ 'ਵਡਾ ਪੁਰਖੁ' ਆਖਿਆ;

ਬਾਬੇ ਕੀਤੀ ਸਿਧਿ ਗੋਸਟਿ ਸਬਦੀ ਸਾਂਤਿ ਸਿਧਾਂ ਵਿਚਿ ਆਈ।
ਜਿਣਿ ਮੇਲਾ ਸਿਵਰਾਤਿ ਦਾ ਖਟ ਦਰਸਨਿ ਆਦੇਸਿ ਕਰਾਈ।
ਸਿਧਿ ਬੋਲਨਿ ਸੁਭਿ ਬਚਨਿ ਧਨੁ ਨਾਨਕ ਤੇਰੀ ਵਡੀ ਕਮਾਈ।
ਵਡਾ ਪੁਰਖੁ ਪਰਗਟਿਆ ਕਲਿਜੁਗਿ ਅੰਦਰਿ ਜੋਤਿ ਜਗਾਈ। (ਵਾਰ 1;44)

## ਕਹਾਣੀ



# ਟੁੱਟਾ ਹੋਇਆ ਸਿਰਾ

-ਸੁਖਬੀਰ

**ਉਸ** ਦਿਨ ਫੇਰ ਮਾਂ ਨੇ ਬੜੀ ਫ਼ਿਕਰਮੰਦ ਹੋ ਕਿ ਮੇਰੇ ਨਾਲ ਨਾਲ ਤੋਸ਼ੀ ਦੇ ਰਿਸ਼ਤੇ ਦੀ ਗੱਲ ਛੇੜੀ, ''ਤੈਨੂੰ ਤਾਂ ਜਿਵੇਂ ਕੋਈ ਫ਼ਿਕਰ ਹੀ ਨਹੀਂ। ਇਨੀ ਵੱਡੀ ਹੋ ਗਈ ਏਂ। ਇਸ ਕੱਤਕ ਤੋਂ ਵੀਹਵਾਂ ਲਗ ਗਿਆ ਏ। ਹੁਣ ਹੋਰ ਨਹੀਂ ਮੈਂ ਉਡੀਕ ਸਕਣਾ।...''

ਅਸਲ ਵਿਚ, ਤੋਸ਼ੀ ਦੇ ਰਿਸ਼ਤੇ ਬਾਰੇ ਮੈਨੂੰ ਫ਼ਿਕਰ ਸੀ ਵੀ, ਤੇ ਨਹੀਂ ਵੀ। ਹਾਲੀਂ ਉਹ ਪੜ੍ਹ ਰਹੀ ਸੀ। ਮੈਂ ਸੋਚਦਾ ਕਿ ਉਹ ਬੀ.ਏ. ਕਰ ਲਏ, ਸਗੋਂ ਐਮ.ਏ. ਕਰ ਲਏ, ਫੇਰ ਹੀ ਕਿਤੇ ਰਿਸ਼ਤਾ ਕੀਤਾ ਜਾ ਸਕਦਾ ਹੈ। ਨਾਲੇ, ਉਹ ਮੈਨੂੰ ਇਨੀ ਮਾਸੂਮ ਜਿਹੀ ਲਗਦੀ ਕਿ ਕਦੇ ਏਡੀ ਵਡੀ ਜਾਪੀ ਹੀ ਨਹੀਂ ਸੀ ਕਿ ਉਸ ਦੇ ਰਿਸ਼ਤੇ ਦਾ ਖ਼ਾਸ ਫ਼ਿਕਰ ਹੁੰਦਾ।

ਮਾਂ ਨਾਲ ਗੱਲਾਂ ਕਰਦਿਆਂ ਅਚਾਨਕ ਮੈਨੂੰ ਅਨੂਪ ਦਾ ਖ਼ਿਆਲ ਆਇਆ ਤੇ ਹੈਰਾਨੀ ਹੋਈ ਕਿ ਭਲਾ ਇਸ ਤੋਂ ਪਹਿਲਾਂ ਕਦੇ ਉਸ ਦਾ ਖ਼ਿਆਲ ਕਿਉਂ ਨਹੀਂ ਸੀ ਆਇਆ। ਉਂਜ, ਮਾਂ ਦੇ ਨੁਕਤੇ ਤੋਂ ਸੋਚਿਆਂ ਉਸ ਦਾ ਖਿਆਲ ਆਉਣਾ ਸੰਭਵ ਸੀ ਵੀ ਨਹੀਂ।

ਅਨੂਪ ਉਨ੍ਹੀਂ ਦਿਨੀਂ ਹਿੰਦੁਸਤਾਨ ਦੇ ਜੰਗਲੀ ਇਲਾਕਿਆਂ ਦਾ ਦੌਰਾ ਕਰ ਰਿਹਾ ਸੀ। ਇਹ ਉਸ ਦਾ ਇਕ ਤਰ੍ਹਾਂ ਦਾ ਝੱਲਪੁਣਾ ਹੀ ਸੀ। ਇਕ ਵਾਰ ਉਸਨੂੰ ਖ਼ਿਆਲ ਆਇਆ ਕਿ ਉਹ ਇਲਾਕੇ ਵੇਖਣੇ ਚਾਹੀਦੇ ਹਨ, ਤਾਂ ਕੁਝ ਦਿਨ ਉਹਨਾਂ ਇਲਾਕਿਆਂ ਬਾਰੇ ਪੜ੍ਹਦਾ ਰਿਹਾ, ਦੋਸਤਾਂ ਨਾਲ ਗੱਲਾਂ ਕਰਦਾ ਰਿਹਾ, ਤੇ ਫੇਰ ਇਕ ਦਿਨ ਨੌਕਰੀ ਛੱਡ ਕੇ ਉਹਨਾਂ ਇਲਾਕਿਆਂ ਦੇ ਦੌਰੇ 'ਤੇ ਤੁਰ ਪਿਆ। ਉਹ ਸਾਲ ਭਰ ਦਾ ਪ੍ਰੋਗਰਾਮ ਬਣਾ ਕੇ ਗਿਆ ਸੀ, ਪਰ ਸਤਾਂ ਮਹੀਨਿਆਂ ਪਿਛੋਂ ਹੀ ਪਰਤ ਆਇਆ। ਉਹ ਮੈਨੂੰ ਮਿਲਿਆ, ਤਾਂ ਮੈਂ ਉਸਨੂੰ ਪਛਾਣ ਹੀ ਨਾ ਸਕਿਆ। ਉਸ ਦੇ ਚਿਹਰੇ 'ਤੇ ਦਾੜ੍ਹੀ-ਮੁੱਛਾਂ ਸਨ, ਤੇ ਸਿਰ ਦੇ ਵਾਲ ਵਧੇ ਹੋਏ। ਦਾੜ੍ਹੀ-ਮੁੱਛਾਂ ਵਿਚ ਉਸ ਦਾ ਚਿਹਰਾ ਭਰਿਆ ਹੋਇਆ ਲਗ ਰਿਹਾ ਸੀ। ਤੇ ਉਸ ਨੇ ਵਧੀਆ ਸੂਟ ਪਾਇਆ ਹੋਇਆ ਸੀ। ਅਖ਼ੀਰ, ਜਦ ਮੈਂ ਉਸਨੂੰ ਪਛਾਣਿਆ, ਤਾਂ ਮੇਰੇ ਮੂੰਹੋਂ ਨਿਕਲਿਆ, ''ਜੰਗਲਾਂ ਵਿਚ ਜਾ ਕੇ ਇਹ ਕੀ ਸ਼ਕਲ ਬਣਾ ਲਈ ਏ!''

''ਇਸ ਸ਼ਕਲ ਕਰਕੇ ਜੰਗਲੀ ਲੋਕਾਂ ਨਾਲ ਮਿਲਣ-ਜੁਲਣ ਵਿਚ ਬੜੀ ਮਦਦ ਮਿਲੀ ਏ। ਤੇ ਫੇਰ, ਉਥੇ ਹਜਾਮਤ ਕਰਨ ਦਾ ਸਮਾਂ ਕਿਥੇ ਮਿਲਦਾ ਸੀ?''

ਅਸੀਂ ਦੇਰ ਤਕ ਗੱਲਾਂ ਕਰਦੇ ਰਹੇ। ਜੰਗਲੀ ਇਲਾਕਿਆਂ ਦੇ ਲੋਕਾਂ ਦੀ ਰਹਿਣੀ-ਬਹਿਣੀ, ਖਾਣ-ਪੀਣ, ਰਸਮਾਂ-ਰਿਵਾਜ਼ਾਂ ਤੇ ਸੱਭਿਅਤਾ ਬਾਰੇ ਅਨੂਪ ਨੇ ਬੜੀਆਂ ਦਿਲਚਸਪ ਗੱਲਾਂ ਦੱਸੀਆਂ। ਉਸ ਦੀ ਆਪਣੀ ਜ਼ਿੰਦਗੀ ਵੀ ਕੋਈ ਘਟ ਦਿਲਚਸਪ ਨਹੀਂ ਸੀ। ਕਦੇ ਅਸੀਂ ਕਾਲਜ ਵਿਚ ਇਕੱਠੇ ਪੜ੍ਹਦੇ ਸਾਂ। ਫੇਰ, ਜ਼ਿੰਦਗੀ ਵਿਚ ਮੈਂ ਹੋਰ ਪਾਸੇ ਨਿਕਲ ਗਿਆ, ਅਨੂਪ ਹੋਰ ਪਾਸੇ। ਬਿਲਕੁਲ ਹੀ ਵਖ-ਵਖ ਕਿਸਮ ਦੀਆਂ ਜ਼ਿੰਦਗੀਆਂ ਸਨ ਸਾਡੀਆਂ, ਪਰ ਫੇਰਵੀ ਸਾਡਾ ਆਪਸ ਵਿਚ ਅਜਿਹਾ ਸੰਬੰਧ ਸੀ ਕਿ ਅਸੀਂ ਮਿਲਦੇ, ਤਾਂ ਘੰਟਿਆਂ-ਬੱਧੀ ਗੱਲਾਂ ਕਰਦੇ, ਘੁੰਮਦੇ-ਫਿਰਦੇ। ਪੜ੍ਹਾਈ ਪੂਰੀ ਕਰਕੇ ਮੈਂ ਵਪਾਰ ਵਿਚ ਪੈ ਗਿਆ ਸਾਂ, ਪਰ ਅਨੂਪ ਨੇ ਕੋਈ ਕੰਮ ਨਹੀਂ ਸੀ ਫੜਿਆ। ਉਂਜ, ਵੇਖਿਆ ਜਾਏ, ਤਾਂ ਉਹ ਕਈਆਂ ਕੰਮਾਂ ਵਿਚ ਪਿਆ ਸੀ। ਉਹ ਸ਼ੁਰੂ ਤੋਂ ਹੀ ਅਜਿਹਾ ਉਖੜਿਆ ਸੀ ਕਿ ਉਸ ਦੇ ਪੈਰ ਵਧੇਰੇ ਚਿਰ ਲਈ ਇਕ ਥਾਂ ਟਿਕੇ ਨਹੀਂ ਸਨ। ਪਿਛਲੇ ਅੱਠਾਂ ਵਰ੍ਹਿਆਂ ਵਿਚ ਉਸਨੇ ਕਈ ਕੰਮ ਕੀਤੇ ਸਨ, ਜਿਨ੍ਹਾਂ ਵਿਚ ਵਿਹਲੇ ਬੈਠ ਕੇ ਤੇ ਘੁੰਮ-ਫਿਰ ਕੇ ਸਮਾਂ ਕੱਟਣਾ ਵੀ ਇਕ ਕੰਮ ਸੀ। ਉਸ ਦੀ ਨਜ਼ਰ ਵਿਚ ਇਹ ਸਭ ਤੋਂ ਵਧ ਦਿਲਚਸਪ ਤੇ ਅਹਿਮ ਕੰਮ ਸੀ। ਜੰਗਲੀ ਇਲਾਕਿਆਂ ਦੇ ਦੌਰੇ 'ਤੇ ਜਾਣ ਤੋਂ ਪਹਿਲਾਂ ਉਹ ਇਕ ਨਵੀਂ ਖੁੱਲ੍ਹੀ ਵਿਗਿਆਪਨ ਕੰਪਨੀ ਵਿਚ ਆਰਟ-ਡਾਇਰੈਕਟਰ ਲੱਗਾ ਹੋਇਆ ਸੀ, ਜਿਥੇ ਉਸ ਨੂੰ ਸਾਢੇ ਅੱਠ ਸੌ ਰੁਪਏ ਤਨਖਾਹ ਮਿਲਦੀ ਸੀ। ਉਹ ਦਫ਼ਤਰ ਵਿਚ ਕਮਰਸ਼ੀਅਲ ਆਰਟ ਦਾ ਕੰਮ ਕਰਦਾ ਤੇ ਘਰ ਆ ਕੇ ਅਮੂਰਤ ਕਿਸਮ ਤੇ ਚਿੱਤਰ ਬਣਾਉਂਦਾ। ਉਹ ਕਿਹਾ ਕਰਦਾ, ''ਕਮਰਸ਼ਿਅਲ ਆਰਟ ਦੇ ਕੰਮ ਵਿਚ ਇਨਾਂ ਅਕੇਵਾਂ ਹੋ ਜਾਂਦਾ ਏ ਤੇ ਐਬਸਟਰੈਕਟਰ ਪੇਂਟਿੰਗ ਕਰਕੇ ਉਸ ਤੋਂ ਛੁਟਕਾਰਾ ਪਾਇਆ ਜਾ ਸਕਦਾ ਏ।''

ਇਸ ਨੌਕਰੀ ਤੋਂ ਪਹਿਲਾਂ ਉਹ ਕਾਲਜ ਵਿਚ ਪੜ੍ਹਾਉਂਦਾ ਸੀ, ਪਰ ਇਕ ਸਾਲ ਵਿਚ ਹੀ ਅੱਕ ਗਿਆ ਸੀ। ਉਹ ਕਿਹਾ ਕਰਦਾ, ''ਅਜ-ਕਲ੍ਹ ਦੀ ਤਾਲੀਮ ਦਾ ਪੱਧਰ ਇਨਾ ਨੀਵਾਂ ਏਂ ਕਿ ਪੜ੍ਹਾਉਣ ਵਿਚ ਕੋਈ ਸਵਾਦ ਹੀ ਨਹੀਂ ਆਉਂਦਾ। ਇੰਜ ਲਗਦਾ ਏ, ਜਿਵੇਂ ਪੰਜਵੀਂ-ਛੇਵੀਂ ਦੇ ਬੱਚਿਆਂ ਨੂੰ ਪੜ੍ਹਾਉਣਾ ਪੈ ਰਿਹਾ ਹੋਵੇ। ਕੀਟਸ ਤੇ ਵਰਡਸਵਰਥ ਦੀਆਂ ਕਵਿਤਾਵਾਂ ਦੇ ਅਰਥ ਦਸ ਦੇਣੇ ਤੇ ਨੋਟਸ ਲਿਖਾ ਦੇਣੇ ਹੀ ਤਾਂ ਪੜ੍ਹਾਉਣਾ ਨਹੀਂ ਏ। ਤੇ ਜੇ ਰਤਾ ਸਹੀ ਅਰਥਾਂ ਵਿਚ ਕੀਟਸ ਜਾਂ ਵਰਡਸਵਰਥ ਪੜ੍ਹਾਇਆ ਜਾਏ ਤਾਂ ਵਿਦਿਆਰਥੀ ਮੂੰਹ ਵੇਖਦੇ ਰਹਿ ਜਾਂਦੇ ਹਨ।''

ਕਾਲਜ ਦੀ ਨੌਕਰੀ ਕਰਦਿਆਂ ਵੀ ਉਹ ਇਨਾ ਅੱਕ ਗਿਆ ਸੀ ਕਿ ਉਸ ਨੇ ਨੌਕਰੀ ਛੱਡਣ ਪਿਛੋਂ ਪੜ ਯਥਾਰਥਵਾਦੀ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ ਸਨ, ਤੇ ਕੁਝ ਹੀ ਚਿਰ ਪਿਛੋਂ ਉਸ ਅਕੇਵੇਂ ਤੋਂ ਛੁਟਕਾਰਾ ਪਾ ਗਿਆ ਸੀ। ਫੇਰ, ਉਸਨੇ ਕਵਿਤਾਵਾਂ ਲਿਖਣੀਆਂ ਛੱਡ ਦਿਤੀਆਂ ਸਨ। ਅਖ਼ੀਰ, ਪਤਾ ਨਹੀਂ ਉਸ ਦੇ ਮਨ ਵਿਚ ਕੀ ਆਇਆ ਸੀ ਕਿ ਉਸਨੇ ਕਮਰਸ਼ੀਅਲ ਆਰਟਿਸਟ ਦੇ ਤੌਰ 'ਤੇ ਨੌਕਰੀ ਕਰ ਲਈ ਸੀ।

ਕਾਲਜ ਦੀ ਨੌਕਰੀ ਤੋਂ ਪਹਿਲਾਂ ਉਸਨੇ ਕਈ ਕੁਝ ਕੀਤਾ ਸੀ। ਉਹ ਛੇ ਮਹੀਨੇ ਕਲਾਸਕੀ ਸੰਗੀਤ ਸਿੱਖਦਾ ਰਿਹਾ ਸੀ, ਸਾਲ ਭਰ ਰਾਜਨੀਤਿਕ ਸਰਗਰਮੀਆਂ ਵਿਚ ਲਗਾ ਰਿਹਾ ਸੀ, ਕੁਝ ਚਿਰ ਪੇਂਟਿੰਗ ਦਾ ਕੋਰਸ ਕੀਤਾ ਸੀ, ਟਿਊਸ਼ਨਾਂ ਕੀਤੀਆਂ ਸਨ, ਜਾਣ-ਬੁੱਝ ਕੇ ਬੇਕਾਰ ਰਿਹਾ ਸੀ, ਅਵਾਰਾਗਰਦੀ ਕਰਦਿਆਂ ਇਸ ਸ਼ਹਿਰ ਬਾਰੇ ਇਕ ਕਿਤਾਬ ਲਿਖਣ ਲਈ ਮਸਾਲਾ ਇਕੱਠਾ ਕੀਤਾ ਸੀ, ਤੇ ਉਸ ਕਿਤਾਬ ਲਈ ਉਸਨੇ ਆਪ ਕਈ ਰੇਖਾ-ਚਿਤਰ ਬਣਾਏ ਸਨ, ਤੇ ਉਸ ਦਾ ਕਹਿਣਾ ਸੀ ਕਿ ਉਸ ਕਿਤਾਬ ਵਿਚ ਕਿਸੇ ਵੀ ਉਸ ਸ਼ਹਿਰ ਦੀ ਝਲਕ ਵੇਖੀ ਜਾ ਸਕੇਗੀ, ਜੋ ਪੂੰਜੀਵਾਦੀ ਦੌਰ 'ਚੋਂ ਲੰਘ ਰਿਹਾ ਹੈ।

ਕਾਲਜ ਦੀ ਪੜ੍ਹਾਈ ਦੇ ਦਿਨਾਂ ਵਿਚ ਵੀ ਅਨੂਪ ਨੂੰ ਸਮਝਣਾ ਸੌਖਾ ਨਹੀਂ ਸੀ। ਪਹਿਲਾਂ ਉਸਨੇ ਸਾਇੰਸ ਲਈ। ਉਹ ਡਾਕਟਰ ਬਣਨਾ ਚਾਹੁੰਦਾ ਸੀ। ਫੇਰ, ਉਸਨੇ ਆਰਟਸ ਲਏ। ''ਭਲਾ ਸਾਇੰਸ ਲੈ ਕੇ ਕਾਲਜ ਦੀ ਜ਼ਿੰਦਗੀ ਦਾ ਕੋਈ ਸਵਾਦ ਏ! ਪਹਿਲਾਂ ਸਾਰਾ ਦਿਨ ਕਾਲਜ ਵਿਚ ਪੜ੍ਹਦੇ ਰਹੋ, ਫੇਰ ਘਰ ਜਾ ਕੇ ਪੜ੍ਹਦੇ ਰਹੋ'', ਉਹ ਕਿਹਾ ਕਰਦਾ। ਉਹਨੀਂ ਦਿਨੀਂ ਉਸ ਦਾ ਇਕ ਕੁੜੀ ਨਾਲ ਰੁਮਾਂਸ ਹੋਇਆ ਸੀ ਤੇ ਕੁਝ ਹੀ ਚਿਰ ਪਿਛੋਂ ਟੁਟ ਗਿਆ ਸੀ। ਬਾਅਦ ਵਿਚ ਕਦੇ ਉਸ ਰੁਮਾਂਸ ਦਾ ਜ਼ਿਕਰ ਹੁੰਦਾ ਤਾਂ ਉਹ ਹੱਸ ਛਡਦਾ, ''ਉਹ ਵੀ ਕਿਹੋ ਜਿਹਾ ਬਚਪਨ ਸੀ। ਪਤਾ ਨਹੀਂ, ਉਹ ਕੁੜੀ ਮੈਨੂੰ ਕਿਉਂ ਪਸੰਦ ਆ ਗਈ ਸੀ। ਬਸ, ਗੁੱਡੀ ਜਿਹੀ ਸੀ। ਸ਼ਾਇਦ ਇਸ ਲਈ ਪਸੰਦ ਆਈ ਹੋਵੇ ਕਿ ਉਸ ਦੀਆਂ ਅੱਖਾਂ ਇੰਨ-ਬਿੰਨ ਮੇਰੀ ਮਾਂ ਦੀਆਂ ਅੱਖਾਂ ਵਰਗੀਆਂ ਸਨ। ਮਾਂ ਭਾਵੇਂ ਮੇਰੇ ਬਚਪਨ ਵਿਚ ਹੀ ਮਰ ਗਈ ਸੀ, ਪਰ ਉਸ ਦੀਆਂ ਅੱਖਾਂ ਮੈਨੂੰ ਨਹੀਂ ਭੁਲਦੀਆਂ। ਹੋ ਸਕਦਾ ਏ, ਮਨ ਦੀ ਕਿਸੇ ਡੂੰਘਾਣ ਵਿਚ ਮੈਂ ਆਪਣੀ ਮਾਂ ਨੂੰ ਵੇਖਦਾ ਹੋਵਾਂ। ਉਂਜ, ਉਹ ਬੜੀ ਮੂਰਖ ਕਿਸਮ ਦੀ ਕੁੜੀ ਸੀ। ਪੜ੍ਹਾਈ ਵਿਚ ਬਿਲਕੁਲ ਡਫ਼ਰ। ਭਲਾ ਜਿਸ ਨੂੰ ਕਵਿਤਾਵਾਂ ਵਿਚ ਸਵਾਦ ਨਾ ਆਵੇ, ਉਸਨੂੰ ਆਰਟਸ ਲੈਣ ਦੀ ਕੀ ਲੋੜ ਸੀ?''

ਸ਼ਾਇਦ ਉਸੇ ਕੁੜੀ ਦੀ ਪ੍ਰੇਰਣਾ ਸਦਕਾ ਅਨੂਪ ਨੇ ਉਹਨੀਂ ਦਿਨੀਂ ਰੁਮਾਂਟਿਕ ਕਿਸਮ ਦੀਆਂ ਕਵਿਤਾਵਾਂ ਲਿਖਣੀਆਂ ਸ਼ੁਰੂ ਕੀਤੀਆਂ ਸਨ। ਉਹ ਕਵਿਤਾਵਾਂ ਪ੍ਰੋਫ਼ੈਸਰਾਂ ਨੇ ਬਹੁਤ ਪਸੰਦ ਕੀਤੀਆਂ ਸਨ। ਇਕ ਪ੍ਰੋਫ਼ੈਸਰ ਉਹਨਾਂ ਨੂੰ ਕਿਸੇ ਪ੍ਰਕਾਸ਼ਕ ਕੋਲੋਂ ਕਿਤਾਬੀ ਸ਼ਕਲ ਵਿਚ ਛਪਵਾਉਣ ਦਾ ਪ੍ਰਬੰਧ ਕਰ ਰਿਹਾ ਸੀ, ਪਰ ਅਨੂਪ ਮੰਨਿਆ ਨਹੀਂ ਸੀ। ਉਸ ਨੇ ਕਿਹਾ ਸੀ, ''ਕੁਝ ਠਹਿਰ ਕੇ ਵੇਖਿਆ ਜਾਏਗਾ।'' ਤੇ ਫੇਰ, ਬੀ.ਏ. ਵਿਚ ਪਹੁੰਚ ਕੇ ਉਸਨੇ ਉਹ ਕਵਿਤਾਵਾਂ ਪਾੜ ਕੇ ਸੁਟ ਦਿਤੀਆਂ ਸਨ।...

ਮੈਂ ਸੋਚਿਆ ਕਿ ਤੋਸ਼ੀ ਦੇ ਰਿਸ਼ਤੇ ਬਾਰੇ ਮਾਂ ਕੋਲ ਅਨੂਪ ਦਾ ਜ਼ਿਕਰ ਕਰਾਂ। ਪਰ ਨਹੀਂ, ਕਿਉਂ ਨਾ ਪਹਿਲਾਂ ਅਨੂਪ ਨਾਲ ਗੱਲ ਕਰਾਂ? ਪਤਾ ਨਹੀਂ, ਮੰਨੇ ਕਿ ਨਾ। ਦੋ-ਤਿੰਨ ਸਾਲ ਪਹਿਲਾਂ ਇਕ ਥਾਂ ਉਸ ਦੇ ਰਿਸ਼ਤੇ ਦੀ ਗੱਲ ਹੋਈ ਸੀ, ਤੇ ਉਹ ਮੰਨ ਵੀ ਗਿਆ ਸੀ, ਪਰ ਕੁੜੀ ਨੂੰ ਵੇਖਣ ਪਿਛੋਂ ਨਾਂਹ ਕਰ ਦਿੱਤੀ ਸੀ। ''ਉਹ ਤਾਂ ਬਿਲਕੁਲ ਬੱਚੀ ਲਗਦੀ ਏ। ਉਸ ਨਾਲ ਮੈਂ ਜ਼ਿੰਦਗੀ ਕਿਵੇਂ ਕਟ ਸਕਾਂਗਾ?'' ਉਸਨੇ ਕਿਹਾ ਸੀ। ਉਹ ਕੁੜੀ ਉਸੇ ਕਾਲਜ ਵਿਚ ਪੜ੍ਹਦੀ ਸੀ, ਜਿਸ ਵਿਚ ਉਹ ਪੜ੍ਹਾਉਂਦਾ ਸੀ। ਉਹ ਘਰੋਂ ਵੀ ਚੰਗੀ ਸੀ। ਪਰ ਅਨੂਪ ਨੇ ਨਾਂਹ ਕਰ ਦਿਤੀ ਸੀ।

ਤੋਸ਼ੀ ਬਾਰੇ ਵੀ ਤਾਂ ਉਸ ਦਾ ਇਹੋ ਖ਼ਿਆਲ ਹੋ ਸਕਦਾ ਏ, ਮੈਂ ਸੋਚਿਆ । ਪਰ ਕਈ ਵਾਰ ਸੰਜੋਗ ਦਾ ਪਤਾ ਨਹੀਂ ਹੁੰਦਾ।

ਅਖ਼ੀਰ, ਇਕ ਦਿਨ ਮੈਂ ਅਨੂਪ ਨੂੰ ਕਿਹਾ, ''ਜੇ ਵਿਹਲ ਹੋਵੇ, ਤਾਂ ਮੇਰਾ ਇਕ ਛੋਟਾ ਜਿਹਾ ਕੰਮ ਕਰ ਦੇ।''

''ਅੱਜ-ਕਲ੍ਹ ਤਾਂ ਵਿਹਲ ਹੀ ਵਿਹਲ ਏ। ਦੱਸ ਕੀ ਕੰਮ ਏ? ਵਪਾਰ ਵਿਚ ਤਾਂ ਨਹੀਂ ਨਾ ਫਸਾਉਣਾ ਚਾਹੁੰਦਾ?''

''ਨਹੀਂ, ਵਪਾਰ ਵਿਚ ਤੂੰ ਕਿੱਥੇ ਫਸੇਂਗਾ! ਕੰਮ ਤੇਰੇ ਲਈ ਸੌਖਾ ਵੀ ਏ, ਪਰ ਔਖਾ ਵੀ।''

''ਹਾਂ-ਹਾਂ, ਦੱਸ।''

''ਜੇ ਭਲਾ ਹਫਤੇ ਵਿਚ ਦੋ ਦਿਨ ਤੋਸ਼ੀ ਨੂੰ ਪੜ੍ਹਾ ਦਿਆ ਕਰੇਂ? ਬ੍ਰਾਊਨਿੰਗ ਉਸਨੂੰ ਕੁਝ ਔਖਾ ਲਗਦਾ ਏ।''

''ਬ੍ਰਾਊਨਿੰਗ ਤਾਂ ਚੰਗੀਆਂ-ਚੰਗਿਆਂ ਨੂੰ ਔਖਾ ਲਗਦਾ ਏ। ਪਰ ਸਵਾਦ ਆ ਜਾਂਦਾ ਏ ਪੜ੍ਹ ਕੇ! ਇਨੀ ਮਨੋਵਿਗਿਆਨਕ ਸਮਝ ਕਿਸੇ ਹੋਰ ਅੰਗ੍ਰੇਜ਼ੀ ਕਵੀ ਵਿਚ ਨਹੀਂ। ਤੇ ਉਸ ਦੀਆਂ ਕਵਿਤਾਵਾਂ ਵਿਚ ਜੋ ਨਾਟਕੀ ਅੰਸ਼ ਏ, ਉਹ-''

''ਉਹ ਤੂੰ ਤੋਸ਼ੀ ਨੂੰ ਹੀ ਸਮਝਾਈਂ। ਮੈਨੂੰ ਤਾਂ ਕੋਈ ਵਪਾਰ ਦੀ ਗੱਲ ਸਮਝਾ'', ਮੈਂ ਹੱਸ ਕੇ ਕਿਹਾ।

ਅਨੂਪ ਹੱਸਿਆ। ''ਦੋ ਦਿਨ ਤਾਂ ਨਹੀਂ, ਐਤਵਾਰ ਨੂੰ ਇਕ ਦਿਨ ਲਈ ਆ ਜਾਇਆ ਕਰਾਂਗਾ। ਵਧੇਰੇ ਸਮਾਂ ਦੇ ਦਿਆਂਗਾ। ਫੇਰ, ਤੂੰ ਵੀ ਘਰ ਹੋਇਆ ਕਰੇਂਗਾ। ਮਗਰੋਂ ਬਾਹਰ ਕਿਤੇ ਘੁੰਮਣ ਦਾ ਪ੍ਰੋਗਰਾਮ ਬਣਾ ਲਿਆ ਕਰਾਂਗੇ।''

''ਇਕੋ ਦਿਨ ਸਹੀ। ਉਂਜ, ਤੇਰਾ ਕੀ ਭਰੋਸਾ ਕਿ ਫੇਰ ਕਿਤੇ ਚਲਾ ਜਾਵੇਂ। ਹਾਂ, ਹੁਣ ਅੱਗੋਂ ਕੀ ਕਰਨ ਦੀ ਸਲਾਹ ਏ? ਨੌਕਰੀ ਜਾਂ ਹੋਰ ਕੁਝ?''

''ਕੁਝ ਮਹੀਨੇ ਤਾਂ ਆਰਾਮ ਕਰਾਂਗਾ। ਤੇ ਜੇ ਹੋ ਸਕਿਆ, ਤਾਂ ਜੰਗਲੀ ਕਬੀਲਿਆਂ ਦੀ ਜ਼ਿੰਦਗੀ ਬਾਰੇ ਇਕ ਕਿਤਾਬ ਲਿਖਾਂਗਾ। ਉਂਜ, ਉਹਨਾਂ ਬਾਰੇ ਇਕ ਨਾਵਲ ਦੀ ਰੂਪ-ਰੇਖਾ ਵੀ ਮੇਰੇ ਦਿਮਾਗ ਵਿਚ ਏ। ਵੇਖੋ ਕਿਹੜੀ ਚੀਜ਼ ਸਿਰੇ ਚੜ੍ਹਦੀ ਏ।''

ਅਨੂਪ ਤੋਸ਼ੀ ਨੂੰ ਪੜ੍ਹਾਉਣ ਲਗਾ। ਮਾਂ ਨੂੰ ਉਸ ਦੀ ਉਹ ਦਾੜ੍ਹੀ-ਮੁੱਛਾਂ ਤੇ ਲੰਮੇ ਵਾਲਾਂ ਵਾਲੀ ਸ਼ਕਲ ਚੰਗੀ ਨਾ ਲਗੀ। ਤੋਸ਼ੀ ਨੇ ਵੀ ਉਸ ਦਾ ਮਜ਼ਾਕ ਉਡਾਇਆ। ''ਜੰਗਲੀ ਲੋਕਾਂ ਵਿਚ ਜਾ ਕੇ ਆਪ ਵੀ ਜੰਗਲੀ ਬਣ ਗਿਆ ਏ। ਅਜੀਬ ਏ ਤੁਹਾਡਾ ਇਹ ਦੋਸਤ। ਕਈ ਵਾਰ ਤਾਂ ਉਸ ਦੀਆਂ ਗੱਲਾਂ ਹੀ ਸਮਝ ਨਹੀਂ ਆਉਂਦਆਂ।'' ਤੋਸ਼ੀ ਨੇ ਉਸ ਦੇ ਜਾਣ ਪਿਛੋਂ ਕਿਹਾ।

''ਪਰ ਬ੍ਰਾਊਨਿੰਗ ਦੀਆਂ ਕਵਿਤਾਵਾਂ ਤਾਂ ਸਮਝ ਆਈਆਂ ਨਾ?''

''ਹਾਂ, ਉਹ ਤਾਂ ਆਈਆਂ।''

ਅਨੂਪ ਜਦ ਅਗਲੇ ਐਤਵਾਰ ਆਇਆ, ਤਾਂ ਉਸ ਦੀਆਂ ਦਾੜ੍ਹੀ-ਮੁੱਛਾਂ ਸਫਾਚਟ ਸਨ, ਤੇ ਉਸਨੇ ਸਿਰ ਦੇ ਵਾਲ ਛੋਟੇ ਕਰਵਾ ਲਏ ਸਨ। ਉਸ ਦਾ ਫੇਰ ਉਹੋ ਪਤਲਾ, ਕੁਝ ਲੰਮਾ, ਤਰਾਸ਼ਿਆ ਹੋਇਆ ਚਿਹਰਾ ਨਿਕਲ ਆਇਆ ਸੀ, ਜਿਸ 'ਤੇ ਉਸ ਦੀਆਂ ਹਲਕੇ ਭੂਰੇ ਰੰਗ ਦੀਆਂ ਅੱਖਾਂ ਵਧੇਰੇ ਲਿਸ਼ਕਵੀਆਂ ਤੇ ਵੱਡੀਆਂ ਜਾਪਣ ਲੱਗੀਆਂ ਸਨ।

''ਕੀ ਹੁਣ ਵੀ ਉਹ ਜੰਗਲੀ ਲਗਦਾ ਏ?'' ਉਸ ਦੇ ਜਾਣ ਪਿਛੋਂ ਮੈਂ ਤੋਸ਼ੀ ਨੂੰ ਪੁਛਿਆ। ਤੋਸ਼ੀ ਅੱਗੋਂ ਸਿਰਫ ਮੁਸਕਰਾਈ। ਉਸ ਮੁਸਕਰਾਹਟ ਵਿਚ ਸੰਕੋਚ ਸੀ। ਫੇਰ, ਇਕ ਦਿਨ ਮੈਂ ਤੋਸ਼ੀ ਨੂੰ ਪੁਛਿਆ, ''ਸੁਣਾ, ਬ੍ਰਾਊਨਿੰਗ ਦਾ ਕੀ ਹਾਲ ਏ? ਹੁਣ ਵੀ ਔਖਾ ਲਗਦਾ ਏ?''

''ਮੈਨੂੰ ਤਾਂ ਕੀ, ਹੁਣ ਤਾਂ ਉਹ ਮੇਰੀਆਂ ਸਹੇਲੀਆਂ ਨੂੰ ਵੀ ਬੜਾ ਸੌਖਾ ਲੱਗਣ ਲਗ ਪਿਆ ਏ। ਤੇ ਇਨਾਂ ਚੰਗਾ ਕਵੀ ਏ ਕਿ ਉਸ ਦੇ ਸਾਹਮਣੇ ਸਾਰੇ ਕਵੀ ਮਾਤ ਹਨ। ਇਨੀ ਮਨੋਵਿਗਿਆਨਕ ਸਮਝ ਕਿਸੇ ਹੋਰ ਅੰਗਰੇਜ਼ੀ ਕਵੀ ਵਿਚ ਨਹੀਂ ਏ। ਤੇ ਉਸ ਦੀਆਂ ਕਵਿਤਾਵਾਂ ਵਿਚ ਜੋ ਨਾਟਕੀ ਅੰਸ਼ ਏ, ਉਹ-''

''ਉਹ ਤੂੰ ਕਿਸੇ ਦਿਨ ਆਪਣੇ ਕਾਲਜ ਦੀ ਪ੍ਰੋਫ਼ੈਸਰ ਨੂੰ ਸਮਝਾਈਂ, ਜਿਸ ਤੋਂ ਪੜ੍ਹਨ 'ਤੇ ਬ੍ਰਾਊਨਿੰਗ ਤੈਨੂੰ ਬੜਾ ਔਖਾ ਲਗਦਾ ਸੀ।''

ਤਦੇ ਮਾਂ ਨੇ ਕਿਹਾ, ''ਮੁੰਡਾ ਕੀ ਏ, ਹੀਰਾ ਏ! ਕਿਤੇ ਇਸ ਦੇ ਮਾਂ-ਪਿਓ ਹੁੰਦੇ ਤਾਂ.........''

ਕੁਝ ਦਿਨਾਂ ਪਿਛੋਂ ਮੈਨੂੰ ਫੇਰ ਵਪਾਰਕ ਦੌਰੇ 'ਤੇ ਬਾਹਰ ਜਾਣਾ ਪਿਆ।

ਮਾਂ ਤੇ ਤੋਸ਼ੀ ਦੇ ਖ਼ਤਾਂ ਤੋਂ ਘਰ ਦੇ ਹਾਲਾਤ, ਤੋਸ਼ੀ ਦੀ ਪੜ੍ਹਾਈ, ਤੇ ਅਨੂਪ ਬਾਰੇ ਪਤਾ ਲਗਦਾ ਰਿਹਾ। ਅਨੂਪ ਦਾ ਕਦੇ ਕੋਈ ਖ਼ਤ ਨਹੀਂ ਸੀ ਆਇਆ। ਉਸ ਬਾਰੇ ਮਸ਼ਹੂਰ ਸੀ ਕਿ ਉਸਨੇ ਕਦੇ ਕਿਸੇ ਨੂੰ ਖ਼ਤ ਨਹੀਂ ਸੀ ਲਿਖਿਆ। ਉਸਦੀ ਨਜ਼ਰ ਵਿਚ ਖ਼ਤ ਲਿਖਣਾ ਖ਼ਾਹਮਖ਼ਾਹ ਦਾ ਝੰਜਟ ਸੀ।

ਤੇ ਮਾਂ ਤੇ ਤੋਸ਼ੀ ਦੇ ਖਤਾਂ ਤੋਂ ਇਹ ਵੀ ਪਤਾ ਲਗਦਾ ਰਿਹਾ ਕਿ ਅਨੂਪ ਨਾਲ ਤੋਸ਼ੀ ਦਾ ਰਿਸ਼ਤਾ ਹੋ ਜਾਣ ਦੀ ਸੰਭਾਵਨਾ ਹੈ। ਦੋ ਮਹੀਨਿਆਂ ਪਿਛੋਂ ਮੈਂ ਪਰਤਿਆ, ਤਾਂ ਤੋਸ਼ੀ ਨੂੰ ਵੇਖਦਿਆਂ ਹੀ ਸਭ ਕੁਝ ਸਮਝ ਗਿਆ। ਇਸ ਵਾਰ ਮਾਂ ਨੇ ਹਮੇਸ਼ਾਂ ਵਾਂਗ ਫ਼ਿਕਰਮੰਦ ਹੋ ਕੇ ਤੋਸ਼ੀ ਦੇ ਰਿਸ਼ਤੇ ਬਾਰੇ ਇਹ ਨਹੀਂ ਕਿਹਾ ਕਿ ਉਸ ਦਾ ਮੈਨੂੰ ਕੋਈ ਫ਼ਿਕਰ ਨਹੀਂ ਹੈ। ਸਗੋਂ ਹੁਣ ਉਹ ਤੋਸ਼ੀ ਦਾ ਵਿਆਹ ਇਨੀ ਛੇਤੀ ਕਰਨ ਲਈ ਤਿਆਰ ਨਹੀਂ ਸੀ। ''ਕਿਹੜੀ ਕਾਹਲ ਪਈ ਏ'' ਉਸਨੇ ਕਿਹਾ। ''ਹਾਲੀਂ ਪੜ੍ਹ ਰਹੀ ਏ।' ਚਾਹੇ, ਤਾਂ ਹੋਰ ਪੜ੍ਹ ਲਏ ਦੋ ਸਾਲ।''

ਮੈਨੂੰ ਆਏ ਨੂੰ ਦਸ ਕੁ ਦਿਨ ਹੀ ਹੋਏ ਸਨ ਕਿ ਇਕ ਦਿਨ ਤੋਸ਼ੀ ਨੇ ਕਿਹਾ, ''ਇਸ ਐਤਵਾਰ ਨੂੰ ਮੈਂ ਆਪਣੀ ਅੰਗਰੇਜ਼ੀ ਦੀ ਪ੍ਰੋਫ਼ੈਸਰ ਨੂੰ ਘਰ ਸੱਦਿਆ ਏ, ਉਸਨੂੰ ਨਹੀਂ ਜੋ ਬ੍ਰਾਊਨਿੰਗ ਪੜ੍ਹਾਉਂਦੀ ਏ। ਇਹ ਪ੍ਰੋਫ਼ੈਸਰ ਸ਼ੈਕਸਪੀਅਰ ਪੜ੍ਹਾਉਂਦੀ ਏ। ਤੁਸੀਂ ਘਰ ਹੀ ਰਹਿਣਾ। ਤੇ ਤੁਹਾਡੇ ਦੋਸਤ ਨੂੰ ਵੀ ਮੈਂ ਕਹਿ ਦਿੱਤਾ ਏ। ਤੁਸੀਂ ਵੀ ਪੱਕਾ ਕਰ ਦੇਣਾ। ਉਹ ਤੁਹਾਨੂੰ ਮਿਲ ਕੇ ਬਹੁਤ ਖੁਸ਼ ਹੋਵੇਗੀ।''

''ਮੈਨੂੰ?'' ਮੈਂ ਸ਼ਰਾਰਤ ਨਾਲ ਕਿਹਾ।

ਤੋਸ਼ੀ ਮੁਸਕਰਾਈ, ''ਤੁਹਾਨੂੰ ਦੋਵਾਂ ਨੂੰ ਹੀ। ਬੜਾ ਚੰਗਾ ਸੁਭਾਅ ਏ ਉਸਦਾ। ਪੜ੍ਹਾਉਂਦੀ ਵੀ ਬਹੁਤ ਚੰਗਾ ਏ। ਅਸੀਂ ਸਾਰੀਆਂ ਕੁੜੀਆਂ ਉਸ ਦੀ ਬਹੁਤ ਇੱਜ਼ਤ ਕਰਦੀਆਂ ਹਾਂ।''

''ਚੰਗਾ, ਦਰਸ਼ਨ ਕਰਾਂਗੇ ਅਜਿਹੀ ਦੇਵੀ ਦੇ! ਪਰ ਕਿਤੇ ਬੁਢੀ ਹੀ ਨਾ ਹੋਵੇ।''

ਤੋਸ਼ੀ ਕੁਝ ਕਹਿੰਦੀ-ਕਹਿੰਦੀ ਰੁਕ ਗਈ। ਉਹ ਦੂਜੇ ਪਾਸੇ ਵੇਖਣ ਲਗੀ, 'ਤੇ ਪੇਰ ਉਥੋਂ ਚਲੀ ਗਈ। ਮੈਂ ਇਸ ਦਾ ਕਾਰਣ ਨਾ ਸਮਝ ਸਕਿਆ।

ਪਰ ਇਹ ਗੱਲ ਉਸ ਵੇਲੇ ਸਮਝ ਆਈ, ਜਦ ਐਤਵਾਰ ਵਾਲੇ ਦਿਨ ਤੋਸ਼ੀ ਦੀ ਉਸ ਪ੍ਰੋਫ਼ੈਸਰ ਨੂੰ ਵੇਖਿਆ। ਇਨੀ ਕੋਝੀ ਤੀਵੀਂ ਮੈਂ ਇਸ ਤੋਂ ਪਹਿਲਾਂ ਕਦੇ ਨਹੀਂ ਸੀ ਵੇਖੀ। ਮੈਂ ਉਸਦੀ ਬਦਸੂਰਤੀ ਦਾ ਬਿਆਨ ਨਹੀਂ ਕਰ ਸਕਦਾ। ਕੱਦ-ਕਾਠ, ਰੰਗ-ਰੂਪ, ਨੈਣ-ਨਕਸ਼-ਕੋਈ ਵੀ ਤਾਂ ਖ਼ੂਬੀ ਨਹੀਂ ਸੀ ਉਸ ਵਿਚ। ਬੱਤੀਆਂ-ਤੇਤੀਆਂ ਦੀ ਉਮਰ ਹੋਵੇਗੀ ਉਸ ਦੀ, ਪਰ ਉਹ ਚਾਲੀਆਂ ਦੀ ਲਗਦੀ ਸੀ। ਅਨਘੜ, ਬੇਡੌਲ ਨਕਸ਼ ਸਨ ਉਸ ਦੇ। ਹਾਂ, ਉਸ ਦੀਆਂ ਉਹਨਾਂ ਸਧਾਰਣ ਜਹੀਆਂ ਅੱਖਾਂ ਵਿਚ ਜ਼ਰੂਰ ਕੋਈ ਗੱਲ ਸੀ, ਤੇ ਲਗਦਾ ਸੀ ਕਿ ਉਹ ਸਾਧਾਰਣ ਤੀਵੀਂ ਨਹੀਂ ਹੋਵੇਗੀ। ਉਹਨਾਂ ਅੱਖਾਂ ਵਿਚ ਅਜਿਹੀ ਚਮਕ ਸੀ ਤੇ ਅਜਿਹੀ ਨਰਮੀ ਕਿ ਉਹ ਅਗਲੇ ਨੂੰ ਕੀਲ ਲੈਂਦੀਆਂ ਸਨ। ਸ਼ਾਇਦ ਉਸ ਦੀਆਂ ਅੱਖਾਂ ਹੀ ਸਨ, ਜੋ ਵਿਦਿਆਰਥੀਆਂ ਨੂੰ ਕੀਲੀ ਰੱਖਦੀਆਂ ਸਨ, ਤੇ ਉਹਨਾਂ ਨੂੰ ਉਹ ਏਨੀਂ ਚੰਗੀ ਲਗਦੀ ਸੀ।

ਮੈਂ ਅਨੂਪ ਵਲ ਵੇਖਿਆ । ਉਸ ਨੇ ਵੀ ਸ਼ਾਇਦ ਉਹੋ ਕੁਝ ਮਹਿਸੂਸ ਕੀਤਾ ਸੀ, ਜੋ ਮੈਂ ਕੀਤਾ ਸੀ।

ਰਸਮੀ ਜਹੀ ਜਾਣ-ਪਛਾਣ ਮਗਰੋਂ ਅਸੀਂ ਇਧਰ-ਉਧਰ ਦੀਆਂ ਗੱਲਾਂ ਕਰਨ ਲਗੇ। ਗੱਲਾਂ ਕਰਦਿਆਂ ਪ੍ਰੋਫ਼ੈਸਰ ਦੇ ਚਿਹਰੇ 'ਤੇ ਹਲਕਾ ਜਿਹਾ ਸੰਕੋਚ ਸੀ, ਤੇ ਆਪਣੇ ਕੋਝੇ ਹੋਣ ਦਾ ਅਹਿਸਾਸ ਵੀ। ਫੇਰ, ਉਹ ਸਾਧਾਰਣ ਜਹੀਆਂ ਗੱਲਾਂ ਜਿਵੇਂ ਫੈਲਣ ਲੱਗੀਆਂ, ਤੇ ਅਸੀਂ ਸਾਹਿਤ, ਰਾਜਨੀਤੀ, ਚਿੱਤਰਕਲਾ ਆਦਿ ਬਾਰੇ ਗੱਲਾਂ ਕਰਨ ਲਗੇ। ਗੱਲਾਂ ਵਿਚ ਜੋ ਪੱਧਰ ਅਨੂਪ ਦਾ ਸੀ, ਉਹ ਪ੍ਰੋਫ਼ੈਸਰ ਦਾ ਵੀ ਸੀ। ਮੈਂ ਉਸ ਪੱਧਰ ਤਕ ਨਹੀਂ ਸਾਂ ਪਹੁੰਚ ਸਕਦਾ। ਅਖ਼ੀਰ, ਮੈਂ ਗੱਲਾਂ ਕਰਨ ਦੀ ਥਾਂ ਸੁਣਨ ਲਗਾ। ਉਸ ਵੇਲੇ ਪ੍ਰੋਫ਼ੈਸਰ ਦੇ ਚਿਹਰੇ 'ਤੇ ਨਾ ਕੋਈ ਸੰਕੋਚ ਸੀ, ਨਾ ਹੀ ਆਪਣੇ ਕੋਝੇ ਹੋਣ ਦਾ ਅਹਿਸਾਸ। ਉਹ ਜਿਵੇਂ ਆਪਣੀ ਸਰੀਰਕ ਹੋਂਦ ਨੂੰ ਭੁਲ ਗਈ ਸੀ। ਉਸਨੇ ਦਸਿਆ ਕਿ ਦੋ ਸਾਲ ਪਹਿਲਾ ਇਕ ਸਰਕਾਰੀ ਵਜ਼ੀਫ਼ੇ 'ਤੇ ਉਹ ਛੇ ਮਹੀਨੇ ਯੂਰਪ ਦਾ ਚੱਕਰ ਲਾ ਕੇ ਆਈ ਸੀ। ਤਦ ਅਨੂਪ ਬੜੀ ਦਿਲਚਸਪੀ ਨਾਲ ਉਥੋਂ ਦੀਆਂ ਗੱਲਾਂ ਪੁੱਛਣ ਲਗਾ। ਉਹ ਇਹ ਸੁਣ ਕੇ ਬਹੁਤ ਖੁਸ਼ ਹੋਇਆ ਕਿ ਉਸਨੇ ਪੈਰਿਸ ਵਿਚ ਮਾਤੀਸ ਤੇ ਪਿਕਾਸੋ ਦੇ ਅੰਤਲੇ ਦੌਰ ਦੇ ਚਿੱਤਰ ਵੇਖੇ ਸਨ, ਤੇ ਉਹ ਪਾਲ ਏਲੂਆਰ ਨੂੰ ਵੀ ਮਿਲੀ ਸੀ, ਜਿਸ ਦੀਆਂ ਕਵਿਤਾਵਾਂ ਦਾ ਉਹ ਖੁਦ ਸ਼ੈਦਾਈ ਸੀ ਤੇ ਉਸ ਨੂੰ ਫ਼ਰਾਂਸ ਦਾ ਸਭ ਤੋਂ ਵੱਡਾ ਕਈ ਮੰਨਦਾ ਸੀ। ਉਹ ਦੇਰ ਤਕ ਪੈਰਿਸ ਵਿਚ ਹੋ ਰਹੇ ਚਿੱਤਰਕਲਾ ਦੇ ਨਵੇਂ ਪ੍ਰਯੋਗਾਂ ਤੇ ਝੁਕਾਵਾਂ ਬਾਰੇ ਗੱਲਾਂ ਕਰਦਾ ਰਿਹਾ, ਦੂਜੀ ਵੱਡੀ ਜੰਗ ਪਿਛੋਂ ਪੈਦਾ ਹੋਏ ਉਥੋਂ ਦੇ ਪਿਛਾਂਹਖਿਚੂ ਸਾਹਿਤ ਬਾਰੇ ਬਹਿਸ ਕਰਦਾ ਰਿਹਾ।

ਖਾਣੇ ਦਾ ਵੇਲਾ ਹੋ ਗਿਆ ਸੀ। ਖਾਣਾ ਖਾਂਦਿਆਂ ਪ੍ਰੋਫ਼ੈਸਰ ਕਵਿਤਾ ਤੇ ਚਿੱਤਰਕਲਾ ਤੋਂ ਹਟ ਕੇ ਖਾਣ-ਪੀਣ ਦੀਆਂ ਚੀਜ਼ਾਂ ਬਾਰੇ ਗੱਲਾਂ ਕਰਨ ਲਗੀ। ਉਸਨੇ ਖਾਣੇ ਦੀ ਹਰ ਚੀਜ਼ ਦੀ ਪ੍ਰਸੰਸਾ ਕੀਤੀ, ਹਰ ਚੀਜ਼ ਦੇ ਸਵਾਦ ਨੂੰ ਸਲਾਹਿਆ। ਇਹ ਪ੍ਰਸੰਸਾ ਤੋਸ਼ੀ ਦੀ ਵੀ ਸੀ, ਮਾਂ ਦੀ ਵੀ ਸੀ। ਤੇ ਉਹ ਆਪ ਹੀ ਨਹੀਂ, ਸਾਨੂੰ ਵੀ ਬੜੇ ਚਾਅ ਤੇ ਸਵਾਦ ਨਾਲ ਖੁਆ ਰਹੀ ਸੀ। ਇੰਜ ਲਗ ਰਿਹਾ ਸੀ, ਜਿਵੇਂ ਉਹ ਆਪ ਘਰ ਵਾਲੀ ਹੋਵੇ ਤੇ ਅਸੀਂ ਸਾਰੇ ਪ੍ਰਾਹੁਣੇ ਹੋਈਏ। ਅਨੂਪ ਦੀ ਭੁਖ ਬਹੁਤ ਘਟ ਹੈ, ਪਰ ਪ੍ਰੋਫ਼ੈਸਰ ਨੇ ਹਰ ਚੀਜ਼ ਦੇ ਸਵਾਦ ਦੀ ਇਸ ਤਰ੍ਹਾਂ ਪ੍ਰਸੰਸਾ ਕੀਤੀ ਕਿ ਉਹ ਕਿਤੇ ਵਧ ਖਾਣੋਂ ਨਾ ਰਹਿ ਸਕਿਆ। ਮੈਨੂੰ ਟਮਾਟਰ ਕਦੇ ਚੰਗੇ ਨਹੀਂ ਸਨ ਲਗੇ, ਪਰ ਪ੍ਰੋਫ਼ੈਸਰ ਦੇ ਕਹਿਣ 'ਤੇ ਖਾਣੇ ਪਏ ਤੇ ਉਹ ਬੁਰੇ ਵੀ ਨਾ ਲਗੇ।

ਅਸੀਂ ਖਾਣਾ ਖਾ ਰਹੇ ਸਾਂ, ਤਾਂ ਡਰਾਇੰਗ-ਰੂਮ ਵਿਚ ਰੇਡੀਓ ਵਜ ਰਿਹਾ ਸੀ। ਇਕ ਗੀਤ ਖ਼ਤਮ ਹੋਣ 'ਤੇ ਐਸਪਰੋ ਦੀ ਇਸ਼ਤਿਹਾਰਬਾਜ਼ੀ ਹੋਣ ਲਗੀ, ਤਾਂ ਪ੍ਰੋਫ਼ੈਸਰ ਨੇ ਮੁਸਕਰਾ ਕੇ ਕਿਹਾ, ''ਗੀਤਾਂ ਦੇ ਪ੍ਰੋਗਰਾਮ ਵਿਚ ਇਸ਼ਤਿਹਾਰਬਾਜ਼ੀ ਸਭ ਤੋਂ ਵੱਡਾ ਸਿਰ ਦਰਦ ਏ। ਖਾਸ ਕਰ ਐਸਪਰੋ ਦੀ ਇਸ਼ਤਿਹਾਰਬਾਜ਼ੀ।''

ਅਸੀਂ ਸਾਰੇ ਹੱਸੇ।

ਜਦ ਅਗਲੇ ਗੀਤ ਦੇ ਸਾਜ਼ ਵੱਜਣੇ ਸ਼ੁਰੂ ਹੋਏ ਤਾਂ ਪ੍ਰੋਫ਼ੈਸਰ ਚਾਣਚੱਕ ਬੜੇ ਧਿਆਨ ਨਾਲ ਸੁਣਨ ਲੱਗੀ। ਤਦ ਉਸ ਦਾ ਧਿਆਨ ਕਿਸੇ ਹਦ ਤਕ ਖਾਣੇ ਵਲੋਂ ਹਟ ਗਿਆ। ਉਸਦੇ ਚਿਹਰੇ ਉਤਲਾ ਮੁਸਕਰਾਹਟ ਦਾ ਭਾਵ ਜਾਂਦਾ ਰਿਹਾ ਤੇ ਉਸ ਦੀ ਥਾਂ ਇਕ ਨਵਾਂ ਭਾਵ ਆਇਆ। ਫੇਰ, ਜਦ ਇਕ ਗ਼ਜ਼ਲ ਦੇ ਬੋਲ ਸ਼ੁਰੂ ਹੋਏ, ਤਾਂ ਪ੍ਰੋਫ਼ੈਸਰ ਦਾ ਸਿਰ ਕਿਸੇ ਲੋਰ ਵਿਚ ਹਿਲਿਆ। ਉਹ ਗ਼ਾਲਿਬ ਦੀ ਗ਼ਜ਼ਲ ਸੀ। ਪ੍ਰੋਫ਼ੈਸਰ ਦੇ ਹੱਥ ਵਿਚਲੀ ਬੁਰਕੀ ਮੂੰਹ ਤਕ ਨਾ ਜਾ ਸਕੀ। ਤਦ ਉਸ ਦੀਆਂ ਅੱਖਾਂ ਬੰਦ ਹੋ ਗਈਆਂ ਤੇ ਉਹ ਹਲਕਾ ਜਿਹਾ ਝੂਮਣ ਲਗੀ। ਉਹ ਜਿਵੇਂ ਆਪਣੇ ਆਪ ਵਿਚ ਗਵਾਚ ਗਈ। ਗ਼ਜ਼ਲ ਨੇ ਉਸਨੂੰ ਕੀਲਿਆ ਹੋਇਆ ਸੀ। ਗ਼ਜ਼ਲ ਖ਼ਤਮ ਹੋਣ ਪਿਛੋਂ ਵੀ ਉਹ ਕੁਝ ਚਿਰ ਉਸੇ ਤਰ੍ਹਾਂ ਅੱਖਾਂ ਮੀਟੀ ਬੇਮਲੂਮਾ ਜਿਹਾ ਝੂਮਦੀ ਰਹੀ। ਅਖ਼ੀਰ, ਉਸਨੇ ਅੱਖਾਂ ਖੋਹਲੀਆਂ, ਤਾਂ ਕੁਝ ਸੰਕੋਚ ਜਿਹੇ ਵਿਚ ਕਿਹਾ, ''ਮਾਫ਼ ਕਰਨਾ, ਗ਼ਜ਼ਲ ਮੇਰੀ ਬਹੁਤ ਵੱਡੀ ਕਮਜ਼ੋਰੀ ਏ। ਫੇਰ, ਜੇ ਉਹ ਗ਼ਾਲਿਬ ਦੀ ਗ਼ਜ਼ਲ ਹੋਵੇ।''

ਖਾਣੇ ਪਿਛੋਂ ਅਸੀਂ ਕਾਫ਼ੀ ਪੀ ਰਹੇ ਸਾਂ, ਤੇ ਇਧਰ-ਉਧਰ ਦੀਆਂ ਹਲਕੀਆਂ-ਫੁਲਕੀਆਂ ਗੱਲਾਂ

*(ਅਗਲੇ ਸਫੇ 'ਤੇ ਜਾਰੀ)*

## ਸਫ਼ਰ ਜ਼ਿੰਦਗੀ ਦਾ

# ਭਾਈ ਲਾਲੋ

ਤਲਵਿੰਦਰ ਸਿੰਘ

ਕਰੀਬ ਕਰੀਬ ਇਕ ਸਦੀ ਪਿਛਾਂਹ ਦਾ ਸਫ਼ਰ। ਪਹਿਲੀ ਸੰਸਾਰ ਜੰਗ, ਸਮੇਂ ਦੀ ਬੁੱਕਲ ਵਿਚ ਕਰਵਟ ਲੈ ਰਹੀ ਸੀ। ਇਕ ਮਹਾਨ ਇਤਿਹਾਸਕ ਵਰਤਾਰਾ ਘਟਣ ਲਈ ਤਿਆਰ ਬੈਠਾ ਸੀ। ਬਸ ਉਦੋਂ ਕੁ ਹੀ ਗੁਰਦਾਸਪੁਰ ਜ਼ਿਲ੍ਹੇ ਦੇ ਇਕ ਅਗਿਆਤ ਜਿਹੇ ਪਿੰਡ ਘੋੜੇਵਾਹ ਵਿਖੇ ਇਕ ਬਹੁਤ ਹੀ ਸਾਧਾਰਨ ਘਟਨਾ ਵਾਪਰੀ, ਮੇਰੇ ਵਾਲਿਦ ਸਾਹਿਬ ਦਾ ਜਨਮ ਹੋਇਆ। ਦੁਨੀਆ ਭਰ ਦੇ ਲੱਖਾਂ-ਕਰੋੜਾਂ ਆਮ ਘਰਾਂ ਵਿਚ ਜਿਵੇਂ ਬੱਚੇ ਜਨਮਦੇ ਨੇ। ਇਹ ਆਪਣੇ ਪਿਓ ਦੇ ਘਰ ਤੀਜੇ ਪੁੱਤਰ ਸਨ। ਇਨ੍ਹਾਂ ਦੇ ਪਿਓ ਅਤਰੇ ਨੇ ਇਨ੍ਹਾਂ ਦੇ ਜੰਮਣ 'ਤੇ ਕਿਵੇਂ ਖ਼ੁਸ਼ੀ ਮਨਾਈ ਹੋਊ, ਇਸ ਦਾ ਕੋਈ ਥਹੁ-ਪਤਾ ਨਹੀਂ, ਕੋਈ ਤੱਥ ਉਲੇਖ ਨਹੀਂ। ਏਨਾ ਪਤਾ ਹੈ ਕਿ ਉਹ ਹੁੱਕਾ ਪੀਂਦਾ ਸੀ, ਜਿਸ ਤੋਂ ਮੇਰਾ ਅੰਦਾਜ਼ਾ ਹੈ ਕਿ ਮੇਰਾ ਦਾਦਾ ਕੱਟੜ ਨਹੀਂ ਸੀ। ਉਹ ਪਿੰਡ ਵਿਚ ਲੁਹਾਰਾ ਕਰਦਾ ਸੀ। ਮੁਸਲਮਾਨ ਰੰਘੜ ਜੱਟਾਂ ਦਾ ਸੇਪੀ ਸੀ ਉਹ। ਸਿੱਖ ਤਰਖਾਣਾਂ ਦੇ ਦਸ ਕੁ ਘਰ ਤੇ ਹਿੰਦੂਆਂ ਦਾ ਇਕੋ ਘਰ। ਘੋੜੇਵਾਹ ਇਤਿਹਾਸਕ ਪਿੰਡ ਹੈ।

ਕਹਿੰਦੇ ਨੇ, ਗੁਰੂ ਹਰਗੋਬਿੰਦ ਸਾਹਿਬ ਨੇ ਹਰਗੋਬਿੰਦਪੁਰ ਜਾਂਦਿਆਂ ਏਥੇ ਘੋੜਾ ਬੰਨ੍ਹਿਆ ਸੀ। ਇਹ ਵੀ ਕਹਿੰਦੇ ਨੇ ਕਿ ਕਾਹਨੂਵਾਨ ਦੇ ਛੰਭ ਵਲ ਮਹਾਰਾਜਾ ਰਣਜੀਤ ਸਿੰਘ ਸ਼ਿਕਾਰ ਕਰਨ ਆਇਆ ਕਰਦਾ ਸੀ ਤੇ ਏਥੇ ਉਨ੍ਹਾਂ ਆਪਣੇ ਘੋੜਿਆਂ ਲਈ ਅਸਤਬਲ ਬਣਾਇਆ ਹੋਇਆ ਸੀ, ਜਿਸ ਕਾਰਨ ਇਸ ਪਿੰਡ ਦਾ ਨਾਮਕਰਨ ਹੋਇਆ। ਪਰ ਪਿਤਾ ਜੀ ਦੇ ਜੰਮਣ ਨਾਲ ਇਸ ਗੱਲ ਦਾ ਕੋਈ ਬਹੁਤ ਵਾਸਤਾ ਨਹੀਂ। ਪਿੰਡ ਦੇ ਮੁਸਲਮਾਨ ਰੰਗੜ ਜੱਟ ਆਪਣੀ ਹੈਂਕੜ ਤੇ ਰੋਅਬ ਜਮਾ ਕੇ ਰੱਖਦੇ ਸਨ। ਕਿਸੇ ਹਿੰਦੂ ਸਿੱਖ ਨੂੰ ਆਪਣੇ ਘਰ ਆਪਣੀਆਂ ਰਹੁ-ਰੀਤਾਂ ਮੁਤਾਬਕ ਕੁੱਕੜ-ਬੱਕਰਾ ਝਟਕਾਉਣ ਦੀ ਆਗਿਆ ਨਹੀਂ ਸੀ। ਕੋਈ ਧੀ-ਭੈਣ ਬਾਹਰ ਸਾਗ ਤੋੜਨ ਨਹੀਂ ਸੀ ਜਾਂਦੀ। ਉਨ੍ਹਾਂ ਦਾ ਸੰਘਣਾ ਪ੍ਰਭਾਵ ਸੀ। ਜਦੋਂ ਪਿਤਾ ਜੀ ਪੈਦਾ ਹੋਏ, ਉਦੋਂ ਮੇਰੀ ਸਭ ਤੋਂ ਵੱਡੀ ਭੂਆ ਵਿਆਹੀ ਹੋਈ ਸੀ। ਘੋੜੇਵਾਹ ਤੋਂ ਪੰਜਾਂ ਕੋਹਾਂ ਦੀ ਵਾਟ 'ਤੇ ਨਹਿਰ ਕੰਢੇ ਵੱਸੇ ਪਿੰਡ ਸਠਿਆਲੀ।

ਬਿਆਸ ਦਰਿਆ ਦੀ ਜੱਦ ਵਿਚ ਪੈਂਦੇ ਢਾਹਿਆਂ ਬਰੇਤਿਆਂ ਵਾਲੇ ਇਸ ਪਿੰਡ ਵਿਚ ਪਿਤਾ ਜੀ ਦਾ ਬਚਪਨ ਸ਼ੁਰੂ ਹੋਇਆ। ਉੱਚੇ ਨੀਵੇਂ ਧਰਾਤਲ ਵਾਲੇ ਇਸ ਪਿੰਡ ਵਿਚ ਕਈ ਘਰ ਅਜਿਹੇ ਸਨ, ਜਿਨ੍ਹਾਂ ਦੀਆਂ ਛੱਤਾਂ ਪਿਛਲੀ ਗਲੀ ਨਾਲ ਬਰਾਬਰ ਸਨ ਤੇ ਗਲੀ 'ਚੋਂ ਲੰਘਦਾ ਡੰਗਰ-ਵੱਛਾ ਛੱਤਾਂ 'ਤੇ ਜਾ ਚੜ੍ਹਦਾ ਸੀ। ਇਨ੍ਹਾਂ ਵਿੰਗ-ਟੇਢ ਗਲੀਆਂ ਵਿਚ ਨੰਨ੍ਹੇ ਪੈਰਾਂ ਨੇ ਜ਼ਿੰਦਗੀ ਦਾ ਸਫਰ ਆਰੰਭਿਆ। ਪਿਤਾ ਜੀ ਆਪ ਈ ਦੱਸਦੇ, ਉਹ ਨਿੱਕੇ ਹੁੰਦੇ ਸ਼ਰਾਰਤੀ ਬੜੇ ਸਨ। ਜ਼ੁਬਾਨ ਚੱਲਣ ਦੇ ਨਾਲ ਹੀ ਹੁਜਤਾਂ ਸ਼ੁਰੂ ਹੋ ਗਈਆਂ ਸਨ। ਉਹ ਹਰ ਲੰਘਦੇ-ਵੜਦੇ ਦਾ ਮੌਜੂ ਉਡਾਉਂਦੇ, ਪਰ ਬਹੁਤੇ ਇਨ੍ਹਾਂ ਤੋਤਲੀਆਂ ਆਵਾਜ਼ਾਂ ਦਾ ਬੁਰਾ ਨਾ ਮਨਾਉਂਦੇ। ਪਰ ਕਈ ਘਰੀਂ ਉਲਾਹਮੇ ਲੈ ਆਉਂਦੇ ਜਿਸ ਕਾਰਨ ਵੱਡੇ ਭਰਾ ਤਾੜਦੇ ਤੇ ਬੇਬੇ ਦੀ ਝਾੜਦੀ ਵਰਜਦੀ।

ਸੱਤਾਂ ਵਰ੍ਹਿਆਂ ਦੀ ਉਮਰੇ ਇਨ੍ਹਾਂ ਨੂੰ ਸਕੂਲ ਵਾਲੇ ਮੁਨਸ਼ੀ ਦੇ ਹਵਾਲੇ ਕਰ ਦਿੱਤਾ ਗਿਆ ਤਾਂ ਅਲਫ ਬੇ ਦੀ ਮੁਹਾਰਨੀ ਸ਼ੁਰੂ ਹੋ ਗਈ। ਹਾਲੇ ਚਾਰ ਜਮਾਤਾਂ ਹੀ ਪਿੰਡ ਵਾਲੇ ਸਕੂਲ ਤੋਂ ਕੀਤੀਆਂ ਸਨ ਕਿ ਬਾਪੂ ਅਤਰਾ ਰੱਬ ਨੂੰ ਪਿਆਰਾ ਹੋ ਗਿਆ। ਘਰ ਦੀ ਡਾਵਾਂਡੋਲ ਹੋਈ ਸਥਿਤੀ ਨੂੰ ਵੇਖ ਵੱਡੀ ਭੈਣ ਸੰਤੀ ਨਿੱਕੇ ਲਾਡਲੇ ਵੀਰ ਨੂੰ ਸਹੁਰੀਂ ਲੈ ਗਈ ਤੇ ਉੱਥੇ ਡੇਢ ਮੀਲ ਵਾਟ 'ਤੇ ਕਾਹਨੂੰਵਾਨ ਮਿਡਲ ਸਕੂਲੇ ਪੜ੍ਹਨੇ ਪਾ ਦਿੱਤਾ। ਗਰੀਬੀ ਤੇ ਥੁੜਾਂ ਦੇ ਉਹ ਦਿਨ ਕਿ ਪੈਰੀਂ ਪਾਉਣ ਨੂੰ ਜੁੱਤੀ ਵੀ ਨਾ ਥਿਆਉਣੀ ਤੇ ਜੇਠ ਹਾੜ ਦੀ ਤਪੀ ਜ਼ਮੀਨ ਉਤੇ ਪੈਰਾਂ ਨਾਲ ਪਿੱਪਲ ਬੋਹੜ ਦੇ ਪੱਤੇ ਬੰਨ੍ਹ ਕੇ ਸਠਿਆਲੀਓਂ ਕਾਹਨੂੰਵਾਨ ਸਕੂਲੇ ਆਉਣਾ-ਜਾਣਾ।

ਪੜ੍ਹਨ ਵਿਚ ਹੁਸ਼ਿਆਰ ਤੇ ਲਗਨ ਨਾਲ ਕੰਮ ਕਰਨ ਵਾਲਾ ਸੁਭਾਅ ਹੋਣ ਕਰਕੇ ਇਹ ਸਭ ਦੇ ਦਿਲ ਨੂੰ ਭਾਅ ਜਾਂਦੇ ਸਨ। ਮੁਨਸ਼ੀ ਇਫ਼ਤਿਖ਼ਾਰ ਅਹਿਮਦ ਭੈੜੀ ਲਿਖਾਈ ਵਾਲੇ ਮੁੰਡਿਆਂ ਦੇ ਪੁੱਠੇ ਹੱਥ 'ਤੇ ਸੋਟੀਆਂ ਮਾਰਦਾ ਸੀ, ਪਰ ਇਨ੍ਹਾਂ ਲਈ ਕਦੇ ਵੀ ਐਸੀ ਨੌਬਤ ਨਾ ਆਈ। ਇਨ੍ਹਾਂ ਦੀ ਉਰਦੂ ਦੀ ਲਿਖਾਈ ਏਨੀ ਸਾਫ ਸੀ ਕਿ ਕਾਤਿਬ ਵੀ ਉਹੋ ਜਿਹੀ ਨਾ ਲਿਖ ਸਕਣ। ਇਹ ਇਨ੍ਹਾਂ ਦੀਆਂ ਹੱਥ ਲਿਖਤਾਂ ਦਾ ਕਮਾਲ ਸੀ ਕਿ ਮੈਂ ਪਹਿਲੀ ਜਮਾਤ ਵਿਚ ਪੜ੍ਹਦਿਆਂ ਹੀ ਊੜੇ ਐੜੇ ਦੇ ਨਾਲ ਹੀ ਉਨ੍ਹਾਂ ਤੋਂ ਅਲਫ ਬੇ ਸਿੱਖ ਲਈ ਸੀ। ਇਹ ਸਕੂਲੋਂ ਆ ਕੇ ਘਰ ਰੱਖੇ ਡੰਗਰ ਵੱਛੇ ਦੀ ਸਾਂਭ ਸੰਭਾਲ ਕਰਦੇ, ਪੈਲੀ ਬੰਨ੍ਹੇ ਦੀ ਨਿਗਾਹਬਾਨੀ ਕਰਦੇ। ਆਪਣੇ ਭਣਵੱਈਏ ਵੀਰ ਸਿਹੁੰ ਲਾਲ ਅੰਦਰ ਬਾਹਰ ਦੇ ਹੋਰ ਨਿੱਕੇ ਮੋਟੇ ਕੰਮ ਕਰਦੇ।

ਮੇਰੇ ਵੱਡਿਆਂ ਦੀ ਸਾਰੀ ਢਾਣੀ ਵਿਚ ਪਿਤਾ ਜੀ ਪਹਿਲੇ ਅਜਿਹੇ ਸ਼ਖ਼ਸ ਸਨ, ਜਿਨ੍ਹਾਂ ਅੱਠਵੀਂ ਪਾਸ ਕੀਤੀ। ਸਾਡੇ ਘਰ ਹਾਲੇ ਵੀ ਲਾਹੌਰ ਤੋਂ ਜਾਰੀ ਹੋਇਆ ਕਿਸੇ ਅੰਗਰੇਜ਼ ਦਾ ਖ਼ੁਸ਼ਖ਼ਤੀ ਵਿਚ ਭਰਿਆ ਸਰਟੀਫਿਕੇਟ ਪਿਆ ਹੈ-ਕਰਤਾਰ, ਸਨ ਆਫ਼ ਅਤਰਾ, ਮਿਡਲ, 1931 ਲਾਹੌਰ। ਇਸ ਮਿਡਲ ਤੱਕ ਦੀ ਪੜ੍ਹਾਈ ਕਾਰਨ ਉਹ ਪਿੰਡ ਵਿਚ ਇੱਜ਼ਤ-ਮਾਣ ਦੇ ਪਾਤਰ ਬਣੇ। ਪਿੰਡ ਦੇ ਚੌਧਰੀ ਜ਼ਿੰਮੀਂਦਾਰ ਬਾਵਾ ਕਾਸ਼ੀ ਬੇਦੀ ਲਈ ਇਹ ਸੱਜਾ ਹੱਥ ਹੁੰਦੇ। ਲਿਖਣ-ਪੜ੍ਹਨ ਦੇ ਹਰ ਕੰਮ ਵਿਚ ਮਦਦਗਾਰ। ਬੇਦੀ 3200 ਏਕੜ ਜ਼ਮੀਨ ਦਾ ਮਾਲਕ ਸੀ ਤੇ ਉਹਦੀ ਹਵੇਲੀ ਵਿਚ ਹਮੇਸ਼ਾ ਲੰਗਰ ਚਲਦਾ ਸੀ।

ਪਿਓ ਦੀ ਗੈਰ ਮੌਜੂਦਗੀ ਤੇ ਵੱਡੇ ਭਰਾਵਾਂ-ਭਾਬੀਆਂ ਦੇ ਦਿਨੋ ਦਿਨ ਤਲਖ ਹੁੰਦੇ ਜਾ ਰਹੇ ਰਵੱਈਏ ਤੇ ਮਾਂ ਜਵਾਲੀ ਦੇ ਅਕਾਲ ਚਲਾਣੇ ਨੇ ਇਕ ਦਿਨ ਘਰ ਛੱਡਣ ਦਾ ਫੈਸਲਾ ਕਰਵਾ ਦਿੱਤਾ। ਇਨ੍ਹਾਂ ਬਟਾਲੇ ਇਕ ਮਿਸਤਰੀ ਕੋਲ ਜਾ ਸ਼ਾਗਿਰਦੀ ਕੀਤੀ। ਪੜ੍ਹੇ-ਲਿਖੇ ਦਿਮਾਗ ਨੇ ਛੇਤੀ ਹੀ ਕਾਰੀਗਰੀ ਦੇ ਨੁਕਤਿਆਂ ਨੂੰ ਸਮਝਿਆ ਤੇ ਜੋੜੀ ਪੱਲੇ ਦੇ ਕੰਮ ਵਿਚ ਪ੍ਰਬੀਨਤਾ ਹਾਸਲ ਕਰ ਲਈ। 1942 ਵਿਚ 28 ਸਾਲ ਦੀ ਉਮਰੇ ਇਨ੍ਹਾਂ ਤੋਂ ਬਾਰ੍ਹਾਂ ਵਰ੍ਹੇ ਨਿੱਕੀ ਮੇਰੀ ਮਾਤਾ ਪ੍ਰਕਾਸ਼ ਨਾਲ ਇਨ੍ਹਾਂ ਦਾ ਵਿਆਹ ਹੋਇਆ। ਮੇਰੀ ਸਭ ਤੋਂ ਵੱਡੀ ਤਾਈ ਜਿਹੜੀ ਮੇਰੀ ਮਾਤਾ ਦੀ ਮਾਮੀ ਵੀ ਸੀ, ਨੇ ਵਿਚੋਲਣ ਬਣ ਕੇ ਇਹ ਜੋੜ ਬਣਾਇਆ ਸੀ। ਦੋ ਕੁ ਸਾਲਾਂ ਬਾਅਦ ਦੇਹਰਾਦੂਨ ਵਿਖੇ ਮਿਲੇ ਸਥਾਈ ਕੰਮ ਕਾਰਨ ਇਹ ਉਥੇ ਪਲਾਇਨ ਕਰ ਗਏ ਤੇ ਲਗਾਤਾਰ ਵੀਹ ਵਰ੍ਹੇ ਉਥੇ ਰਹੇ। ਪਿੰਡ ਆਉਣ-ਜਾਣ- ਬਣਿਆ ਰਿਹਾ। ਸੰਤਾਲੀ ਦੀ ਵੰਡ ਵੇਲੇ ਇਹ ਪਿੰਡ ਹੀ ਸਨ। ਉਸ ਵੇਲੇ ਜਿਥੇ ਆਮ ਬੰਦਾ ਵੀ ਧਾੜਵੀ ਬਣ ਗਿਆ ਸੀ ਤੇ ਲੁੱਟਾਂ-ਖੋਹਾਂ ਵਿਚ ਗਲਤਾਨ ਸੀ, ਪਿਤਾ ਜੀ ਹਮਖਿਆਲਾਂ ਨਾਲ ਰਲ਼ ਕੇ ਅਮਨ ਦਾ ਹੋਕਾ ਦੇਣ ਵਿਚ ਰੁੱਝੇ ਸਨ ਤੇ ਲੁੱਟੇ ਖੋਹੇ ਸਾਮਾਨ ਦੀ ਬਰਾਮਦਗੀ ਵਿਚ ਪ੍ਰਸ਼ਾਸਨ ਦੀ ਮਦਦ 'ਤੇ ਸਨ।

1960 ਵਿਚ ਬਟਾਲੇ ਦੇ ਬਾਹਰ ਸ਼ੁਕਰਪੁਰੇ ਪੰਜ ਮਰਲਿਆਂ ਦੇ ਪਲਾਟ ਉਤੇ ਇਕ ਸਾਦਾ ਘਰ ਛੱਤਿਆ ਗਿਆ ਤੇ ਮਾਤਾ ਸਾਨੂੰ ਚਹੁੰ ਭੈਣ-ਭਰਾਵਾਂ ਨੂੰ ਲੈ ਕੇ ਏਥੇ ਬਹਿ ਗਈ। ਪਿਤਾ ਜੀ ਦਾ ਕੰਮ ਬਾਹਰ ਹੀ ਜਾਰੀ ਰਿਹਾ-ਦੇਹਰਾਦੂਨ ਤੋਂ ਬਾਅਦ ਸ੍ਰੀਨਗਰ, ਫਿਰ ਪਾਉਂਟਾ ਸਾਹਿਬ, ਫਿਰ ਕਿਤੇ ਹੋਰ। ਅਸੀਂ ਨਿੱਕੇ ਨਿਆਣੇ ਮਾਤਾ ਦੇ ਨਾਲ ਹੀ ਮਨੀਆਰਡਰ ਉਡੀਕਦੇ। ਮਾਤਾ ਸਰਫ਼ਿਆਂ ਨਾਲ ਘਰ ਤੋਰਦੀ? 66 ਵਿਚ ਸਭ ਤੋਂ ਨਿੱਕੇ ਗੁਰਮੁਖ ਦੇ ਜਨਮ ਪਿੱਛੋਂ ਇਹ ਬਟਾਲੇ ਵਿਚ ਕੰਮ ਤੋਰਨ ਵਿਚ ਕਾਮਯਾਬ ਹੋਏ।

ਨਿੱਕੇ ਹੁੰਦਿਆਂ ਤੋਂ ਪਿਤਾ ਜੀ ਦੇ ਅੱਠਵੀਂ ਵਾਲੇ ਸਰਟੀਫਿਕੇਟ ਨੂੰ ਮੈਂ ਚਾਈਂ ਵੇਖਦਾ ਸਾਂ। ਇਹ ਮੇਰੇ ਲਈ ਬਚਪਨ ਤੋਂ ਉਹ ਚੈਲੰਜ ਰਿਹਾ, ਜਿਸ ਨੂੰ ਮੈਂ ਹਰ ਹੀਲੇ ਟੱਪਣਾ ਹੀ ਟੱਪਣਾ ਸੀ। ਇਸ ਚੈਲੰਜ ਪਾਰੋਂ ਮੈਂ ਐਮ.ਏ. ਤਕ ਪੜ੍ਹਾਈ ਕਰ ਗਿਆ। ਮੇਰੀ ਇਸ ਪੱਧਰ ਦੀ ਵਿਦਿਆ ਵੇਲੇ ਤਕ ਮੇਰੇ ਨਾਨਕੇ ਦਾਦਕੇ ਦੋਹੀਂ ਪਾਸੀਂ ਕਿਸੇ ਮੁੰਡੇ ਕੁੜੀ ਨੇ ਐਮ.ਏ. ਦਾ ਮੂੰਹ ਵੀ ਨਹੀਂ ਸੀ ਵੇਖਿਆ। ਪੜ੍ਹਾਈ ਵਿਚ ਅਗਲਾ ਮਾਅਰਕਾ ਮਾਰਨ ਵਾਲਾ ਮੈਂ ਪਿਤਾ ਜੀ ਤੋਂ ਬਾਅਦ ਦੂਜਾ ਜੀਅ ਸਾਂ। ਲਗਭਗ ਛਿਆਲੀ ਸਾਲਾਂ ਦੇ ਵਕਫ਼ੇ ਮਗਰੋਂ।

ਇਸ ਦਾ ਕਾਰਨ ਸਾਡੇ ਕਿਰਤੀ ਪਰਿਵਾਰਾਂ ਦਾ ਅੱਤ ਸਾਧਾਰਨ ਹੋਣਾ ਸੀ। ਮੇਰੇ ਤਾਏ-ਮਾਮੇ ਰਾਜ ਮਿਸਤਰੀ ਸਨ ਜਾਂ ਤਰਖਾਣਾ ਕਰਨ ਵਾਲੇ। ਆਰਥਿਕ ਤੌਰ 'ਤੇ ਕਮਜ਼ੋਰ ਘਰਾਂ 'ਚੋਂ ਅੱਜ ਵੀ ਜੇ ਕੋਈ ਮੁੰਡਾ ਰਤਾ ਕੁ ਸਿਰ ਕੱਢਦਾ ਹੈ ਤਾਂ ਹੱਥ ਤੇਸੀ ਕਾਂਡੀ ਫੜਾ ਦਿੰਦੇ ਨੇ ਜਾਂ ਆਰੀ ਰੰਦਾ। ਜੇ ਕੋਈ ਕੁੜੀ ਕਾਤਰ ਰਤਾ-ਮਾਸਾ ਜ਼ਮੀਨ 'ਚੋਂ ਨਿਕਲਦੀ ਹੈ ਜਾਂ ਪੰਜ-ਸੱਤ ਪੜ੍ਹ ਜਾਂਦੀ ਹੈ ਤਾਂ ਆਂਹਦੇ ਨੇ, ਧਰੇਕ ਬਰਾਬਰ ਚਲੀ ਗਈ ਹੈ, ਅੱਖਰ ਉਠਾਉਣ ਜੋਗੀ ਹੋ ਗਈ, ਹੱਥ ਪੀਲੇ ਕਰੋ। ਪਰ ਜਿਹੜੇ ਤਰਖਾਣ ਰਾਮਗੜ੍ਹੀਏ ਹੋ ਗਏ, ਉਥੇ ਹਾਲਾਤ ਕੁਝ ਫਰਕ ਪੈ ਗਏ। ਪੜ੍ਹਾਈ ਦਾ ਮਿਆਰ ਕੁਝ ਸੁਧਰ ਗਿਆ ਹੈ। ਮੇਰੀ ਪੜ੍ਹਾਈ ਦੀ ਸੀਮਾ ਮਿਥੀ ਗਈ ਸੀ ਦਸਵੀਂ। ਤੈਅ ਹੋਇਆ ਸੀ ਕਿ ਦਸਵੀਂ ਪਿੱਛੋਂ ਹੋਰਨਾਂ ਤਾਇਆਂ, ਚਾਚਿਆਂ, ਮਾਮਿਆਂ ਦੇ ਮੁੰਡਿਆਂ ਵਾਂਗ ਪਿਤਾ-ਪੁਰਖੀ ਲੱਕੜੀ ਦੇ ਕੰਮ ਵਿਚ ਪੈ ਜਾਣਾ ਹੈ।

ਪਰ ਇਹ ਮੇਰਾ ਚੰਗਾ ਮੁਕੱਦਰ ਸੀ ਕਿ ਮੈਂ ਦਸਵੀਂ 'ਚੋਂ ਫਸਟ ਕਲਾਸ ਫਸਟ ਆਇਆ। ਪੁਰਾਣੀਆਂ ਅੱਠ ਪੜ੍ਹੇ ਪਿਤਾ ਨੂੰ ਕਿਸੇ ਹੋਰ ਵਧ ਪੜ੍ਹੇ ਬੰਦੇ ਨੇ ਸਲਾਹ ਦਿੱਤੀ ਸੀ, 'ਕਰਤਾਰ ਸਿਆਂ ਸਿਆਣੇ ਆਂਹਦੇ ਆ, ਜੇ ਕਾਰਖਾਨਾ ਲਾਉਣ ਤੇ ਮੁੰਡਾ ਪੜ੍ਹਾਉਣ ਦੇ ਦੋ ਕੰਮਾਂ 'ਚੋਂ ਇਕ ਚੁਣਨਾ ਹੋਵੇ ਤਾਂ ਮੁੰਡਾ ਪੜ੍ਹਾ ਲਓ।' ਬਸ, ਉਨ੍ਹਾਂ ਘਰ ਆ ਕੇ ਐਲਾਨ ਕੀਤਾ, 'ਮੁੰਡਾ ਪੜ੍ਹੇਗਾ।' ਕੁਝ ਨੇੜਲੇ ਰਿਸ਼ਤੇਦਾਰਾਂ ਟਿੱਪਣੀ ਕੀਤੀ, 'ਵੀਹ ਰੁਪਏ ਦਿਹਾੜੀ ਦਾ ਨੁਕਸਾਨ ਤੇ ਖਰਚਾ ਵਾਧੂ।'

ਪਰ ਪਿਤਾ ਜੀ ਨੇ ਇਹ 'ਨੁਕਸਾਨ' ਝੱਲਣ ਨੂੰ ਤਰਜੀਹ ਦਿੱਤੀ। ਮੈਥੋਂ ਨਿੱਕੇ ਦੋਵੇਂ ਬਲਵਿੰਦਰ ਤੇ ਗੁਰਮੁਖ ਵੀ ਪੜ੍ਹ ਰਹੇ ਸਨ। ਵੱਡੀਆਂ ਦੋਵੇਂ ਭੈਣਾਂ ਇਕੋ ਘਰ ਦੋ ਭਰਾਵਾਂ ਨਾਲ ਵਿਆਹੀਆਂ ਸਨ ਤੇ ਉਨ੍ਹਾਂ ਦੇ ਨਾਲ ਸਮਾਜਕ ਲੈਣ-ਦੇਣ ਦਾ ਵੀ ਭਾਰ ਸੀ। ਪਿਤਾ ਜੀ ਸਾਰਾ-ਸਾਰਾ ਦਿਨ ਆਰੀ ਚਲਾਉਂਦੇ, ਰੰਦਾ, ਖਿੱਚਦੇ। ਸਵੇਰੇ ਰੋਟੀ ਵਾਲਾ ਡੱਬਾ ਸਾਈਕਲ ਦੇ ਹੈਂਡਲ ਨਾਲ ਲਮਕਾ ਕੇ ਨਿਕਲਦੇ। ਗਰਮੀ ਦੇ ਦਿਨਾਂ ਵਿਚ ਲੱਕੜ ਦਾ ਬੂਰਾ ਉਨ੍ਹਾਂ ਦੀਆਂ ਬਾਹਾਂ ਦੇ ਵਾਲਾਂ ਵਿਚ ਮੁੜ੍ਹਕੇ ਨਾਲ ਰਲ ਕੇ ਚਿੱਟੀ ਤਹਿ ਬਣਾ ਦਿੰਦਾ। ਉਨ੍ਹਾਂ ਦੀ ਬੁਨੈਣ ਵਿਚੋਂ ਦਿਓਦਾਰ ਦੀ ਲੱਕੜ ਦੀ ਮਹਿਕ ਆਉਂਦੀ। ਮੈਂ ਕਾਲਜ ਦੇ ਫਾਰਮਾਂ ਵਿਚ 'ਲੁਹਾਰ' ਲਿਖਵਾ ਕੇ ਫੀਸ ਮਾਫ ਕਰਾਉਂਦਾ, ਜੇਬ ਖਰਚ ਕੱਟ ਕੇ ਰੱਖਦਾ, ਇਕ ਪੈਂਟ-ਕਮੀਜ਼ ਨਾਲ ਗੁਜ਼ਾਰਾ ਕਰਦਾ, ਘਰ ਤੋਂ ਕਾਲਜ ਪੰਜ ਕਿਲੋਮੀਟਰ ਦੀ ਵਾਟ ਪੈਦਲ ਆ ਜਾ ਕੇ ਪਿਓ ਦੀ ਜਿਸਮਾਨੀ ਮੁਸ਼ੱਕਤ ਦਾ ਮੁੱਲ ਤਾਰਦਾ।

ਕਦੀ ਕਦੀ ਮੈਨੂੰ ਲੱਗਦਾ ਮੈਥੋਂ ਕੋਈ ਜ਼ਿਆਦਤੀ ਹੋ ਰਹੀ ਹੈ। ਮੈਨੂੰ ਪਿਤਾ ਜੀ ਦੀ ਮਦਦ ਕਰਨੀ ਚਾਹੀਦੀ ਹੈ। ਮੈਂ ਸਾਲ ਬਾਅਦ ਬੈਕਵਰਡ ਕਲਾਸ ਦੇ ਮਿਲੇ ਸਟਾਈਪੰਡ ਨਾਲ ਇਕ-ਅੱਧ ਸੂਟ ਸੁਆ ਲੈਂਦਾ। ਆਪਣੇ ਘਰ ਨੇੜੇ ਲੱਗੀ ਗੱਤਾ ਮਿੱਲ ਵਿਚ ਕੋਈ ਨਿੱਕਾ-ਮੋਟਾ ਕੰਮ ਕਰ ਕੇ ਕੁਝ ਹੀਲਾ ਕਰ ਲੈਂਦਾ।

ਮੈਂ ਲੱਗਦੀ ਵਾਹੇ ਕੋਈ ਅਜਿਹਾ ਮੌਕਾ ਨਾ ਪੈਦਾ ਹੋਣ ਦਿੰਦਾ, ਜਿਸ ਨਾਲ ਪਿਤਾ ਜੀ ਦੇ ਮਨ ਨੂੰ ਠੇਸ ਲੱਗਣ ਦੀ ਸੰਭਾਵਨਾ ਨਜ਼ਰ ਆਉਂਦੀ। ਪਰ ਦੂਜੇ ਪੁੱਤ ਨੂੰ ਪੜ੍ਹਾਉਣ ਦੀ ਉਨ੍ਹਾਂ ਦੀ ਖਾਹਿਸ਼ ਆਰਥਿਕ ਬੋਝ ਕਾਰਨ ਪੂਰੀ ਨਾ ਹੋ ਸਕੀ। ਬਲਵਿੰਦਰ ਨੂੰ ਦਸਵੀਂ ਤੋਂ ਬਾਅਦ ਕੰਮ ਵਿਚ ਪੈਣਾ ਪੈ ਗਿਆ। ਜਦੋਂ ਸਭ ਤੋਂ ਨਿੱਕੇ ਗੁਰਮੁਖ ਨੇ ਦੱਸ ਪਾਸ ਕੀਤੀਆਂ ਤਾਂ ਉਸ ਮਰਜ਼ੀ ਨਾਲ ਕੰਮ ਨੂੰ ਤਰਜੀਹ ਦਿੱਤੀ ਤੇ ਪਿਤਾ ਜੀ ਨਾਲ ਤਰਖਾਣੇ ਕੰਮ ਦੇ ਹੁਨਰ ਨੂੰ ਸਿੱਖਣ ਲੱਗਾ। ਮੈਂ ਨੌਕਰੀ ਲੱਗਾ, ਨਿੱਕੇ ਦੋਵੇਂ ਕੰਮ ਕਰਨ ਲੱਗੇ, ਪਰ ਪਿਤਾ ਜੀ ਦੀ ਤਪੱਸਿਆ ਪੂਰੀ ਨਾ ਹੋਈ। ਜਾਨ ਹੂਲਵੀਂ ਕਿਰਤ ਜਾਰੀ ਰਹੀ। ਅੱਸੀ ਵਰ੍ਹਿਆਂ ਤੋਂ ਵਧ ਉਮਰ ਤੱਕ ਉਨ੍ਹਾਂ ਸਿਵਾਏ ਇਕ ਮੱਸਿਆ ਦੇ ਨਾਗੇ ਦੇ ਕਦੇ ਛੁੱਟੀ ਨਾ ਕੀਤੀ। ਰੱਬ ਦੀ ਇਹ ਵੱਡੀ ਮਿਹਰ ਰਹੀ ਕਿ ਉਹ ਹਰ ਪੱਖੋਂ ਤੰਦਰੁਸਤ ਰਹੇ। ਹਮੇਸ਼ਾ ਖੁਸ਼ ਤਬੀਅਤ। ਬੜਾ ਘੱਟ ਗੁੱਸਾ ਤੇ ਤਣਾਓ ਕਦੇ ਵੀ ਨਾ। ਥੱਕ-ਟੁੱਟ ਕੇ ਆਉਂਦੇ ਤੇ ਰੋਟੀ ਖਾਂਦਿਆਂ ਸਾਰ ਨੀਂਦ। ਵਕਤ ਹੁੰਦਾ ਤਾਂ ਪੜ੍ਹਦੇ। ਕੋਈ ਵੀ ਕਿਤਾਬ, ਧਾਰਮਿਕ ਜਾਂ ਸਾਹਿਤਕ। ਕਦੇ ਕਦੇ ਮਾਤਾ ਕਿਤਾਬ ਪੜ੍ਹਨ ਦੀ ਆਦਤ ਤੋਂ ਖਿਝਦੀ ਵੀ, ਪਰ ਇਹ ਸਿਲਸਿਲਾ ਕਦੇ ਨਾ ਟੁੱਟਾ।

ਮੈਨੂੰ ਹਮੇਸ਼ਾ ਕਹਿੰਦੇ, 'ਕੋਈ ਚੰਗੀ ਜਿਹੀ ਕਿਤਾਬ ਲਿਆ ਕੇ ਦੇ।' ਅਖ਼ਬਾਰ ਤਾਂ ਉਹ ਬਿਨਾਂ ਨਾਗਾ ਪੜ੍ਹਦੇ ਤੇ ਗੁਰਦੁਆਰੇ ਵੀ ਨਿੱਤ ਜਾਂਦੇ। ਸਵੇਰੇ ਚਾਰ ਵਜੇ ਉਠਣਾ, ਇਸ਼ਨਾਨ ਕਰਨਾ, ਸਾਫ-ਸਵੱਛ ਵਸਤਰ ਪਾਉਣੇ, ਪਾਠ ਕਰਨਾ ਉਨ੍ਹਾਂ ਦਾ ਨੇਮ ਰਿਹਾ। ਗੁਰਦੁਆਰੇ ਦੀ ਪ੍ਰਬੰਧਕੀ ਸਭਾ ਤੋਂ ਵਿੱਥ ਪਾ ਕੇ ਰੱਖਦੇ। ਇਨ੍ਹਾਂ ਦਾ ਰਾਜਨੀਤੀ ਜਾਂ ਗੁੱਟਬੰਦੀ ਵਿਚ ਕਦੇ ਯਕੀਨ ਨਹੀਂ ਰਿਹਾ।

ਪਰਿਵਾਰਕ ਰਿਸ਼ਤੇਦਾਰੀਆਂ ਦੇ ਝਗੜੇ-ਝਮੇਲੇ ਇਨ੍ਹਾਂ ਨੂੰ ਬਹੁਤਾ ਪ੍ਰੇਸ਼ਾਨ ਨਹੀਂ ਕਰਦੇ। ਇਸ ਨਜ਼ਰੀਏ ਨੇ ਕੁਝ ਨੁਕਸਾਨ ਵੀ ਕੀਤੇ। ਇਨ੍ਹਾਂ ਦੀ ਸ਼ਰਾਫਤ ਨੂੰ ਕਮਜ਼ੋਰ ਜਾਣ ਕੁਝ ਧਿਰਾਂ ਤਾਕਤਵਰ ਹੋ ਗਈਆਂ। ਘਰ ਦੇ ਫੈਸਲਿਆਂ ਉਤੇ ਮਾਤਾ ਦਾ ਅਸਰ ਭਾਰੂ ਹੋ ਗਿਆ। ਮੇਰੇ ਵਿਆਹ ਉਪਰੰਤ ਪਰਿਵਾਰਕ ਕਲੇਸ਼ ਨੂੰ ਸੁਲਝਾਉਣ ਤੋਂ ਇਹ ਅਸਮਰਥ ਰਹੇ ਤੇ ਅਖੀਰ ਕੁੜੱਤਣ ਭਰੇ ਮਾਹੌਲ ਵਿਚ ਮੈਨੂੰ ਆਪਣੀ ਪਤਨੀ ਤੇ ਚਹੁੰ ਮਹੀਨਿਆਂ ਦੇ ਬੱਚੇ ਨੂੰ ਲੈ ਕੇ ਖਾਲੀ ਹੱਥ ਘਰੋਂ ਹਿਜਰਤ ਕਰਨੀ ਪਈ।

ਪਿਤਾ ਜੀ ਹੁਣ 94 ਸਾਲ ਦੀ ਉਮਰ ਤੱਕ ਪਹੁੰਚ ਚੁੱਕੇ ਨੇ। ਸਾਲ ਪਹਿਲਾਂ ਗਦੂਦਾਂ ਦੀ ਸਮੱਸਿਆ ਦਰਘ ਰੋਗ ਵਿਚ ਵਟਣ ਕਾਰਨ ਉਨ੍ਹਾਂ ਦੀ ਹਯਾਤੀ ਦਾ ਨਿਤਾਪ੍ਰਤੀ ਦਾ ਕ੍ਰਮ ਟੁੱਟ ਗਿਆ ਹੈ। ਵਿਚਕਾਰਲੇ ਬਲਵਿੰਦਰ ਨੂੰ ਸ਼ਰਾਬ ਦੀ ਲੱਗੀ ਲੱਤ ਵੀ ਉਨ੍ਹਾਂ ਨੂੰ ਦੁਖੀ ਕਰ ਰਹੀ ਹੈ। ਪਿਛਲੇ ਕਈ ਦਿਨਾਂ ਤੋਂ ਉਹ ਮੰਜੇ 'ਤੇ ਪੈ ਗਏ ਹਨ। ਮੰਜੇ ਉੱਪਰ ਟਿਕ ਕੇ ਪੈਣਾ ਉਨ੍ਹਾਂ ਲਈ ਮੁਹਾਲ ਹੈ। ਉਹ ਕਾਹਲੇ ਪੈ ਰਹੇ ਹਨ। ਕਈ ਦਿਨਾਂ ਤੋਂ ਅਖਬਾਰ ਨਹੀਂ ਪੜ੍ਹੀ। ਦੋਹਤੇ-ਪੋਤਿਆਂ ਦੇ ਭਰੇ-ਪੂਰੇ ਬਾਗ ਵਲ ਵੇਖ ਮਨ ਹੌਲਾ ਕਰਦੇ ਨੇ। ਕਦੀ ਕਦੀ ਅੱਖਾਂ ਭਰ ਲੈਂਦੇ ਨੇ। ਗੁਰਮੁਖ ਤੇ ਉਹਦੀ ਪਤਨੀ ਸੇਵਾ ਵਿਚ ਕੋਈ ਕਸਰ ਨਹੀਂ ਰੱਖਦੇ। ਮਾਤਾ ਉਨ੍ਹਾਂ ਨੂੰ ਚੁੱਕਦੀ-ਥੱਲਦੀ ਹੈ। ਰਿਸ਼ਤੇਦਾਰ ਜਾਣੂ ਪਛਾਣੂ ਸਾਰਾ ਦਿਨ ਹਾਲ ਹਵਾਲ ਪੁੱਛਣ ਆਏ ਰਹਿੰਦੇ ਨੇ।

ਪਿਤਾ ਜੀ ਬੜੀ ਉਦਾਸ ਸੁਰ ਵਿਚ ਆਖਦੇ ਨੇ, "ਯਾਰ, ਮਰਨ ਤੋਂ ਪਹਿਲਾਂ ਇਕ ਪੋਤਾ ਵਿਆਹ ਜਾਂਦਾ!"

ਨਿੱਕਾ ਗੁਰਮੁਖ, ਜਿਸ ਨਾਲ ਮੇਰਾ ਉਚੇਚਾ ਸਨੇਹ ਮੋਹ ਹੈ, ਜੋ ਆਪਣੇ ਖੇਤਰ ਦਾ ਮੰਨਿਆ-ਪ੍ਰਮੰਨਿਆ ਕਾਰੀਗਰ ਹੈ ਅਤੇ ਚੰਗੀ ਭੱਲ ਵਾਲਾ ਠੇਕੇਦਾਰ ਹੈ, ਪਿਤਾ ਨੂੰ ਵਰਚਾਉਣ ਖਾਤਰ ਮੈਨੂੰ ਪੁੱਛਦਾ ਹੈ, 'ਭਾ ਜੀ, ਬਲਵਿੰਦਰ ਵੀਰ ਦੇ ਜਰਨੈਲ ਨੂੰ ਵਿਆਹੀਏ ਕਿ ਤੁਹਾਡੇ ਸੁਮੀਤ ਨੂੰ?"

"ਦੇਖ ਲਾ, ਜਿਵੇਂ ਮਰਜ਼ੀ ਆ ਕਰ ਲੈ।" ਮੈਂ ਕਹਿੰਦਾ ਹਾਂ। ਫਿਰ ਉਹ ਆਪਣੇ ਖ਼ੁਸ਼ ਤਬੀਅਤ ਮੂਡ ਵਿਚ ਉੱਚੀ ਸਾਰੀ ਪਿਤਾ ਜੀ ਦੇ ਕੰਨ ਕੋਲ ਮੂੰਹ ਕਰ ਕੇ ਕਹਿੰਦਾ ਹੈ, "ਭਾਪਾ ਜੀ, ਮੁੰਡੇ ਤਾਂ ਨਿੱਕੇ ਨੇ ਹਾਲੇ। ਮੈਂ ਈ ਨਾ ਦੂਜਾ ਵਿਆਹ ਕਰਵਾ ਲਵਾਂ?" ਪਿਤਾ ਜੀ ਦੇ ਕਮਜ਼ੋਰ ਚਿਹਰੇ 'ਤੇ ਮੁਸਕਾਨ ਖਿੰਡਰਦੀ ਹੈ, 'ਸ਼ਰਮ ਨੀਂ ਆਉਂਦੀ ਗੱਲ ਕਰਦਿਆਂ,...ਨਾ ਹੋਵੇ ਤਾਂ।" ਉਨ੍ਹਾਂ ਨਾਲ ਸਾਰੇ ਹੱਸਦੇ ਨੇ, ਉਦਾਸੀ ਰਲਿਆ ਹਾਸਾ।

ਉਹ ਆਪਣੀ ਜ਼ਿੰਦਗੀ ਦਾ ਲੇਖਾ-ਜੋਖਾ ਕਰਦੇ ਬੜੀ ਸਾਦਗੀ ਨਾਲ ਕਹਿੰਦੇ ਨੇ, "ਮੈਂ ਤਾਂ ਭਾਈ ਲਾਲੋ ਵਾਲਾ ਜੀਵਨ ਜੀਵਿਆ। ਦਸਾਂ ਨਹੁੰਆਂ ਦੀ ਕਿਰਤ ਕੀਤੀ..। ਕਦੇ ਕਿਸੇ ਦਾ ਹੱਕ ਨਹੀਂ ਮਾਰਿਆ।" ਮੈਂ ਉਨ੍ਹਾਂ ਦੇ ਮਾਸ ਛੱਡ ਗਏ ਹੱਥਾਂ ਨੂੰ ਪਲੋਸਦਾ ਹਾਂ। ਕਮਜ਼ੋਰ ਪੈ ਗਈਆਂ ਬਾਹਾਂ ਘੁੱਟਦਾ ਹਾਂ। ਉਨ੍ਹਾਂ ਨਾਲ ਬੀਤੇ ਵੇਲਿਆਂ ਦੀਆਂ ਗੱਲਾਂ ਕਰਦਾ ਹਾਂ। ਉਨ੍ਹਾਂ ਦੀਆਂ ਅੱਖਾਂ ਵਿਚ ਹੋਰ ਜੀਣ ਦੀ ਤਮੰਨਾ ਵੇਖਦਾ ਉਦਾਸੀਆਂ ਵਿਚ ਘਿਰ ਜਾਂਦਾ ਹਾਂ।

---

ਹੋ ਰਹੀਆਂ ਸਨ ਕਿ ਪ੍ਰੋਫੈਸਰ ਨੇ ਅਨੂਪ ਦੇ ਹੱਥਾਂ ਵਲ ਵੇਖਦਿਆਂ ਕਿਹਾ, "ਤੁਹਾਡੇ ਹੱਥਾਂ ਦੀ ਜਿਲਦ ਵਿਚ ਕੋਈ ਖਰਾਬੀ ਨਾ ਹੋ ਜਾਏ, ਕਿਸੇ ਡਾਕਟਰ ਨੂੰ ਵਿਖਾਓ। ਜਾਂ ਪਹਿਲਾਂ ਕੁਝ ਦਿਨ ਵਿਟਾਮਿਨ ਬੀ. ਖਾ ਕੇ ਵੇਖੋ। ਉਸਦੀ ਘਾਟ ਲਗਦੀ ਏ।"

ਉਹ ਕੁਝ ਮਿੰਟ ਰੁਕੀ। ਫੇਰ, ਉਸਨੇ ਕਿਹਾ, "ਤੁਹਾਡੇ ਗਲ ਵਿਚ ਵੀ ਕੁਝ ਖਰਾਬੀ ਏ। ਕਿਤੇ ਖੰਘ ਨਾ ਹੋ ਜਾਏ। ਮੇਰੇ ਕੋਲ ਇਕ ਬੜੀ ਚੰਗੀ ਦਵਾਈ ਏ। ਮੈਂ ਤੋਸ਼ੀ ਦੇ ਹੱਥ ਭੇਜਾਂਗੀ। ਇਕ-ਦੋ ਦਿਨਾਂ ਵਿਚ ਹੀ ਤੁਹਾਡੀ ਬੈਠੀ ਹੋਈ ਆਵਾਜ਼ ਠੀਕ ਹੋ ਜਾਵੇਗੀ। ਕਈ ਪ੍ਰੋਫੈਸਰ ਤਾਂ ਉਸਨੂੰ ਖਾ ਕੇ ਬੜਾ ਉੱਚਾ ਬੋਲਣ ਲਗ ਪਏ ਹਨ।" ਉਹ ਠਹਾਕਾ ਮਾਰ ਕੇ ਹੱਸੀ।

ਅਸੀਂ ਵੀ ਖੁਲ੍ਹ ਕੇ ਹੱਸੇ।

ਫੇਰ, ਉਸਨੇ ਤੋਸ਼ੀ ਵਲ ਸੰਕੇਤ ਕਰਦਿਆਂ ਕਿਹਾ, "ਇਸਨੂੰ ਕਦੇ ਸੈਕਸ਼ਪੀਅਰ ਵੀ ਪੜ੍ਹਾ ਦਿਆ ਕਰੋ। ਬ੍ਰਾਊਨਿੰਗ ਦੀ ਤਾਂ ਹੁਣ ਇਹ ਇਨੀ ਭਗਤ ਹੋ ਗਈ ਏ ਕਿ ਇਕ ਦਿਨ ਕਹਿ ਰਹੀ ਸੀ ਕਿ ਉਹ ਸ਼ੈਕਸਪੀਅਰ ਨਾਲੋਂ ਵੱਡਾ ਕਵੀ ਏ।" ਅਨੂਪ ਮੁਸਕਰਾਇਆ। "ਨਹੀਂ, ਹੁਣ ਮੈਂ ਇਸਨੂੰ ਨਹੀਂ ਪੜ੍ਹਾਵਾਂਗਾ। ਹੁਣ ਤੁਸੀਂ ਹੀ ਇਸ ਨੂੰ ਪੜ੍ਹਾਓ। ਮੈਂ ਤਾਂ ਇਸਨੂੰ ਬ੍ਰਾਊਨਿੰਗ ਰਤਾ ਸੌਖਾ ਕਰਕੇ ਦਸਿਆ ਸੀ। ਕਹਿੰਦੀ ਸੀ ਕਿ ਬਹੁਤ ਔਖਾ ਏ।"

ਅਸੀਂ ਫੇਰ ਸਾਰੇ ਹੱਸੇ। ਪਰ ਮੈਨੂੰ ਲਗਾ ਕਿ ਇਸ ਵਾਰ ਤੋਸ਼ੀ ਖੁਲ੍ਹ ਕੇ ਨਹੀਂ ਸੀ ਹੱਸੀ। ਮੈਂ ਸਮਝ ਗਿਆ। ਝੱਲੀ ਕਿਤੋਂ ਦੀ! ਮੈਂ ਮਨ ਵਿਚ ਕਿਹਾ। ਅਨੂਪ ਨੇ ਤਾਂ ਉਂਜ ਹੀ ਕਿਹਾ ਹੈ। ਕਿਤੇ ਪੜ੍ਹਾਉਣੋਂ ਹਟ ਥੋੜ੍ਹਾ ਜਾਏਗਾ? ਜ਼ਰੂਰ ਪੜ੍ਹਾਏਗਾ।

ਤ੍ਰਕਾਲਾਂ ਤੀਕ ਗੱਲਾਂ ਹੁੰਦੀਆਂ ਰਹੀਆਂ। ਪ੍ਰੋਫੈਸਰ ਦੀਆਂ ਗੱਲਾਂ ਵਿਚ ਬੜੀ ਅਪਣੱਤ ਸੀ। ਉਸਨੇ ਮੇਰੇ ਤੇ ਮੇਰੇ ਵਪਾਰ ਬਾਰੇ ਬੜੀ ਦਿਲਚਸਪੀ ਨਾਲ ਗੱਲਾਂ ਪੁਛੀਆਂ। ਤੋਸ਼ੀ ਦੀ ਪੜ੍ਹਾਈ ਬਾਰੇ ਉਹ ਇੰਜ ਗੱਲਾਂ ਕਰਦੀ ਰਹੀ, ਜਿਵੇਂ ਉਹ ਉਸਦੀ ਛੋਟੀ ਭੈਣ ਹੋਵੇ। ਇਸੇ ਤਰ੍ਹਾਂ ਉਸ ਨੇ ਅਨੂਪ ਨੂੰ ਕਿਹਾ ਕਿ ਉਹ ਆਪਣੀ ਪ੍ਰਤਿਭਾ ਨੂੰ ਇਸ ਤਰ੍ਹਾਂ ਅਜਾਈਂ ਨਾ ਗਵਾਏ ਤੇ ਕਿਸੇ ਵਡੇ ਉਦੇਸ਼ ਨੂੰ ਸਾਹਮਣੇ ਰਖਕੇ ਕੰਮ ਕਰੇ। ਜੇ ਚਾਹੇ, ਤਾਂ ਉਹ ਉਸਨੂੰ ਯੂਰਪ ਭੇਜਣ ਦਾ ਵੀ ਪ੍ਰਬੰਧ ਕਰ ਸਕਦੀ ਹੈ। ਤੇ ਆਪਣੀ ਸਿਹਤ ਦਾ ਪੂਰਾ ਖ਼ਿਆਲ ਰਖੇ। ਹੋਟਲਾਂ ਵਿਚ ਖਾਣਾ ਉੱਕਾ ਹੀ ਛੱਡ ਦੇਵੇ। ਜੇ ਹੋਰ ਕਿਤੇ ਚੰਗਾ ਪ੍ਰਬੰਧ ਨਾ ਹੁੰਦਾ ਹੋਵੇ, ਤਾਂ ਉਹਨਾਂ ਦੇ ਹੋਸਟਲ ਵਿਚ ਆ ਕੇ ਖਾ ਲਿਆ ਕਰੇ। ਉਥੋਂ ਦਾ ਖਾਣਾ ਕਾਫ਼ੀ ਚੰਗਾ ਹੈ।

ਮਾਂ ਨਾਲ ਵੀ ਉਸ ਨੇ ਅਜਿਹੀ ਅਪਣੱਤ ਤੇ ਨਿੱਘ ਨਾਲ ਗੱਲਾਂ ਕੀਤੀਆਂ ਕਿ ਮਾਂ ਦੀਆਂ ਅੱਖਾਂ ਵਿਚ ਹੰਝੂ ਆ ਗਏ। ਉਸ ਦੇ ਜਾਣ ਪਿਛੋਂ ਤੋਸ਼ੀ ਨੇ ਵਿਅੰਗ ਨਾਲ ਮੈਨੂੰ ਕਿਹਾ, "ਕਿਉਂ, ਪਸੰਦ ਆਈ ਮੇਰੀ ਪ੍ਰੋਫ਼ੈਸਰ? ਦਰਸ਼ਨ ਕਰ ਕੇ ਖੁਸ਼ੀ ਹੋਈ ਜਾਂ ਨਹੀਂ?"

ਮੈਂ ਕਿਹਾ, "ਜੇ ਇਸ ਕੋਲੋਂ ਪੜ੍ਹਣ ਦਾ ਮੌਕਾ ਮਿਲੇ ਤਾਂ ਮੈਂ ਮੁੜ ਕਾਲਜ ਵਿਚ ਦਾਖਲ ਹੋਣ ਲਈ ਤਿਆਰ ਹਾਂ।"

"ਟਿਊਸ਼ਨ ਕਿਉਂ ਨਹੀਂ ਰਖ ਲੈਂਦਾ ਉਸ ਦੀ?" ਅਨੂਪ ਨੇ ਹੱਸ ਕੇ ਕਿਹਾ।

ਮਾਂ ਉਂਜ ਤਾਂ ਬਹੁਤ ਪਹਿਲਾਂ ਤੋਂ ਹੀ ਤੋਸ਼ੀ ਦੇ ਵਿਆਹ ਦੀਆਂ ਚੀਜ਼ਾਂ ਤਿਆਰ ਕਰਨ ਵਿਚ ਲਗੀ ਹੋਈ ਸੀ, ਪਰ ਹੁਣ ਉਹ ਹਰ ਵੇਲੇ ਇਸ ਤਿਆਰੀ ਵਿਚ ਰੁੱਝੀ ਰਹਿਣ ਲੱਗੀ। ਕੁਝ ਚੀਜ਼ਾਂ ਦਾ ਪ੍ਰਬੰਧ ਕਰਨ ਲਈ ਉਸਨੇ ਮੈਨੂੰ ਕਿਹਾ। "ਮੇਰਾ ਖ਼ਿਆਲ ਏ ਕਿ ਅਗਲੀਆਂ ਛੁੱਟੀਆਂ ਵਿਚ ਵਿਆਹ ਰਖ ਦਿਤਾ ਜਾਏ। ਹਾਲੀਂ ਦੋ-ਢਾਈ ਮਹੀਨੇ ਪਏ ਨੇ। ਤਦ ਤਾਈਂ ਸਾਰੀ ਤਿਆਰੀ ਹੋ ਜਾਏਗੀ।"

"ਠੀਕ ਏ, ਮੈਂ ਕਿਹਾ।

ਇਸ ਦੌਰਾਨ ਅਨੂਪ ਤੋਸ਼ੀ ਨੂੰ ਪੜ੍ਹਾਉਂਦਾ ਰਿਹਾ। ਉਹ ਐਤਵਾਰ ਤੋਂ ਛੁੱਟ ਹਫਤੇ ਵਿਚ ਇਕ ਦਿਨ ਹੋਰ ਵੀ ਆ ਜਾਂਦਾ ਰਿਹਾ। ਉਸਨੇ ਤੋਸ਼ੀ ਨੂੰ ਬ੍ਰਾਊਨਿੰਗ ਤੋਂ ਛੁੱਟ ਦੂਜੇ ਅੰਗਰੇਜ਼ੀ ਲੇਖਕ ਵੀ ਪੜ੍ਹਾਏ, ਤੇ ਅੰਗਰੇਜ਼ੀ ਤੋਂ ਛੁੱਟ ਪੁਲੀਟੀਕਲ ਸਾਇੰਸ ਦਾ ਵੀ ਕੁਝ ਔਖਾ ਹਿਸਾ ਪੜ੍ਹਾਇਆ।

ਇਸੇ ਦੌਰਾਨ ਅਨੂਪ ਦੋ-ਤਿੰਨ ਵਾਰ ਤੋਸ਼ੀ ਦੇ ਕਾਲਜ ਵੀ ਗਿਆ। ਤੋਸ਼ੀ ਦੀ ਉਸ ਪ੍ਰੋਫ਼ੈਸਰ ਨੇ ਹੀ ਕਾਲਜ ਵਿਚ ਉਸ ਦਾ ਭਾਸ਼ਣ ਰਖਾਇਆ ਸੀ। ਭਾਸ਼ਨ ਬਹੁਤ ਸਫਲ ਰਿਹਾ ਸੀ, ਤੇ ਪ੍ਰਿੰਸੀਪਲ ਨੇ ਅਨੂਪ ਨੂੰ ਕੁਝ ਹੋਰ ਭਾਸ਼ਨ ਦੇਣ ਦੀ ਬੇਨਤੀ ਕੀਤੀ ਸੀ।

ਇਸੇ ਦੌਰਾਨ ਅਨੂਪ ਨੇ ਕੁਝ ਕਵਿਤਾਵਾਂ ਲਿਖੀਆਂ,ਪਿਆਰ ਦੀਆਂ ਬਹੁਤ ਸੋਹਣੀਆਂ ਕਵਿਤਾਵਾਂ। ਜੰਗਲੀ ਲੋਕਾਂ ਦੀ ਜੋ ਜ਼ਿੰਦਗੀ ਉਹ ਵੇਖ ਕੇ ਆਇਆ ਸੀ, ਉਸ ਬਾਰੇ ਇਕ ਨਾਵਲ ਲਿਖਣਾ ਸ਼ੁਰੂ ਕੀਤਾ। ਉਸ ਦੇ ਤਿੰਨ ਕਾਂਡ ਉਸਨੇ ਮੈਨੂੰ ਸੁਣਾਏ ਵੀ। ਮੈਂ ਇਹ ਵੇਖ ਕੇ ਹੈਰਾਨ ਰਹਿ ਗਿਆ ਕਿ ਉਸਦੀ ਨਜ਼ਰ ਕਿੰਨੀ ਤਿੱਖੀ ਸੀ, ਤੇ ਕਿੰਨੀ ਗਹਿਰਾਈ ਨਾਲ ਉਸ ਨੇ ਜੰਗਲੀ ਲੋਕਾਂ ਦੀ ਜ਼ਿੰਦਗੀ ਨੂੰ ਵੇਖਿਆ ਸੀ ਤੇ ਨਵੀਂ ਸਭਿਅਤਾ ਤੋਂ ਬੇਲਾਗ ਉਹਨਾਂ ਦੇ ਦਿਲਾਂ ਵਿਚ ਝਾਕਿਆ ਸੀ।

ਮੈਂ ਸੋਚਦਾ ਸਾਂ, ਹੋ ਸਕਦਾ ਏ ਵਿਆਹ ਪਿਛੋਂ ਅਨੂਪ ਦੀ ਜ਼ਿੰਦਗੀ ਵਿਚ ਟਿਕਾਅ ਆ ਜਾਏ, ਤੇ ਉਹ ਆਪਣੀ ਪ੍ਰਤਿਭਾ ਨੂੰ ਅਜਾਈਂ ਗਵਾਉਣ ਦੀ ਥਾਂ ਕੋਈ ਬਹੁਤ ਵੱਡਾ ਕੰਮ ਕਰੇ, ਕੋਈ ਬਹੁਤ ਵੱਡੀ ਚੀਜ਼ ਪੈਦਾ ਕਰੇ।

ਉਹਨੀਂ ਦਿਨੀਂ ਮੈਂ ਫੇਰ ਮਹੀਨੇ ਦੇ ਦੌਰੇ 'ਤੇ ਬਾਹਰ ਚਲਾ ਗਿਆ। ਮੈਨੂੰ ਗਿਆਂ ਹਾਲੀਂ ਦਸ ਹੀ ਦਿਨ ਹੋਏ ਸਨ ਕਿ ਅਨੂਪ ਦਾ ਖ਼ਤ ਮਿਲਿਆ। ਖ਼ਤ ਵੇਖ ਕੇ ਮੈਨੂੰ ਹੈਰਾਨੀ ਹੋਈ। ਉਸਨੇ ਤਾਂ ਕਦੇ ਕਿਸੇ ਨੂੰ ਖਤ ਨਹੀਂ ਸੀ ਲਿਖਿਆ। ਭਲਾ ਇਹ ਖ਼ਤ ਕਿਉਂ ਲਿਖਿਆ? ਜਦ ਮੈਂ ਖ਼ਤ ਖੋਹਲ ਕੇ ਪੜ੍ਹਿਆ, ਤਾਂ ਮੇਰੀ ਹੈਰਾਨੀ ਦੀ ਹਦ ਨਾ ਰਹੀ। ਚੌਂਹ ਸਤਰਾਂ ਦਾ ਛੋਟਾ ਜਿਹਾ ਖ਼ਤ ਸੀ ਉਹ, ਜਿਸ ਵਿਚ ਅਨੂਪ ਨੇ ਲਿਖਿਆ ਸੀ ਕਿ ਇਕ ਦਿਨ ਪਹਿਲਾਂ ਉਸਨੇ ਅਦਾਲਤ ਵਿਚ ਜਾ ਕੇ ਅੰਗ੍ਰੇਜ਼ੀ ਦੀ ਉਸ ਪ੍ਰੋਫੈਸਰ ਨਾਲ ਵਿਆਹ ਕਰ ਲਿਆ ਹੈ, ਤੇ ਹੁਣ ਉਹ ਵਿਆਹ ਦੀ ਇਕ ਛੋਟੀ ਜਿਹੀ ਪਾਰਟੀ ਦੇ ਰਿਹਾ ਹੈ। ਸੋ, ਮੈਂ ਪਤਾ ਦਵਾਂ ਕਿ ਕਦ ਤਕ ਵਾਪਸ ਆਵਾਂਗਾ।

ਮੈਂ ਕਿੰਨਾਂ ਚਿਰ ਖ਼ਤ ਨੂੰ ਇਕ ਟੱਕ ਵੇਖਦਾ ਰਿਹਾ ਤੇ ਉਸ ਦੀਆਂ ਸਤਰਾਂ ਵਿਚ ਅਨੂਪ ਨੂੰ ਪੜ੍ਹਣ ਦਾ ਜਤਨ ਕਰਦਾ ਰਿਹਾ। ਹੌਲੀ-ਹੌਲੀ ਮੇਰੀ ਹੈਰਾਨੀ ਦੂਰ ਹੁੰਦੀ ਗਈ, ਤੇ ਮੈਂ ਅਨੂਪ ਨੂੰ ਉਸਦੇ ਸਹੀ ਰੂਪ ਵਿਚ ਵੇਖਣ ਲੱਗਾ। ਇਕ ਵਾਰ ਤੋਸ਼ੀ ਮੇਰੇ ਸਾਹਮਣੇ ਆਈ, ਤੇ ਫੇਰ ਮਾਂ। ਪਰ ਤਦੇ ਖ਼ੁਸ਼ੀ ਦੀ ਇਕ ਲਹਿਰ ਮੇਰੇ ਅੰਦਰੋਂ ਉਠੀ ਤੇ ਮੈਂ ਅਨੂਪ ਨੂੰ ਵਧਾਈ ਦਾ ਖ਼ਤ ਲਿਖਣ ਬੈਠ ਗਿਆ, ਤੇ ਇਹ ਪਤਾ ਦੇਣ ਕਿ ਮੈਂ ਛੇਤੀ ਹੀ ਵਾਪਸ ਆ ਰਿਹਾ ਹਾਂ, ਤੇ ਪਾਰਟੀ ਦਾ ਪ੍ਰਬੰਧ ਮੈਂ ਖ਼ੁਦ ਕਰਾਂਗਾ, ਤੇ ਉਹ ਬਹੁਤ ਸ਼ਾਨਦਾਰ ਪਾਰਟੀ ਹੋਵੇਗੀ।

# ਜ਼ਖ਼ਮੀ ਦਰਿਆ

## ਲੜੀਵਾਰ ਨਾਵਲ

ਕਰਮਜੀਤ ਸਿੰਘ ਕੁੱਸਾ

ਭਾਗ - 1

ਘਰ ਵਿਚ ਚੱਲ ਰਹੀ ਸਥਿਤੀ ਸਾਹਬ ਕੁਰ ਨੂੰ ਹੋਰ ਚਿੜਾਉਂਦੀ ਤੇ ਇੱਕ ਸ਼ਾਮ ਮਨ ਮਾਰ ਕੇ ਨੂੰਹ ਨੂੰ ਹੁਕਮੀ ਲਹਿਜੇ ਵਿਚ ਪੁੱਛਿਆ, "ਕੁੜੇ ਜਗਰਾਜ ਕਾਹਤੋਂ ਨ੍ਹੀ ਆਇਆ?"

ਬਲਬੰਤ ਨੇ ਚੁੱਪ-ਚਾਪ ਉਸ ਵਲ ਵੇਖਿਆ, ਕੰਮ ਕਰਦੀ ਰਹੀ, ਸਾਹਬ ਕੁਰ ਦੇ ਅੰਦਰ ਵੱਟ ਚੜ੍ਹਿਆ, "ਕੁੜੇ ਮੈਂ ਤੈਨੂੰ ਮੁੰਡੇ ਬਾਰੇ ਪੁੱਛਿਐ?- ਤੂੰ ਗੁਨਰ-ਵੱਟਾ ਈ ਹੋਈ ਫਿਰਦੀ ਐਂ!"

"ਮੈਨੂੰ ਕੀ ਪਤਾ, ਕਾਹਤੋਂ ਨ੍ਹੀ ਆਇਆ!"

"ਤੈਨੂੰ ਦੱਸ ਕੇ ਨ੍ਹੀ ਗਿਆ?"

ਬਹੂ ਫੇਰ ਵੀ ਨਾ ਬੋਲੀ, ਸਾਹਬ ਕੁਰ ਨੂੰ ਗਰਮੀ ਏਨੀ ਚੜ੍ਹੀ, ਉਸ ਆਪਣੇ ਆਪ ਨੂੰ ਅੱਗ ਲੱਗੀ ਮਹਿਸੂਸ ਹੋਈ, ਕੁਝ ਆਖਣ ਦੇ ਡਰੋਂ ਮੂੰਹ ਰੋਕ ਕੇ ਰੱਖਿਆ ਹੋਇਆ ਸੀ, ਇਕ ਵਾਰ ਚਿੱਤ ਵਿਚ ਝਈ ਉੱਠੀ, ਪਰ ਕਲੇਸ਼ ਤੋਂ ਡਰਦੀ ਚੁੱਪ ਕਰ ਰਹੀ, ਪਲ-ਝਟ ਆਪਣੇ ਆਪ ਨੂੰ ਕਾਬੂ ਵਿਚ ਰੱਖੀ ਬੈਠੀ ਰਹੀ, ਫੇਰ ਉਹ ਆਪ ਮੁਹਾਰੇ ਹੀ ਨਿੱਕਾ-ਮੋਟਾ ਕੰਮ ਕਰਦੀ ਫਿਰਦੀ ਬੋਲਣ ਲਗ ਪਈ।

"ਆਹ ਤਾਂ ਕਦੇ ਨਹੀਂ ਦੇਖਿਆ! ਘਰਾਂ 'ਚ ਕਲੇਸ਼ ਕੀਹਦੇ ਨਹੀਂ ਪੈਂਦਾ! ਦਸ ਦਸ ਦਿਨ ਮੂੰਹ ਸੁਜਾ ਕੇ ਈ ਰੱਖਣਾ! ਬੰਦਿਆਂ ਨੂੰ ਪੁੱਠੇ ਕੰਮਾਂ ਤੋਂ ਮੋੜਨਾ ਤਾਂ ਕੀ ਐ, ਸਗੋਂ ਨਾਲ ਰਲ ਜਾਂਦੀਆਂ!- ਦੇਖੂੰ, ਜਦੋਂ ਘਰ ਬੰਨ੍ਹ ਕੇ ਚਲਾ ਲੋਂਗੇ! ਇਹ ਅਸੀਂ ਈ ਸੀ ਜੀਨ੍ਹਾਂ ਪੈਸਾ ਪੈਸਾ ਜੋੜ ਕੇ ਘਰ ਬੰਨ੍ਹਿਆ!"

ਬਲਬੰਤ ਅੰਦਰ ਜਾ ਕੇ ਪੈ ਗਈ, ਉਸਦੇ ਆਪਣੇ ਸਰੀਰ ਨੂੰ ਤੋੜ ਲੱਗੀ ਹੋਈ ਸੀ! ਸੱਸ ਦੀ ਬੁੜ ਬੁੜ ਉਸਨੂੰ ਸਾਫ ਸੁਣ ਰਹੀ ਸੀ, "ਤੀਮੀਆਂ ਹੁੰਦੀਆਂ, ਬੰਦੇ ਨੂੰ ਮੋੜਦੀਆਂ! ਸਮਝਾਉਂਦੀਆਂ! ਏਥੇ!...ਜੇ ਹੈਂ ਘਰ ਬੱਝਣ ਲੱਗੇ ਬੱਸ ਫੇਰ ਸਰ ਗਿਆ। ਬੰਦਾ ਕਹੀ ਫੜਕੇ ਢਾਹੇ ਤਾਂ ਨ੍ਹੀ ਢਹਿੰਦਾ, ਤੀਮੀਂ ਸੂਈ ਦੇ ਨੱਕੇ ਵਿਚ ਦੀ ਘਰ ਦਾ ਪਿੱਛਾ ਲਿਆ ਦਿੰਦੀ ਐ।"

ਅੰਦਰ ਪਈ ਬਲਬੰਤ ਛੇਤੀ ਦੇ ਕੇ ਮੰਜੇ ਉਪਰੋਂ ਉੱਠੀ, ਉਸਦਾ ਦਿਲ ਤੇਜ਼ੀ ਨਾਲ ਧੜਕ ਰਿਹਾ ਸੀ, ਉਸ ਬਾਹਰ ਵਲ ਵੇਖਿਆ, ਵਿਹੜੇ ਵਿਚ ਕੁਝ ਨਹੀਂ ਸੀ, ਨੀਹਾਂ ਨਾਲ ਖੁਰੀ ਹੋਈ ਮਿੱਟੀ ਰੁੱਖੀ ਜਿਹੀ ਝਾਕ ਰਹੀ ਸੀ, ਉਸਦਾ ਆਪਣਾ ਅੰਦਰ ਕਾਹਲਾ ਪਿਆ ਹੋਇਆ ਸੀ। ਪਰ ਕਿਵੇਂ ਨਾ ਕਿਵੇਂ ਆਪਣੇ ਆਪ ਨੂੰ ਦੱਬ ਘੁੱਟ ਕੇ ਬੈਠੀ ਰਹੀ। ਸਾਹਬ ਕੁਰ ਦੀ ਬਾਹਰੋਂ ਫੇਰ ਆਵਾਜ਼ ਆਈ, "ਅਸੀਂ ਤਾਂ ਪਹਿਲਾਂ ਸੱਸ ਮੂਹਰੇ ਕਮਾਇਆ! ਪੂਰਾ ਸਾਹ ਵੀ ਨਹੀਂ ਲੈਣ ਦਿੰਦੀ ਸੀ! ਦਿਉਰਾਂ-ਨਨਾਣਾਂ ਦੀਆਂ ਬਥੇਰੀਆਂ ਝੱਲੀਆਂ! ਫੇਰ ਧੀਆਂ ਪੁੱਤ ਪਾਲੇ! ਜਿਹੋ ਜਿਹਾ ਸਰਿਆ, ਪੜ੍ਹਾਏ ਵੀ! ਵਿਆਹੇ!-ਜੁਆਕ ਜੱਲਿਆਂ ਵਾਲੇ ਹੋ-ਗੇ! ਸੱਸ ਮਾੜੀ-ਮੋਟੀ ਗਲਤੀ ਪਿੱਛੇ ਸੌ ਸੌ ਗੱਲ ਕਹਿੰਦੀ ਸੀ! ਕੀ ਮਜ਼ਾਲ, ਮੂਹਰਿਉਂ ਜਵਾਬ ਦੇ ਦਈਏ! ਤੌੜੀ 'ਚੋਂ ਦੁੱਧ ਲਾਹ ਕੇ ਪੀਣ ਦਾ ਹੁਕਮ ਨੀ ਸੀ ਹੁੰਦਾ! ਏਥੇ ਸਭ ਕੁਸ਼ ਖੁੱਲ੍ਹਾ ਛੱਡਿਆ ਹੋਇਆ, ਤਾਂ ਵੀ ਆਕੜ ਕਰ ਕਰ ਵਖਾਉਂਦੀਐਂ!"

"ਇਹ ਨੀ ਟਿਕਣ ਦਿੰਦੀ!" ਬਲਬੰਤ ਅਣਮੰਨੇ ਚਿੱਤ ਨਾਲ ਮੰਜ਼ੇ ਤੋਂ ਥੱਲੇ ਉੱਤਰੀ, ਤੇ ਭਿਉਂਤੀ ਪਈ ਲਾਲ ਮਿੱਟੀ ਵਾਲਾ ਤਸਲਾ ਚੁੱਕ ਕੇ ਚੌਂਕੇ ਵਿਚ ਤਲੀ ਦੇਣ ਲੱਗ ਪਈ। ਸਾਹਬ ਕੁਰ ਨੇ ਟੇਢੀ ਅੱਖ ਨਾਲ ਉਸ ਵਲ ਵੇਖਿਆ, ਪਰ ਬੋਲੀ ਕੁਝ ਨਾ। ਘਰ ਵਿਚ ਉਨ੍ਹਾਂ ਦੋਵਾਂ ਬਿਨਾ ਹੋਰ ਕੋਈ ਨਹੀਂ ਸੀ। ਅੱਸੂ ਦਾ ਮਹੀਨਾ ਹੋਣ ਕਾਰਨ ਧੁੱਪ ਪੀਲੀ ਜਿਹੀ ਸੀ, ਪਰ ਅਜੇ ਗਰਮੀ ਦੀ ਰੁੱਤ ਗਈ ਨਹੀਂ ਸੀ। ਸਾਹਬ ਕੁਰ ਪਲ-ਝਟ ਬੈਠੀ ਉਸ ਵਲ ਵੇਖਦੀ ਰਹੀ, ਫੇਰ ਬੋਲੀ, "ਕੁੜੇ ਬੀਰ, ਮੇਰੀ ਜ਼ਬਾਨ ਨੀ ਰਹਿੰਦੀ! ਗੋਹਾ-ਮਿੱਟੀ ਕਿੱਧਰੇ ਭੱਜ ਨਹੀਂ ਚੱਲਿਆ, ਫੇਰ ਵੀ ਲਗ-ਜੂ! ਬਿਸਤਰਿਆਂ ਦੀਆਂ ਚਾਦਰਾਂ ਧੋਣ ਵਾਲੀਆਂ ਹੋਈਆਂ ਪਈਆਂ। ਕੋਈ ਦੇਖੇ, ਤਾਂ ਕੀ ਆਖੇ।"

ਪਰ ਬਲਵੰਤ ਨੇ ਉੱਤਰ ਨਹੀਂ ਦਿੱਤਾ। ਇਸ ਬਾਰ ਸਾਹਬ ਕੁਰ ਸਬਰ ਨਾ ਕਰ ਸਕੀ ਤੇ ਉਹ ਗੁੱਸੇ ਵਿਚ ਆ ਕੇ ਹੱਥ ਮਾਰ ਕੇ ਉੱਚੀ ਬੋਲੀ, "ਕੁੜੇ ਮੈਂ ਕੁੱਤੀ ਭੌਂਕਦੀ ਆਂ!"

ਬਲਬੰਤ ਨੇ ਮਮੂਲੀ ਜਿਹਾ ਪਿੱਛੇ ਭਉਂ ਕੇ ਵੇਖਿਆ, ਉਸਦੀ ਸੱਸ ਮੰਜੇ ਉੱਤੇ ਦੋਵੇਂ ਬਾਹਾਂ ਗੋਡਿਆਂ 'ਤੇ ਧਰੀ ਗੁੱਸੇ ਨਾਲ ਚਿਹਰਾ ਕਚੂਚ ਕਰੀ ਬੈਠੀ ਸੀ, ਬਲਬੰਤ ਚੁਪ-ਚਾਪ ਮਿੱਟੀ ਫੇਰਦੀ ਰਹੀ, ਸਾਹਬ ਕੁਰ ਨੂੰ ਗਰਮੀ ਸਿਰ ਨੂੰ ਚੜ੍ਹਦੀ ਮਹਿਸੂਸ ਹੋਈ।

'ਬੀਰ, ਮੇਰੇ ਬਦਾਮ ਨ੍ਹੀਂ ਖਾਧੇ। ਜਿਹੜੀ ਸਾਰਾ ਦਿਨ ਕੁੱਤੇ ਵਾਂਗੂ ਮਗਜ਼ ਮਾਰੀ ਜਾਊਂ!- ਤੈਨੂੰ ਮੈਂ ਕਿੰਨੇ ਵਾਰੀਂ ਪੁੱਛਿਆ, ਤੂੰ ਕੋਈ ਮੋੜ ਦਿੱਤੈ।"

ਏਨੀ ਆਖਦਿਆਂ ਉਸਦੀ ਆਵਾਜ਼ ਵਿਚ ਰਤਾ ਕੁ ਰੋਣ ਉਤਰ ਆਇਆ, "ਕੋਈ ਚਿੰਤਾ ਕਰਨ ਦੀ ਬਹੁਤੀ ਲੋੜ ਨ੍ਹੀ! ਖੁਸ਼ੀ ਰੁਸ ਰੁਸ ਦਿਖਾ ਬੀਰ! ਤੁਸੀਂ ਵੀ ਅੱਡ ਹੋ ਜਿਓ, ਜੋੜ ਲਇਓ ਧੱਜਾਂ, ਤੁਸੀਂ ਪਿੱਛੇ ਕਾਹਨੂੰ ਰਹਿਣਾ!"

ਐਤਕੀਂ ਬਲਬੰਤ ਨੇ ਉਸ ਵਲ ਰੁੱਖੀ ਤਰ੍ਹਾਂ ਵੇਖਿਆ।

"ਰੁਸ ਰੁਸ ਕੌਣ ਬਹਿੰਦਾ!"

"ਹੋਰ ਕੌਣ? ਤੂੰ ਬੈਠੀ ਐਂ, ਮੈਂ ਸਵੇਰ ਦੀ ਭੌਂਕੀ ਜਾਨੀ ਆਂ, ਤੂੰ ਕੋਈ ਕੰਨੋ ਹੇਠਾਂ ਕੀਤੀ ਐ।"

"ਤੂੰ ਕਿਸੇ ਪਾਸੇ ਛੱਡਦੀ ਵੀ ਐਂ! ਚੁੱਪ ਕਰਿਆਂ ਨੂੰ ਤੂੰ ਨ੍ਹੀ ਛੱਡਦੀ! ਬੋਲੀਏ ਤਾਂ ਮਾੜੇ ਵੱਜਣਾਂ ਈ ਐ।"

ਉਸਦੀ ਠੋਕਵੀਂ ਗੱਲ ਸੁਣ ਕੇ ਸਾਹਬ ਕੁਰ ਪਲ ਕੁ ਲਈ ਚੁੱਪ ਕਰ ਗਈ। ਪਰ ਉਹ ਕੁਝ ਚਿਰ ਠਹਿਰ ਕੇ ਬੋਲੀ, "ਬੋਲਣਾ ਕਾਹਨੂੰ ਐਂ! ਤੁਸੀਂ ਵੀ ਹੋ ਜਾਇਉ ਸੌਖੇ! ਸੱਸ ਸਹੁਰੇ ਦੀ ਕਬੀਲਦਾਰੀ ਤੋਂ ਈ ਭੱਜਦੇ ਓਂ, ਕੋਈ ਗੱਲ ਨ੍ਹੀਂ, ਸਾਡੀ ਕਬੀਲਦਾਰੀ ਥੋਡੇ ਮਗਰ ਨ੍ਹੀਂ ਆਉਂਦੀ, ਜਿੱਥੇ ਮਰਜ਼ੀ ਜਾਇਉ।"

ਬਲਬੰਤ ਵਿਹੜੇ ਵਿਚ ਤਸਲਾ ਰੱਖਦਿਆਂ ਲਿਬੜੇ ਹੱਥ ਝਾੜਦੀ ਹੋਈ ਬੋਲੀ, "ਕਬੀਲਦਾਰੀਆਂ ਹੈਂ ਨੀ ਨਜਿੱਠੀਆਂ ਜਾਂਦੀਆਂ। ਨਾਲੇ ਕੰਮ ਕਰਵਾਵੋ ਗਧਿਆਂ ਵਾਂਗੂੰ, ਨਾਲੇ ਉੱਤੇ ਲੱਤ ਰੱਖੋ! ਆਥਣ-ਸਵੇਰ ਸ਼ਲੋਕ ਵੀ ਸੁਣਾਵੋ! ਅਸੀਂ ਵੀ ਬੰਦੇ ਆਂ!...ਜੇ ਸਾਰਾ ਦਿਨ ਧੰਦ ਪਿੱਟ ਕੇ, ਕੁੱਤੇ ਖਾਣੀ ਕਰਵਾ ਕੇ ਰੋਟੀ ਈ ਖਾਣੀਂ ਐ, ਕਿਤੇ ਖਾ ਲਵਾਂਗੇ।"

ਸਾਹਬ ਕੁਰ ਨੂੰ ਗੁੱਸਾ ਗੇੜੇ ਦੇ ਕੇ ਚੜ੍ਹ ਗਿਆ, ਉਹ ਮੰਜੇ ਉੱਤੇ ਬੈਠੀ ਹੀ ਬਾਂਹ ਚੁੱਕ ਕੇ ਬੋਲੀ, "ਖਾ ਲੈ, ਜਿਥੇ ਮਰਜ਼ੀ ਐ, ਪਰ੍ਹੇ ਹੋ ਕੇ ਤੂੰ ਰੋਟੀ ਈ ਖਾਵੇਂਗੀ, ਕੋਈ ਬੰਗਲੇ ਨੀ ਉਸਾਰਨ ਲੱਗੀ।"

ਬਲਬੰਤ ਨੇ ਵੀ ਲਿਬੜਿਆ ਹੱਥ ਉੱਚਾ ਕਰਕੇ ਆਖਿਆ, "ਖਾਣੀ ਤਾਂ ਮਾਈ ਰੋਟੀ ਈ ਐ, ਲੈ ਸੁਣ ਲੈ ਫੇਰ, ਬੰਗਲੇ ਵੀ ਭਾਮੇਂ ਨਾ ਉਸਰਨ! ਪਰ ਤੇਰੇ ਨਾਲ ਨੀ ਖਾਣੀਂ! ਤੇਰੇ ਨਾਲ ਨ੍ਹੀਂ ਰਹਿਣਾ।"

"ਤਾਂ ਹੀ ਤੂੰ ਹੰਕਾਰੀ ਫਿਰਦੀ ਐ, ਮੁੰਡੇ ਦੇ ਸਿਰ 'ਚ ਕੁਸ਼ ਪਾ ਕੇ ਉਹ ਨੂੰ ਕਮਲਾ ਕੀਤਾ ਹੋਇਐ।"

"ਜੇ ਤੂੰ ਬਾਪੂ ਜੀ ਦੇ ਸਿਰ 'ਚ ਕੁਸ਼ ਪਾਇਆ ਸੀ, ਤਾਂ ਮੈਂ ਵੀ ਪਾ ਲੂੰਗੀ।"

ਸਾਹਬ ਕੁਰ ਏਨੀ ਸੁਣਦਿਆਂ ਗਰਮ ਹੋ ਗਈ, ਉਸ ਕਿੱਲ੍ਹਦਿਆਂ ਪੂਰੇ ਜ਼ੋਰ ਨਾਲ ਆਖਿਆ, "ਕਮਜਾਤੇ, ਮਾਂ ਨੇ ਆਹੀ ਕੁਸ਼ ਸਿਖਾ ਕੇ ਭੇਜੀ ਐਂ! ਪੁੱਤ ਤਾਂ ਮੇਰਾ ਈ ਐ, ਜਿੰਨੀਆਂ ਮਰਜ਼ੀ ਮੇਰਾਂ ਕਰ ਲੈ।"

"ਤੇਰਾ ਪੁੱਤ ਐ, ਕਢਾ ਦੇ ਮੈਨੂੰ ਘਰੋਂ, ਏਹੋ ਕਸਰ ਰਹਿੰਦੀ ਐ!"

"ਨੀ ਅਸੀਂ ਤੈਨੂੰ ਘਰੋਂ ਕਢਾਉਣ ਲਈ ਵਿਆਹਿਆ! ਚਬਰ ਚਬਰ ਜ਼ਬਾਨ ਚਲਾਉਨੀ ਐਂ।"

ਬਲਵੰਤ ਮੁੜ ਕੇ ਨਹੀਂ ਬੋਲੀ, ਸਾਹਬ ਕੁਰ ਕਿੰਨਾ ਚਿਰ ਬੈਠੀ ਰੁਦਨ ਕਰਦੀ ਰਹੀ।

****

ਹਰਪਾਲ ਹੋਰੀਂ ਜਦੋਂ ਅੱਧੋਂ ਵਧ ਲੰਘ ਚੁੱਕੀ ਮਾਰਚ ਦੇ ਘਸਮੈਲੇ ਚਾਨਣ ਵਿਚ ਘਰ ਦੇ ਨੇੜੇ ਆਏ ਤਦ ਉਨ੍ਹਾਂ ਨੂੰ ਕਣਕਾਂ ਵਿਚੋਂ ਪੱਕ ਰਹੇ ਦਾਣਿਆਂ ਦੀ ਮਹਿਕ ਆਈ, ਉਹ ਗੁੰਮ-ਸੁੰਮ ਤੁਰੇ ਜਾਂਦੇ ਸਨ। ਹਰਪਾਲ ਨੇ ਥੋੜਿਆਂ ਕਦਮਾਂ ਤੋਂ ਵੇਖਿਆ, ਚੁਗਾਨ ਖੇਤਾਂ ਵਿਚ ਬਣਿਆਂ ਟਾਪੂ ਵਰਗਾ ਘਰ ਪਹਿਲਾਂ ਵਾਂਗ ਖੁਲ੍ਹ-ਬਹਾਰਾ ਦਿਸ ਰਿਹਾ ਸੀ ਪਰ ਉਦੋਂ ਅੰਦਰਲਾ ਬੋਲ-ਬੁਲਾਰਾ ਸਾਫ ਸੁਣਾਈ ਦਿੱਤਾ, ਉਨ੍ਹਾਂ ਦੋਵਾਂ ਦੇ ਕੰਨ ਖੜੇ ਹੋ ਗਏ, ਦੋਵੇਂ ਇਕ ਦੂਸਰੇ ਵਲ ਝਾਕੇ। ਅੰਦਰੋਂ ਕੋਈ ਫੇਰ ਬੋਲਿਆ, ਹਰਪਾਲ ਦੇ ਮੂੰਹੋਂ ਜ਼ੋਰ ਨਾਲ ਨਿਕਲਿਆ।

"ਹਾਂ!-ਇਹ ਕਿਧਰੋਂ ਆ ਗਿਆ?" ਤੇ ਉਸਨੂੰ ਆਪਣੀਆਂ ਲੱਤਾਂ ਸਾਹ ਸੱਤ ਹੀਣ ਹੁੰਦੀਆਂ ਮਹਿਸੂਸ ਹੋਈਆਂ। ਉਨ੍ਹਾਂ ਦੋਹਾਂ ਫੇਰ ਉਥੇ ਖੜੋਤਿਆਂ ਹੀ ਧੌਣਾਂ ਵਧਾ ਕੇ ਵਿਹੜੇ ਵਿਚੋਂ ਸਾਰ ਲੈਣੀ ਚਾਹੀ। ਸਾਹਮਣੇ ਦਿਸਦਾ ਵਿਹੜਾ, ਉਪਰਲੇ ਬਲਬ ਨਾਲ ਰੜਾ ਦਿਸ ਰਿਹਾ ਸੀ। ਆਵਾਜ਼ਾਂ ਹੋਰ ਸੰਘਣੀਆਂ ਹੋ ਗਈਆਂ।

ਕੁੱਤਾ ਭੌਂਕਿਆ ਤੇ ਨਿਰਵੈਰ ਭਉਂ ਕੇ ਝਾਕਿਆ। ਥਾਲ ਮੰਜੇ ਉੱਤੇ ਰੱਖਦਿਆਂ, ਛੇਤੀ ਨਾਲ ਮੰਜੇ ਤੋਂ ਉੱਠਿਆ।

"ਆ-ਜੋ, ਸਾਸਰੀਕਾਲ, ਕੀ ਹਾਲ ਐ?" ਆਖਦਿਆਂ ਉਸ ਦੋਵਾਂ ਨਾਲ ਹੱਥ ਮਿਲਾਇਆ ਅਤੇ ਮੰਜਾ ਖਿੱਚ ਕੇ ਵਿਹੜੇ ਦੇ ਵਿਚਕਾਰ ਕਰ ਦਿੱਤਾ, ਪਾਲ ਅਤੇ ਗੁਰੇ ਨੇ ਉਸੇ ਤਰ੍ਹਾਂ ਚੁੱਪ-ਚਾਪ ਸਾਰਿਆਂ ਦੇ ਮੋਤੀਏ ਵਾਂਗ ਖਿੜੇ ਚਿਹਰਿਆਂ ਵਲ ਵੇਖਦਿਆਂ, ਮੰਜੇ ਉੱਤੇ ਬਹਿੰਦਿਆਂ ਪੁੱਛਿਆ, "ਤੂੰ ਕਦੋਂ ਆ ਗਿਆ?"

ਨਿਰਵੈਰ ਨੇ ਥਾਲੀ ਚੁੱਕ ਕੇ ਰੋਟੀ ਫਿਰ ਖਾਣੀ ਸ਼ੁਰੂ ਕਰ ਦਿੱਤੀ ਸੀ, ਮੂੰਹ ਵਿਚ ਬੁਰਕੀ



ਹੋਣ ਕਾਰਨ ਉਸ ਤੋਂ ਛੇਤੀ ਜਵਾਬ ਨਾ ਦੇ ਹੋਇਆ ਅਤੇ ਅੱਧ-ਪਚੱਧੀ ਜਿਹੀ ਗੱਲ ਕਰਨ ਲੱਗਾ ਤਾਂ ਮਾਤਾ ਨੇ ਗੜ੍ਹਕੇ ਨਾਲ ਆਖਿਆ, "ਇਹ ਤਾਂ ਪਾਲ ਭਾਈ ਥੋਡੇ ਜਾਣ ਤੋਂ ਬਾਅਦ ਤੀਜੇ ਦਿਨ ਈ ਆ ਗਿਆ ਸੀ!"

"ਤੀਜੇ ਦਿਨ ਕਾਹਨੂੰ!" ਨਿਰਵੈਰ ਦੀ ਵਹੁਟੀ ਨੇ ਖਿੜ ਕੇ ਆਖਿਆ, "ਦੂਜੇ ਦਿਨ ਈ ਆ ਗੇ।"

"ਅਸੀਂ ਤਾਂ ਹੁਣ ਥੋਡੀਆਂ ਗੱਲਾਂ ਕਰਦੇ ਸੀ, ਬਈ ਮੁੜੇ ਈ ਨ੍ਹੀਂ! ਲੋਕ ਤਾਂ ਐਥੇ ਪੁੱਛ-ਪੁੱਛ ਜਾਣ, ਜੀਹਨੂੰ ਪੁੱਛੀਏ, ਉਹੀ ਆਖੇ, ਸਾਨੂੰ ਤਾਂ ਸੁਨੇਹਾ ਦੇ ਕੇ ਗਾਂਹ ਨਿਕਲ ਗਏ।"

"ਹੋਰ ਗੱਲਾਂ ਦੀਆਂ ਗੱਲਾਂ!" ਹਰਪਾਲ ਨੇ ਪੀਲੇ ਜਿਹੇ ਚਾਨਣ ਵਿਚ ਨਿਰਵੈਰ ਦੇ ਲੰਬੂਤਰੇ ਜਿਹੇ ਚਿਹਰੇ ਵਲ ਵੇਖਿਆ। "ਤੂੰ ਆ ਕਿਵੇਂ ਗਿਆ, ਥਾਣੇਦਾਰ ਤਾਂ ਗੱਲ ਗੱਲ 'ਤੇ ਝੱਗ ਸਿੱਟਦਾ ਸੀ।"

"ਸਮਝ ਲੈ, ਪਾਲ ਕਰਾਮਾਤ ਈ ਹੋ-ਗੀ!"

"ਕਰਾਮਾਤ ਕਿ ਪੁਲੀਸ ਦੀ ਕੋਈ ਚਾਲ ਐ!"

"ਨਹੀਂ" ਨਿਰਵੈਰ ਨੇ ਜ਼ੋਰ ਨਾਲ ਸਿਰ ਮਾਰਿਆ। "ਰਾਤ ਨੂੰ ਸੱਦ ਕੇ ਸਾਨੂੰ ਆਂਹਦਾ, ਤੁਸੀਂ ਜਾਉ ਫੱਕਰੋ, ਥੋਨੂੰ ਤਾਂ ਐਵੇਂ ਸ਼ੱਕ 'ਚ ਈ ਫੜਿਆ ਸੀ। ਅਮੋਲਕ ਕਹਿਣ ਲੱਗਾ, ਇਹ ਗੱਲ ਤਾਂ ਜਨਾਬ ਤੁਸੀਂ ਉਸ ਦਿਨ ਈ ਆਖ ਦਿੰਦੇ। ਹਰਾਮਜ਼ਾਦਾ ਹੱਸ ਪਿਆ, ਕਹਿੰਦਾ ਅਸੀਂ ਪੁਲੀਸ ਆਂ, ਕਈ ਗੱਲਾਂ ਮੌਕੇ 'ਤੇ ਦੱਸਣ ਵਾਲੀਆਂ ਨਹੀਂ ਹੁੰਦੀਆਂ।"

ਨਿਰਵੈਰ ਫਿਰ ਰੋਟੀ ਖਾਣ ਲੱਗ ਪਿਆ, ਚੁੱਲ੍ਹੇ ਮੂਹਰੇ ਬੈਠੇ ਨਿਰਵੈਰ ਦੇ ਮੁੰਡਾ ਕੁੜੀ ਆਪਣੀ ਮਾਂ ਨੂੰ ਪੁੱਛ ਰਹੇ ਸਨ, "ਮੰਮੀ, ਪਾਪਾ ਹੁਣ ਤਾਂ ਨੀ ਜਾਣਗੇ।"

ਗੁਰਾ ਚੁਪ-ਚਾਪ ਉੱਠ ਕੇ ਬਾਹਰ ਨੂੰ ਚੱਲਿਆ ਗਿਆ। ਹਰਪਾਲ ਤੇ ਨਿਰਵੈਰ ਬਿਨਾ ਕੁਝ ਆਖਿਆਂ ਉਸਨੂੰ ਜਾਂਦੇ ਨੂੰ ਵੇਖਦੇ ਰਹੇ, ਹਰਪਾਲ ਨੇ ਨਿਰਵੈਰ ਨੂੰ ਪੁੱਛਿਆ, "ਅਮੋਲਕ?"

"ਉਹ ਪਿੰਡ ਨੂੰ ਚਲਿਆ ਗਿਆ!"

"ਪਿੰਡ ਦਾ ਬੜਾ ਹੇਰਵਾ ਕਰਦੈ!"

"ਭਰਜਾਈਆਂ-ਭਤੀਜਿਆਂ ਨੂੰ ਓਦਰ ਜਾਂਦਾ ਹੋਊ।" ਕਹਿਕੇ ਹਰਪਾਲ ਅਤੇ ਨਾਲ ਹੀ ਨਿਰਵੈਰ ਦਾ ਗੂੰਜਵਾਂ ਹਾਸਾ ਨਿਕਲਿਆ।

ਹਰਪਾਲ ਨੂੰ ਇਉਂ ਪ੍ਰਤੀਤ ਹੋਇਆ, ਜਿਵੇਂ ਉਸਨੂੰ ਕਿਸੇ ਨੇ ਆਵਾਜ਼ ਮਾਰੀ ਹੋਵੇ, ਉਸ ਕੰਨ ਟਿਕਾਏ ਤਾਂ ਉਸ ਨੂੰ ਗੁਰੇ ਦਾ ਬੋਲ ਸੁਣਿਆ। ਪਾਲ ਉੱਠ ਕੇ ਬਾਹਰ ਉਸ ਕੋਲ ਆ ਗਿਆ, ਗੁਰੇ ਨੇ ਉਸਦਾ ਹੱਥ ਫੜ ਕੇ ਆਖਿਆ, "ਆ-ਜਾ, ਯਾਰ ਮੋਟਰ 'ਤੇ ਚਲਦੇ ਆਂ, ਗੱਲ ਕਰਨ ਜੋਗੇ ਤਾਂ ਹੋ ਆਈਏ, ਇਉਂ ਤਾਂ ਰੋਟੀ ਵੀ ਸੁਆਦ ਨਹੀਂ ਲੱਗਣੀ!"

ਪਾਲ ਨੇ ਫੜੇ ਹੱਥ ਵਿਚ ਹਰਕਤ ਮਹਿਸੂਸ ਕੀਤੀ, ਗੁਰਾ ਹਨੇਰੇ ਵਿਚ ਉਹਦੇ ਵਲ ਦੇਖ ਕੇ ਮੁਸਕਰਾਇਆ। ਜਦੋਂ ਉਹ ਮੁੜ ਕੇ ਆਏ, ਨਿਰਵੈਰ ਤੇ ਬਾਕੀ ਉਨ੍ਹਾਂ ਦੀ ਟਹਿਕਵੀਂ ਆਵਾਜ਼ ਸੁਣ ਕੇ ਹੱਸ ਪਏ। ਨਿਰਵੈਰ ਦੀ ਬੇਬੇ ਨੇ ਦੁੱਧ ਨੂੰ ਜਾਗ ਲਾਉਂਦਿਆਂ ਆਖਿਆ, "ਹੁਣ ਇਨ੍ਹਾਂ ਦਾ ਪੱਬ ਧਰਤੀ ਨਹੀਂ ਲੱਗਦਾ, ਜਦੋਂ ਆਏ ਸੀ, ਬੌਂਦਲੇ ਪਏ ਸੀ।"

ਰੋਟੀ ਖਾ ਕੇ ਪੈਣ ਤੋਂ ਪਹਿਲਾਂ ਨਿਰਵੈਰ ਤੇ ਹਰਪਾਲ ਬਾਹਰਲੀ ਪਹੀ 'ਤੇ ਸੈਰ ਕਰਨ ਲਈ ਨਿਕਲ ਤੁਰੇ। ਇਧਰਲੀਆਂ ਉਧਰਲੀਆਂ ਗੱਲਾਂ ਕਰਨ ਤੋਂ ਪਿੱਛੋਂ ਹੌਲੀ ਜਿਹੀ ਕਤਲ ਬਾਰੇ ਪੁੱਛਿਆ, "ਕੋਈ ਹੋਰ ਵੀ ਫੜਿਐ?"

"ਸੈਂਤ ਨਹੀਂ!"

ਫੇਰ ਉਹ ਦੋਵੇਂ ਚੁੱਪ ਹੋ ਗਏ। ਘਾਹ-ਬਰੂਟ ਵਾਲੀ ਪਹੀ ਉੱਤੇ ਉਹ ਹੌਲੀ ਹੌਲੀ ਚਹਿਲ-ਕਦਮੀ ਕਰ ਰਹੇ ਸਨ। ਕਿੰਨੀ ਦੇਰ ਉਨ੍ਹਾਂ ਵਿਚਕਾਰ ਕੋਈ ਗੱਲ ਨਾ ਹੋਈ।

ਹਰਪਾਲ ਹੌਲੀ ਜਿਹੀ ਬੋਲਿਆ, "ਬਾਈ, ਤੇਰਾ ਕੀ ਖਿਆਲ ਐ, ਵਿਚੋਂ ਮਾਜ਼ਰਾ ਕੀ ਐ?"

"ਪਾਲ, ਜੇ ਤੂੰ ਸੱਚੀਂ ਪੁੱਛੇ, ਮੇਰੀ ਅਕਲ ਵੀ ਜਵਾਬ ਦੇ ਗੀ ਲੱਗਦੀ ਐ। ਅਮੋਲਕ ਨੂੰ ਵੀ ਕੁਸ਼ ਥਹੁ ਨਹੀਂ ਲੱਗਿਆ! ਊਂ ਸ਼ੱਕ ਉਹਦਾ ਵੀ ਤੇਰੇ ਵਾਲਾ ਐ, ਕੋਈ ਪੁਲਿਸ ਦੀ ਚਾਲ ਨਾ ਹੋਵੇ।"

"ਫੇਰ ਕੋਈ ਗੱਲ ਤਾਂ ਜ਼ਰੂਰ ਐ!" ਹਰਪਾਲ ਨੇ ਨਿਰਵੈਰ ਦੇ ਸੋਚਾਂ ਵਿਚ ਡੁੱਬੇ ਸਿਰ ਵਲ ਵੇਖਿਆ।

"ਕੁਲਤਾਰ ਕੇ ਲਾਣੇ ਦਾ ਕੀ ਰੰਗ ਐ?"

"ਮੈਂ ਪਿੰਡ ਤਾਂ ਖ਼ੁਦ ਗਿਆ ਨਹੀਂ, ਪਰ ਆਪਣਾ ਬੰਦਾ ਦੱਸਦਾ ਸੀ, ਉਨ੍ਹਾਂ ਦੇ ਘਰਦੇ ਘਬਰਾਏ ਹੋਏ ਐ। ਸੁਣਿਐ ਬਈ ਅਪੀਲ ਕਰਨਗੇ।"

"ਇਹਦਾ ਮਤਲਬ ਪੁਲਿਸ ਨੇ ਹੋਰ ਕੋਈ ਨਹੀਂ ਫੜਿਆ!"

"ਏਹੀ ਹੋ ਸਕਦਾ ਐ।"

ਹਰਪਾਲ ਨੂੰ ਇਉਂ ਮਹਿਸੂਸ ਹੋਇਆ, ਜਿਵੇਂ ਨਿਰਵੈਰ ਉਹਦੀਆਂ ਗੱਲਾਂ ਦਾ ਉੱਤਰ ਚਲਵੇਂ ਢੰਗ ਨਾਲ ਦੇ ਰਿਹਾ ਹੈ। ਇਸ ਨਾਲ ਉਸ ਦੇ ਅੰਦਰ ਗਿਲਾਨੀ ਪਸਰ ਗਈ ਕਿ ਇਹ ਮੈਨੂੰ ਅਣਜਾਣ ਤੇ ਮੁੰਡਾ ਈ ਸਮਝਦਾ ਐ! ਮਨ ਵਿਚ ਕੁੜਿੱਤਣ ਪਲਸੇਟੇ ਮਾਰਨ ਲੱਗ ਪਈ। ਅੱਖਾਂ ਨਾਲ ਹੀ ਹਨੇਰੇ ਵਿਚ ਉਸ ਨਿਰਵੈਰ ਵਲ ਵੇਖਿਆ, ਪਰ ਨਿਰਵੈਰ ਪਹਿਲਾਂ ਵਾਂਗ ਹੀ ਨੀਵੀਂ ਪਾਈ ਮਲਕ ਮਲਕ ਤੁਰ ਰਿਹਾ ਸੀ। ਅਚਾਨਕ ਜਦੋਂ ਚਾਨਣ ਜੇਹਾ ਪ੍ਰਤੀਤ ਹੋਇਆ, ਪਾਲ ਨੇ ਤੇਜ਼ੀ ਨਾਲ ਸਿਰ ਚੁੱਕਿਆ, ਉਹ ਘਰ ਕੋਲ ਪਹੁੰਚ ਗਏ ਸਨ।

ਹਰਪਾਲ ਗੁਰੇ ਲਾਗੇ ਪਏ ਮੰਜੇ ਉੱਤੇ ਜਾ ਕੇ ਪੈ ਗਿਆ। ਨਿਰਵੈਰ ਨੇ ਪਹਿਲਾਂ ਵਿਹੜੇ ਵਿਚ ਬੰਨ੍ਹੀਆਂ ਹੋਈਆਂ ਮੱਝਾਂ ਵਲ ਵੇਖਿਆ, ਉਸ ਐਵੇਂ ਹੀ ਖੁਰਲੀਆਂ ਵਲ ਨਿਗਾਹ ਮਾਰੀ, ਵਹਿੜਕਾ ਉੱਠ ਕੇ ਖੜੋ ਗਿਆ ਅਤੇ ਨਿਰਵੈਰ ਵਲ ਝਾਕਿਆ। ਪਰ ਇਸ ਦੇ ਬਾਵਜੂਦ ਉਸ ਦੇ ਅੰਦਰ ਸੋਚਾਂ ਦਾ ਝੱਖੜ ਝੁੱਲ ਰਿਹਾ ਸੀ। ਸਭ ਤੋਂ ਵਧ ਉਸ ਨੂੰ ਥਾਣੇਦਾਰ ਦੇ ਐਵੇਂ ਹੀ ਛੱਡ ਦੇਣ ਉੱਤੇ ਹੈਰਾਨੀ ਹੋ ਰਹੀ ਸੀ, ਪੁਲਿਸ ਤਾਂ ਪੈਸੇ ਖਾ ਕੇ ਵੀ ਦੁਲੱਤੇ ਮਾਰਦੀ ਐ। ਇਹ ਸਾਲੇ ਐਨੇ ਰਹਿਮਦਿਲ ਕਿਵੇਂ ਹੋ ਗਏ।

ਫਿਰ ਉਸ ਨੂੰ ਖਿਆਲ ਆਇਆ, "ਕੀ ਪਤੈ ਲੋਕਾਂ ਦਾ 'ਕੱਠ ਵੇਖ ਕੇ ਬੌਂਦਲ ਗਿਆ ਹੋਵੇ, ਕਿਸੇ ਕਾਰੇ ਤੋਂ ਡਰ ਗਿਆ ਹੋਵੇ। ਪਰ ਮੁਜ਼ਾਹਰੇ ਤਾਂ ਅੱਜ ਤੱਕ ਜਿੰਨੇ ਹੋਏ, ਸਭ ਤੋਂ ਪਹਿਲਾਂ ਪੁਲਿਸ ਨਾਲ ਹੀ ਵਾਹ ਪੈਂਦਾ। ਗੱਲ ਕੀ ਹੋਈ ਸਾਲੀ, ਸਰਮਾਏਦਾਰੀ ਦੀਆਂ ਚਾਲਾਂ ਦਾ ਵੀ ਨੀ ਪਤਾ ਲੱਗਦਾ। ਇਹਦਾ ਹਾਲ ਵੀ ਹੁਣ ਮਰਾਸੀਆਂ ਦੇ ਮੁੰਡੇ ਵਰਗਾ ਹੋ ਗਿਆ, ਰੋਂਦਾ ਹੋਊ ਤਾਂ ਲੋਕ ਆਖਣਗੇ ਪਿਉ ਕੋਲੋਂ ਤਰਜ਼ਾਂ ਕੱਢਣੀਆਂ ਸਿਖਦੈ।"

"ਇਉਂ ਤਾਂ ਇਹ ਲੋਕਾਂ ਨੂੰ ਝੁੱਡੂ ਬਣਾਈ ਰੱਖਣਗੇ। ਨਿਰੇ ਉੱਲੂ ਦੇ ਉੱਲੂ! - ਨਾਲੇ ਆਂਹਦੇ, ਸਰਮਾਏਦਾਰੀ ਆਪਣੀ ਉਮਰ ਵਧਾਉਣ ਲਈ ਲੋਕਾਂ ਨੂੰ ਸਿੱਖਿਅਤ ਕਰਦੀ ਐ?" ਪਰ ਏਥੇ ਤਾਂ ਸਾਲੇ ਜੜ੍ਹ ਬਣਾਈ ਜਾਂਦੇ ਐ!

ਸਟੇਟ ਦੀ ਸਰਦਾਰੀ ਦੀ ਕਿੰਨੀ ਵੱਡੀ ਭੁੱਖ ਐ! ਹਾਕਮ ਜਮਾਤ ਸਟੇਟ ਨੂੰ ਕਿਵੇਂ ਕਾਬੂ ਕਰੀ ਬੈਠੀ ਐ! ਪੈਸੇ ਖਾਤਰ ਇਨਸਾਨੀਅਤ ਦੇ ਕਿਵੇਂ ਮੋਛੇ ਪਾਈ ਜਾਂਦੇ ਐ! ...ਇਨਸਾਨੀਅਤ...!" ਉਸਦੇ ਦਿਮਾਗ ਵਿਚ ਇਕੋ ਸ਼ਬਦ ਗੇੜੇ ਦੇਣ ਲੱਗ ਪਿਆ, "ਇਨਸਾਨੀਅਤ ਰਹੀ ਕਿਥੇ ਐ? ਲੋਕ ਪੈਸੇ ਜੋੜਨ ਲਈ ਕਿਵੇਂ ਪਾਪੜ ਵੇਲਦੇ ਐ!...ਗੱਲ ਤਾਂ ਸਾਰੀ ਸਮਝ ਦੀ ਐ! ਜੇ ਬੰਦੇ ਨੂੰ ਇਹ ਆ ਜਾਵੇ, ਫੇਰ ਇਹ ਮਦਾਰੀ ਕੀ ਕਰ ਸਕਦੇ ਐ।"

ਉਸ ਨੂੰ ਯਾਦ ਆਇਆ, ਉਨ੍ਹਾਂ ਦੇ ਸਾਰੇ ਪਰਿਵਾਰ ਨੇ ਕਿਵੇਂ ਖੇਤੀ ਦੇ ਕੰਮ ਵਿਚ ਮਿਹਨਤ ਕੀਤੀ। ਜ਼ਮੀਨ ਭਾਵੇਂ ਸੂਤ ਹੀ ਸੀ, ਖੇਤੀ ਦਾ ਕੰਮ ਏਨਾ ਕਾਮਯਾਬ ਕਰ ਲਿਆ ਸੀ ਕਿ ਲੋਕ ਉਨ੍ਹਾਂ ਤੋਂ ਫਸਲ ਸਬੰਧੀ ਸਲਾਹਾਂ ਪੁੱਛਦੇ। ਚੜ੍ਹਦੀ ਉਮਰ ਵਿਚ ਕਮਿਊਨਿਸਟਾਂ ਦੇ ਸੰਪਰਕ ਵਿਚ ਆਉਣ ਸਦਕਾ ਜ਼ਿੰਦਗੀ ਖਿੜੀ-ਮਹਿਕੀ ਪ੍ਰਤੀਤ ਹੁੰਦੀ। ਹੌਲੀ ਹੌਲੀ ਅੱਜ ਹੋਰ, ਭਲਕ ਹੋਰ ਕਿਸਾਨ ਫਰੰਟ ਤੇ ਉਹ ਇਕ ਚੰਗਾ ਵਰਕਰ ਹੋ ਨਿਬੜਿਆ। ਖੇਤ ਵਿਚ ਘਰ ਦੀ ਤਜਵੀਜ਼ ਵੀ ਉਸ ਨੇ ਦਿੱਤੀ ਸੀ, ਇਸ ਤਰ੍ਹਾਂ ਅਧੋਂ ਵਧ ਖੇਚਲ ਘੱਟ ਗਈ ਸੀ, ਇਸ ਦੇ ਨਾਲ ਹੀ ਉਸ ਕਿਸਾਨ ਮੁਹਾਜ 'ਤੇ ਦੱਬ ਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ।

## ਖੁਸ਼ ਰਹਿਣ ਦੇ ਨੁਸਖੇ

**ਕੁਲਬੀਰ ਡਾਨਸੀਵਾਲ**

ਜ਼ਿੰਦਗੀ 'ਚ ਹਰ ਵੇਲੇ, ਖੁਸ਼ ਰਹਿਣਾ ਚਾਹੀਦਾ
ਦੁੱਖ ਸੁੱਖ ਵੇਲੇ, ਸਦਾ ਰੱਬ ਨੂੰ ਧਿਆਈਦਾ।
ਗੁਆਂਢੀਆਂ ਦੇ ਸੁੱਖ ਦੇਖ, ਦੁੱਖ ਨੀ ਮਨਾਈਦਾ
ਦੂਜਿਆਂ ਦੇ ਮਹਿਲ ਦੇਖ, ਕੁੱਲੀ ਨੂੰ ਨੀ ਢਾਹੀਦਾ।
ਦੇਖੋ ਦੇਖੀ ਗਲ ਵਿਚ, ਫਾਹੇ ਨਹੀਂ ਪਾਈਦੇ
ਚਾਦਰਾਂ ਨੂੰ ਤੱਕ ਸਦਾ, ਪੈਰਾਂ ਨੂੰ ਪਸਾਰੀਦਾ।
ਥੱਲੇ ਵੱਲ ਦੇਖ ਤੈਥੋਂ, ਹੋਰ ਕਿੰਨੇ ਨੀਵੇਂ ਨੇ
ਉਪਰ ਨੂੰ ਦੇਖ ਦੇਖ, ਖੂਨ ਨਹੀਂ ਸੁਕਾਈਦਾ।
ਗੁਆਂਢੀਆਂ ਦੇ ਘਰ ਖੜੀ, ਮਰਸਡੀ ਦੇਖ ਕੇ
ਐਵੇਂ ਨਹੀਉਂ ਕਿਸ਼ਤਾਂ 'ਤੇ ਹਮਰ ਕਢਾਈਦਾ।
ਹੌਲੀ ਹੌਲੀ ਸੌਖੇ ਰਹਿ ਕੇ, ਕੰਮ ਨੂੰ ਮੁਕਾਈਦਾ
ਇਕੋ ਵਾਰੀ ਸਾਰੇ ਨੂੰ ਨੀ, ਜੱਫਾ ਕਦੇ ਪਾਈਦਾ।
ਭੱਜ ਭੱਜ ਸਾਰਾ ਦਿਨ, ਸਾਹ ਨੀ ਚੜ੍ਹਾਈਦਾ
ਕੱਛੂ ਵਾਂਗ ਚੱਲ, ਖਰਗੋਸ਼ ਨੂੰ ਹਰਾਈਦਾ।
ਮੁੱਕ ਜਾਣੀ ਜਿੰਦ ਤੇਰੀ ਤਮਾ ਨਹੀਓਂ ਮੁੱਕਣੀ
ਖੁਸ਼ੀ ਜੇ ਵਧਾਉਣੀ, ਇੱਛਾਵਾਂ ਨੂੰ ਘਟਾਈਦਾ।
ਘਰ ਵਿਚ ਬੱਚਿਆਂ ਦੇ ਨਾਲ ਹੱਸੀ ਖੇਡੀਦਾ
ਟੀ.ਵੀ. ਮੂਹਰੇ ਬਹਿ ਨਹੀਓਂ, ਵਕਤ ਲੰਘਾਈਦਾ।
ਟਾਈਮ ਨਾਲ ਸੌਂਵੋਗੇ, ਤਾਂ ਟਾਈਮ ਨਾਲ ਉਠੋਗੇ
ਉੱਠ ਕੇ ਸਵੇਰੇ ਫਿਰ, ਸੈਰ ਨੂੰ ਵੀ ਜਾਈਦਾ।
ਕੰਮ ਦਿਆਂ ਫਿਕਰਾਂ ਨੂੰ, ਘਰ ਨੀ ਲਿਆਈਦਾ
ਕੰਮ ਵਾਲਾ ਗੁੱਸਾ ਨਹੀਓਂ, ਘਰ ਆ ਕੇ ਲਾਹੀਦਾ।
ਧੀਆਂ ਨੇ ਸਦਾ ਤੇਰੇ ਦੁੱਖ ਸੁੱਖ ਹਨ ਵੰਡਣੇ
ਜੰਮ ਪਏ ਕੁੜੀ ਤਾਂ, ਨੱਕ ਨਹੀਂ ਚੜ੍ਹਾਈਦਾ।

## ਕਾਵਿ-ਮੰਚ


ਲੰਘ ਗਿਆ ਵੇਲਾ ਮੁੜ ਹੱਥ ਨਹੀਂਓ ਆਉਣਾ
ਐਵੇਂ ਨਹੀਂਓਂ ਸੋਚਾਂ ਵਿਚ ਵਕਤ ਲੰਘਾਈਦਾ।
ਜੇ ਹੱਡ ਪੈਰ ਰਾਜ਼ੀ, ਪੈਸਾ ਮੁੜ ਕੇ ਕਮਾ ਲਏਂਗਾ
ਨਫਾ-ਨੁਕਸਾਨ ਨਈਓਂ ਦਿਲ ਉਤੇ ਲਾਈਦਾ।
ਲੁੱਟ ਲਿਆ ਪੈਸਾ ਚੋਰਾਂ ਕੋਈ ਗੱਲ ਨਹੀਂ
ਜਾਨ ਬੱਚ ਗਈ ਇਹੀਓ ਸ਼ੁਕਰ ਮਨਾਈਦਾ।
ਮਰ ਗਏ ਜੋ, ਉਨ੍ਹਾਂ ਮੁੜ ਕੇ ਤਾਂ ਆਉਣਾ ਨ੍ਹੀਂ
ਮਰਿਆਂ ਦੇ ਪਿੱਛੇ ਨਈਓਂ ਆਪ ਮਰ ਜਾਈਦਾ।
ਛੱਡ ਗਏ ਨੇ ਜਿਹੜੇ ਤੈਨੂੰ ਧੋਖਾ ਦੇ ਕੇ ਆਪਣੇ
ਉਨ੍ਹਾਂ ਦਗੇਬਾਜ਼ਾਂ ਲਈ ਨੀਰ ਨਹੀਂ ਬਹਾਈਦਾ।
ਕੰਮ ਪਿਛੇ ਘੁੰਮੀ ਜਾਣਾ, ਡਾਲਰਾਂ ਨੂੰ ਚੁੰਮੀ ਜਾਣਾ
ਘਰਵਾਲੀ ਨਾਲ ਕਦੇ ਘੁੰਮਣ ਵੀ ਜਾਈਦਾ।
ਆਪਣੇ ਸਰੀਰ ਨੂੰ ਮਸ਼ੀਨ ਨਹੀਂ ਬਣਾਈਦਾ
ਇਹਦੇ ਉੱਤੇ ਡਾਲਰਾਂ ਦਾ ਪਟਾ ਨ੍ਹੀਂ ਚੜ੍ਹਾਈਦਾ।
ਪੀਣੀ ਆਂ ਸ਼ਰਾਬ ਤਾਂ ਘਰ ਬਹਿ ਕੇ ਪੈੱਗ ਲਾ
ਨਈਓ ਵੈਲੀਆਂ ਨਾਲ ਬਹਿ ਨਸ਼ਾ ਪਤਾ ਖਾਈਦਾ।
ਭਾਈਆਂ ਅਤੇ ਭਈਆਂ ਰਲ ਕੇ ਦਬੋਚ ਲੈਣੀ
ਐਵੇਂ ਨਾ ਤੂੰ ਔਖਾ ਹੋ ਕੇ ਪਿੰਡ ਕੋਠੀ ਪਾਈ ਜਾ।
ਸ਼ੀਸ਼ੇ ਵਾਂਗੂ ਟੁੱਟ ਜਾਣਾ ਸਾਹਾਂ ਵਾਂਗੂ ਮੁੱਕ ਜਾਣੈ
ਭਾਵੇਂ ਲੱਖ ਪੱਥਰਾਂ ਦੇ ਮਹਿਲ ਬਣਾਈ ਜਾ।
ਕੱਲ੍ਹ ਨੂੰ ਕੀ ਹੋਣਾ ਅਸੀਂ ਕੱਲ੍ਹ ਵੇਖ ਲਵਾਂਗੇ
ਔਣ ਵਾਲੇ ਕੱਲ੍ਹ ਪਿੱਛੇ ਅੱਜ ਨਹੀਂ ਗਵਾਈਦਾ।
ਫਲ ਦੀ ਨਾ ਆਸ ਰਖੀਂ ਹੱਥੀਂ ਲਾਏ ਬੂਟਿਆਂ ਤੋਂ
ਚੁੱਪਚਾਪ ਫਰਜ਼ਾਂ ਦਾ ਪਾਣੀ ਜੜ੍ਹੀਂ ਪਾਈ ਜਾ।

ੴ ਸਤਿਗੁਰ ਪ੍ਰਸਾਦਿ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗੁ ਚਾਨਣੁ ਹੋਆ

**ਸਮੂਹ ਸਾਧ ਸੰਗਤ ਤੇ 'ਪੰਜਾਬ ਟਾਈਮਜ਼' ਦੇ ਪਾਠਕਾਂ ਨੂੰ ਕੁਲ ਲੋਕਾਈ ਨੂੰ ਹੱਕ ਸੱਚ ਦਾ ਹੋਕਾ ਦੇਣ ਵਾਲੇ ਅਤੇ ਰੱਬ ਨੂੰ 'ਤੈਂ ਕੀ ਦਰਦ ਨਾ ਆਇਆ' ਦਾ ਮਿਹਣਾ ਮਾਰਨ ਵਾਲੇ ਯੁਗ ਪੁਰਸ਼ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦੀ**

# ਲੱਖ ਲੱਖ ਵਧਾਈ



ਤਰਲੋਚਨ ਸਿੰਘ ਲੱਛਰ, ਕੁਲਵੰਤ ਸਿੰਘ ਲੱਛਰ, ਜਸਵਿੰਦਰ ਸਿੰਘ ਲੱਛਰ

**Lasher Brothers Trucking Company**

Los Banos California, Phone: 209-827-1985

# ਦਾਦਾ ਸਾਹਿਬ ਫਾਲਕੇ ਪੁਰਸਕਾਰ ਰੱਬੀ ਦਾਤ ਵਾਂਗ ਮਿਲਿਆ ਮੰਨਾ ਡੇ ਨੂੰ



ਆਪਣੀ ਲਰਜ਼ਦੀ ਆਵਾਜ਼ ਨਾਲ ਸਰੋਤਾ ਜਗਤ 'ਤੇ ਰਾਜ ਕਰਨ ਵਾਲੇ ਨੱਬਿਆਂ ਤੋਂ ਟੱਪੇ ਗਾਇਕ ਮੰਨਾਂ ਡੇ ਲਈ ਦਾਦਾ ਸਾਹਿਬ ਫਾਲਕੇ ਪੁਰਸਕਾਰ, ਰੱਬੀ ਦਾਤ ਵਜੋਂ ਬਹੁੜਿਆ ਹੈ। ਮੰਨਾ ਡੇ ਨੇ ਬੀਤੇ ਦਿਨੀਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਰਕਾਰ ਵਲੋਂ ਇਸ ਸ਼ਾਨਾਂਮੱਤੇ ਪੁਰਸਕਾਰ ਲਈ ਉਨ੍ਹਾਂ ਨੂੰ ਚੁਣਨਾ, ਉਨ੍ਹਾਂ ਲਈ ਬੜਾ ਖੁਸ਼ਨੁਮਾ ਅਹਿਸਾਸ ਹੈ। ਇਹ ਰੱਬ ਵਲੋਂ ਦਿੱਤਾ ਗਿਆ ਤੋਹਫਾ ਹੈ, ਜਿਸਨੂੰ ਉਹ ਪੂਰੀ ਨਿਮਰਤਾ ਨਾਲ ਸਵੀਕਾਰ ਕਰਦੇ ਹਨ।

ਗਾਇਕ ਨੇ ਇਸ ਪੁਰਸਕਾਰ ਦਾ ਸਿਹਰਾ ਫਿਲਮ ਸਨਅਤ ਦੇ ਪ੍ਰਸਿੱਧ ਸੰਗੀਤਕਾਰਾਂ ਸਿਰ ਬੰਨ੍ਹਿਆ ਹੈ। ਮੰਨਾ ਡੇ ਨੇ ਮੁਢਲੀ ਸਿਖਲਾਈ ਆਪਣੇ ਨੇੜਲੇ ਰਿਸ਼ਤੇਦਾਰ ਕ੍ਰਿਸ਼ਨ ਚੰਦਰ ਡੇ ਤੋਂ ਲਈ। ਫਿਰ ਉਹਨੇ ਉਸਤਾਦ ਅਮਾਨਤ ਅਲੀ ਖਾਂ ਤੇ ਉਸਤਾਦ ਅਬਦੁਲ ਰਹਿਮਾਨ ਖ਼ਾਨ ਵਰਗਿਆਂ ਤੋਂ ਦੀਖਿਆ ਲਈ। ਉਹ ਆਖਦੇ ਹਨ ਕਿ ਸ਼ੰਕਰ-ਜੈਕਿਸ਼ਨ, ਮਦਨ ਮੋਹਨ ਤੇ ਸਚਿਨ ਦੇਵ ਬਰਮਨ ਜਿਹੇ ਸੰਗੀਤਕਾਰਾਂ ਨੇ ਉਸ ਤੋਂ ਵਧੀਆ ਢੰਗ ਨਾਲ ਗੀਤ ਗਵਾਏ ਹਨ।

ਫਿਲਮ ਨਗਰੀ 'ਚ 1942 'ਚ ਆਪਣੀ ਆਮਦ ਦੇ ਦਿਨਾਂ 'ਚ ਕੀਤੇ ਸੰਘਰਸ਼ ਨੂੰ ਯਾਦ ਕਰਦਿਆਂ ਉਹ ਦੱਸਦੇ ਹਨ ਕਿ ਉਹ ਉਨ੍ਹੀਂ ਦਿਨੀਂ ਭਜਨ ਗਾਇਆ ਕਰਦੇ ਸਨ ਤੇ ਕੋਈ ਕੰਮ ਮਿਲਣਾ ਉਨ੍ਹਾਂ ਨੂੰ ਔਖਾ ਜਾਪ ਰਿਹਾ ਸੀ। ਉਨ੍ਹਾਂ ਨੂੰ ਪਹਿਲਾ ਮੌਕਾ ਸ਼ੰਕਰ ਜੈਕਿਸ਼ਨ ਨੇ ਦਿੱਤਾ ਸੀ। ਆਪਣੇ ਜ਼ਮਾਨੇ ਦੇ ਹਿੱਟ ਗੀਤ 'ਸੁਰ ਨਾ ਸਜੇ, ਕਿਆ ਗਾਊਂ ਮੈਂ...' ਬਾਰੇ ਉਹ ਯਾਦ ਕਰਕੇ ਕਹਿੰਦੇ ਹਨ, ਕਿ ਉਨ੍ਹਾਂ ਦੀ ਰੱਜਵੀਂ ਆਲੋਚਨਾ ਹੋਈ ਪਰ ਸ਼ੰਕਰ ਜੈਕਿਸ਼ਨ ਦਾ ਕਹਿਣਾ ਸੀ ਕਿ ਇਹ ਗੀਤ ਉਨ੍ਹਾਂ ਨੂੰ ਧਿਆਨ 'ਚ ਰੱਖ ਕੇ ਹੀ ਕੰਪੋਜ਼ ਕੀਤਾ ਗਿਆ ਸੀ। ਗਾਣੇ ਨੇ ਰਿਕਾਰਡ ਤੋੜ ਦਿੱਤੇ। ਮੰਨਾ ਡੇ ਇਸ ਸੰਗੀਤਕਾਰ ਜੋੜੀ ਦੇ ਸਦਾ ਸਦਾ ਲਈ ਰਿਣੀ ਹਨ। ਉਹ ਦੱਸਦੇ ਹਨ ਕਿ ਪਿਠਵਰਤੀ ਗਾਇਕ ਵਜੋਂ ਨਿਰਮਾਤਾ ਉਨ੍ਹਾਂ ਨੂੰ ਨੀਵਾਂ ਵੀ ਦਿਖਾਉਂਦੇ ਸਨ। ਉਨ੍ਹਾਂ ਦਿਨਾਂ 'ਚ ਫਿਲਮਾਂ 'ਚ ਅਦਾਕਾਰਾਂ ਦੀ ਬਹੁਤ ਚੱਲਦੀ ਸੀ, ਉਹ ਆਪਣੀ ਪਸੰਦ ਦੇ ਗਾਇਕ ਤੋਂ ਗੀਤ ਗਵਾਏ ਜਾਣੇ ਚਾਹੁੰਦੇ ਸਨ। ਇਸ ਕਾਰਨ ਬੜੀ ਜ਼ਿੱਲਤ ਮੰਨਾ ਡੇ ਨੂੰ ਸਹਿਣੀ ਪਈ ਪਰ ਉਹ ਮੰਨਦੇ ਹਨ ਕਿ ਇਹ ਦਿਨ ਲੰਘ ਹੀ ਜਾਣੇ ਸਨ।

ਖੁਸ਼ੀ ਭਰੇ ਰੌਅ 'ਚ ਉਨ੍ਹਾਂ ਦੱਸਿਆ ਕਿ ਬਰਸਾਤ ਫਿਲਮ ਦੇ ਗੀਤ 'ਯੇਹ ਰਾਤ ਭੀਗੀ ਭੀਗੀ...' ਦੀ ਰਿਹਰਸਲ ਵੇਲੇ ਰਾਜ ਕਪੂਰ ਤੇ ਨਰਗਿਸ ਨੇ ਉਹਦੇ ਸਾਹਮਣੇ ਪੂਰੀ ਅਦਾਕਾਰੀ ਕੀਤੀ ਤਾਂ ਕਿ ਗੀਤ 'ਚ ਉਹ ਪੂਰਾ ਭਾਵ ਲਿਆ ਸਕਣ। 'ਪਿਆਰ ਹੂਆ ਇਕਰਾਰ ਹੂਆ...' ਲਈ ਵੀ ਦੋਵਾਂ ਨੇ ਮੰਨਾ ਡੇ ਅੱਗੇ ਅਦਾਕਾਰੀ ਕੀਤੀ। ਉਨ੍ਹਾਂ ਦੀ ਨਜ਼ਰ 'ਚ ਰਾਜ ਕਪੂਰ, ਸੰਗੀਤ ਦੀ ਤਕੜੀ ਸਮਝ ਵਾਲਾ ਅਦਾਕਾਰ ਸੀ। ਕੋਈ ਵੀ ਉਨ੍ਹਾਂ ਵਾਂਗ ਗੀਤ ਸਬੰਧੀ ਨਹੀਂ ਸੋਚ ਸਕਦਾ। ਮੰਨਾ ਡੇ ਨੇ ਮੁਹੰਮਦ ਰਫੀ ਨੂੰ 'ਬਿਨਾ ਕਿਸੇ ਵੈਰ ਵਿਰੋਧ ਵਾਲਾ ਰੱਬ ਦਾ ਬੰਦਾ' ਕਰਾਰ ਦਿੱਤਾ ਜਿਸਨੇ ਜੋ ਗਾਇਆ, ਉਸੇ ਅਨੁਸਾਰ ਜ਼ਿੰਦਗੀ ਲੰਘਾਈ। ਉਨ੍ਹਾਂ ਨੇ ਕਿਸ਼ੋਰ ਕੁਮਾਰ ਦੀ ਵੀ ਤਾਰੀਫ ਕੀਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਲਤਾ, ਰਫੀ ਤੇ ਆਸ਼ਾ ਭੌਂਸਲੇ ਤੋਂ ਗਾਇਕਾਂ ਵਜੋਂ ਤੇ ਵਿਅਕਤੀਗਤ ਪੱਧਰ 'ਤੇ ਬੜਾ ਕੁਝ ਸਿੱਖਿਆ। ਉਨ੍ਹਾਂ ਕਿਹਾ ਕਿ ਅੱਜ ਕੱਲ੍ਹ ਜਿਹੋ ਜਿਹੀਆਂ ਫਿਲਮਾਂ ਬਣ ਰਹੀਆਂ ਹਨ, ਜਿਹੋ ਜਿਹੇ ਗੀਤ ਕੰਪੋਜ਼ਰਾਂ ਤੋਂ ਮੰਗੇ ਜਾ ਰਹੇ ਹਨ, ਉਸ ਦੇ ਸਿੱਟੇ ਵਜੋਂ ਇਹੋ ਜਿਹਾ ਸੰਗੀਤ ਹੀ ਪੈਦਾ ਹੋ ਸਕਦਾ ਹੈ।

**ਸਾ ਰੇ ਗਾ ਮਾ ਜਿਹੇ ਸ਼ੋਆਂ ਬਾਰੇ ਉਨ੍ਹਾਂ ਕਿਹਾ ਕਿ ਇਨ੍ਹਾਂ 'ਚ ਭਾਗ ਲੈਣ ਵਾਲਿਆਂ ਨੂੰ ਸਮੇਂ ਤੋਂ ਪਹਿਲਾਂ ਸੁਰਲੀ ਵਾਂਗ ਅਸਮਾਨ ਚੜ੍ਹਾਇਆ ਜਾ ਰਿਹਾ ਹੈ।**

ਮੰਨਾ ਡੇ ਨੇ ਸੋਨੂੰ ਨਿਗਮ, ਉਦਿਤ ਨਾਰਾਇਣ, ਸ਼੍ਰੇਆ ਘੋਸ਼ਾਲ ਤੇ ਸੁਨਿਧੀ ਚੌਹਾਨ ਦੀ ਕਲਾ ਨੂੰ ਸਰਾਹਿਆ।

ਸਾ ਰੇ ਗਾ ਮਾ ਜਿਹੇ ਸ਼ੋਆਂ ਬਾਰੇ ਉਨ੍ਹਾਂ ਕਿਹਾ ਕਿ ਇਨ੍ਹਾਂ 'ਚ ਭਾਗ ਲੈਣ ਵਾਲਿਆਂ ਨੂੰ ਸਮੇਂ ਤੋਂ ਪਹਿਲਾਂ ਸੁਰਲੀ ਵਾਂਗ ਅਸਮਾਨ ਚੜ੍ਹਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਉਮਰੇ ਇਨ੍ਹਾਂ ਨੂੰ ਇਸ ਪਾਸੇ ਧੱਕ ਰਹੇ ਉਨ੍ਹਾਂ ਦੇ ਮਾਪੇ ਵੀ ਠੀਕ ਨਹੀਂ ਕਰ ਰਹੇ। ਉਨ੍ਹਾਂ ਕਿਹਾ ਕਿ ਸੰਗੀਤ ਸਾਧਨਾ ਹੈ, ਦੌੜ ਨਹੀਂ।

ਕੇਰਲਾ ਦੀ ਸੁਲੋਚਨਾ ਉਨ੍ਹਾਂ ਦੀ ਪਤਨੀ ਹੈ, ਜਿਸ ਦੇ ਸੰਗੀਤ ਲਈ ਪਿਆਰ ਨੇ ਦੋਵਾਂ ਨੂੰ ਨੇੜੇ ਲੈ ਆਂਦਾ। ਇਸ ਜੋੜੇ ਦੀਆਂ ਦੋ ਧੀਆਂ ਸੁਰੋਮਾ ਤੇ ਸੁਮਿਤਾ ਹਨ। ਮੰਨਾ ਡੇ ਨੇ ਕਿਹਾ ਕਿ ਜਿਹੜੇ ਲੋਕ ਫਿਲਮ ਸੰਗੀਤ 'ਚ ਆਉਣਾ ਚਾਹੁੰਦੇ ਹਨ, ਉਨ੍ਹਾਂ ਨੂੰ ਕਿਸੇ ਗੁਰੂ ਜਾਂ ਉਸਤਾਦ ਤੋਂ ਸਿੱਖਿਆ ਲੈਣੀ ਚਾਹੀਦੀ ਹੈ। ਉਹ ਕੱਚੇ ਜਿਹੇ ਢੰਗ ਨਾਲ ਇਨ੍ਹਾਂ ਪ੍ਰਾਜੈਕਟਾਂ 'ਚ ਸ਼ਾਮਲ ਨਹੀਂ ਹੋ ਸਕਦੇ।

ਯਾਦ ਰਹੇ ਰਾਸ਼ਟਰਪਤੀ ਪ੍ਰਤਿਭਾ ਦੇਵੀ ਪਾਟਿਲ ਨੇ ਨਵੀਂ ਦਿੱਲੀ 'ਚ 21 ਅਕਤੂਬਰ ਨੂੰ ਮੰਨਾ ਡੇ ਨੂੰ ਦੇਸ਼ ਦੇ ਸਭ ਤੋਂ ਵੱਡੇ ਮਾਣ ਸਨਮਾਨ ਨਾਲ ਸਨਮਾਨਿਤ ਕੀਤਾ।

## ਕਰਿਸ਼ਮਾ ਕਪੂਰ ਯੋਗਾ ਨਹੀਂ, ਸੈਰ ਕਰਦੀ

ਬਾਲੀਵੁੱਡ ਅਭਿਨੇਤਰੀ ਕਰਿਸ਼ਮਾ ਕਪੂਰ ਨੇ ਕਿਹਾ ਹੈ ਕਿ ਉਹ ਆਪਣੀ ਭੈਣ ਕਰੀਨਾ ਕਪੂਰ ਵਾਂਗ ਯੋਗਾ ਨਹੀਂ ਕਰਦੀ। ਕਰਿਸ਼ਮਾ ਨੇ ਕਿਹਾ ਹੈ ਕਿ ਉਹ ਯੋਗਾ ਦੀ ਥਾਂ ਸਵੇਰੇ ਸੈਰ ਕਰਦੀ ਹੈ। ਕਰਿਸ਼ਮਾ ਨੇ ਕਿਹਾ ਕਿ ਸਾਡੇ ਪਰਿਵਾਰ ਵਿਚ ਯੋਗਾ ਦੀ ਜਾਣਕਾਰੀ ਸਭ ਤੋਂ ਵਧ ਕਰੀਨਾ ਨੂੰ ਹੈ। ਉਹ ਸਾਨੂੰ ਇਸ ਬਾਰੇ ਦੱਸਦੀ ਵੀ ਹੈ ਪਰ ਮੈਂ ਯੋਗਾ ਪਸੰਦ ਨਹੀਂ ਕਰਦੀ।



## ਮੀਰਾ ਤੇ ਵਪਾਰੀ ਰਹਿਮਾਨ ਵਿਚਾਲੇ ਸਮਝੌਤਾ

ਪਾਕਿਸਤਾਨੀ ਫਿਲਮ ਅਦਾਕਾਰ ਮੀਰਾ ਨੇ ਵਪਾਰੀ ਅਤੀਕ-ਉਰ-ਰਹਿਮਾਨ ਨਾਲ 'ਸਮਝੌਤਾ' ਕਰ ਲਿਆ ਹੈ। ਰਹਿਮਾਨ ਨੇ ਦਾਅਵਾ ਕੀਤਾ ਸੀ ਕਿ ਉਹ ਮੀਰਾ ਦਾ ਪਤੀ ਹੈ। ਉਹਨੇ ਮੀਰਾਂ 'ਤੇ ਆਪਣੇ ਘਰੋਂ ਫਰਨੀਚਰ ਤੇ ਹੋਰ ਬਹੁਮੁੱਲੀਆਂ ਚੀਜ਼ਾਂ ਚੋਰੀ ਕਰਨ ਦੇ ਵੀ ਦੋਸ਼ ਲਾਏ ਸਨ। ਪਤਾ ਲੱਗਿਆ ਹੈ ਕਿ ਦੋਵਾਂ ਦੇ ਸਾਂਝੇ ਦੋਸਤਾਂ ਨੇ ਇਸ 'ਚ ਅਹਿਮ ਭੂਮਿਕਾ ਨਿਭਾਈ ਜਿਨ੍ਹਾਂ 'ਚ ਫਿਲਮ ਨਿਰਦੇਸ਼ਕ ਸੰਗੀਤਾ ਵੀ ਸ਼ਾਮਲ ਸੀ। ਮੀਰਾ ਦੇ ਵਕੀਲ ਮੁਨਜ਼ਰ ਗਨੀ ਅਨੁਸਾਰ ਕਈ ਪ੍ਰਭਾਵਸ਼ਾਲੀ ਪੁਲੀਸ ਤੇ ਨਿਆਂਇਕ ਅਧਿਕਾਰੀਆਂ ਤੇ ਕਲਾਕਾਰਾਂ ਨੇ ਮਾਮਲਾ ਲੀਹ 'ਤੇ ਲਿਆਉਣ 'ਚ ਅਹਿਮ ਭੂਮਿਕਾ ਨਿਭਾਈ।

ਉਨ੍ਹਾਂ ਦੱਸਿਆ ਕਿ ਮੀਰਾ ਤੇ ਰਹਿਮਾਨ ਦੋਵੇਂ ਇਕ ਦੂਜੇ ਵਿਰੁਧ ਦਾਇਰ ਕੀਤੇ ਅਪਰਾਧਿਕ ਮਾਮਲੇ ਵਾਪਸ ਲੈਣ ਲਈ ਸਹਿਮਤ ਹੋ ਗਏ ਹਨ। ਗਨੀ ਨੇ ਇਨ੍ਹਾਂ ਰਿਪੋਰਟਾਂ ਦਾ ਖੰਡਨ ਕੀਤਾ ਕਿ ਮੀਰਾ ਨੇ ਰਹਿਮਾਨ ਨਾਲ ਸਮਝੌਤਾ ਕਰਨ ਲਈ 35 ਲੱਖ ਰੁਪਏ ਦਿੱਤੇ।

## ਨਸੀਰੂਦੀਨ ਸ਼ਾਹ ਦੀ ਫਿਲਮ ਦਿਖਾਈ ਜਾਵੇਗੀ ਨਿਊਯਾਰਕ ਫਿਲਮ ਉਤਸਵ 'ਚ

ਨਸੀਰੂਦੀਨ ਸ਼ਾਹ ਦੀ ਫਿਲਮ 'ਟ੍ਰਡੇਜ ਸਪੈਸ਼ਲ' ਇਥੇ ਅਗਲੇ ਮਹੀਨੇ ਇੰਡੋ-ਅਮੈਰਿਕਨ ਆਰਟਸ ਕੌਂਸਲ ਫਿਲਮ ਉਤਸਵ ਦੇ ਉਦਘਾਟਨ ਸਮਾਰੋਹ ਵਿਚ ਦਿਖਾਈ ਜਾਵੇਗੀ। ਇਸ ਸਮਾਰੋਹ ਵਿਚ 47 ਫਿਲਮਾਂ ਦਾ ਪ੍ਰਦਰਸ਼ਨ ਹੋਵੇਗਾ ਜਿਨ੍ਹਾਂ ਵਿਚ 44 ਫਿਲਮਾਂ ਅਤੇ ਡਾਕੂਮੈਂਟਰੀ ਤੇ ਲਘੂ ਫਿਲਮਾਂ ਵੀ ਹੋਣਗੀਆਂ। ਆਪਣੇ 9ਵੇਂ ਸਾਲ ਵਿਚ ਦਾਖਲ ਹੋਣ ਜਾ ਰਿਹਾ ਇਹ ਸਾਲਾਨਾ ਫਿਲਮ ਉਤਸਵ 11 ਤੋਂ 15 ਨਵੰਬਰ ਵਿਚਾਲੇ ਆਯੋਜਿਤ ਕੀਤਾ ਜਾਵੇਗਾ ਅਤੇ ਇਸ ਵਿਚ ਸੀਨੀਅਰ ਫਿਲਮਕਾਰ ਸ਼ਿਆਮ ਬੈਨੇਗਲ ਦੀ 'ਵੈਲ ਡਨ ਅੱਬਾ' ਅਤੇ ਅਨੁਰਾਗ ਕਸ਼ਿਅਪ ਦੀ 'ਗੋਲਮਾਲ' ਦਾ ਵੀ ਪ੍ਰਦਰਸ਼ਨ ਹੋਵੇਗਾ। ਫਿਲਮ ਸਮਾਰੋਹ ਦੀ ਸਮਾਪਤੀ 'ਦੀ ਐਂਡਲੈਸ ਵੇਟ' ਨਾਲ ਹੋਵੇਗਾ ਜਿਸ ਵਿਚ ਸ਼ਰਮੀਲਾ ਟੈਗੋਰ ਅਤੇ ਅਪਰਨਾ ਸੇਨ ਨੇ ਅਭਿਨੈ ਕੀਤਾ ਹੈ। ਇਹ ਦੋਵੇਂ ਵੀ ਫਿਲਮ ਦੇ ਪ੍ਰੀਮੀਅਰ 'ਤੇ ਮੌਜੂਦ ਹੋਣਗੀਆਂ। ਸੰਤੋਸ਼ ਸਿਵਾਨ ਦੀ 'ਤਹਾਨ' ਸਮਾਰੋਹ ਵਿਚ 13 ਨਵੰਬਰ ਨੂੰ ਆਕਰਸ਼ਨ ਦਾ ਮੁੱਖ ਕੇਂਦਰ ਹੋਵੇਗੀ। ਸਮਾਰੋਹ ਵਿਚ ਨਸੀਰੁਦੀਨ ਸ਼ਾਹ, ਸ਼ਰਮੀਲਾ ਟੈਗੋਰ, ਫਰਹਾਨ ਅਖਤਰ, ਮਨੀਸ਼ਾ ਕੋਇਰਾਲਾ, ਰਾਹੁਲ ਬੋਸ, ਸ਼ਬਾਨਾ ਆਜ਼ਮੀ, ਦੀਪਤੀ ਨਵਲ, ਮਧੁਰ ਜਾਫਰੀ, ਮੀਰਾ ਨਾਇਰ, ਜਾਵੇਦ ਅਖਤਰ, ਸ਼ਿਆਮ ਬੈਨੇਗਲ ਅਤੇ ਬੁੱਧਦੇਵ ਦਾਸ ਗੁਪਤਾ ਸ਼ਾਮਿਲ ਹੋਣਗੇ।



## ਮਲਟੀਪਲੈਕਸ ਵਿਗਿਆਪਨ ਫਿਲਮਾਂ ਦਿਖਾਉਣ ਦਾ ਸਮਾਂ ਵਧਾਉਣ ਲੱਗੇ

ਪਹਿਲਾਂ ਟਿਕਟ ਦਰਾਂ ਵਿਚ ਵਾਧਾ ਕੀਤਾ ਗਿਆ, ਹੁਣ ਮਲਟੀਪਲੈਕਸਾਂ ਵਾਲੇ ਫਿਲਮ ਸ਼ੋਅਜ਼ ਦੌਰਾਨ ਇੰਟਰਵਲ ਦਾ ਸਮਾਂ ਵਧਾਉਣ ਦੀ ਤਿਆਰੀ ਕਰ ਰਹੇ ਹਨ ਤਾਂ ਜੋ ਉਹ ਇਸ ਸਮੇਂ ਦੌਰਾਨ ਵੱਧ ਵਿਗਿਆਪਨ ਫਿਲਮਾਂ ਦਿਖਾ ਸਕਣ। ਫਨ ਸਿਨੇਮਾਜ਼ ਦੇ ਚੀਫ ਓਪਰੇਟਿੰਗ ਅਫਸਰ (ਸੀ.ਓ.ਓ.) ਵਿਸ਼ਾਲ ਕਪੂਰ ਨੇ ਦੱਸਿਆ, ''ਅਸੀਂ ਇੰਟਰਵਲ ਦਾ ਸਮਾਂ ਪਹਿਲਾਂ ਹੀ 10 ਮਿੰਟਾਂ ਤੋਂ ਵਧਾ ਕੇ 15 ਮਿੰਟ ਕਰ ਦਿੱਤਾ ਹੈ। ਅਜਿਹਾ ਇਸ਼ਤਿਹਾਰਦਾਤਾਵਾਂ ਦੀ ਮੰਗ 'ਤੇ ਕੀਤਾ ਗਿਆ ਹੈ। ਇਸ ਤਬਦੀਲੀ ਦਾ ਅਸਰ ਇਹ ਹੋਇਆ ਹੈ ਕਿ ਸਾਰੇ ਫਨ ਸਿਨਮਿਆਂ ਵਿਚ 300 ਸਕਿੰਟਾਂ ਲਈ ਵਧ ਇਸ਼ਤਿਹਾਰਬਾਜ਼ੀ ਸੰਭਵ ਹੋ ਗਈ ਹੈ।'' ਇਸ ਸਮੇਂ ਸਿਨਮਾ ਅਪਰੇਟਰ 60 ਸਕਿੰਟਾਂ ਦੀ ਇਸ਼ਤਿਹਾਰੀ ਫਿਲਮ ਲਈ 2000 ਤੋਂ 15000 ਰੁਪਏ ਤਕ ਦੀ ਮੰਗ ਕਰਦੇ ਹਨ। 60 ਸਕਿੰਟਾਂ, ਭਾਵ ਇਕ ਮਿੰਟ ਦੀ ਫਿਲਮ ਦੀ ਸਕਰੀਨਿੰਗ ਲਈ ਭਾਅ ਕਿੰਨਾ ਹੋਵੇ, ਇਹ ਕੁਝ ਸਿਨੇਮਾਘਰ ਦੀ ਲੋਕੇਸ਼ਨ 'ਤੇ ਨਿਰਭਰ ਕਰਦਾ ਹੈ। ਜੇਕਰ ਮਲਟੀਪਲੈਕਸ ਮੋਗਾ ਵਿਚ ਹੈ ਤਾਂ ਇਸ਼ਤਿਹਾਰਦਾਤਾ ਦੋ ਹਜ਼ਾਰ ਰੁਪਏ ਪ੍ਰਤੀ ਸਪੌਟ ਤੋਂ ਵਧ ਪੈਸੇ ਖਰਚਣ ਲਈ ਤਿਆਰ ਨਹੀਂ ਹੁੰਦਾ ਪਰ ਜੇਕਰ ਸਿਨਮਾ ਦਿੱਲੀ ਵਿਚ ਹੈ ਤਾਂ ਉਸਨੂੰ 15 ਹਜ਼ਾਰ ਰੁਪਏ ਪ੍ਰਤੀ ਸਪੌਟ ਦਾ ਭਾਅ ਅਦਾ ਕਰਨ ਵਿਚ ਕੋਈ ਝਿਜਕ ਮਹਿਸੂਸ ਨਹੀਂ ਹੁੰਦੀ। ਜਿਹੜੇ ਬ੍ਰਾਂਡ ਵਧੇਰੇ ਕਰਕੇ ਸਿਨਮਾ ਸਕਰੀਨ ਰਾਹੀਂ ਐਡਵਰਟਾਈਜ਼ ਕੀਤੇ ਜਾਂਦੇ ਹਨ, ਉਨ੍ਹਾਂ ਵਿਚ ਘੱਟ ਸਮੇਂ ਤੱਕ ਰੱਖੀਆਂ ਜਾ ਸਕਣ ਵਾਲੀਆਂ ਖਪਤਕਾਰੀ ਵਸਤਾਂ, ਬੈਂਕਿੰਗ ਤੇ ਇੰਸ਼ੋਰੈਂਸ ਉਤਪਾਦ, ਜੀਵਨਸ਼ੈਲੀ ਨਾਲ ਜੁੜੀਆਂ ਵਸਤਾਂ ਅਤੇ ਟੈਲੀਕਾਮ ਕੰਪਨੀਆਂ ਦੀ ਇਸ਼ਤਿਹਾਰਬਾਜ਼ੀ ਆਦਿ ਪ੍ਰਮੁੱਖ ਹਨ।

ਮਲਟੀਪਲੈਕਸ ਚਲਾਉਣ ਵਾਲੀ ਇਕ ਹੋਰ ਸਿਨੇਮਾ ਚੇਨ 'ਫੇਮ' ਦੇ ਇਕ ਉੱਚ ਅਧਿਕਾਰੀ ਨੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ 'ਤੇ ਕਿਹਾ, ''ਸੋਮਵਾਰ ਤੋਂ ਅਸੀਂ ਵੀ ਇੰਟਰਵਲ ਦਾ ਸਮਾਂ ਵਧਾਉਣ ਜਾ ਰਹੇ ਹਾਂ।'' ਸਿਨੇਮੈਕਸ, ਪੀ.ਵੀ.ਆਰ. ਤੇ ਇਨੌਕਸ ਗਰੁੱਪਾਂ ਵਲੋਂ ਵੀ ਅਜਿਹਾ ਕੀਤਾ ਜਾ ਰਿਹਾ ਹੈ ਪਰ ਅਨਿਲ ਅੰਬਾਨੀ ਦੀ ਮਲਕੀਅਤ ਵਾਲੇ ਬਿੱਗ ਗਰੁੱਪ ਨੇ ਅਜਿਹੀ ਸੰਭਾਵਨਾ ਫਿਲਹਾਲ ਰੱਦ ਕਰ ਦਿੱਤੀ ਹੈ। ਬਿੱਗ ਗਰੁੱਪ ਅਜੇ ਪੰਜਾਬ ਵਿਚ ਇਕੋ ਮਲਟੀਪਲੈਕਸ ਚਲਾ ਰਿਹਾ ਹੈ ਜੋ ਕਿ ਜ਼ੀਰਕਪੁਰ (ਨੇੜੇ ਚੰਡੀਗੜ੍ਹ) ਦੀ ਇਕ ਮਾਲ ਵਿਚ ਹੈ। ਇਥੇ ਟਿਕਟ ਦਰਾਂ ਵੀ ਚੰਡੀਗੜ੍ਹ ਤੇ ਪੰਚਕੂਲਾ ਦੇ ਮਲਟੀਪਲੈਕਸਾਂ ਦੇ ਮੁਕਾਬਲੇ ਘੱਟ ਹਨ। ਮਲਟੀਪਲੈਕਸਾਂ ਨੂੰ ਆਮ ਤੌਰ 'ਤੇ ਆਨ ਤੇ ਆਫ-ਸਕਰੀਨ ਇਸ਼ਤਿਹਾਰਬਾਜ਼ੀ ਰਾਹੀਂ ਆਪਣੀ ਕੁੱਲ ਕਮਾਈ ਦਾ ਦਸਵਾਂ ਹਿੱਸਾ ਕਮਾਈ ਹੁੰਦੀ ਹੈ। ਉਹ ਇਸ ਕਮਾਈ ਨੂੰ 10 ਦੀ ਥਾਂ 15 ਫੀਸਦੀ ਤਕ ਲਿਜਾਣਾ ਚਾਹੁੰਦੇ ਹਨ। ਇਸ਼ਤਿਹਾਰਬਾਜ਼ੀ ਦੇ ਧੰਦੇ ਨਾਲ ਜੁੜੇ ਪ੍ਰਸਾਰਣਕਾਰ ਵਿਕਾਸ ਮੋਹਨ ਦਾ ਕਹਿਣਾ ਹੈ, ''ਮਲਟੀਪਲੈਕਸਾਂ ਵਿਚ ਆਉਣ ਵਾਲੇ ਦਰਸ਼ਕਾਂ ਦੀ ਗਿਣਤੀ ਵਧੀ ਹੈ। ਉਹ ਇਸ ਦਾ ਲਾਭ ਇਸ਼ਤਿਹਾਰਬਾਜ਼ੀ ਦਾ ਸਮਾਂ 18-19 ਮਿੰਟ ਤਕ ਕਰਕੇ ਲੈ ਸਕਦੇ ਹਨ।''

## ਨਵੀਆਂ ਹੀਰੋਇਨਾਂ ਨਾਲ ਹੀ ਫਿਲਮਾਂ ਕਰੇਗਾ ਸਲਮਾਨ ਖਾਨ

ਇਕ ਸਟਾਰ ਮੇਕਰ ਬਨਣ ਦਾ ਕੀੜਾ ਹੁਣ ਸਲਮਾਨ ਦੇ ਦਿਮਾਗ 'ਚ ਦਾਖਲ ਹੋ ਚੁੱਕਾ ਹੈ ਅਤੇ ਉਹ ਮਹਿਸੂਸ ਕਰਨ ਲੱਗਾ ਹੈ ਕਿ ਇਕ ਫਿਲਮ ਵਿਚ ਉਸ ਦੇ ਨਾਲ ਕੰਮ ਕਰਨ ਲਈ ਇਕ ਵਜ਼ਨਦਾਰ ਹੀਰੋਇਨ ਦੀ ਲੋੜ ਨਹੀਂ ਹੈ। ਉਸ ਦੀਆਂ ਜ਼ਿਆਦਾਤਰ ਅਗਾਮੀ ਫਿਲਮਾਂ (ਰਿਲੀਜ਼ ਹੋ ਚੁੱਕੀਆਂ ਸਮੇਤ) ਵਿਚ ਸਥਾਪਿਤ ਅਦਾਕਾਰਾਵਾਂ ਦੀ ਬਜਾਏ ਨਵੀਆਂ ਹੀਰੋਇਨਾਂ ਹਨ।

ਬੋਨੀ ਕਪੂਰ ਦੀ 'ਵਾਂਟਿਡ' ਦਾ ਹੀ ਰੂਪ 'ਮੋਸਟ ਵਾਂਟਿਡ' ਅਜਿਹੀਆਂ ਕੁਝ ਫਿਲਮਾਂ ਵਿਚੋਂ ਇਕ ਹੈ। ਪ੍ਰਭੂਦੇਵਾ ਹੁਣ ਦੁਬਾਰਾ ਨਿਰਦੇਸ਼ਨ ਕਰਨਗੇ। ਫਿਲਮ ਵਿਚ ਐਕਟਰਸ ਦੇ ਰੂਪ ਵਿਚ ਦੋ ਨਵੇਂ ਚਿਹਰੇ ਹਨ। ਉਸਦੀ ਅਗਲੀ ਫਿਲਮ 'ਸਾਂਕੀ' ਵਿਚ ਵੀ ਸਾਜਿਦ ਨਾਡਿਆਡਵਾਲਾ ਦੇ ਨਾਲ ਨਵੀਂ ਨਾਇਕਾ ਹੈ। ਬੋਨੀ ਅਨੁਸਾਰ, ''ਜਦੋਂ ਇਕ ਵਾਰ ਸਲਮਾਨ ਦਾ ਨਾਂ ਸਾਹਮਣੇ ਆ ਗਿਆ ਤਾਂ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਉਸਦੇ ਨਾਲ ਕੌਣ ਹੈ।'' ਇਹ ਵੀ ਅਜੀਬ ਹੈ ਕਿ ਸਥਾਪਿਤ ਹੀਰੋਇਨਾਂ ਦੇ ਨਾਲ ਸਲਮਾਨ ਦੀਆਂ ਜ਼ਿਆਦਾਤਰ ਫਿਲਮਾਂ ਜਿਵੇਂ ਕਿ ਸਲਾਮ-ਏ-ਇਸ਼ਕ ਅਤੇ ਗੌਡ ਤੁਸੀਂ ਗਰੇਟ ਹੋ (ਦੋਵੇਂ ਪ੍ਰਿਯੰਕਾ ਚੋਪੜਾ ਨਾਲ) ਜਾਨੇਮਨ, ਹੀਰੋਜ਼ (ਪ੍ਰੀਟੀ ਜ਼ਿੰਟਾ ਨਾਲ), ਕਰੀਨਾ ਕਪੂਰ ਤੇ ਕੈਟਰੀਨਾ ਕੈਫ (ਹੈਲੋ, ਯੁਵਰਾਜ) ਫਲਾਪ ਹੋ ਚੁੱਕੀਆਂ ਹਨ। ਜਦਕਿ ਨਵੀਆਂ ਜਾਂ ਘੱਟ ਜਾਣੀਆਂ ਜਾਂਦੀਆਂ ਹੀਰੋਇਨਾਂ ਜਿਵੇਂ ਕਿ ਭੂਮਿਕਾ ਚਾਵਲਾ (ਤੇਰਾ ਨਾਮ) ਸਨੇਹਾ ਉੱਜਲ (ਲੱਕੀ) ਆਇਸ਼ਾ ਟਾਕੀਆ (ਵਾਂਟਿਡ) ਨਾਲ ਫਿਲਮਾਂ ਚਲ ਨਿਕਲੀਆਂ ਹਨ।

ਸਲਮਾਨ ਦੇ ਚਹੇਤੇ ਨਿਰਮਾਤਾਵਾਂ ਦੇ ਉਭਰ ਰਹੇ ਦਰਬਾਰੀ ਵੀ ਅਜਿਹੀਆਂ ਫਿਲਮਾਂ ਡਿਜ਼ਾਇਨ ਕਰ ਰਹੇ ਹਨ ਜਿਨ੍ਹਾਂ ਵਿਚ ਨਵੇਂ ਲੇਡੀ ਚਿਹਰਿਆਂ ਦੀ ਲੋੜ ਹੁੰਦੀ ਹੈ। ਭਰਾ ਅਰਬਾਜ਼ ਖਾਨ ਦੀ 'ਦਬੰਗ' ਵਿਚ ਸਲਮਾਨ ਦੇ ਨਾਲ ਸੋਨਾਕਸ਼ੀ ਸਿਨਹਾ ਨੂੰ ਲਿਆ ਗਿਆ ਹੈ।

ਸਲਮਾਨ ਨੇ ਸਾਜਿਦ ਨੂੰ ਸਪਸ਼ਟ ਤੌਰ 'ਤੇ ਕਹਿ ਦਿੱਤਾ ਸੀ ਅਜਿਹਾ ਰੋਲ ਤਿਆਰ ਕੀਤਾ ਜਾਵੇ ਜਿਹੜਾ ਉਸ ਵਲੋਂ ਪਹਿਲਾਂ ਕੀਤੇ ਰੋਲਾਂ ਤੋਂ ਬਿਲਕੁਲ ਵੱਖਰਾ ਹੋਵੇ।



ੴ ਸਤਿਗੁਰ ਪ੍ਰਸਾਦਿ

ਫਿਰ ਬਾਬਾ ਗਇਆ ਬਗਦਦਿ ਨੋ ਬਾਹਿਰ ਜਾਇ ਕੀਆ ਅਸਥਾਨਾ।
ਇਕ ਬਾਬਾ ਆਕਾਲ ਰੂਪ ਦੂਜਾ ਰਬਾਬੀ ਮਰਦਾਨਾ ।- ਭਾਈ ਗੁਰਦਾਸ

## ਰਵਿੰਦਰ ਸਿੰਘ (ਰਿੰਪੀ) ਧਾਲੀਵਾਲ ਅਤੇ ਦਰਸ਼ਨ ਕੌਰ ਧਾਲੀਵਾਲ ਵਲੋਂ

## ਵਲੀ ਕੰਧਾਰੀ ਜਹਿਆਂ ਦਾ ਹੰਕਾਰ ਤੋੜਨ ਵਾਲੇ ਅਤੇ ਕੌਡੇ ਰਾਖ਼ਸ਼ ਨੂੰ ਸਿੱਧੇ ਰਾਹ ਪਾਉਣ ਵਾਲੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਸਿੱਖ ਸੰਗਤ ਨੂੰ

# ਲੱਖ-ਲੱਖ ਵਧਾਈ ਹੋਵੇ




MC# 583299 DOT#1575042

## American Freight Corp.

60 Argillite Ave. Lathrop, CA 95330

**Ph: 209-451-1726, Fax: 209-323-5527**

## Ravinder Singh Dhaliwal

***Cell: 661-619-7431***



ਰਵਿੰਦਰ ਸਿੰਘ ਧਾਲੀਵਾਲ

ੴ ਸਤਿਗੁਰ ਪ੍ਰਸਾਦਿ

*ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੂ ਨਾਨਕ ਜਗਿ ਮਾਹਿ ਪਠਾਇਆ।*
*ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾ ਪੀਲਾਇਆ।*
*ਪਾਰਬ੍ਰਹਮੁ ਪੂਰਨ ਬ੍ਰਹਮੁ ਕਲਿਜੁਗਿ ਅੰਦਰਿ ਇਕ ਦਿਖਾਇਆ।*

ਵਲੀ ਕੰਧਾਰੀ ਜਹਿਆਂ ਦਾ ਹੰਕਾਰ ਤੋੜਨ ਵਾਲੇ ਅਤੇ ਕੌਡੇ ਰਾਖ਼ਸ਼ ਨੂੰ ਸਿੱਧੇ ਰਾਹ ਪਾਉਣ ਵਾਲੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਸਿੱਖ ਸੰਗਤ ਨੂੰ

# ਲੱਖ ਲੱਖ ਵਧਾਈ ਹੋਵੇ



ਸਮੂਹ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਜੁਗੋ ਜੁਗ ਅਟੱਲ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਦੇ ਮਹਾਨ ਨਗਰ ਕੀਰਤਨ ਵਿਚ ਹਾਜ਼ਰੀਆਂ ਭਰ ਕੇ ਆਪਣੀ ਚਰਨ ਧੂੜ ਨਾਲ ਸਾਨੂੰ ਵਡਭਾਗੀ ਬਣਾਓ ਜੀ

ਪਿਆਰਾ ਸਿੰਘ ਗੋਸਲ, ਫੋਨ:530-682-6099
ਗੋਸਲ ਫਾਰਮਸ

25 ਸਾਲ ਤੋਂ ਤੁਹਾਡੀ ਸੇਵਾ ਵਿਚ

The Name You Can Trust

# Kash Fabrics

**Bridal, Boutique & Jewelry**

**One Stop Shopping Center**

29576 Mission Blvd, Hayward, CA 94544 Phone: 510-538-1138

ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ ਵਲੋਂ ਗਾਹਕਾਂ ਅਤੇ ਸਰਪ੍ਰਸਤਾਂ ਨੂੰ
ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ

## ਲੱਖ-ਲੱਖ ਵਧਾਈ ਹੋਵੇ

## ਕੈਸ਼ ਫੈਬ੍ਰਿਕਸ-ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ



ਤੁਹਾਡੇ ਰੂਪ ਨੂੰ ਚਾਰ ਚੰਨ ਲਾ ਦੇਣ ਵਾਲੀਆਂ ਸਾੜੀਆਂ ਅਤੇ ਕਮਾਲ ਦੀ ਕਢਾਈ ਦੇ ਵੰਨ ਵੰਨ ਦੇ ਸੂਟ, ਸਿਲਕ ਦੀਆਂ ਸਾੜੀਆਂ ਅਤੇ ਬੱਚਿਆਂ ਦੇ ਪੰਜਾਬੀ ਸੂਟ

**ਸੂਟਾਂ, ਸਾੜੀਆਂ ਅਤੇ ਲਹਿੰਗਿਆਂ ਨਾਲ ਮੈਚ ਕਰਦੀ ਮਨਮੋਹਕ ਅਤੇ ਨਵੇਂ ਤੋਂ ਨਵੇਂ ਡਿਜ਼ਾਈਨਾਂ ਵਿਚ ਆਰਟੀਫੀਸ਼ੀਅਲ ਜਿਊਲਰੀ ਅਤੇ ਹੋਰ ਬੜਾ ਹੀ ਕੁਝ...**

**Brand New Shipment of Designer Ladies Suits and other Dress Material**

ਕੈਲੇਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ.ਪੀ.ਐਸ. ਰਾਹੀਂ ਤੁਰਤ ਭੇਜ ਸਕਦੇ ਹਾਂ।

Visit us on the Web at www.kashfabrics.com

ਸਾਡੀ ਸਪੈਸ਼ਲਟੀ: ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਅਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਪਾਸ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ- ਵੀਡੀਓ ਤੇ ਡੀ.ਵੀ.ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।

# ਗੁਰਦੁਆਰਾ ਸਾਹਿਬ ਸੈਨਹੋਜ਼ੇ (ਕੈਲੇਫੋਰਨੀਆ)

ੴ ਸਤਿਗੁਰ ਪ੍ਰਸਾਦਿ

ਫਿਰ ਉਠੀ ਆਖਿਰ ਸਦਾ ਤੌਹੀਦ ਕੀ ਪੰਜਾਬ ਸੇ।
ਹਿੰਦ ਕੋ ਇਕ ਮਰਦੇ-ਕਾਮਲਿ ਨੇ ਜਗਾਇਆ ਖ਼ੁਆਬ ਸੇ।

## ਹੱਕ ਸੱਚ ਦਾ ਹੋਕਾ ਦੇਣ ਵਾਲੇ ਪ੍ਰਥਮ ਪਾਤਸ਼ਾਹ, ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦੀ ਕੁਲ ਲੋਕਾਈ ਨੂੰ

# ਲੱਖ-ਲੱਖ ਵਧਾਈ

ਗੁਰੂ ਬਾਬੇ ਨੇ ਵੇਈਂ ਨਦੀ ਦੇ ਕੰਢੇ ਮਨੁਖਤਾ ਨੂੰ ਪਹਿਲਾ ਉਪਦੇਸ਼ ਦਿਤਾ। ਇਸ ਉਪਦੇਸ਼ ਨੂੰ ਅਸੀਂ Sermon of Sultanpur ਆਖ ਸਕਦੇ ਹਾਂ। ਸੰਸਾਰ ਦੇ ਸਾਰੇ ਮਹਾਨ ਵਿਖਿਆਨਾਂ ਵਿਚੋਂ ਗੁਰੂ ਨਾਨਕ ਸਾਹਿਬ ਦਾ ਵਿਖਿਆਨ ਸਭ ਤੋਂ ਸੰਖੇਪ ਸੀ ਅਤੇ ਨਾਲ ਹੀ ਮਹਾਨ ਸਮਰੱਥ ਅਤੇ ਸਾਰਥਕ ਉਹ ਵਿਖਿਆਨ ਸੀ:"

ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਮਨੁਖਤਾ ਵਿਸਮਾਦ ਵਿਚ ਝੂਮੀ ਤਾਂ ਬਾਬਾ ਫਿਰ ਬੋਲਿਆ, "ਨਾ ਕੋਈ ਹਿੰਦੂ, ਨਾ ਮੁਸਲਮਾਨ" ਤੇ ਮਨੁਖ ਦੇ ਅੰਦਰ ਸਵੈਮਾਨ ਜਾਗਿਆ, ਪਰਮਾਤਮਾ ਨਾਲ ਨਵਾਂ ਰਿਸ਼ਤਾ ਬਣਿਆ, ਨਵਾਂ ਸੁਤੰਤਰ ਧਰਮ ਮਿਲਿਆ; ਉਸਨੂੰ ਜਾਤ-ਪਾਤ, ਊਚ-ਨੀਚ ਤੋਂ ਬਹੁਤ ਉਚੀ ਮਨੁਖਤਾ ਮਿਲੀ ਤੇ ਬਹੁਤ ਵੱਡਾ ਪਿਆਰਾ ਰੱਬ ਮਿਲਿਆ।

ਸਤਿਗੁਰ ਨਾਨਕ ਪ੍ਰਗਟ ਹੋ ਗਿਆ, ਸੂਰਜ ਚੜ੍ਹ ਪਿਆ। ਧੁੰਦ ਮਿਟਣੀ ਸ਼ੁਰੂ ਹੋ ਗਈ। ਬਾਬਾ ਸਿੰਘ ਵਾਂਗ ਗਰਜਿਆ, ਮਿਰਗਾਵਲੀ ਭਜ ਉਠੀ। ਗੁਰੂ ਨਾਨਕ ਸੂਰਜ ਨਾਲ ਸੰਸਾਰ ਦੀ ਧੁੰਧ ਸਮਾਪਤ ਹੋ ਗਈ ਅਤੇ ਚਾਰੇ ਪਾਸੇ ਚਾਨਣ ਹੋ ਗਿਆ। ਭਾਰਤ ਦੀ ਤੇ ਸੰਸਾਰ ਦੀ ਧੁੰਦ ਮਿਟਣੀ ਸ਼ੁਰੂ ਹੋ ਗਈ। ਦੌਲਤਾ ਦਾਈ ਦੀ ਧੁੰਦ ਮਿਟੀ। ਫਿਰ ਪੰਡਤ ਪਾਂਧੇ, ਮਲਕ ਭਾਗੋ, ਰਾਣੀ ਨੂਰ ਸ਼ਾਹ, ਭੂਮੀਏ ਚੋਰ, ਰਾਜੇ ਸ਼ਿਵਨਾਭ, ਸੱਜਣ ਠੱਗ, ਕੌਡੇ ਰਾਕਸ਼, ਸਿਧਾਂ, ਪੁਰੀ ਮੰਦਰ ਦੇ ਪੁਜਾਰੀਆਂ, ਮੱਕੇ ਦੇ ਕਾਜੀਆਂ ਅਤੇ ਅਨੇਕ ਅਸੰਖ ਲੋਕਾਂ ਦੀ ਧੁੰਦ ਮਿਟੀ। ਗੁਰੂ ਬਾਬੇ ਦੇ ਬੋਲ ਵਿਚ ਸਿੰਘ ਦੀ ਗਰਜ ਸੀ ਜਿਸਨੂੰ ਸੁਣ ਮਿਰਗਾਵਲੀ ਭਜ ਤੁਰਦੀ। ਇਹ ਮਿਰਗਾਵਲੀ ਸੀ ਧਰਮ ਦੇ ਠੇਕੇਦਾਰਾਂ ਦੀ, ਜਿਹੜੇ ਰਸਮਾਂ, ਰੀਤਾਂ, ਕਰਮਾਂ, ਸ਼ਗਨਾਂ, ਦਾਨ-ਪੁੰਨ, ਪੂਜਾ-ਪਾਠ ਕਰਦੇ ਕਰਾਉਂਦੇ ਸਨ। ਇਹ ਮਿਰਗਾਵਲੀ ਉਹ ਹਾਕਮ ਸਨ ਜਿਹੜੇ ਲੋਕਾਂ ਦੀ ਖ਼ੂਨ ਪਸੀਨੇ ਦੀ ਕਮਾਈ 'ਤੇ ਪਲਦੇ ਸਨ। 'ਰਾਜੇ ਸ਼ੀਂਹ ਮੁਕੱਦਮ ਕੁਤੇ' ਬਣੇ ਹੋਏ ਸਨ। ਅਜ ਫਿਰ ਸੰਗਤ ਤੇ ਧੁੰਦ ਛਾ ਗਈ ਹੈ ਅਤੇ ਮਿਰਗਾਵਲੀ ਦਾ ਫਿਰ ਬੋਲ ਬਾਲਾ ਹੋ ਗਿਆ ਹੈ। ਅਗਿਆਨਤਾ ਦੀ ਧੁੰਦ ਦੂਰ ਕਰਨ ਲਈ ਗੁਰੂ ਨਾਨਕ ਦੇ ਗਿਆਨ ਰੂਪੀ ਸੂਰਜ ਦੀ ਲੋੜ ਹੈ। ਸਿੱਖਾਂ ਪਾਸ ਗਿਆਨ ਰੂਪੀ ਸੂਰਜ ਵੀ ਹੈ ਅਤੇ ਗਰਜ਼ ਵੀ ਹੈ। ਬਾਬੇ ਦੇ ਦਿਤੇ ਸ਼ਬਦ ਗਿਆਨ (ਸ੍ਰੀ ਗੁਰੂ ਗ੍ਰੰਥ ਸਾਹਿਬ) ਦੇ ਸੂਰਜ ਅਤੇ ਦਸਵੇਂ ਨਾਨਕ ਦੇ ਸਾਜੇ ਖਾਲਸੇ ਦੀ ਸਿੰਘ ਗਰਜ਼ ਨਾਲ ਹੀ ਅਗਿਆਨਤਾ ਦੀ ਧੁੰਦ ਮਿਟ ਸਕਦੀ ਹੈ। ਬਾਬੇ ਦੇ ਰਹਿਮੋ ਕਰਮ ਦੀਆਂ ਪ੍ਰਸਾਦਿ ਰੂਪੀ ਗਿਆਨ ਕਣੀਆਂ ਨੂੰ ਹਿਰਦਿਆਂ ਵਿਚ ਵਸਾਉਣ ਲਈ, ਅਗਿਆਨਤਾ ਦੀ ਧੁੰਦ ਮਿਟਾਉਣ ਲਈ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਦੀਆਂ ਸੰਗਤਾਂ ਵਲੋਂ ਜਗਤ ਗੁਰੂ 'ਗੁਰੂ ਨਾਨਕ' ਦਾ ਪੁਰਬ 2 ਤੋਂ 8 ਨਵੰਬਰ 2009 ਤੱਕ ਇਕ ਵਿਸ਼ੇਸ਼ ਗੁਰਮਤਿ ਸਮਾਗਮ ਵਜੋਂ ਮਨਾਇਆ ਜਾ ਰਿਹਾ ਹੈ। ਆਪ ਸਭ ਨੂੰ ਇਸ ਮੌਕੇ ਹਾਜ਼ਰੀਆਂ ਭਰ ਕੇ ਗੁਰ ਸ਼ਬਦ ਲਾਹਾ ਲੈਣ ਦੀ ਅਰਜ਼ ਹੈ ਜੀ।

## ਪ੍ਰੋਗਰਾਮ

2 ਨਵੰਬਰ, 2009 ਸੋਮਵਾਰ
(ਪ੍ਰਕਾਸ਼ ਉਤਸਵ ਵਾਲੇ ਦਿਨ)
ਵਿਸ਼ੇਸ਼ ਦੀਵਾਨ ਸ਼ਾਮ 5 ਤੋਂ 10:30 ਵਜੇ ਤਕ
ਪੂਰੀਆਂ-ਛੋਲਿਆਂ ਦਾ ਲੰਗਰ ਗੁਰੂ ਘਰ ਵਲੋਂ ਹੋਵੇਗਾ

6 ਨਵੰਬਰ, 2009 ਸ਼ੁਕਰਵਾਰ
ਅਰੰਭ ਅਖੰਡਪਾਠ ਸਾਹਿਬ ਸਵੇਰੇ 9 ਵਜੇ
8 ਨਵੰਬਰ, 2009 ਐਤਵਾਰ
ਭੋਗ ਅਖੰਡਪਾਠ ਸਾਹਿਬ ਸਵੇਰੇ 9 ਵਜੇ
ਆਸਾ ਦੀ ਵਾਰ : ਸਵੇਰੇ 6 ਵਜੇ ਤੋਂ 7 ਵਜੇ ਤਕ

ਐਤਵਾਰ ਦੇ ਦੀਵਾਨ ਵਿਸ਼ੇਸ਼ ਤੌਰ 'ਤੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਹੋਣਗੇ। ਰਾਗੀ, ਢਾਡੀ ਅਤੇ ਕਥਾਵਾਚਕ ਸੰਗਤਾਂ ਨੂੰ ਸ਼ਬਦ ਕੀਰਤਨ ਅਤੇ ਵਿਆਖਿਆ ਰਾਹੀਂ ਨਿਹਾਲ ਕਰਨਗੇ। ਪੰਥਕ ਵਿਚਾਰਾਂ ਵੀ ਹੋਣਗੀਆਂ।




ਗੁਰੂ ਪੰਥ ਦੇ ਦਾਸ
ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ

# Gurdwara Sahib San Jose, California

3636 Murillo Ave. San Jose 95148, Ph: 408-274-9373